ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 16 | 27 April 2022 to 03 May 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕੌਮਾਂਤਰੀ ਪੱਧਰ ’ਤੇ ਕਣਕ ਦੀ ਵਧੀ ਮੰਗ ਦਾ ਫਾਇਦਾ ਕਿਸਾਨਾਂ ਦੀ ਥਾਂ ਕਾਰਪੋਰੇਟ ਨੂੰ

## ✪ ਪੰਜਾਬ ਦੇ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਸਰਕਾਰ ਫੇਲ ਹੋਈ ✪ ਕੇਂਦਰੀ ਖੇਤੀ ਮੰਤਰੀ ਤੋਮਰ ਨੇ ਕਿਹਾ ਕਿ ਪੰਜਾਬ ਦੀ ਖੇਤੀ ਜ਼ਹਿਰੀਲੀ ✪ ਕਿਸਾਨ ਜਥੇਬੰਦੀਆਂ ਵੱਲੋਂ ਤੋਮਰ ਦਾ ਬਿਆਨ ਗੁੰਮਰਾਹਕੁਨ ਕਰਾਰ

**ਜਲੰਧਰ/ਏ.ਟੀ. ਨਿਊਜ਼ :-** ਪੰਜਾਬ ਵਿੱਚ ਬੀਤੇ ਡੇਢ ਦਹਾਕੇ ਵਿੱਚ ਹੁਣ ਤੱਕ ਸਭ ਤੋਂ ਘੱਟ ਕਣਕ ਦੀ ਸਰਕਾਰੀ ਖਰੀਦ ਹੁੰਦੀ ਨਜ਼ਰ ਆ ਰਹੀ ਹੈ। ਇਸ ਵਾਰ ਪੰਜਾਬ ਵਿੱਚ ਕਣਕ ਦੀ 132 ਲੱਖ ਮੀਟ੍ਰਿਕ ਟਨ ਸਰਕਾਰੀ ਖ਼ਰੀਦ ਦਾ ਟੀਚਾ ਪੂਰਾ ਹੋਣਾ ਮੁਸ਼ਕਲ ਲੱਗ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ ਕਰੀਬ 91 ਲੱਖ ਮੀਟ੍ਰਿਕ ਟਨ ਕਣਕ ਸੂਬੇ ਦੀਆਂ ਮੰਡੀਆਂ ਵਿੱਚੋਂ ਖ਼ਰੀਦੀ ਗਈ ਹੈ। ਹਾਲਾਂਕਿ ਇਸ ਵਾਰ ਨਿੱਜੀ ਖ਼ਰੀਦ ਵਧੀ ਹੈ ਜੋ ਕਿ 2007 ਤੋਂ ਬਾਅਦ ਪਹਿਲੀ ਵਾਰ ਹੋਇਆ ਹੈ।

ਪੰਜਾਬ ਫੂਡ ਸਪਲਾਈ ਵਿਭਾਗ ਅਨੁਸਾਰ ਕਣਕ ਦੀ ਖ਼ਰੀਦ 25 ਅ੍ਰਪੈਲ ਤੱਕ 91.88 ਲੱਖ ਮੀਟ੍ਰਿਕ ਟਨ ਹੋਈ ਹੈ। ਕਣਕ ਦੀ ਘੱਟ ਸਰਕਾਰੀ ਖ਼ਰੀਦ ਉਸ ਸਮੇਂ ਹੋ ਰਹੀ ਹੈ ਜਦੋਂ ਆਲਮੀ ਪੱਧਰ ’ਤੇ ਰੂਸ- ਯੂਕਰੇਨ ਯੁੱਧ ਕਾਰਨ ਕਣਕ ਦੀ ਮੰਗ ਵਧੀ ਹੈ ਪਰ ਇਸ ਵਾਰ ਕਣਕ ਦਾ ਝਾੜ ਵੀ ਕਿਸਾਨਾਂ ਮੁਤਾਬਕ ਕਰੀਬ 5 ਤੋਂ 6 ਕੁਇੰਟਲ ਪ੍ਰਤੀ ਏਕੜ ਘੱਟ ਹੋਇਆ ਹੈ।ਪੰਜਾਬ ਵਿੱਚ ਪਿਛਲੇ ਸਾਲ ਕਣਕ ਦਾ ਝਾੜ 48.68 ਕੁਇੰਟਲ ਪ੍ਰਤੀ ਹੈਕਟੇਅਰ ਰਿਹਾ ਸੀ ਤੇ ਕਣਕ ਦੀ ਕੁੱਲ ਪੈਦਾਵਾਰ 172 ਲੱਖ ਮੀਟ੍ਰਿਕ ਟਨ ਸੀ। ਸਰਕਾਰੀ ਅਧਿਕਾਰੀਆਂ ਮੁਤਾਬਕ ਕੇਂਦਰੀ ਪੂਲ ਲਈ ਪੰਜਾਬ ਤੋਂ ਕਣਕ ਦੀ ਖ਼ਰੀਦ 90-100 ਲੱਖ ਮੀਟ੍ਰਿਕ ਟਨ ਦੇ ਵਿਚਕਾਰ ਹੋਣ ਦੀ ਉਮੀਦ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਅਪ੍ਰੈਲ ਤੋਂ ਫ਼ਸਲ ਦੀ ਖ਼ਰੀਦ ਸ਼ੁਰੂ ਹੋਣ ਤੋਂ ਪਹਿਲਾਂ 132 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਰੱਖਿਆ ਸੀ।ਸਾਲ 2007 ਤੋਂ ਬਾਅਦ ਪਹਿਲੀ ਵਾਰ ਨਿੱਜੀ ਖ਼ਰੀਦ ਪੰਜ ਲੱਖ ਮੀਟ੍ਰਿਕ ਟਨ ਨੂੰ ਪਾਰ ਕਰਨ ਦੀ ਸੰਭਾਵਨਾ ਹੈ। 2006 ਅਤੇ 2007 ਵਿੱਚ ਅੰਤਰਰਾਸ਼ਟਰੀ ਪੱਧਰ ’ਤੇ ਕੀਮਤਾਂ ਵਿੱਚ ਵਾਧਾ ਵੀ ਹੋਇਆ ਸੀ ਅਤੇ ਇੱਕ ਵਿਸ਼ਵਵਿਆਪੀ ਖ਼ੁਰਾਕ ਸੰਕਟ ਪੈਦਾ ਹੋਇਆ ਸੀ।

### ਮਾਹਰਾਂ ਵੱਲੋਂ ਸਰਕਾਰ ਖ਼ਰੀਦ ਵਧਾਉਣ ‘ਤੇ ਜ਼ੋਰ

ਖੇਤੀਬਾੜੀ ਮੁੱਦਿਆਂ ਦੇ ਖੋਜਾਰਥੀ ਦਵਿੰਦਰ ਸ਼ਰਮਾ ਦਾ ਕਹਿਣਾ ਹੈ, ‘ਮਾਰਚ ਮਹੀਨੇ ਤੇਜ਼ੀ ਨਾਲ ਗਰਮੀ ਵਧਣ ਕਾਰਨ ਕਰੀਬ 5 ਕੁਇੰਟਲ ਪ੍ਰਤੀ ਏਕੜ ਕਣਕ ਦਾ ਝਾੜ ਘਟਿਆ ਹੈ। ਇਸ ਦੇ ਨਾਲ ਹੀ ਰੂਸ-ਯੂਕਰੇਨ ਵਿੱਚ ਲੜਾਈ ਲੱਗਣ ਨਾਲ ਕਣਕ ਦੀ ਕੌਮਾਂਤਰੀ ਪੱਧਰ ਉੱਤੇ ਮੰਗ ਵੱਧ ਗਈ ਹੈ ਕਿਉਂਕਿ ਇਹ ਦੋਵੇਂ ਮੁਲਕ ਦੁਨੀਆਂ ਦੇ 55 ਦੇਸ਼ਾਂ ਵਿੱਚ ਕਣਕ ਦੀ 30 ਫੀਸਦੀ ਲੋੜ ਪੂਰੀ ਕਰਦੇ ਹਨ। ਦਵਿੰਦਰ ਸ਼ਰਮਾ ਅਨੁਸਾਰ ‘ਭਾਰਤ ਕੋਲ 19 ਮਿਲੀਅਨ ਟਨ ਅਨਾਜ ਦਾ ਭੰਡਾਰ ਸੀ ਜਿਸ ਵਿੱਚੋਂ 7.5 ਮਿਲੀਅਨ ਟਨ ਅਨਾਜ ਪੀਡੀਐਸ ਲਈ ਚਾਹੀਦਾ ਹੈ ਅਤੇ ਬਾਕੀ ਵਾਧੂ ਪਿਆ ਹੈ। ਸਾਡੀ ਇਸ ਵਾਰ 44 ਮਿਲੀਅਨ ਟਨ ਦੀ ਖ਼ਰੀਦ ਦਾ ਅਨੁਮਾਨ ਸੀ ਜੋ ਕਿ ਘੱਟ ਕੇ ਕਰੀਬ 25 ਮਿਲੀਅਨ ਟਨ ਰਹਿ ਜਾਵੇਗਾ। ਜੇ 12 ਤੋਂ 15 ਮਿਲੀਅਨ ਟਨ ਦੇਸ਼ ਤੋਂ ਐਕਸਪੋਰਟ ਹੁੰਦਾ ਹੈ ਤਾਂ ਭਾਰਤ ਦੀ ਸਥਿਤੀ ਤੰਗ ਹੋ ਜਾਵੇਗੀ।’ ਦਵਿੰਦਰ ਸ਼ਰਮਾ ਕਹਿੰਦੇ ਹਨ, ‘ਇਹ ਕਿਹਾ ਜਾਂਦਾ ਹੈ ਕਿ ਐਫਸੀਆਈ ਘਾਟੇ ਵਿੱਚ ਰਹਿੰਦੀ ਹੈ ਪਰ ਇਹ ਮੌਕਾ ਸੀ ਕਿ ਐਫਸੀਆਈ ਸਥਿਤੀ ਨੂੰ ਬਦਲ ਦਿੰਦੀ। ਐਫਸੀਆਈ ਕਣਕ ਭਾਵੇਂ ਕੁਝ ਵਧੀਆਂ ਕੀਮਤਾਂ ਉਪਰ ਖ਼ਰੀਦ ਲੈਂਦੀ ਪਰ ਉਹ ਬਾਅਦ ਵਿੱਚ ਨਿੱਜੀ ਵਪਾਰੀਆਂ ਨੂੰ ਵੇਚ ਸਕਦੇ ਸਨ। ਇਸ ਵਿਚਲੀ ਔਸਤ ਕਮਾਈ ਐਫਸੀਆਈ ਪ੍ਰਾਪਤ ਕਰ ਸਕਦੀ ਸੀ।’

### ‘ਕਿਸਾਨਾਂ ਨੂੰ ਕੋਈ ਫਾਇਦਾ ਨਹੀਂ’

ਕਿਸਾਨਾਂ ਦਾ ਕਹਿਣਾ ਹੈ ਕਿ ਕੌਮਾਂਤਰੀ ਬਜ਼ਾਰ



ਵਿੱਚ ਵਧੀ ਕਣਕ ਦੀ ਮੰਗ ਦਾ ਸੂਬੇ ਦੇ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ ਪਰ ਵੱਡੇ ਵਪਾਰੀ ਮੁਨਾਫਾ ਖੱਟਣਗੇ।

ਮੁਹਾਲੀ ਜ਼ਿਲੇ ਦੇ ਪਿੰਡ ਪਲਹੇੜੀ ਦੇ ਰਹਿਣ ਵਾਲੇ ਕਿਸਾਨ ਕੁਲਦੀਪ ਸਿੰਘ ਦਾ ਕਹਿਣਾ ਹੈ ਕਿ ਉਨਾਂ ਦਾ ਝਾੜ ਘਟਿਆ ਹੈ ਪਰ ਉਤਪਾਦਨ ਲਾਗਤਾਂ ਲਗਾਤਾਰ ਵੱਧ ਰਹੀਆਂ ਹਨ। ਕੁਲਦੀਪ ਸਿੰਘ ਕਹਿੰਦੇ ਹਨ, ‘ਵਪਾਰੀਆਂ ਨੂੰ ਫਾਇਦਾ ਹੋਵੇਗੇ ਕਿਉਂਕਿ ਕਿਸਾਨ ਤਾਂ ਆਪਣੀ ਫ਼ਸਲ ਵੇਚ ਚੁੱਕਾ ਹੈ ਜਦਕਿ ਸਿਰਫ 10 ਫੀਸਦ ਫ਼ਸਲ ਆਉਣੀ ਰਹਿੰਦੀ ਹੈ।’

ਕਿਸਾਨ ਸਰਬਜੀਤ ਸਿੰਘ ਦਾ ਕਹਿਣਾ ਹੈ, ‘ਇੱਕ ਕਿਸਾਨ ਫ਼ਸਲ ਨੂੰ ਸਟੋਰ ਵੀ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਉਸ ਨੂੰ ਮੰਡੀ ਵਿਚ ਵੀ ਕਾਫ਼ੀ ਖਰਚੇ ਪੈ ਜਾਂਦੇ ਹਨ। ਪੰਜਾਬ ਦਾ ਕਿਸਾਨ ਤਾਂ ਪਹਿਲਾਂ ਹੀ ਖੁਦਕੁਸ਼ੀਆਂ ਕਰ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਵਾਰ ਕਣਕ ਦੇ ਹੋਏ ਘੱਟ ਝਾੜ ਦਾ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।’

### ਤੋਮਰ ਦੀ ਪੰਜਾਬ ਦੇ ਕਿਸਾਨਾਂ ਬਾਰੇ ਗਲਤ ਬਿਆਨਬਾਜੀ

ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਹਰੇ ਇਨਕਲਾਬ ਦੇ ਮਿੱਟੀ, ਪਾਣੀ ਅਤੇ ਆਲਮੀ ਤਪਸ਼ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ ਕੁਦਰਤੀ ਖੇਤੀ ਅਪਣਾਉਣ ਉੱਤੇ ਜ਼ੋਰ ਦਿੱਤਾ ਹੈ। ਮੰਤਰੀ ਦੀ ਇਸ ਟਿੱਪਣੀ ਕਿ ਪੰਜਾਬ ਦੇ ਕਿਸਾਨ ਆਪਣੀ ਫ਼ਸਲ ਵੇਚਦੇ ਨੇ, ਖ਼ੁਦ ਨਹੀਂ ਖਾਂਦੇ, ਕਾਰਨ ਸੂਬੇ ਦੇ ਕਿਸਾਨਾਂ ਅੰਦਰ ਗੁੱਸੇ ਦਾ ਮਾਹੌਲ ਹੈ। ਪੰਜਾਬ ਇਹੀ ਦਲੀਲ ਦਿੰਦਾ ਆ ਰਿਹਾ ਹੈ ਕਿ ਦੇਸ਼ ਦੀ ਅਨਾਜ ਦੀ ਲੋੜ ਪੂਰੀ ਕਰਨ ਵਾਸਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਅਤੇ ਖੇਤੀ ਦੇ ਰਸਾਇਣੀਕਰਨ ਦੇ ਰਾਹ ਪਾਇਆ ਹੈ। ਹੁਣ ਸਰਕਾਰ ਕਿਸਾਨਾਂ ਨੂੰ ਨਸੀਹਤ ਦੇ ਰਹੀ ਹੈ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਨਿਕਲ ਜਾਓ। ਕਿਸਾਨ ਇਸ ਵਿੱਚੋਂ ਨਿਕਲਣ ਲਈ ਤਿਆਰ ਹਨ ਪਰ ਪ੍ਰਮੁੱਖ ਸਵਾਲ ਇਹ ਹੈ ਕਿ ਕਣਕ-ਝੋਨੇ ਦੀ ਕੁਦਰਤੀ ਖੇਤੀ ਹੋਵੇ ਜਾਂ ਰਸਾਇਣੀਕਰਨ ਮਾਡਲ ਤਹਿਤ ਹੋਰ ਫ਼ਸਲਾਂ ਉਗਾਈਆਂ ਜਾਣ, ਦੋਹਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਜ਼ਰੂਰੀ ਹੈ।

ਬਾਕੀ ਸਫ਼ਾ 31 ’ਤੇ

# ਪੰਜਾਬ ਕਾਂਗਰਸ ਵਿਚ ਸਿਆਸੀ ਸੰਕਟ ਵਧਣ ਦੀ ਸੰਭਾਵਨਾ

## ✪ ਪ੍ਰਸ਼ਾਂਤ ਕਿਸ਼ੋਰ ਵੱਲੋਂ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਇਨਕਾਰ, ਸਿੱਧੂ ਨਾਲ ਹੋਈ ਮੁਲਾਕਾਤ ✪ ਜਾਖੜ ਤੋਂ ਸੋਨੀਆ ਗਾਂਧੀ ਨੇ ਸਾਰੇ ਅਹੁਦੇ ਖੋਹੇ ✪ ਅਨੁਸ਼ਾਸਨੀ ਕਮੇਟੀ ਦੀ ਹਦਾਇਤ ਨਾ ਮੰਨਕੇ ਜਾਖੜ ਨੂੰ ਮੁਅੱਤਲ ਨਾ ਕੀਤਾ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪੰਜਾਬ ਕਾਂਗਰਸ ਦਾ ਸਿਆਸੀ ਸੰਕਟ ਵਧਦਾ ਜਾ ਰਿਹਾ ਹੈ। ਨਵਜੋਤ ਸਿੰਘ ਸਿੱਧੂ ਤੇ ਸੁਨੀਲ ਜਾਖੜ ਬਾਗੀ ਮੂਡ ਵਿਚ ਹਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਅਨੁਸ਼ਾਸਨੀ ਕਮੇਟੀ ਦੀ ਸਿਫਾਰਸ਼ ਮਗਰੋਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ ਹੈ। ਅਨੁਸ਼ਾਸਨੀ ਕਮੇਟੀ ਨੇ ਅਨੁਸ਼ਾਸਨਹੀਣਤਾ ਦੇ ਦੋਸ਼ਾਂ ਤਹਿਤ ਸੁਨੀਲ ਜਾਖੜ ਨੂੰ ਪਾਰਟੀ ਵਿਚੋਂ ਦੋ ਸਾਲਾਂ ਲਈ ਮੁਅੱਤਲ ਕਰਨ ਦੀ ਸਿਫਾਰਸ਼ ਕੀਤੀ ਸੀ। ਸੋਨੀਆ ਗਾਂਧੀ ਨੇ ਹਾਲਾਂਕਿ ਸੁਨੀਲ ਜਾਖੜ ਖ਼ਿਲਾਫ਼ ਮੁਅੱਤਲੀ ਵਰਗਾ ਸਖ਼ਤ ਕਦਮ ਚੁੱਕਣ ਤੋਂ ਪਾਸਾ ਵੱਟ ਲਿਆ ਕਿਉਂਕਿ ਕਾਂਗਰਸ ਪਹਿਲਾਂ ਹੀ ਨਿਵਾਣ ਵੱਲ ਖਿਸਕ ਰਹੀ ਹੈ। ਕਾਂਗਰਸ ਹਾਈਕਮਾਨ ਨੇ ਜਾਖੜ ਨੂੰ ਸਾਰੇ ਅਹੁਦਿਆਂ ਤੋਂ ਹਟਾ ਕੇ ਮਹਿਜ਼ ਖਾਨਾਪੂਰਤੀ ਕੀਤੀ ਹੈ ਕਿਉਂਕਿ ਸੁਨੀਲ ਜਾਖੜ ਕੋਲ ਇਸ ਵੇਲੇ ਪਾਰਟੀ ਦਾ ਕੋਈ ਵੀ ਅਹੁਦਾ ਨਹੀਂ ਹੈ। ਹਾਈਕਮਾਨ ਦੀ





ਜਾਖੜ ਖਿਲਾਫ਼ ਮੱਠੀ ਕਾਰਵਾਈ ਤੋਂ ਸਾਫ ਹੈ ਕਿ ਹਾਈਕਮਾਨ ਅੰਦਰਖਾਤੇ ਸੁਨੀਲ ਜਾਖੜ ਨੂੰ ਕਿਸੇ ਵੀ ਸੂਰਤ ਵਿੱਚ ਗੁਆਉਣਾ ਨਹੀਂ ਚਾਹੁੰਦੀ। ਜਾਖੜ ਪਰਿਵਾਰ ਦੀ ਕਾਂਗਰਸ ਨੂੰ ਵੱਡੀ ਦੇਣ ਹੈ ਅਤੇ ਸੁਨੀਲ ਜਾਖੜ ਪੰਜਾਬ ਵਿਚ ਚੰਗਾ ਅਕਸ ਰੱਖਦੇ ਹਨ। ਸੂਤਰ ਦੱਸਦੇ ਹਨ ਕਿ ਹਾਈਕਮਾਨ ਦੇ ਏਲਚੀ ਤਾਂ ਆਖਰੀ ਮੌਕੇ ਤੱਕ ਸੁਨੀਲ ਜਾਖੜ ਤੱਕ ਪਹੁੰਚ ਕਰਕੇ ਆਖਦੇ ਰਹੇ ਕਿ ਉਹ ਇਕ ਲਾਈਨ ਦਾ ਜਵਾਬ ਲਿਖ ਕੇ ਭੇਜ ਦੇਣ। ਜਾਖੜ ਅਖੀਰ ਤੱਕ ਆਪਣੇ ਸਟੈਂਡ ’ਤੇ ਕਾਇਮ ਰਹੇ। ਜਾਖੜ ਨੇ ਇੱਕ ਇੰਟਰਵਿਊ ਵਿਚ ਕਿਹਾ ਸੀ ਕਿ ਜਦੋਂ ਅਮਰਿੰਦਰ ਸਿੰਘ ਨੂੰ ਗੱਦੀ ਤੋਂ ਉਤਾਰਿਆ ਗਿਆ ਤਾਂ ਉਦੋਂ 42 ਵਿਧਾਇਕਾਂ ਦੀ ਰਾਇ ਉਨਾਂ (ਜਾਖੜ) ਨੂੰ ਮੁੱਖ ਮੰਤਰੀ ਬਣਾਏ ਜਾਣ ਦੇ ਪੱਖ ਵਿਚ ਸੀ, ਪਰ ਹਾਈਕਮਾਨ ਨੇ ਆਪਣੀ ਧਰਮ-ਨਿਰਪੱਖ ਸੋਚ ਨੂੰ ਸੀਨੀਅਰ ਬੀਬੀ ਆਗੂ ਦੇ ਕਹਿਣ ’ਤੇ ਤਿਲਾਂਜਲੀ ਦੇ ਦਿੱਤੀ ਸੀ। ਜਾਖੜ ਨੇ ਚਰਨਜੀਤ ਚੰਨੀ ਦੀ ਵੀ ਆਲੋਚਨਾ ਕੀਤੀ ਸੀ। ਅਨੁਸ਼ਾਸਨੀ ਕਮੇਟੀ ਦੇ ਫੈਸਲੇ ਮਗਰੋਂ ਸੁਨੀਲ ਜਾਖੜ ਨੇ ਕਾਂਗਰਸ ਨੂੰ ‘ਗੁੱਡ ਲੱਕ’ ਆਖਿਆ। ਕਮੇਟੀ ਨੇ 11 ਅਪ੍ਰੈਲ ਨੂੰ ਸੁਨੀਲ ਜਾਖੜ ਨੂੰ ‘ਕਾਰਨ ਦੱਸੋ ਨੋਟਿਸ’ ਜਾਰੀ ਕੀਤਾ ਸੀ,

# ਮਾਮਲਾ ਵਿਵਾਦਤ ਕੋਠੀ ਦੀ ਖ਼ਰੀਦੋ-ਫ਼ਰੋਖ਼ਤ ਦਾ

## ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ, ਕਿਸੇ ਵੀ ਸਮੇਂ ਹੋ ਸਕਦੀ ਹੈ ਗ੍ਰਿਫ਼ਤਾਰੀ



**ਮੋਹਾਲੀ/ਏ.ਟੀ.ਨਿਊਜ਼ :-** ਵਿਵਾਦਤ ਕੋਠੀ ਦੀ ਖ਼ਰੀਦੋ-ਫ਼ਰੋਖ਼ਤ ਦੇ ਮਾਮਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਨਾਮਜ਼ਦ ਸੂਬੇ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਮੋਹਾਲੀ ਅਦਾਲਤ ਨੇ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਇਸ ਸਬੰਧੀ ਸਰਕਾਰੀ ਵਕੀਲ ਅਤੇ ਬਚਾਅ ਪੱਖ ਦੇ ਵਕੀਲਾਂ ਵਿਚਕਾਰ ਬਹਿਸ ਹੋਈ। ਕੁਝ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਨੇ ਸਾਬਕਾ ਡੀਜੀਪੀ ਨੂੰ ਅਦਾਲਤਾਂ ਵੱਲੋਂ ਵੱਡੀਆਂ ਰਾਹਤਾਂ ਦੇਣ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸਾਰੇ ਮਾਮਲਿਆਂ ਨੂੰ ਮੁੜ ਵਾਚਣ ਲਈ ਕਿਹਾ ਸੀ। ਜਾਣਕਾਰੀ ਅਨੁਸਾਰ ਸੇਵਾਮੁਕਤ ਪੁਲਿਸ ਅਧਿਕਾਰੀ ਨੇ ਮੁੜ ਆਪਣੀ ਗ੍ਰਿਫ਼ਤਾਰੀ ਦਾ ਖ਼ਦਸ਼ਾ ਪ੍ਰਗਟ ਕਰਦਿਆਂ ਮੋਹਾਲੀ ਅਦਾਲਤ ਵਿੱਚ ਪਿਛਲੇ ਦਿਨੀਂ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਮੋਹਾਲੀ ਦੇ ਜ਼ਿਲਾ ਤੇ ਸੈਸ਼ਨ ਜੱਜ ਆਰਐੱਸ ਰਾਏ ਦੀ ਅਦਾਲਤ ਵਿੱਚ ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਸਾਬਕਾ ਡੀਜੀਪੀ ਦੀ ਜ਼ਮਾਨਤ ਅਰਜ਼ੀ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕੋਠੀ ਦੀ ਖ਼ਰੀਦੋ-ਫਰੋਖ਼ਤ ਮਾਮਲੇ ਵਿੱਚ ਸੈਣੀ ਨੇ ਪੁਲਿਸ ਨੂੰ ਲੋੜੀਂਦੇ ਦਸਤਾਵੇਜ਼ ਮੁਹੱਈਆ ਨਹੀਂ ਕਰਵਾਏ ਗਏ ਜਦਕਿ ਬਚਾਅ ਪੱਖ ਦੇ ਵਕੀਲਾਂ ਨੇ ਚੰਡੀਗੜ ਵਾਲੀ ਚਰਚਿਤ ਕੋਠੀ ਦੀ ਖ਼ਰੀਦ ਸਬੰਧੀ ਕੁਝ ਅਹਿਮ ਦਸਤਾਵੇਜ਼ ਅਦਾਲਤ ਵਿੱਚ ਸੌਂਪੇ ਸਨ। ਦੋਵਾਂ ਧਿਰਾਂ ਦੀ ਬਹਿਸ ਸੁਣਨ ਮਗਰੋਂ ਅਦਾਲਤ ਨੇ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਇਸ ਤਰਾਂ ਹੁਣ ਕਿਸੇ ਵੀ ਸਮੇਂ ਸੈਣੀ ਦੀ ਗ੍ਰਿਫ਼ਤਾਰੀ ਹੋ ਸਕਦੀ।

# ਸਿਨਸਿਨਾਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ ਗੁਰਪੂਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ





**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 401ਵੇਂ ਪ੍ਰਕਾਸ਼ ਗੁਰਪੁਰਬ ਅਤੇ 400 ਸਾਲਾ ਸ਼ਤਾਬਦੀ ਵਰੇ ਦੀ ਸੰਪੂਰਨਤਾ ਨੂੰ ਸਮਰਪਿਤ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਸਮਾਗਮ ਕਰਵਾਏ ਗਏ। ਵੱਡੀ ਗਿਣਤੀ ਵਿੱਚ ਸੰਗਤਾਂ ਵਲੋਂ ਇਹ ਪੂਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਇਨਾਂ ਤਿੰਨ ਦਿਨਾਂ ਕੀਰਤਨ ਸਮਾਗਮਾਂ ਲਈ ਪਹੁੰਚੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਜੀ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਨੇ ਵੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਨਾਂ ਗੁਰੂ ਸਾਹਿਬ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ। ਭਾਈ ਰਵਿੰਦਰ ਸਿੰਘ ਜੀ ਦਾ ਕੀਰਤਨੀ ਜੱਥਾ ਪਹਿਲੀ ਵਾਰ ਓਹਾਇਓ ਵਿਖੇ ਕੀਰਤਨ ਦੀ ਸੇਵਾ ਲਈ ਪੁੱਜਾ ਸੀ। ਉਨਾਂ ਦੇ ਜੱਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਇਸ ਦੌਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਤਿੰਨ ਦਿਨਾਂ ਲਈ ਚੱਲੇ ਇਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਨਾਲ ਸੰਬੰਧਿਤ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਸੰਗਤਾਂ ਦੇ ਈਕੇਜੀ, ਈਸੀਜੀ ਟੈਸਟ ਕੀਤੇ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟ ਵੀ ਦਿੱਤੀਆਂ ਗਈਆਂ।

# ਕੈਲੀਫੋਰਨੀਆ ਦੇ ਸ਼ਹਿਰ ਸੈਲਮਾ ਵਿਖੇ 28ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ








**ਫਰਿਜ਼ਨੋ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):-** ਕੈਲੀਫੋਰਨੀਆ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਅਤੇ ਖਾਲਸਾ ਦੇ ਸਾਜਨਾ ਦਿਵਸ ਨੂੰ ਸਮਰਪਿਤ 28ਵਾਂ ਵਿਸ਼ਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾਵਾਚਕ, ਕੀਰਤਨੀ ਜੱਥਿਆਂ ਨੇ ਸ਼ਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਨਾਲ ਵਿਸ਼ੇਸ਼ ਸਮਾਗਮ ਹੋਏ। ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਮਗਰ ਪੰਜ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਪਿੱਛੇ ਅਨੇਕਾਂ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਉੱਪਰ ਹੈਲੀਕਾਪਟਰ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਗਈ। ਇਸੇ ਤਰਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆਂ-ਬਜ਼ੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਪਿੱਛੇ ਵਾਹਿਗੁਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਅਤੇ ਸਤਿਕਰਤਾਰ ਵਾਲਿਆਂ ਵੱਲੋਂ ਬੱਚਿਆਂ ਲਈ ਫਰੀ ਦਸਤਾਰ ਬੰਨਣ ਦੇ ਬੂਥ ਲਾਏ ਹੋਏ ਸਨ। ਜਿੱਥੇ ਅਮੈਰੀਕਨ ਮੂਲ ਦੇ ਬੱਚਿਆਂ ਨੇ ਵੀ ਦਸਤਾਰ ਸਜ਼ਾ ਕੇ ਮਾਣ ਮਹਿਸੂਸ ਕੀਤਾ। ਇਸ ਨਗਰ ਕੀਰਤਨ ਦੌਰਾਨ ਗੁਰੂਘਰ ਦੇ ਅੰਦਰ ਵੱਖ-ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ। ਜਿਨਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਮੀਰੀ-ਪੀਰੀ ਗਰੁੱਪ ਵੱਲੋਂ ਤਾਜ਼ੇ ਜੂਸ ਦੇ ਲੰਗਰ ਵੀ ਗਰਮੀ ਦੇ ਮੌਸਮ ਵਿੱਚ ਸੰਗਤਾਂ ਦੀ ਖਿੱਚ ਦਾ ਕੇਂਦਰ ਰਹੇ। ਇਸ ਤੋਂ ਇਲਾਵਾ ਵਸਤਾਂ ਅਤੇ ਰਸਦਾਂ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਤੋਂ ਇਲਾਵਾ ਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ, ਜਿਨਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਸਿੱਖ ਸੰਘਰਸ਼ ਦੇ ਅਮਰ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ ਦੀ ਬਰਸੀ 'ਤੇ ਹੋਇਆ ਵਿਸ਼ਾਲ ਇਕੱਠ

## 'ਸ਼ਹੀਦ ਕੌਮ ਦਾ ਮਾਣ ਹਨ, ਉਨਾਂ ਦੇ ਪਰਿਵਾਰਾਂ ਨੂੰ ਬੇਵੱਸ, ਮਜਬੂਰ ਤੇ ਲਾਚਾਰ ਬਣਾ ਕੇ ਪੇਸ਼ ਨਾ ਕਰੋ'





**ਵੈਰੋਨੰਗਲ/ਏ.ਟੀ.ਨਿਊਜ਼:-** ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਸੂਰਬੀਰ ਯੋਧੇ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ ਡਿਪਟੀ ਚੀਫ ਖਾਲਿਸਤਾਨ ਲਿਬਰੇਸ਼ਨ ਆਰਮੀ ਦੀ ਸਾਲਾਨਾ ਯਾਦ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਿੱਖ ਸੰਗਤਾਂ ਨੇ ਭਰਵੀਂ ਸ਼ਮੂਲੀਅਤ ਕਰਕੇ ਸਿੱਖ ਸੰਘਰਸ਼ ਦੇ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਜਾਰੀ ਰਿਪੋਰਟ ਅਨੁਸਾਰ ਗੁਰਦਵਾਰਾ ਗੁਰੂਆਣਾ ਸਾਹਿਬ ਪਤਿਸ਼ਾਹੀ 6ਵੀਂ ਵੈਰੋਨੰਗਲ (ਨਜ਼ਦੀਕ ਚੌਂਕ ਮਹਿਤਾ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਗੁਰਮਿਤ ਸਮਾਗਮ ਹੋਇਆ। ਭਾਈ ਰਾਮ ਸਿੰਘ ਅਤੇ ਭਾਈ ਬਲਵੀਰ ਸਿੰਘ ਵਲੋਂ ਹੁਕਮਨਾਮੇ ਦੀ ਵਿਆਖਿਆ ਕੀਤੀ ਗਈ ਅਤੇ ਭਾਈ ਅਵਤਾਰ ਸਿੰਘ ਦੇ ਜੀਵਨ 'ਤੇ ਸੰਖੇਪ ਚਾਨਣਾ ਗਿਆ। ਉਪਰੰਤ ਭਾਈ ਹਰਦੀਪ ਸਿੰਘ ਦੇ ਕਵੀਸ਼ਰੀ ਅਤੇ ਬੀਬੀ ਬਲਵਿੰਦਰ ਕੌਰ ਖਹਿਰਾ ਦੇ ਢਾਡੀ ਜਥਿਆਂ ਨੇ ਪੁਰਾਤਨ ਅਤੇ ਵਰਤਮਾਨ ਸਿੱਖ ਇਤਿਹਾਸ ਦੇ ਪ੍ਰਸੰਗ ਸੰਗਤਾਂ ਨਾਲ ਸਾਂਝੇ ਕੀਤੇ। ਉਥੇ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ ਦੇ ਸੰਘਰਸ਼ਮਈ ਜੀਵਨ ਤੇ ਜੋਸ਼ੀਲੀਆਂ ਵਾਰਾਂ ਗਾਇਨ ਕੀਤੀਆਂ। ਸਿੱਖ ਜੁਝਾਰੂ ਬਾਬਾ ਬਖਸ਼ਿਸ਼ ਸਿੰਘ ਨੇ ਸਟੇਜ ਦੀ ਸੁਚੱਜੇ ਢੰਗ ਨਾਲ ਸੇਵਾ ਨਿਭਾਉਂਦਿਆਂ ਸਿੱਖ ਸੰਘਰਸ਼ ਦੇ ਉਸਾਰੂ ਅਤੇ ਸਾਰਥਿਕ ਪੱਖਾਂ ਦੀ ਸਾਂਝ ਪਾਉਂਦਿਆਂ ਆਖਿਆ ਕਿ ਜਿਸ ਪਵਿੱਤਰ ਉਦੇਸ਼ ਦੀ ਪੂਰਤੀ ਲਈ ਭਾਈ ਅਵਤਾਰ ਸਿੰਘ ਸਮੇਤ ਹਜਾਰਾਂ ਸਿੱਖਾਂ ਨੇ ਸ਼ਹਾਦਤਾਂ ਪਾਈਆਂ ਹਨ ਉਸ ਦੀ ਪੂਰਤੀ ਲਈ ਹਰ ਸਿੱਖ ਨੂੰ ਯਤਨਸ਼ੀਲ ਰਹਿਣ ਦੀ ਜ਼ਰੂਰਤ ਹੈ। ਗੌਰਤਲਬ ਹੈ ਕਿ 11 ਅਗਸਤ 1968 ਨੂੰ ਪਿੰਡ ਕੱਥੂਨੰਗਲ ਵਿੱਚ ਜਨਮੇ ਅਤੇ 21 ਅਪ੍ਰੈਲ 1991 ਵਾਲੇ ਦਿਨ ਸ਼ਹੀਦ ਹੋਏ ਭਾਈ ਅਵਤਾਰ ਸਿੰਘ ਨੇ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਵਾਸਤੇ ਚੱਲ ਰਹੇ ਸਿੱਖ ਸੰਘਰਸ਼ ਵਿੱਚ ਅਹਿਮ ਯੋਗਦਾਨ ਪਾਇਆ ਹੈ। ਖਾਲਿਸਤਾਨ ਲਿਬਰੇਸ਼ਨ ਆਰਮੀ ਦਾ ਇਹ ਜੁਝਾਰੂ ਜਦੋਂ ਅਜੇ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ ਤਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੋਂ ਪ੍ਰਸ਼ਾਦ ਦੇ ਰੂਪ ਵਿੱਚ ਪਿਸਟਲ ਮੰਗਿਆ ਸੀ ਅਤੇ ਜਿਸ ਨਾਲ ਕੌਮ ਦੇ ਦੋਖੀਆਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ ਸੀ। ਇਸ ਸ਼ਹੀਦੀ ਸਮਾਗਮ ਵਿੱਚ ਪੁੱਜੇ ਸ਼ਹੀਦ ਪਰਿਵਾਰਾਂ ਨੂੰ ਭਾਈ ਅਵਤਾਰ ਸਿੰਘ ਕੱਥੂਨੰਗਲ ਦੇ ਪਰਿਵਾਰ ਵਲੋਂ ਸ਼ਹੀਦ ਭਾਈ ਸਤਵੰਤ ਸਿੰਘ ਦੇ ਭਰਾ ਭਾਈ ਵਰਿਆਮ ਸਿੰਘ, ਭਾਈ ਸਰਵਣ ਸਿੰਘ, ਸ਼ਹੀਦ ਭਾਈ ਅਜੀਤ ਸਿੰਘ ਕਾਦੀਆਂ, ਸ਼ਹੀਦ ਭਾਈ ਮੇਜਰ ਸਿੰਘ ਸ਼ਹੂਰਾ, ਸ਼ਹੀਦ ਭਾਈ ਮੰਗਲ ਸਿੰਘ, ਸ਼ਹੀਦ ਰਣਜੀਤ ਸਿੰਘ ਸਮੇਤ ਸਮੂਹ ਸ਼ਹੀਦਾਂ ਪਰਿਵਾਰਾਂ ਨੂੰ ਅਤੇ ਬਾਬਾ ਬਖਸ਼ੀਸ਼ ਸਿੰਘ ਸਮੇਤ ਸ਼ਹੀਦੀ ਸਮਾਗਮ ਵਿੱਚ ਸਹਿਯੋਗ ਕਰਨ ਵਾਲੇ ਪਿੰਡ ਦੇ ਮੋਹਤਬਰ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ।



# ਸ੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰਾਂ 'ਤੇ ਲਗਾਈਆਂ ਜਾਣਗੀਆਂ ਸਕੈਨਿੰਗ ਮਸ਼ੀਨਾਂ

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤੇ ਗਏ ਅਹਿਮ ਫ਼ੈਸਲੇ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸ੍ਰੀ ਦਰਬਾਰ ਸਾਹਿਬ ਵਿੱਚ ਸੁਰੱਖਿਆ ਵਧਾਉਣ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਗੁਰੂਘਰ ਦੇ ਮੁੱਖ ਦਰਵਾਜ਼ਿਆਂ 'ਤੇ ਸਕੈਨਿੰਗ ਮਸ਼ੀਨਾਂ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਇੱਥੇ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਪੁੱਜਦੀ ਹੈ। ਇਥੇ ਸੁਰੱਖਿਆ ਪ੍ਰਬੰਧ ਹੋਰ ਵਧਾਉਂਦੇ ਹੋਏ ਹੁਣ ਸਕੈਨਿੰਗ ਮਸ਼ੀਨਾਂ ਲਾਈਆਂ ਜਾਣਗੀਆਂ ਤਾਂ ਜੋ ਕੋਈ ਵੀ ਵਿਅਕਤੀ ਪਾਬੰਦੀਸ਼ੁਦਾ ਵਸਤੂ ਅੰਦਰ ਨਾ ਲਿਆ ਸਕੇ। ਇਸ ਮੌਕੇ ਉਨ੍ਹਾਂ ਨਤਮਸਤਕ ਹੋਣ ਲਈ ਪਹੁੰਚਣ ਵਾਲੀ ਸੰਗਤ ਦੇ ਠਹਿਰਨ ਲਈ ਨਵੀਆਂ ਸਰਾਵਾਂ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਸਬੰਧੀ ਕਮੇਟੀ ਨੇ ਸ਼ਹਿਰ ਵਿੱਚ ਨਗਰ ਨਿਗਮ ਦੀ ਹੱਦ ਤੋਂ ਬਾਹਰ, ਖਾਸਕਰ ਜੀਟੀ ਰੋਡ 'ਤੇ ਜ਼ਮੀਨ ਖਰੀਦਣ ਦਾ ਫੈਸਲਾ ਲਿਆ ਹੈ। ਇਸ ਕੰਮ ਲਈ ਇਕ ਸਬ-ਕਮੇਟੀ ਸਥਾਪਤ ਕੀਤੀ ਗਈ ਹੈ, ਜੋ ਜ਼ਮੀਨ ਦੀ ਤਲਾਸ਼ ਕਰਕੇ ਆਪਣੀ ਰਿਪੋਰਟ ਦੇਵੇਗੀ।

ਇਸ ਮੌਕੇ ਕਬੱਡੀ ਤੇ ਹਾਕੀ ਅਕੈਡਮੀਆਂ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਵੀ ਇੱਕ ਸਬ-ਕਮੇਟੀ ਬਣਾਈ ਗਈ। ਉਨ੍ਹਾਂ ਦੱਸਿਆ ਕਿ ਮਈ ਮਹੀਨੇ ਤੋਂ ਪੰਜਾਬ ਸਮੇਤ ਦੇਸ਼ ਭਰ ਵਿੱਚ ਧਰਮ ਪ੍ਰਚਾਰ ਮੁਹਿੰਮ ਵਿੱਢੀ ਜਾਵੇਗੀ। ਇਸ ਸਬੰਧੀ ਦੇਸ਼ ਭਰ ਵਿੱਚ ਸਥਾਪਤ 13 ਸਿੱਖ ਮਿਸ਼ਨ ਤੇ ਪੰਜਾਬ ਦੇ ਹਰ ਹਲਕੇ ਵਿੱਚ ਪ੍ਰਚਾਰਕ ਅੰਮ੍ਰਿਤ ਸੰਚਾਰ ਤੇ ਕੀਰਤਨ ਸਮਾਗਮ ਕਰਵਾਉਣਗੇ। ਅੰਤ੍ਰਿੰਗ ਕਮੇਟੀ ਨੇ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਪਟਿਆਲਾ ਵਿੱਚ ਸੋਲਰ ਸਿਸਟਮ ਸਥਾਪਤ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ, ਜਿਸ ਦੀ ਸੇਵਾ ਗੁਰਸ਼ਬਦ ਪ੍ਰਚਾਰ ਸਭਾ ਕਰਵਾਏਗੀ। ਇਸ ਮੌਕੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਦੀ ਪ੍ਰਕਿਰਿਆ ਸੁਖਾਲੀ ਕੀਤੀ ਜਾਵੇ।

ਇਸ ਦੌਰਾਨ ਅੰਤ੍ਰਿੰਗ ਕਮੇਟੀ ਵਿੱਚ ਵਿਰੋਧੀ ਧਿਰ ਨਾਲ ਸਬੰਧਿਤ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਖੁਦ ਕਰਨ, ਲਾਪਤਾ ਹੋਏ 328 ਪਾਵਨ ਸਰੂਪਾਂ ਦਾ ਪਤਾ ਲਾਉਣ, ਅਮਰੀਕਾ ਵਾਸੀ ਸਿੱਖ ਵੱਲੋਂ ਬਿਨਾਂ ਪ੍ਰਵਾਨਗੀ ਪਾਵਨ ਸਰੂਪ ਛਾਪਣ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚੋਂ ਕੁਝ ਅਮਲੇ ਨੂੰ ਫਾਰਗ ਕਰਨ ਆਦਿ ਸਬੰਧੀ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ।

**ਸਮੂਹ ਜਥੇਬੰਦੀਆਂ ਨੂੰ ਮੀਟਿੰਗ 'ਚ ਸ਼ਾਮਲ ਹੋਣ ਦੀ ਅਪੀਲ**

ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਅਮਰੀਕਾ ਦੇ ਵਸਨੀਕ ਥਮਿੰਦਰ ਸਿੰਘ ਆਨੰਦ ਵੱਲੋਂ ਬਿਨਾਂ ਪ੍ਰਵਾਨਗੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਛਾਪਣ ਅਤੇ ਇਸ ਵਿੱਚ ਆਪਣੀ ਮਰਜ਼ੀ ਨਾਲ ਲਗਾਂ-ਮਾਤਰਾਵਾਂ ਲਾ ਕੇ ਗੁਰਬਾਣੀ ਨਾਲ ਛੇੜਛਾੜ ਕਰਨ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ 3 ਮਈ ਨੂੰ ਸੱਦੀ ਗਈ ਪੰਥਕ ਜਥੇਬੰਦੀਆਂ ਦੀ ਮੀਟਿੰਗ ਵਿੱਚ ਖਾਲਸਾ ਪੰਥ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਾਵਨ ਗੁਰਬਾਣੀ ਵਿੱਚੋਂ ਕੋਈ ਸ਼ਬਦ ਕੱਟਣ, ਜੋੜਨ ਜਾਂ ਆਪਣੀ ਮਰਜ਼ੀ ਨਾਲ ਲਗਾਂ-ਮਾਤਰਾਵਾਂ ਲਾਉਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸਮੂਹ ਜਥੇਬੰਦੀਆਂ ਗਿਲੇ ਸ਼ਿਕਵੇ ਭੁਲਾ ਕੇ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਤਾਂ ਜੋ ਛੇੜ-ਛਾੜ ਦੇ ਮੁਲਜ਼ਮਾਂ ਖ਼ਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾ ਸਕੇ।

# ਪੰਜਾਬੀ ਸਾਹਿਤ ਦਾ ਪਸਾਰ ਨਵੀਂ ਤਕਨੀਕ ਨਾਲ ਜੁੜਕੇ ਹੀ ਹੋ ਸਕਦਾ ਹੈ : ਸੁੱਖੀ ਬਾਠ

## ਸਕੇਪ ਸਾਹਿਤਕ ਸੰਸਥਾ ਵਲੋਂ ਸ਼ਬਦ ਸਿਰਜਣਹਾਰੇ-2 ਪੁਸਤਕ ਲੋਕ ਅਰਪਣ

**ਫਗਵਾੜਾ/ਏ.ਟੀ.ਨਿਊਜ਼ :-** ਫਗਵਾੜਾ ਦੀ ਸਿਰਮੌਰ ਸਾਹਿਤਕ ਸੰਸਥਾ ਸਕੇਪ ਵਲੋਂ ਕਰਵਾਈ ਸਲਾਨਾ ਮੀਟਿੰਗ ਅਤੇ ਕਵੀ ਦਰਬਾਰ ਵਿੱਚ ਸੰਸਥਾ ਦੇ ਮੈਂਬਰਾਂ ਦੀ ਸਾਂਝੀ ਕਾਵਿ-ਪੁਸਤਕ ਸ਼ਬਦ ਸਿਰਜਣਹਾਰੇ-2 ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਸੁੱਖੀ ਬਾਠ, ਰਵਿੰਦਰ ਚੋਟ, ਭਜਨ ਸਿੰਘ ਵਿਰਕ, ਟੀ.ਡੀ. ਚਾਵਲਾ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਸ਼ਾਮਲ ਸਨ। ਇਸ ਮੌਕੇ ਸਮਾਜ ਸੇਵੀ ਅਤੇ ਪੰਜਾਬੀਅਤ ਦੇ ਪਹਿਰੇਦਾਰ ਪੰਜਾਬੀ ਭਵਨ ਦੇ ਸੰਚਾਲਕ ਸੁੱਖੀ ਬਾਠ (ਕੈਨੇਡਾ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸੁੱਖੀ ਬਾਠ ਨੇ ਕਿਹਾ ਕਿ ਪੰਜਾਬੀ ਸਾਹਿਤ ਬਹੁਤ ਵਿਸ਼ਾਲ ਹੈ ਅਤੇ ਇਸ ਦਾ ਪਸਾਰ ਨਵੀਂ ਤਕਨੀਕ ਨਾਲ ਜੁੜ ਕੇ ਹੀ ਹੋ ਸਕਦਾ ਹੈ। ਉਨ੍ਹਾਂ ਨੇ ਇਸ ਮੌਕੇ ਸੰਸਥਾ ਦੇ ਸਮੂਹ ਮੈਂਬਰਾਂ ਦੀ ਨਵੀਂ ਸਾਂਝੀ ਕਾਵਿ-ਪੁਸਤਕ 'ਸ਼ਬਦ ਸਿਰਜਣਹਾਰੇ-2' ਨੂੰ ਆਪਣੇ ਸਬ-ਆਫ਼ਿਸ ਪੰਜਾਬੀ ਭਵਨ ਜਲੰਧਰ ਦੁਆਰਾ ਛਾਪਣ ਦਾ ਵਾਇਦਾ ਕੀਤਾ। ਇਸ ਸਮਾਗਮ ਮੌਕੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗੁਰਨਾਮ ਬਾਵਾ, ਬਲਦੇਵ ਰਾਜ ਕੋਮਲ, ਭਜਨ ਸਿੰਘ ਵਿਰਕ, ਸੀਤਲ ਰਾਮ ਬੰਗਾ, ਸੋਹਨ ਸਿੰਘ ਭਿੰਡਰ, ਪ੍ਰਿੰ. ਇੰਦਰਜੀਤ ਸਿੰਘ, ਪ੍ਰੋ: ਓਮ ਪ੍ਰਕਾਸ਼ ਸੰਦਲ, ਦਰਸ਼ਨ ਸਿੰਘ ਨੰਦਰਾ, ਦੇਵ ਰਾਜ



ਦਾਦਰ, ਕਮਲੇਸ਼ ਸੰਧੂ, ਕਰਮਜੀਤ ਸਿੰਘ ਸੰਧੂ, ਜਗਦੀਸ਼ ਰਾਣਾ, ਸੁਖਦੇਵ ਸਿੰਘ, ਮੈਡਮ ਸੁਨੀਤਾ, ਅਭਿਸ਼ੇਕ ਸੂਦ, ਸ਼ਾਮ ਸਰਗੁੰਦੀ, ਬਿੰਦਰ ਬਕਾਪੁਰੀ, ਅਜੀਤਪਾਲ ਸਿੰਘ, ਬਲਕਾਰ ਕਟਾਰੀਆ ਆਦਿ ਦੋ ਦਰਜਨ ਦੇ ਕਰੀਬ ਕਵੀਆਂ ਨੇ ਮਨਭਾਉਂਦੀਆਂ ਕਵਿਤਾਵਾਂ ਸੁਣਾਈਆਂ। ਇਸ ਮਗਰੋਂ ਸੰਸਥਾ ਦੁਆਰਾ ਸਾਲਾਨਾ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਸਰਬ ਸੰਮਤੀ ਨਾਲ ਪਰਵਿੰਦਰ ਜੀਤ ਸਿੰਘ ਨੂੰ ਪ੍ਰਧਾਨ ਐਲਾਨਿਆ ਗਿਆ ਅਤੇ ਨਾਲ ਹੀ ਉਰਮਲਜੀਤ ਸਿੰਘ ਵਾਲੀਆ ਨੂੰ ਮੀਤ ਪ੍ਰਧਾਨ, ਕਮਲੇਸ਼ ਸੰਧੂ ਨੂੰ ਮੁੱਖ ਸਕੱਤਰ, ਮਾਸਟਰ ਸੁਖਦੇਵ ਸੁੱਖ ਨੂੰ ਸਕੱਤਰ, ਅਸ਼ੋਕ ਸ਼ਰਮਾ ਅਤੇ ਅਭਿਸ਼ੇਕ ਸੂਦ ਨੂੰ ਪ੍ਰੈੱਸ ਸਕੱਤਰ ਅਤੇ ਮਾਸਟਰ ਮਨਦੀਪ ਸਿੰਘ ਨੂੰ ਵਿੱਤ ਸਕੱਤਰ ਐਲਾਨਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਸ਼ਮੀਰ ਸਿੰਘ, ਕੇ.ਕੇ.ਸੇਠੀ, ਹਰਵਿੰਦਰ ਸਿੰਘ, ਮਾਸਟਰ ਮਨਦੀਪ ਸਿੰਘ, ਪ੍ਰੀਤ ਹੀਰ, ਸੰਤੋਸ਼ ਕੁਮਾਰੀ, ਇੰਦੂ ਮਹਿਤਾ, ਹਰਮੇਲ ਸਿੰਘ ਗਿੱਲ, ਸੁਖਵਿੰਦਰ ਸਿੰਘ ਸੱਲ, ਗੋਬਿੰਦ ਸਿੰਘ ਸੱਲ, ਬਿੰਦਰ ਫੁੱਲ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਬਲਦੇਵ ਰਾਜ ਕੋਮਲ ਨੇ ਨਿਭਾਈ।

ਫੋਟੋ ਕੈਪਸ਼ਨ:- ਪੰਜਾਬੀ ਭਵਨ ਸਰੀ ਕੈਨੇਡਾ ਦੇ ਸੰਚਾਲਕ ਸੁੱਖੀ ਬਾਠ ਸਕੇਪ ਸਾਹਿਤਕ ਸੰਸਥਾ ਦੇ ਮੈਂਬਰਾਂ ਦੀ ਸਾਂਝੀ ਕਾਵਿ ਪੁਸਤਕ 'ਸ਼ਬਦ ਸਿਰਜਣਹਾਰੇ-2' ਲੋਕ ਅਰਪਿਤ ਕਰਦੇ ਹੋਏ। ਨਾਲ ਖੜੇ ਹਨ ਪ੍ਰਸਿੱਧ ਲੇਖਕ ਪ੍ਰਿੰ. ਗੁਰਮੀਤ ਸਿੰਘ ਪਲਾਹੀ, ਰਵਿੰਦਰ ਚੋਟ ਪ੍ਰਧਾਨ, ਨਵ-ਨਿਯੁਕਤ ਪ੍ਰਧਾਨ ਪਰਵਿੰਦਰ ਜੀਤ ਸਿੰਘ ਅਤੇ ਹੋਰ।

# ਮਾਮਲਾ ਥਮਿੰਦਰ ਸਿੰਘ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਬਦੀਲੀਆਂ ਕਰਨ ਦਾ

## ਗਿਆਨੀ ਹਰਪ੍ਰੀਤ ਸਿੰਘ ਨੇ 3 ਦੀ ਪੰਥਕ ਇਕੱਤਰਤਾ ਸੱਦੀ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਅਮਰੀਕਾ ਨਿਵਾਸੀ ਥਮਿੰਦਰ ਸਿੰਘ ਅਨੰਦ ਨਾਂ ਦੇ ਇੱਕ ਵਿਅਕਤੀ ਵਲੋਂ ਆਪਣੀ ਸੰਸਥਾ ਦੁਆਰਾ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਜੀ ਦੇ ਪੰਥ ਪ੍ਰਵਾਨਿਤ ਪਾਵਨ ਸਰੂਪ ਵਿਚ ਲਗਾਂ-ਮਾਤ੍ਰਾਵਾਂ ਦੀਆਂ ਤਬਦੀਲੀਆਂ ਕਰਕੇ ਪਾਵਨ ਸਰੂਪ ਪ੍ਰਕਾਸ਼ਿਤ ਕਰਨ ਤੇ ਉਸ ਨੂੰ ਪੀ.ਡੀ.ਐਫ. ਰੂਪ ਵਿਚ ਆਨਲਾਈਨ ਅਪਲੋਡ ਕਰਨ ਦੇ ਮਾਮਲੇ 'ਤੇ ਪੰਥਕ ਵਿਚਾਰਾਂ ਕਰਨ ਹਿਤ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ 3 ਮਈ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਜਥੇਬੰਦੀਆਂ ਤੇ ਸਿੱਖ ਸੰਪ੍ਰਦਾਵਾਂ ਦੀ ਬੁਲਾਈ ਗਈ ਇਕੱਤਰਤਾ ਲਈ ਸੱਦਾ ਪੱਤਰ ਭੇਜੇ ਗਏ ਹਨ, ਜਿਥੇ ਇਸ ਸੰਬੰਧੀ ਕੋਈ ਸਖ਼ਤ ਫ਼ੈਸਲਾ ਲਏ ਜਾਣ ਦੀ ਸੰਭਾਵਨਾ ਹੈ। ਜਥੇਦਾਰ ਨੇ ਇਸ ਮਾਮਲੇ ਸੰਬੰਧੀ ਇਕ ਚਾਰ ਮੈਂਬਰੀ ਪੜਤਾਲ ਕਮੇਟੀ ਦਾ ਗਠਨ ਕਰਦਿਆਂ ਇਸ ਦੀ ਪੜਤਾਲ ਰਿਪੋਰਟ 29 ਅਪ੍ਰੈਲ ਤੱਕ ਦੇਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ। ਇਸੇ ਦੌਰਾਨ ਪਤਾ ਲੱਗਾ ਹੈ ਕਿ ਅਮਰੀਕਾ ਵਾਸੀ ਥਮਿੰਦਰ ਸਿੰਘ ਅਨੰਦ ਵਲੋਂ ਇਸ ਮਾਮਲੇ ਸੰਬੰਧੀ ਆਪਣਾ ਸਪੱਸ਼ਟੀਕਰਨ ਵੀ ਅਕਾਲ ਤਖ਼ਤ ਸਕੱਤਰੇਤ ਨੂੰ ਈਮੇਲ ਰਾਹੀਂ ਭੇਜਿਆ ਗਿਆ ਹੈ। ਸਮਝਿਆ ਜਾਂਦਾ ਹੈ ਕਿ ਇਕੱਤਰਤਾ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ, ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਲਈ ਆਪਣਾ ਚੈਨਲ ਸਥਾਪਤ ਕਰਨ ਤੇ ਸਾਬਕਾ ਪ੍ਰਧਾਨ ਦੇ ਓ. ਐਸ. ਡੀ. ਅਮਰੀਕ ਸਿੰਘ ਲਤੀਫ਼ਪੁਰ ਵਲੋਂ ਬੀਤੇ ਦਿਨੀਂ ਸ੍ਰੀ ਮੰਜੀ ਸਾਹਿਬ ਵਿਖੇ ਕਥਾ ਕਰਨ ਸਮੇਂ ਸ੍ਰੀ ਅਖੰਡ ਸਾਹਿਬ ਸਮੇਂ ਮੱਧ ਦੀ ਅਰਦਾਸ ਨੂੰ ਲੈ ਕੇ ਕੀਤੀਆਂ ਟਿੱਪਣੀ ਸਮੇਤ ਹੋਰ ਮੁੱਦਿਆਂ 'ਤੇ ਵੀ ਵਿਚਾਰ ਚਰਚਾ ਹੋਣ ਦੀ ਸੰਭਾਵਨਾ ਹੈ।

# ਕੇਂਦਰ ਨੇ ਪੰਜਾਬ ਦੀ ਰਾਹਤ ਹਰਿਆਣਾ ਬਹਾਨੇ ਰੋਕੀ

## ਦੋਵੇਂ ਸੂਬਿਆਂ ਬਾਰੇ ਆਏਗਾ ਫ਼ੈਸਲਾ : ਸਕੱਤਰ

**ਚੰਡੀਗੜ੍ਹ :** ਕੇਂਦਰ ਸਰਕਾਰ ਤੋਂ ਪੰਜਾਬ ਨੂੰ ਕਣਕ ਦੇ ਸੁੰਗੜੇ ਦਾਣੇ ਦੇ ਨਿਯਮਾਂ 'ਚ ਛੋਟ ਮਿਲਣ ਦਾ ਫ਼ੈਸਲਾ ਹੁਣ ਗੁਆਂਢੀ ਸੂਬੇ ਹਰਿਆਣਾ ਕਰਕੇ ਲਟਕ ਗਿਆ ਹੈ। ਪੰਜਾਬ ਦੇ ਖ਼ਰੀਦ ਕੇਂਦਰਾਂ ਵਿਚ ਕਣਕ ਦੀ ਫ਼ਸਲ ਦੀ ਖ਼ਰੀਦ ਅੰਤਿਮ ਪੜਾਅ 'ਤੇ ਪੁੱਜ ਗਈ ਹੈ ਪਰ ਕੇਂਦਰੀ ਖ਼ੁਰਾਕ ਮੰਤਰਾਲੇ ਨੇ ਕਣਕ ਦੇ ਸੁੰਗੜੇ ਦਾਣਿਆਂ ਬਾਰੇ ਹਾਲੇ ਕੋਈ ਫ਼ੈਸਲਾ ਨਹੀਂ ਕੀਤਾ ਹੈ। ਖ਼ੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੇ ਸਕੱਤਰ ਪਿਛਲੇ ਦਿਨੀਂ ਇਸ ਮਾਮਲੇ ਨੂੰ ਲੈ ਕੇ ਦਿੱਲੀ ਗਏ ਸਨ ਪਰ ਉਨ੍ਹਾਂ ਨੂੰ ਖ਼ਾਲੀ ਹੱਥ ਪਰਤਣਾ ਪਿਆ।ਕੇਂਦਰੀ ਮਾਪਦੰਡਾਂ ਅਨੁਸਾਰ 6 ਫ਼ੀਸਦੀ ਤੱਕ ਸੁੰਗੜਿਆ ਦਾਣਾ ਪ੍ਰਵਾਨ ਕੀਤਾ ਜਾਂਦਾ ਹੈ ਜਦੋਂ ਕਿ ਪੰਜਾਬ ਵਿਚ ਐਤਕੀਂ ਗਰਮੀ ਜ਼ਿਆਦਾ ਪੈਣ ਕਰਕੇ ਸੁੰਗੜੇ ਦਾਣੇ ਦੀ ਦਰ 10 ਤੋਂ 23 ਫ਼ੀਸਦੀ ਤੱਕ ਆ ਰਹੀ ਹੈ। ਭਾਰਤੀ ਖ਼ੁਰਾਕ ਨਿਗਮ ਨੇ ਮੰਡੀਆਂ 'ਚੋਂ ਕਣਕ ਦੀ ਫ਼ਸਲ ਦੀ ਸਿੱਧੀ ਡਲਿਵਰੀ ਲੈਣੀ ਬੰਦ ਕਰ ਦਿੱਤੀ ਹੈ। ਭਾਰਤੀ ਖ਼ੁਰਾਕ ਨਿਗਮ ਨੇ ਹੁਣ ਤੱਕ ਖ਼ੁਦ 5.19 ਲੱਖ ਮੀਟ੍ਰਿਕ ਟਨ ਫ਼ਸਲ ਖ਼ਰੀਦ ਕਰ ਲਈ ਹੈ ਜਦਕਿ ਪੰਜਾਬ ਵਿਚ ਹੁਣ ਤੱਕ ਕਰੀਬ 88 ਲੱਖ ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਬੇਸ਼ੱਕ ਕੇਂਦਰ ਸਰਕਾਰ ਦਾ ਫ਼ੈਸਲਾ ਲਟਕਣ ਕਰਕੇ ਕਣਕ ਦੀ ਖ਼ਰੀਦ ਵਿਚ ਤਾਂ ਕੋਈ ਅੜਿੱਕਾ ਨਹੀਂ ਪਿਆ ਹੈ ਪਰ ਮੰਡੀਆਂ ਵਿਚੋਂ ਲਿਫ਼ਟਿੰਗ ਨਹੀਂ ਹੋ ਰਹੀ ਹੈ। ਵੇਰਵਿਆਂ ਮੁਤਾਬਕ ਹਰਿਆਣਾ ਵਿਚ ਵੀ ਕਣਕ ਦਾ ਦਾਣਾ ਸੁੰਗੜਿਆ ਹੈ ਜਿਸ ਕਰਕੇ ਫ਼ਸਲ ਕੇਂਦਰੀ ਮਾਪਦੰਡਾਂ 'ਤੇ ਖਰੀ ਨਹੀਂ ਉਤਰ ਰਹੀ ਹੈ। ਹਰਿਆਣਾ ਸਰਕਾਰ ਨੇ ਵੀ ਪੰਜਾਬ ਦੀ ਤਰਾਂ ਕੇਂਦਰੀ ਖ਼ੁਰਾਕ ਮੰਤਰਾਲੇ ਤੋਂ ਕੇਂਦਰੀ ਨਿਯਮਾਂ ਵਿਚ ਛੋਟ ਦੀ ਮੰਗ ਕੀਤੀ ਹੈ। ਇਸੇ ਆਧਾਰ 'ਤੇ ਕੇਂਦਰ ਨੇ ਹਰਿਆਣਾ ਤੋਂ ਵੀ ਇਸ ਬਾਰੇ ਰਿਪੋਰਟ ਮੰਗ ਲਈ ਹੈ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਹੁਣ ਪੰਜਾਬ ਦਾ ਫ਼ੈਸਲਾ ਵੀ ਹਰਿਆਣਾ ਦੇ ਨਾਲ ਹੀ ਕਰੇਗੀ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਆਨੇ-ਬਹਾਨੇ ਇਸ ਮੁੱਦੇ ਉਤੇ 'ਆਪ' ਸਰਕਾਰ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੀ ਹੈ।



# ਅਦਾਲਤ ਦੀ ਮਾਣਹਾਨੀ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਪ੍ਰਤੀ ਦਿਨ 10000 ਡਾਲਰ ਜੁਰਮਾਨਾ ਭਰਨ ਦੇ ਆਦੇਸ਼

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਨਿਊਯਾਰਕ ਦੀ ਇਕ ਅਦਾਲਤ ਨੇ ਪਰਿਵਾਰਕ ਕਾਰੋਬਾਰ ਸੌਦੇ ਵਿਚ ਸਿਵਲ ਫਰਾਡ ਜਾਂਚ ਤਹਿਤ ਲੋੜੀਂਦੇ ਦਸਤਾਵੇਜ਼ ਦੇਣ ਵਿਚ ਅਸਫਲ ਰਹਿਣ ਕਾਰਨ ਅਦਾਲਤ ਦੀ ਮਾਣਹਾਨੀ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜੱਜ ਆਰਥਰ ਐਨਗੋਰਾਨ ਨੇ ਆਪਣੇ ਆਦੇਸ਼ ਵਿਚ ਸਾਬਕਾ ਰਾਸ਼ਟਰਪਤੀ ਨੂੰ ਉਲੰਘਣਾ ਕਰਨ ਵਾਲੇ ਸਮੇ ਲਈ ਪ੍ਰਤੀ ਦਿਨ 10000 ਡਾਲਰ ਜੁਰਮਾਨਾ ਭਰਨ ਲਈ ਕਿਹਾ ਹੈ। ਮੈਨਹਟਨ ਅਦਾਲਤ ਦੇ ਜੱਜ ਨੇ ਆਪਣੇ ਫੈਸਲੇ ਵਿਚ ਕਿਹਾ 'ਮਿਸਟਰ ਟਰੰਪ ਮੈਂ ਜਾਣਦਾ ਹਾਂ ਤੁਸੀਂ ਆਪਣੇ ਕੰਮਕਾਰ ਨੂੰ ਗੰਭੀਰਤਾ ਨਾਲ ਲੈਂਦੇ ਹੋ ਤੇ ਮੈਂ ਇਸ ਪ੍ਰਤੀ ਗੰਭੀਰ ਹਾਂ।' ਪ੍ਰਾਪਤ ਜਾਣਕਾਰੀ ਅਨੁਸਾਰ ਨਿਊਯਾਰਕ ਦੇ ਅਟਾਰਨੀ ਜਨਰਲ ਲੀਟੀਆ ਜੇਮਜ ਜੋ ਇਕ ਡੈਮੋਕ੍ਰੈਟਿਕ ਹੈ, ਨੇ ਅਦਾਲਤ



ਨੂੰ ਬੇਨਤੀ ਕੀਤੀ ਸੀ ਕਿ ਜੱਜ ਵੱਲੋਂ ਨਿਸ਼ਚਿਤ ਅੰਤਿਮ ਤਾਰੀਕ 31 ਮਾਰਚ ਤੱਕ ਦਸਤਾਵੇਜ਼ ਨਾ ਦੇਣ ਲਈ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਦੋਸ਼ੀ ਮੰਨਿਆ ਜਾਵੇ। ਜੇਮਜ ਨੇ ਅਦਾਲਤ ਦੇ ਫੈਸਲੇ ਉਪਰੰਤ ਕਿਹਾ ਕਿ ਅੱਜ ਨਿਆਂ ਹੋਇਆ ਹੈ ਕਿਉਂਕਿ ਕਈ ਸਾਲਾਂ ਤੱਕ ਟਰੰਪ ਨੇ ਕਾਨੂੰਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਾਬਕਾ ਰਾਸ਼ਟਰਪਤੀ ਤੇ ਉਸ ਦੀ ਕੰਪਨੀ ਦੀਆਂ ਵਿੱਤੀ ਲੈਣ ਦੇਣ ਸਬੰਧੀ ਸਾਡੀ ਕਾਨੂੰਨੀ ਜਾਂਚ ਵਿਚ ਅੜਿਕਾ ਪਾਇਆ ਹੈ। ਉਨਾਂ ਕਿਹਾ ਅੱਜ ਦੇ ਫੈਸਲੇ ਤੋਂ ਸਪੱਸ਼ਟ ਹੈ ਕਿ ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ। ਦੂਸਰੇ ਪਾਸੇ ਟਰੰਪ ਦੀ ਵਕੀਲ ਅਲੀਨਾ ਹਾਬਾ ਨੇ ਕਿਹਾ ਹੈ ਕਿ 'ਅਸੀਂ ਸਨਮਾਨ ਸਹਿਤ ਅਦਾਲਤ ਦੇ ਨਿਰਨੇ ਨਾਲ ਅਸਹਿਮਤੀ ਪ੍ਰਗਟਾਉਂਦੇ ਹਾਂ। ਸਾਰੇ ਮੰਗੇ ਗਏ ਦਸਤਾਵੇਜ਼ ਮਹੀਨਾ ਪਹਿਲਾਂ ਅਟਾਰਨੀ ਜਨਰਲ ਨੂੰ ਦਿੱਤੇ ਗਏ ਹਨ। ਮੈਂ ਵਿਸ਼ੇਸ਼ ਤੌਰ 'ਤੇ ਫਲੋਰਿਡਾ ਟਰੰਪ ਨੂੰ ਇਹ ਪੁੱਛਣ ਲਈ ਗਈ ਸੀ ਕਿ ਜੋ ਦਸਤਾਵੇਜ਼ ਮੰਗੇ ਗਏ ਹਨ ਕੀ ਉਨਾਂ ਵਿਚੋਂ ਕੋਈ ਉਨਾਂ ਕੋਲ ਹੈ। ਅਸੀਂ ਫੈਸਲੇ ਨੂੰ ਚੁਣੌਤੀ ਦੇਵਾਂਗੇ।'

# ਫਿਲਾਡੈਲਫੀਆ ਵਿਚ ਦੋ ਮੰਜਿਲਾ ਘਰ ਨੂੰ ਲੱਗੀ ਅੱਗ ਵਿਚ ਸੜਨ ਨਾਲ 3 ਬੱਚਿਆਂ ਸਮੇਤ 4 ਦੀ ਮੌਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਫਿਲਾਡੈਲਫੀਆ ਦੇ ਇਕ ਦੋ ਮਜਿੰਲਾ ਘਰ ਨੂੰ ਲੱਗੀ ਅੱਗ ਵਿਚ ਸੜ ਕੇ 3 ਬੱਚਿਆਂ ਤੇ ਇਕ ਔਰਤ ਦੀ ਮੌਤ ਹੋ ਗਈ। ਅੱਗ ਬੁਝਾਊ ਵਿਭਾਗ ਦੇ ਬੁਲਾਰੇ ਕੈਥੀ ਮੈਥਸਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਗ ਐਤਵਾਰ ਤੜਕਸਾਰ 2 ਵਜੇ ਹਰਟਵਿਲੇ ਸਟਰੀਟ ਵਿਚ ਦੋ ਮੰਜਿਲਾ ਇਮਾਰਤ ਦੇ ਇਕ ਘਰ ਵਿਚ ਲੱਗੀ। ਜਦੋਂ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮ ਮੌਕੇ ਉਪਰ ਪੁੱਜੇ ਤਾਂ ਘਰ ਦੀਆਂ ਦੋਨਾਂ ਮੰਜਿਲਾਂ ਵਿਚੋਂ ਧੂੰਆਂ ਨਿਕਲ ਰਿਹਾ ਸੀ। ਉਨਾਂ ਦੱਸਿਆ ਕਿ ਅੱਗ ਲੱਗਣ ਸਮੇਂ ਘਰ



*ਘਰ ਨੂੰ ਲੱਗੀ ਅੱਗ ਬੁਝਾਉਂਦੇ ਹੋਏ ਕਰਮਚਾਰੀ*

ਵਿਚ 5 ਲੋਕ ਸਨ ਜਿਨਾਂ ਵਿਚੋਂ 3 ਬੱਚਿਆਂ ਤੇ 1 ਔਰਤ ਦੀ ਮੌਤ ਹੋ ਗਈ ਜਦ ਕਿ ਪੰਜਵਾਂ ਵਿਅਕਤੀ ਜੋ ਔਰਤ ਹੀ ਸੀ, ਨੇ ਦੂਸਰੀ ਮੰਜਿਲ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਉਸ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮੈਥਸਨ ਨੇ ਦੱਸਿਆ ਕਿ ਅੱਗ ਉਪਰ ਅੱਧੇ ਘੰਟੇ ਵਿਚ ਕਾਬੂ ਪਾ ਲਿਆ ਗਿਆ। ਉਨਾਂ ਦੱਸਿਆ ਕਿ ਫਿਲਾਡੈਲਫੀਆ ਦੇ ਮੈਡੀਕਲ ਐਗਜ਼ਾਮੀਨਰ ਦੇ ਦਫਤਰ ਵੱਲੋਂ ਮੌਤਾਂ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਸਪੱਸ਼ਟ ਤੌਰ 'ਤੇ ਮੌਤਾਂ ਸੜਨ ਨਾਲ ਹੋਈਆਂ ਪ੍ਰਤੀਤ ਹੋ ਰਹੀਆਂ ਹਨ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਮੋਦੀ ਦੇ ਰਾਜ ਦੌਰਾਨ ਭਾਰਤ ਵਿਚ ਫਿਰਕੂ ਦੰਗਿਆਂ 'ਚ ਹੋਇਆ ਵਾਧਾ

## ਸਾਲ 2014 ਤੋਂ 2019 ਵਿਚਾਲੇ ਦਿੱਲੀ ਵਿੱਚ ਫ਼ਿਰਕੂ ਦੰਗਿਆਂ ਦੀਆਂ ਸਿਰਫ਼ ਦੋ ਘਟਨਾਵਾਂ ਹੋਈਆਂ ਪਰ 2020 ਵਿਚ 5200 ਘਟਨਾਵਾਂ ਵਾਪਰੀਆਂ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਨੈਸ਼ਨਲ ਕਰਾਈਮ ਰਿਕਾਰਡ ਬਿਊਰੋ 2020 ਦੇ ਅੰਕੜੇ ਦੱਸਦੇ ਹਨ ਕਿ ਫ਼ਿਰਕੂ ਹਿੰਸਾ ਅਤੇ ਝੜਪਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਵੱਡਾ ਵਾਧਾ ਹੋਇਆ ਹੈ। ਪਿਛਲੇ ਕੁਝ ਦਿਨਾਂ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਫ਼ਿਰਕੂ ਝੜਪਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਨਾਂ ਵਿੱਚੋਂ ਸਭ ਤੋਂ ਤਾਜ਼ਾ ਘਟਨਾ ਦਿੱਲੀ ਦੇ ਜਹਾਂਗੀਰਪੁਰੀ ਇਲਾਕੇ ਦੀ ਹੈ ਜਿੱਥੇ ਹਨੂੰਮਾਨ ਜਯੰਤੀ ਮੌਕੇ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੌਰਾਨ ਹਿੰਸਾ ਭੜਕੀ ਸੀ। ਇਸ ਹਿੰਸਾ ਵਿੱਚ ਕੁੱਲ 9 ਲੋਕ ਜ਼ਖ਼ਮੀ ਹੋ ਗਏ ਜਿਨਾਂ ਵਿੱਚ ਸੱਤ ਪੁਲਿਸ ਮੁਲਾਜ਼ਮ ਵੀ ਸਨ।

ਪਰ ਸਵਾਲ ਹਾਲੇ ਵੀ ਇਹੀ ਕਾਇਮ ਹੈ ਕਿ ਦੇਸ਼ ਵਿੱਚ ਫਿਰਕੂ ਦੰਗਿਆਂ ਦੀਆਂ ਘਟਨਾਵਾਂ ਕਿੰਨੀਆਂ ਵਧੀਆਂ ਹਨ। ਅੰਕੜਾ ਕੀ ਕਹਿੰਦਾ ਹੈ ? ਸਾਲ 2020 ਵਿੱਚ ਫ਼ਿਰਕੂ ਦੰਗਿਆਂ ਦੀਆਂ ਕੁੱਲ 857 ਘਟਨਾਵਾਂ ਵਾਪਰੀਆਂ ਜੋ ਕਿ ਸਾਲ 2019 ਦੇ ਮੁਕਾਬਲੇ ਵਿੱਚ 94 ਫੀਸਦੀ ਵੱਧ ਸਨ। ਫ਼ਿਰਕੂ ਦੰਗਿਆਂ ਦੀਆਂ ਘਟਨਾਵਾਂ ਵਿੱਚ ਅਚਾਨਕ ਵਾਧੇ ਦਾ ਮੁੱਖ ਕਾਰਨ ਦਿੱਲੀ ਹੈ। ਸਾਲ 2014 ਤੋਂ 2019 ਵਿਚਕਾਰ ਦਿੱਲੀ ਵਿੱਚ ਫ਼ਿਰਕੂ ਦੰਗਿਆਂ ਦੀਆਂ ਸਿਰਫ਼ ਦੋ ਘਟਨਾਵਾਂ ਹੋਈਆਂ ਪਰ 2020 ਵਿਚ ਇਹ ਘਟਨਾਵਾਂ 520 ਤੱਕ ਵਾਪਰੀਆਂ ਜਿਸ ਨਾਲ ਦੇਸ਼ ਭਰ ਦੇ ਅੰਕੜਿਆਂ ਵਿੱਚ ਵਾਧਾ ਹੋਇਆ।

ਪਿਛਲੇ ਸਮੇਂ ਗ੍ਰਹਿ ਮੰਤਰਾਲੇ ਨੇ ਸੰਸਦ ਵਿੱਚ ਕਿਹਾ ਸੀ ਕਿ ਸਾਲ 2016 ਤੋਂ 2020 ਵਿਚਕਾਰ ਫ਼ਿਰਕੂ ਅਤੇ ਧਾਰਮਿਕ ਦੰਗਿਆਂ ਦੇ 3,399 ਮਾਮਲੇ ਸਾਹਮਣੇ ਆਏ ਸਨ। ਇਹ ਅੰਕੜੇ ਕਾਫੀ ਸਾਫ਼ ਹਨ ਅਤੇ ਐਨਸੀਆਰਬੀ ਦੇ ਅੰਕੜਿਆਂ ਨਾਲ ਵੀ ਮੇਲ ਖਾਂਦੇ ਹਨ।

ਐਨਸੀਆਰਬੀ ਮੁਤਾਬਕ ਸਾਲ 2014 ਤੋਂ ਸਾਲ 2020 ਤੱਕ ਫ਼ਿਰਕੂ ਦੰਗਿਆਂ ਦੀਆਂ 5,417 ਘਟਨਾਵਾਂ ਦਰਜ ਕੀਤੀਆਂ ਗਈਆਂ। ਕਾਂਗਰਸ ਅਤੇ ਬੀਜੇਪੀ ਦੇ ਰਾਜ ਦੌਰਾਨ ਫ਼ਿਰਕੂ ਦੰਗਿਆਂ ਦੀਆਂ ਘਟਨਾਵਾਂ ਦੀ ਤੁਲਨਾ ਕਰਨ ਦਾ ਕੋਈ ਸਿੱਧਾ ਤਰੀਕਾ ਨਹੀਂ ਹੈ। ਸਾਲ 2014 ਤੱਕ ਐਨਸੀਆਰਬੀ ਦੰਗਿਆਂ ਨੂੰ ਫ਼ਿਰਕੂ ਜਾਂ ਹੋਰ (ਖੇਤੀ, ਜਾਤ, ਭਾਈਚਾਰੇ ਨਾਲ ਸਬੰਧਤ ਦੰਗੇ) ਦੇ ਰੂਪ ਵਿੱਚ ਵਰਗੀਕਰਨ ਨਹੀਂ ਕਰਦਾ ਸੀ। ਹਾਲਾਂਕਿ, ਗ੍ਰਹਿ ਮੰਤਰਾਲੇ ਨੇ 2006 ਅਤੇ 2012 ਵਿਚਕਾਰ ਫ਼ਿਰਕੂ ਘਟਨਾਵਾਂ ਦੀ ਗਿਣਤੀ ਜਾਰੀ ਕੀਤੀ। ਇਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੋਵਾਂ ਸਰਕਾਰਾਂ ਦੌਰਾਨ ਸਥਿਤੀ ਕਿਵੇਂ ਰਹੀ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ 2008 ਵਿੱਚ ਕਾਂਗਰਸ ਲਈ ਫ਼ਿਰਕੂ ਦੰਗਿਆਂ ਦੇ ਸਬੰਧ ਵਿੱਚ ਸਭ ਤੋਂ ਖ਼ਰਾਬ ਸਮਾਂ ਰਿਹਾ। ਇਸ ਸਾਲ 943 ਘਟਨਾਵਾਂ ਦਰਜ ਕੀਤੀਆਂ ਗਈਆਂ। ਸਾਲ 2014 ਵਿੱਚ, ਐਨਸੀਆਰਬੀ ਅਨੁਸਾਰ ਦੇਸ਼ ਵਿੱਚ 1,227 ਫ਼ਿਰਕੂ ਘਟਨਾਵਾਂ ਹੋਈਆਂ। ਇਸੇ ਸਾਲ ਬੀਜੇਪੀ ਦੀ ਸੱਤਾ ਵਿੱਚ ਵਾਪਸੀ ਹੋਈ।

ਜੇ ਦੋਵਾਂ ਪਾਰਟੀਆਂ ਦੇ ਕਾਰਜਕਾਲ ਦੀ ਤੁਲਨਾ ਕੀਤੀ ਜਾਵੇ ਤਾਂ 2006 ਅਤੇ 2012 (ਕਾਂਗਰਸ ਦਾ 6 ਸਾਲ ਦਾ ਕਾਰਜਕਾਲ) ਵਿਚਕਾਰ ਫ਼ਿਰਕੂ ਦੰਗਿਆਂ ਦੀਆਂ ਕੁੱਲ 5,142 ਘਟਨਾਵਾਂ ਦਰਜ ਹੋਈਆਂ।

**ਬਾਕੀ ਸਫ਼ਾ 30 'ਤੇ**

# ਇੰਡੀਆਨਾ ਵਿਚ ਇਕ ਪਾਰਟੀ ਦੌਰਾਨ ਚੱਲੀਆਂ ਗੋਲੀਆਂ, 2 ਮੌਤਾਂ 4 ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਲਫੇਟ, ਇੰਡੀਆਨਾ ਵਿਚ ਇਕ ਬਲਾਕ ਪਾਰਟੀ ਦੌਰਾਨ ਗੋਲੀ ਚੱਲ ਜਾਣ ਦੇ ਸਿੱਟੇ ਵਜੋਂ 2 ਜਣਿਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਲਫੇਟ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਾਰਟੀ ਵਿਚ 100 ਤੋਂ ਵਧ ਲੋਕ ਸ਼ਾਮਿਲ ਸਨ। ਗੋਲੀ ਚੱਲਣ ਦੀ ਘਟਨਾ ਬੀਤੇ ਦਿਨ ਤੜਕਸਾਰ 4.30 ਵਜੇ ਵਾਪਰੀ। ਪੁਲਿਸ ਨੇ ਘਟਨਾ ਸਥਾਨ ਤੋਂ ਕਈ ਚੱਲੇ ਤੇ ਅਣਚੱਲੇ ਕਾਰਤੂਸ ਬਰਾਮਦ ਕੀਤੇ ਹਨ। ਮ੍ਰਿਤਕਾਂ ਦੀ ਪਛਾਣ ਟੌਮੀ ਮਾਰਸ਼ਲ (34) ਤੇ ਐਡਵਰਡ ਰਾਬਰਸਨ (29) ਵਜੋਂ ਹੋਈ ਹੈ। ਮੁੱਢਲੀ ਜਾਂਚ ਵਿਚ ਸਪੱਸ਼ਟ ਹੋਇਆ ਹੈ ਕਿ ਇਨਾਂ ਦੀ ਮੌਤ ਗੋਲੀ ਵੱਜਣ ਕਾਰਨ ਹੋਈ ਹੈ।

# ਦੱਖਣੀ ਕੈਰੋਲੀਨਾ ਵਿਚ ਘਰੇਲੂ ਝਗੜਾ ਨਿਪਟਾਉਣ ਗਏ ਪੁਲਿਸ ਅਫਸਰ ਦੀ ਗੋਲੀ ਮਾਰ ਕੇ ਹੱਤਿਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਦੱਖਣੀ ਕੈਰੋਲੀਨਾ ਵਿਚ ਇਕ ਘਰੇਲੂ ਝਗੜਾ ਹੋਣ ਦੀ ਮਿਲੀ ਸੂਚਨਾ ਉਪਰੰਤ ਮੌਕੇ ਉਪਰ ਪੁੱਜੇ ਪੁਲਿਸ ਅਫਸਰ 28 ਸਾਲਾ ਰਾਇ ਐਂਡਰੀਊ 'ਡਰੀਊ ਬਾਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਮੁੱਖੀ ਕਰਿਸ ਕੋਵਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਨੇ ਸ਼ੱਕੀ ਹਮਲਾਵਰ ਨਾਲ ਗੱਲਬਾਤ ਕਰਨ ਦੀ 7 ਘੰਟੇ ਕੋਸ਼ਿਸ਼ ਕੀਤੀ ਪ੍ਰੰਤੂ ਸ਼ੱਕੀ ਨੇ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਖੁਦ ਨੂੰ ਵੀ ਗੋਲੀ ਮਾਰ ਲਈ ਜਿਸ ਨਾਲ ਉਸ ਦੀ ਮੌਤ ਹੋ ਗਈ। ਉਨਾਂ ਦੱਸਿਆ ਕਿ ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਇਕ ਮਰਦ ਵਿਹੜੇ ਦੇ ਸਾਹਮਣੇ ਖੜਾ ਸੀ। ਪੁਲਿਸ ਅਫਸਰ ਨੇ ਉਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਘਰ ਦੇ ਅੰਦਰੋਂ ਗੋਲੀਆਂ ਚੱਲੀਆਂ ਜਿਨਾਂ ਵਿਚੋਂ ਇਕ ਰਾਇ ਐਂਡਰੀਊ 'ਡਰੀਊ, ਬਾਰ ਨੂੰ ਲੱਗੀ ਜਿਸ ਨਾਲ ਉਸ ਦੀ ਮੌਤ ਹੋ ਗਈ।

# ਕੈਨੇਡਾ ਦੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਹੋਈਆਂ ਬੰਦ

## 500 ਤੋਂ ਵਧੇਰੇ ਵਿਦਿਆਰਥੀਆਂ ਦੇ ਕਰੋੜਾਂ ਰੁਪਏ ਫ਼ਸੇ

**ਲੁਧਿਆਣਾ/ਏ.ਟੀ.ਨਿਊਜ਼ :-** ਕੋਰੋਨਾ ਮਹਾਂਮਾਰੀ ਦੇ ਮਾੜੇ ਪ੍ਰਭਾਵ ਹੌਲੀ-ਹੌਲੀ ਦੇਖਣ ਨੂੰ ਮਿਲ ਰਹੇ ਹਨ। ਕੋਰੋਨਾ ਕਰਕੇ ਕੈਨੇਡਾ ਦੀਆਂ ਕਈ ਵਿਦਿਅਕ ਸੰਸਥਾਵਾਂ ਬੰਦ ਹੋ ਗਈਆਂ ਹਨ ਜਿਸ ਕਰਕੇ ਵਿਦਿਅਕ ਸੰਸਥਾਵਾਂ ਵਿਚ ਦਾਖ਼ਲਾ ਲੈਣ ਵਾਲੇ 500 ਤੋਂ ਵਧੇਰੇ ਪੰਜਾਬੀ ਵਿਦਿਆਰਥੀਆਂ ਦੇ ਕਰੋੜਾਂ ਰੁਪਏ ਫ਼ਸ ਗਏ ਹਨ। ਜਾਣਕਾਰੀ ਅਨੁਸਾਰ ਪੰਜਾਬ ਦੇ 500 ਤੋਂ ਵਧੇਰੇ ਵਿਦਿਆਰਥੀ ਅਜਿਹੇ ਹਨ ਜਿਨਾਂ ਨੇ ਟ੍ਰੈਵਲ ਏਜੰਟਾਂ, ਇਮੀਗ੍ਰੇਸ਼ਨ ਕੰਪਨੀਆਂ ਤੇ ਵੀਜ਼ਾ ਕੰਪਨੀਆਂ ਰਾਹੀਂ ਔਸਤਨ 9 ਤੋਂ 12 ਲੱਖ ਰੁਪਏ ਪ੍ਰਤੀ ਵਿਦਿਆਰਥੀ ਫ਼ੀਸ ਜਮਾਂ ਕਰਵਾ ਕੇ ਕੈਨੇਡਾ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਦਾਖ਼ਲਾ ਲਿਆ ਸੀ। 2020 ਵਿਚ ਕੋਰੋਨਾ ਤੋਂ ਬਾਅਦ ਕੁਝ ਸਮਾਂ ਆਨਲਾਈਨ ਕਲਾਸਾਂ ਲਗਾਉਣ ਤੋਂ ਬਾਅਦ ਕੈਨੇਡਾ ਦੇ ਕਈ ਵਿਦਿਅਕ ਅਦਾਰੇ ਬੰਦ ਹੋ ਗਏ ਜਿਸ ਕਰਕੇ ਪੰਜਾਬੀਆਂ ਦੇ ਕਰੋੜਾਂ ਰੁਪਏ ਉਕਤ ਵਿਦਿਅਕ ਸੰਸਥਾਵਾਂ ਕੋਲ ਫ਼ਸ ਗਏ ਹਨ। ਰੁਪਏ ਫ਼ਸਣ ਕਰਕੇ ਦੁਖੀ ਵਿਦਿਆਰਥੀਆਂ ਵਲੋਂ ਵੱਖ-ਵੱਖ ਵੀਜ਼ਾ ਕੰਪਨੀਆਂ ਤੇ ਟ੍ਰੈਵਲ ਏਜੰਟਾਂ ਦੇ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ। ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਨੇ ਕਿਹਾ ਕਿ ਕੈਨੇਡਾ ਵਿਚ ਵਿਦਿਅਕ ਸੰਸਥਾ ਦੇ ਬੰਦ ਹੋਣ ਕਾਰਨ ਫਸੇ ਹੋਏ ਵਿਦਿਆਰਥੀਆਂ ਦਾ ਇਕ-ਇਕ ਪੈਸਾ ਵਾਪਸ ਕਰਵਾਇਆ ਜਾਵੇਗਾ। ਗੋਗੀ ਨੇ ਆਈ.ਡੀ.ਪੀ. ਅੰਤਰਰਾਸ਼ਟਰੀ ਸਿੱਖਿਆ ਪ੍ਰੋਵਾਈਡਰ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਸੂਬੇ ਭਰ ਦੇ ਵਿਦਿਆਰਥੀਆਂ ਦਾ ਭਵਿੱਖ ਇੱਕ ਪ੍ਰਾਈਵੇਟ ਯੂਨੀਵਰਸਿਟੀ ਦੇ ਮਾਲਕ ਵਲੋਂ ਦੀਵਾਲੀਆਪਨ ਹੋਣ ਕਰਨ ਧੁੰਦਲਾ ਹੋ ਗਿਆ ਹੈ। ਆਈ.ਡੀ.ਪੀ. ਦੇ ਪੰਜਾਬ ਪ੍ਰਬੰਧਕ ਜਸਮੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਆਈ.ਡੀ.ਪੀ. ਰਾਹੀਂ ਦਾਖ਼ਲ ਹੋਏ 140 ਵਿਦਿਆਰਥੀਆਂ ਵਿਚੋਂ 80 ਵਿਦਿਆਰਥੀ ਵਿਦਿਅਕ ਸੰਸਥਾਵਾਂ ਬੰਦ ਹੋਣ ਕਰਕੇ ਹਾਲੇ ਵੀ ਫ਼ਸੇ ਗਏ ਹਨ। ਉਨਾਂ ਕਿਹਾ ਕਿ ਇਨਾਂ ਵਿਦਿਆਰਥੀਆਂ ਨੂੰ ਅੰਡਰ ਗ੍ਰੈਜੂਏਟ ਕੋਰਸਾਂ ਲਈ ਵਿਦਿਆਰਥੀਆਂ ਨੂੰ ਸਤੰਬਰ ਦੇ ਇਨਟੇਕ ਵਿਚ ਅਲਬਰਟਾ, ਕੈਨੇਡਾ ਵਿਖੇ ਇਕ ਪੌਲੀਟੈਕਨਿਕ ਕਾਲਜ ਵਿਚ ਦਾਖ਼ਲਾ ਕਰਵਾ ਕੇ ਭੇਜਿਆ ਜਾਵੇਗਾ। ਉਨਾਂ ਕਿਹਾ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਅੰਡਰ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਕੋਰਸਾਂ ਵਿਚ ਦਾਖ਼ਲਾ ਨਹੀਂ ਦੁਆਇਆ ਜਾਂਦਾ ਤਾਂ ਅਸੀਂ ਉਸ ਵਿਦਿਆਰਥੀ ਦੇ ਪੈਸੇ ਵਾਪਸ ਕਰਾਂਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕਾਂਗਰਸੀ ਲੀਡਰ ਕੈਪਟਨ ਸੰਦੀਪ ਸੰਧੂ 'ਤੇ ਲੱਗਿਆ ਧੋਖਾਧੜੀ ਕਰਦਾ ਦਾ ਦੋਸ਼

## ਕੈਪਟਨ ਸੰਦੀਪ ਸੰਧੂ ਨੇ ਕਰੋੜਾਂ ਦਾ ਪਲਾਟ ਦੱਬਣ ਲਈ ਜ਼ਿੰਦਗੀ ਤਬਾਹ ਕਰਕੇ ਰੱਖ ਦਿੱਤੀ -NRI ਗਰਪ੍ਰੀਤ ਸਿੰਘ





**ਚੰਡੀਗੜ੍ਹ:** ਇੱਕ ਐੱਨ ਆਰ ਆਈ ਗੁਰਪ੍ਰੀਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਬਠਿੰਡਾ ਹਾਲ ਵਾਸੀ ਅਮਰੀਕਾ ਨੇ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਹਲਕਾ ਦਾਖਾ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਸੰਦੀਪ ਸੰਧੂ ਉੱਪਰ ਕਰੋੜਾਂ ਰੁਪਏ ਦਾ ਪਲਾਟ ਦੱਬਣ ਲਈ ਤੇ ਉਸ ਦੀ ਜ਼ਿੰਦਗੀ ਅਤੇ ਪਰਿਵਾਰ ਨੂੰ ਤਬਾਹ ਕਰਨ ਦਾ ਸੰਗੀਨ ਦੋਸ਼ ਲਾਇਆ ਹੈ । ਇਹ ਸਨਸਨੀਖੇਜ਼ ਖੁਲਾਸਾ ਕਰਦਿਆਂ ਪੀਡਤ ਐੱਨ ਆਰ ਆਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਲੁਧਿਆਣਾ ਵਿਖੇ ਫਿਰੋਜ਼ਪੁਰ ਰੋਡ ' ਤੇ ਹਿਆਤ ਹੋਟਲ ਸਾਹਮਣੇ ਸਥਿਤ 1550 ਗਜ਼ ਦੇ ਪਲਾਟ ਦਾ 1990 ਤੋਂ ਸੰਤ ਕੌਰ ਦੇ ਵਾਰਿਸਾ ਨਾਲ ਅਦਾਲਤੀ ਕੇਸ ਚੱਲ ਰਿਹਾ ਸੀ ਪਰ ਇਸ ਕਰੋੜਾਂ ਰੁਪਏ ਜਾਇਦਾਦ ਨੂੰ ਹਥਿਆਉਣ ਦੇ ਲਈ ਕਾਂਗਰਸ ਦੇ ਰਣਨੀਤੀਕਾਰ ਮੰਨੇ ਜਾਂਦੇ ਅਤੇ ਹਲਕਾ ਦਾਖਾ ਤੋਂ ਕਾਂਗਰਸੀ ਉਮੀਦਵਾਰ ਕੈਪਟਨ ਸੰਦੀਪ ਸੰਧੂ ਨੇ ਆਪਣੇ ਅਸਰ ਰਸੂਖ ਨੂੰ ਵਰਤਦਿਆਂ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ । ਪੀੜ੍ਹਤ ਨੇ ਦੱਸਿਆ ਕਿ ਕਾਂਗਰਸੀ ਆਗੂ ਕੈਪਟਨ ਸੰਦੀਪ ਸੰਧੂ ਨੇ ਇਸ ਮਾਮਲੇ ਵਿਚ ਇਕ ਹੋਰ ਕਥਿਤ ਤੌਰ ਤੇ ਰਾਜਨੀਤਕ ਆਗੂ ਰਵੀਪ੍ਰੀਤ ਸਿੰਘ ਸਿੱਧੂ ਸਮੇਤ 2004 ਵਿੱਚ ਸੰਤ ਕੌਰ ਦੇ ਵਾਰਸ ਨਿਰਮਲ ਸਿੰਘ ਦੇ ਬੇਟੇ ਹਰਗੋਬਿੰਦ ਸਿੰਘ ਧਾਲੀਵਾਲ ਆਈ ਪੀ ਐਸ ਅਧਿਕਾਰੀ ਨਾਲ ਆਪਣੀ ਮਿੱਤਰਤਾ ਦੇ ਜ਼ਰੀਏ ਇਸ ਮਾਮਲੇ ਵਿੱਚ ਦਾਖ਼ਲ ਹੁੰਦਾ ਹੈ ਅਤੇ ਇਸ ਪਲਾਟ ਨੂੰ ਹਥਿਆਉਣ ਦੇ ਲਈ ਉਕਤ ਰਾਜਨੀਤਕ ਆਗੂ ਦੂਜੀ ਧਿਰ ਨਾਲ ਹਮ ਮਸ਼ਵਰਾ ਹੋ ਕੇ 2004 ਅੰਦਰ ਆਪਸ ਵਿੱਚ ਰਜਿਸਟਰੀ ਕਰਵਾ ਲਈ ਅਤੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ 2007 ਵਿਚ ਮੁੜ ਦੂਜੀ ਧਿਰ ਦੇ ਨਾਂ ' ਤੇ ਰਜਿਸਟਰੀ ਕਰਵਾ ਦਿੱਤੀ , ਜਦਕਿ ਇਹ ਰਜਿਸਟਰੀਆਂ ਹੋਣ ਸਮੇਂ ਉਕਤ ਜਗ੍ਹਾ ਦਾ ਅਦਾਲਤੀ ਕੇਸ ਚੱਲ ਰਿਹਾ ਸੀ , ਸਗੋਂ 248 ਗਜ਼ ਪਲਾਟ ਦੀ ਰਜਿਸਟਰੀ ਅੱਜ ਵੀ ਕੈਪਟਨ ਸੰਦੀਪ ਸੰਧੂ ਨਾਮ ਉੱਪਰ ਬੋਲ ਰਹੀ ਹੈ ਪ੍ਰੰਤੂ ਕੈਪਟਨ ਸੰਧੂ ਨੇ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਸਮੇਂ ਇਸ ਪਲਾਟ ਦਾ ਕੋਈ ਵੀ ਜ਼ਿਕਰ ਨਹੀਂ ਕੀਤਾ। ਅਜਿਹਾ ਕਰਕੇ ਕੈਪਟਨ ਨੇ ਚੋਣ ਕਮਿਸ਼ਨ ਨੂੰ ਵੀ ਧੋਖਾ ਦਿੱਤਾ ਹੈ । ਜਿਸ ਦੀ ਪੀੜਤ ਐਨ ਆਰ ਆਈ ਨੇ ਜਮ੍ਹਾਂਬੰਦੀ ਦੀ ਕਾਪੀ ਪੇਸ਼ ਕੀਤੀ ਇਸ ਮੌਕੇ ਪੀੜਤ ਨੇ ਭਰੇ ਮਨ ਨਾਲ ਦੱਸਿਆ ਕਿ ਆਪਣੀ ਜਾਇਦਾਦ ਵਾਪਸ ਹਾਸਲ ਕਰਨ ਲਈ ਉਹ ਲੰਮੇ ਸਮੇਂ ਤੋਂ ਕਾਨੂੰਨੀ ਚਾਰਾਜੋਈ ਕਰਦਾ ਆ ਰਿਹਾ ਸੀ ਪਰ ਉਕਤ ਰਾਜਨੀਤਕ ਆਗੂਆਂ ਨੇ ਕੇਸ ਵਾਪਸ ਲੈਣ ਲਈ ਉਸ ਉੱਪਰ ਹਰ ਤਰੀਕੇ ਨਾਲ ਦਬਾਅ ਪਾਇਆ । ਜਿਸ ਵਿੱਚ ਉਸ ਨੂੰ ਦਰਜਨਾਂ ਦੇ ਕਰੀਬ ਪੁਲਿਸ ਅਧਿਕਾਰੀਆਂ ਰਾਹੀਂ ਡਰਾਇਆ ਧਮਕਾਇਆ ਗਿਆ । ਇਸ ਦੌਰਾਨ ਉਹ ਦਸੰਬਰ 2007 ਵਿੱਚ ਅਮਰੀਕਾ ਚਲਾ ਗਿਆ ਪ੍ਰੰਤੂ ਜਦੋਂ ਉਕਤ ਵਿਅਕਤੀਆਂ ਦੀ ਧਮਕੀਆਂ ਤੋਂ ਡਰਿਆ ਨਹੀਂ ਤਾਂ ਇਨ੍ਹਾਂ ਵਿਅਕਤੀਆਂ ਨੇ ਅਮਰੀਕਾ ( ਯੂ ਐਸ ਏ ) ਵਿੱਚ ਰਹਿੰਦੇ ਹੋਏ ਮੇਰੇ ਉੱਪਰ 26 ਫਰਵਰੀ 2008 ਨੂੰ ਝੂਠਾ ਕੇਸ ਦਰਜ ਕਰਵਾ ਦਿੱਤਾ , ਸਗੋਂ ਆਪਣਾ ਅਸਰ ਰਸੂਖ ਵਰਤਦਿਆਂ ਪੁਲਿਸ ਦੀ ਕਥਿਤ ਮਿਲੀਭੁਗਤ ਰਾਹੀਂ ਇਸ ਕੇਸ ਵਿਚ ਮੈਨੂੰ ਭਗੌੜਾ ਕਰਾਰ ਦੇ ਦਿੱਤਾ । ਜਿਸ ਵਜ੍ਹਾ ਕਾਰਨ ਮੈਂ ਇਕਲੌਤਾ ਪੁੱਤ ਹੋਣ ਦੇ ਬਾਵਜੂਦ ਆਪਣੇ ਮਾਪਿਆਂ ਦੀ ਅੰਤਮ ਰਸਮਾਂ ਵਿੱਚ ਵੀ ਸ਼ਾਮਲ ਨਹੀਂ ਹੋ ਸਕਿਆ , ਸਗੋਂ ਇਨ੍ਹਾਂ ਵਿਅਕਤੀਆਂ ਦੀ ਧੱਕੇਸ਼ਾਹੀ ਕਾਰਨ ਮੇਰੇ ਮਾਪੇ ਆਪਣੇ ਪੁੱਤ ਪੋਤਿਆਂ ਦਾ ਮੂੰਹ ਦੇਖਣ ਤਰਸਦੇ ਹੋਏ ਅਕਾਲ ਚਲਾਣਾ ਕਰ ਗਏ , ਜਦ ਕਿ ਮੇਰੇ ਬੱਚੇ ਅੱਜ ਵੀ ਆਪਣੇ ਦਾਦਾ ਜੀ ਦੀ ਯਾਦ ਵਿਚ ਤਰਸ ਰਹੇ ਹਨ । ਇਨ੍ਹਾਂ ਵਿਅਕਤੀਆਂ ਨੇ ਇਕ ਪਲਾਟ ਹਾਸਲ ਕਰਨ ਲਈ ਮੇਰਾ ਪਰਿਵਾਰ ਅਤੇ ਜ਼ਿੰਦਗੀ ਨੂੰ ਤਬਾਹ ਕਰਕੇ ਰੱਖ ਦਿੱਤਾ , ਜਦਕਿ ਉਸ ਅਮਰੀਕਾ ਵਿੱਚ ਰਹਿੰਦੇ ਹੋਏ ਉਕਤ ਵਿਅਕਤੀਆਂ ਵੱਲੋਂ ਦਰਜ ਕਰਵਾਏ ਗਏ ਝੂਠੇ ਕੇਸਾਂ ਨੂੰ ਆਪਣੇ ਵਕੀਲਾਂ ਦੀ ਮਦਦ ਰਾਹੀਂ ਰੱਦ ਕਰਵਾਇਆ । ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀਆਂ ਦੀ ਇਸ ਧੱਕੇਸ਼ਾਹੀ ਖ਼ਿਲਾਫ਼ ਉਸ ਨੇ 6 ਅਪ੍ਰੈਲ 2020 ਨੂੰ ਐਨ ਆਰ ਆਈ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ , ਜਿਸ ਦੀ ਪੜਤਾਲ ਉਪਰੰਤ ਜਾਰੀ ਕੀਤੇ ਗਏ ਆਰਡਰ ਵਿਚ ਇਨ੍ਹਾਂ ਰਾਹੀਂ ਕਮਿਸ਼ਨ ਨੇ ਸਪੱਸ਼ਟ ਲਫ਼ਜ਼ਾਂ ਵਿਚ ਲਿਖਿਆ ਕਿ ਪੀੜਤ ਧੱਕੇਸ਼ਾਹੀ ਦਾ ਸ਼ਿਕਾਰ ਹੋਇਆ ਹੈ । ਪੀੜਤ ਐਨ ਆਰ ਆਈ ਨੇ ਆਖਿਆ ਕਿ ਕੈਪਟਨ ਸੰਦੀਪ ਸੰਧੂ ਅਤੇ ਹੋਰਨਾਂ ਵਿਅਕਤੀਆਂ ਨੇ ਜੋ ਇਸ ਅਪਰਾਧ ਵਿਚ ਸ਼ਾਮਿਲ ਨੇ ਇਹ ਕਰੋੜਾਂ ਰੁਪਏ ਜਾਇਦਾਦ ਨੂੰ ਹਾਸਲ ਕਰਨ ਲਈ ਉਸ ਦਾ ਘਰ ਪਰਿਵਾਰ ਤਬਾਹ ਕਰ ਦਿੱਤਾ ਪ੍ਰੰਤੂ ਇਹ ਵਿਅਕਤੀ ਮੁੜ ਸਿੱਧੇ ਰੂਪ ਚ ਤਾਕਤ ਸੱਤਾ ਦੀ ਤਾਕਤ ਹਾਸਲ ਕਰਦਾ ਹੈ ਤਾਂ ਇਹ ਹੋਰ ਪਤਾ ਨਹੀਂ ਕੁ ਲੋਕਾਂ ਦੀ ਜ਼ਿੰਦਗੀ ਤਬਾਹ ਕਰ ਦੇਵੇਗਾ । ਇਸ ਮੌਕੇ ਪੀੜਤ ਨੇ ਪ੍ਰਧਾਨ ਮੰਤਰੀ ਕੇਂਦਰੀ ਗ੍ਰਹਿ ਮੰਤਰੀ ਕੇਂਦਰੀ ਕਾਨੂੰਨ ਮੰਤਰੀ ਤੋਂ ਇਲਾਵਾ ਪੰਜਾਬ ਦੇ ਮੰਤਰੀਆਂ ਅਧਿਕਾਰੀਆਂ ਪਾਸ ਭੇਜੀ ਦਰਖਾਸਤ ਵਿੱਚ ਇਨਸਾਫ਼ ਦੀ ਗੁਹਾਰ ਲਗਾਈ ਹੈ , ਉਥੇ ਹੀ ਉਕਤ ਵਿਅਕਤੀਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰਨ ਮੰਗ ਕੀਤੀ ਹੈ । ਜਦੋਂ ਇਸ ਮਾਮਲੇ ਸਬੰਧੀ ਕੁਝ ਮੀਡੀਆ ਪੱਤਰਕਾਰਾਂ ਵੱਲੋਂ ਕੈਪਟਨ ਸੰਦੀਪ ਸੰਧੂ ਦੇ ਮੋਬਾਈਲ ਫੋਨ ਨੰਬਰ 9417200031 ' ਤੇ ਵਾਰ ਵਾਰ ਸੰਪਰਕ ਕਰਕੇ ਉਹਨਾਂ ਦਾ ਪੱਖ ਜਾਨਣਾ ਚਾਹਿਆ ਤਾਂ ਉਹਨਾਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ । ਉਹਨਾਂ ਦੇ ਪੀ.ਏ. ਰਾਜਵੀਰ ਗਿੱਲ ਨੇ ਵੀ ਫੋਨ ਨੰਬਰ 9788800001 ਤੇ ਗਲ ਕਰਨ ' ਅੱਧੇ ਘੰਟੇ ਬਾਅਦ ਗੱਲ ਕਰਵਾਉਣ ਦਾ ਵਾਅਦਾ ਕੀਤਾ ਬਾਅਦ ਵਿੱਚ ਉਹ ਵੀ ਵਾਰ - ਵਾਰ ਫੋਨ ਕੱਟਦੇ ਰਹੇ । ਕਾਂਗਰਸੀ ਲੀਡਰ ਦੀ ਅਜਿਹੀ ਕਾਰਗੁਜ਼ਾਰੀ ਨੇ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਐਨ ਆਰ ਆਈ ਭਰਾਵਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਮਿਹਨਤ ਦੁਆਰਾ ਪੰਜਾਬ ਵਿਚ ਬਣਾਈ ਪ੍ਰਾਪਰਟੀ ਮਹਿਫ਼ੂਜ਼ ਨਹੀਂ ਹੈ । ਸਮੇਂ ਦੀ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿਚ ਦਖਲਅੰਦਾਜ਼ੀ ਕਰ ਕੇ ਪੀੜਤ ਐਨ ਆਰ ਆਈ ਗੁਰਪ੍ਰੀਤ ਸਿੰਘ ਨੂੰ ਇਨਸਾਫ ਦੇਣਾ ਚਾਹੀਦਾ ਹੈ ਅਤੇ ਅਜਿਹੇ ਵਿਧਾਇਕਾਂ ਉਤੇ ਕਾਰਵਾਈ ਕਰ ਕੇ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ । ਭਗਵੰਤ ਮਾਨ ਦੀ ਸਰਕਾਰ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਹਨ ਇਸੇ ਉਮੀਦ ਦੇ ਜ਼ਰੀਏ ੍ਰੀ ਗੁਰਪ੍ਰੀਤ ਸਿੰਘ ਦੇ ਲਈ ਇਹ ਇਕ ਆਸ ਦੀ ਕਿਰਨ ਹੈ ਕੀ ਦੋਸ਼ੀਆਂ ਨੂੰ ਸਜ਼ਾਵਾਂ ਮਿਲਣਗੀਆਂ ।




# ਪੰਜਾਬ ਵਿਚ ਕਿਸਾਨਾਂ ਨੂੰ ਗ੍ਰਿਫ਼ਤਾਰੀ ਵਾਰੰਟ ਜਾਰੀ

## ✪ ਕਿਸਾਨ ਘਰ ਛੱਡ ਬਾਹਰ ਸੌਣ ਨੂੰ ਮਜਬੂਰ ✪ ਕਈ ਕਿਸਾਨ ਗ੍ਰਿਫ਼ਤਾਰੀ ਦੇ ਡਰੋਂ ਰਾਤ ਨੂੰ ਆਪਣੇ ਘਰਾਂ ਤੋਂ ਬਾਹਰ ਰਾਤਾਂ ਕੱਟਣ ਲਈ ਮਜਬੂਰ ✪ ਪੰਜਾਬ ਦੀ ਵਿੱਤ ਮੰਤਰੀ ਚੀਮਾ ਵਲੋਂ ਭਰੋਸਾ ਕਿ ਕਿਸੇ ਵੀ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਵੇਗੀ

ਪੰਜਾਬ ਦੇ ਸਰਹੱਦੀ ਜ਼ਿਲੇ ਫਾਜ਼ਿਲਕਾ ਅਧੀਨ ਪੈਂਦੇ ਪਿੰਡ ਪੀਰ ਬਖਸ਼ ਚੌਹਾਨ ਦੇ ਵਸਨੀਕ 85 ਸਾਲਾ ਪਹਿਲਵਾਨ ਸਿੰਘ ਵੱਲੋਂ 24 ਹਜ਼ਾਰ ਦੇ ਕਰਜ਼ ਬਦਲੇ 40 ਹਜ਼ਾਰ ਬੈਂਕ ਨੂੰ ਭਰਿਆ ਜਾ ਚੁੱਕਿਆ ਹੈ ਪਰ 40 ਹਜ਼ਾਰ ਅਜੇ ਵੀ ਬਕਾਇਆ ਹੈ।

ਪਹਿਲਵਾਨ ਸਿੰਘ ਦਾ ਕਹਿਣਾ ਹੈ ਕਿ ਖੇਤਾਂ ਵਿੱਚ ਮਿਹਨਤ ਕਰਦਾ ਜਵਾਨ ਪੁੱਤ ਰੱਬ ਨੂੰ ਪਿਆਰਾ ਹੋ ਗਿਆ। ਮੈਨੂੰ ਕਈ ਬਿਮਾਰੀਆਂ ਹਨ। ਪਹਿਲਵਾਨ ਸਿੰਘ ਦੱਸਦੇ ਹਨ ਕਿ ਉਹ ਪਿਛਲੇ ਇੱਕ ਹਫ਼ਤੇ ਤੋਂ ਸੁੱਤੇ ਨਹੀਂ ਹਨ। ਮੈਂ ਸ਼ੂਗਰ ਦਾ ਮਰੀਜ਼ ਹਾਂ। ਉੱਪਰੋਂ ਪੁਲਿਸ ਦੇ ਛਾਪੇ ਦਾ ਡਰ ਹੈ। ਨੀਂਦ ਨਹੀਂ ਆਉਂਦੀ। ਮੇਰਾ ਤਾਂ ਜਵਾਨ ਪੁੱਤ ਵੀ ਇਸ ਦੁਨੀਆਂ 'ਤੇ ਨਹੀਂ ਰਿਹਾ। ਹੁਣ ਮੇਰੇ ਕੋਲ ਰੋਣ ਤੋਂ ਸਿਵਾਏ ਕੋਈ ਚਾਰਾ ਨਹੀਂ ਹੈ। ਮੈਂ ਬੈਂਕ ਜਾ ਕੇ ਮੈਨੇਜਰ ਦੀਆਂ ਮਿੰਨਤਾਂ ਕੀਤੀਆਂ ਕਿ ਤਰਸ ਕਰੋ ਪਰ ਜਵਾਬ ਇਹੀ ਮਿਲਿਆ ਕਿ ਕਾਨੂੰਨ ਤਾਂ ਕਾਨੂੰਨ ਹੀ ਹੈ। 'ਸਰਕਾਰ 24 ਹਜ਼ਾਰ ਦਾ ਕਰਜ਼ਾ ਦੇ ਕੇ 40 ਹਜ਼ਾਰ ਵਸੂਲ ਚੁੱਕੀ ਹੈ। ਬੈਂਕ ਵਾਲੇ ਹਾਲੇ ਵੀ ਕਰਜ਼ਾ ਲੈਣ ਲਈ ਗੇੜੇ ਮਾਰਦੇ ਹਨ, ਮੈਂ ਕਿੱਧਰ ਨੂੰ ਜਾਵਾਂ ?'

ਇੱਥੇ ਜ਼ਿਕਰਯੋਗ ਹੈ ਕਿ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਲੈ ਕੇ ਕਿਸ਼ਤਾਂ ਨਾ ਮੋੜਨ ਵਾਲੇ ਕਿਸਾਨਾਂ ਖ਼ਿਲਾਫ਼ ਬੈਂਕਾਂ ਨੇ ਨੋਟਿਸ ਜਾਰੀ ਕੀਤੇ ਹਨ। ਇਸ ਨੋਟਿਸ ਵਿਚ ਕਿਹਾ ਗਿਆ ਹੈ ਕਿ 15 ਦਿਨਾਂ ਦੇ ਅੰਦਰ-ਅੰਦਰ ਕਰਜ਼ੇ ਦੀ ਕਿਸ਼ਤ ਵਾਪਸ ਬੈਂਕ ਵਿੱਚ ਜਮਾਂ ਕਰਵਾਈ ਜਾਵੇ ਨਹੀਂ ਤਾਂ ਗ੍ਰਿਫ਼ਤਾਰੀ ਹੋ ਸਕਦੀ ਹੈ।

ਇਹ ਕਹਾਣੀ ਇਕੱਲੇ ਇਸ ਕਿਸਾਨ ਦੀ ਨਹੀਂ ਹੈ, ਸਗੋਂ ਹੋਰ ਵੀ ਕਈ ਕਿਸਾਨ ਗ੍ਰਿਫ਼ਤਾਰੀ ਦੇ ਡਰੋਂ ਰਾਤ ਨੂੰ ਆਪਣੇ ਘਰਾਂ ਤੋਂ ਬਾਹਰ ਰਾਤਾਂ ਕੱਟਦੇ ਹਨ।

ਪਿੰਡ ਫਤਿਹਗੜ ਦੇ ਵਸਨੀਕ ਜੀਤ ਸਿੰਘ 2 ਏਕੜ ਜ਼ਮੀਨ ਦੇ ਮਾਲਕ ਹਨ। ਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਛੇ ਸਾਲ ਪਹਿਲਾਂ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ ਬੈਂਕ ਤੋਂ 6 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਮੈਂ ਪਰਿਵਾਰ ਵਿੱਚ ਇਕੱਲਾ ਕਮਾਉਣ ਵਾਲਾ ਹਾਂ ਅਤੇ ਦਿਹਾੜੀਦਾਰ ਕਾਮਾ ਹਾਂ। ਦੋ ਡੰਗ ਦੀ ਰੋਟੀ ਮਸਾਂ ਜੁੜਦੀ ਹੈ। ਮੈਂ ਕਰਜ਼ੇ ਦੀਆਂ ਕਿਸ਼ਤਾਂ ਵੀ ਲਾਹੀਆਂ ਪਰ ਵਿਆਜ ਦਰ ਵਿਆਜ ਕਾਰਨ ਕਰਜ਼ਾ ਵਧਦਾ ਹੀ ਗਿਆ। ਹੁਣ ਮੇਰੇ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਹੋ ਗਏ ਹਨ। ਮੈਨੂੰ ਨੀਂਦ ਨਹੀਂ ਆਉਂਦੀ। ਮੈਂ ਰਾਤ ਨੂੰ ਘਰ ਨਹੀਂ ਸੌਂਦਾ ਪਰ ਬੱਚਿਆਂ ਦੀ ਫ਼ਿਕਰ ਤਾਂ ਸਤਾਉਂਦੀ ਹੀ ਹੈ।'

ਜੀਤ ਸਿੰਘ ਭਾਵੁਕ ਹੋ ਕੇ ਕਹਿੰਦੇ ਹਨ, 'ਦਿਲ ਕਰਦਾ ਹੈ ਕਿ ਖ਼ੁਦਕੁਸ਼ੀ ਕਰ ਲਵਾਂ ਪਰ ਇਹ ਵੀ ਸੋਚਦਾ ਹਾਂ ਕਿ ਜੇਕਰ ਸਰਕਾਰ ਮਦਦ ਕਰ ਦੇਵੇ ਤਾਂ ਮੇਰੀ ਜਾਨ ਬਚ ਸਕਦੀ ਹੈ। ਜੇ ਮੈਂ ਮਰ ਗਿਆ ਤਾਂ ਮੇਰੇ ਬੱਚਿਆਂ ਦਾ ਪਾਲਣ ਪੋਸ਼ਣ ਕਿਵੇਂ ਹੋਵੇਗਾ। ਇਹੀ ਸਵਾਲ ਹੈ ਜਿਸ ਨੂੰ ਲੈ ਕੇ ਮੈਂ ਦਿਨ-ਰਾਤ ਚੱਲਦਾ ਹਾਂ।'

ਇਸ ਵਰਤਾਰੇ ਦੇ ਮੱਦੇਨਜ਼ਰ ਅਤੇ ਕਿਸਾਨਾਂ ਦੇ ਵਿਰੋਧ ਕਾਰਨ ਪੰਜਾਬ ਦੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਕ ਵਾਰ ਗੱਲ ਸਾਫ਼ ਕੀਤੀ ਹੈ ਕਿ ਕਿਸੇ ਵੀ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਵੇਗੀ।

### ਬੈਂਕ ਕੀ ਕਹਿੰਦਾ ਹੈ ?

ਸਹਿਕਾਰੀ ਸਭਾਵਾਂ ਦੇ ਸਹਾਇਕ ਰਜਿਸਟਰਾਰ ਰਾਜਨ ਗੁਰਬਖਸ਼ ਰਾਏ ਨੇ ਦੱਸਿਆ ਕਿ ਕਿਸਾਨਾਂ ਦੇ ਗ੍ਰਿਫਤਾਰੀ ਵਾਰੰਟ ਕੋਈ ਨਵੀਂ ਗੱਲ ਨਹੀਂ ਹੈ। ਉਨਾਂ ਨੇ ਕਿਹਾ, 'ਇਹ ਕਾਰਵਾਈ ਹਰ ਸਾਲ ਹੁੰਦੀ ਹੈ ਅਤੇ ਇਸ ਵਾਰ ਕਿਸਾਨਾਂ ਨੂੰ ਨੋਟਿਸ ਨਵੇਂ ਨਹੀਂ ਸਗੋਂ ਪਿਛਲੇ ਸਮੇਂ ਵਾਲੇ ਰਿਨਿਊ ਕਰ ਕੇ ਭੇਜੇ ਗਏ ਹਨ। ਹੁਣ ਗ੍ਰਿਫ਼ਤਾਰੀ ਵਾਰੰਟ ਵਾਪਸ ਲੈ ਲਏ ਹਨ ਅਤੇ ਅਗਲੇ ਸਰਕਾਰੀ



ਹੁਕਮਾਂ ਤੱਕ ਕਿਸੇ ਵੀ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਵੇਗੀ।' ਰਾਜਨ ਗੁਰਬਖਸ਼ ਰਾਏ ਨੇ ਦੱਸਿਆ, '381 ਕਿਸਾਨਾਂ ਨੂੰ ਨੋਟਿਸ ਜਾਰੀ ਕਰਕੇ ਕਰਜ਼ਾ ਵਾਪਸ ਕਰਨ ਦੀ ਗੱਲ ਕਹੀ ਗਈ ਹੈ। ਰਿਕਵਰੀ ਹੋ ਰਹੀ ਹੈ ਪਰ ਕਿਸੇ ਵੀ ਕਿਸਾਨ ਨੂੰ ਹੁਣ ਤੰਗ ਨਹੀਂ ਕੀਤਾ ਜਾਵੇਗਾ।'

ਦੂਜੇ ਪਾਸੇ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਕਰਜ਼ਾਈ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਜਨਰਲ ਸਕੱਤਰ ਮਨਪ੍ਰੀਤ ਸੰਧੂ ਨੇ ਦੱਸਿਆ ਕਿ ਜਿਵੇਂ ਹੀ ਕਿਸਾਨਾਂ ਦੀ ਗ੍ਰਿਫ਼ਤਾਰੀ ਵਾਰੰਟਾਂ ਦੀ ਗੱਲ ਯੂਨੀਅਨ ਦੇ ਧਿਆਨ ਵਿੱਚ ਆਈ ਤਾਂ ਉਨਾਂ ਦੇ ਵਰਕਰ ਤੁਰੰਤ ਹਰਕਤ ਵਿੱਚ ਆ ਗਏ। ਅਸੀਂ ਬੈਂਕ ਮੂਹਰੇ ਧਰਨਾ ਲਾਇਆ ਅਤੇ ਜੱਦੋ ਜਹਿਦ ਤੋਂ ਬਾਅਦ ਗ੍ਰਿਫ਼ਤਾਰ ਕੀਤੇ ਗਏ ਕਿਸਾਨ ਨੂੰ ਛੁਡਵਾ ਲਿਆ। ਅਸੀਂ ਸਰਕਾਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਜੇਕਰ ਉਸ ਨੇ ਅਜਿਹਾ ਵਰਤਾਰਾ ਜਾਰੀ ਰੱਖਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਕਿਸਾਨ ਸੜਕਾਂ ਉੱਪਰ ਆਪਣੇ ਹੱਕਾਂ ਲਈ ਬੈਠ ਜਾਣਗੇ। ਚੰਗੀ ਗੱਲ ਹੈ ਕਿ ਬੈਂਕ ਵਾਲਿਆਂ ਨੇ ਕਿਸਾਨ ਕੋਲੋਂ ਚੈੱਕ ਲੈ ਕੇ ਉਸ ਨੂੰ ਛੱਡ ਦਿੱਤਾ।'

ਇਸੇ ਤਰਾਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲਾ ਫਾਜ਼ਿਲਕਾ ਦੇ ਪ੍ਰਧਾਨ ਹਰੀਸ਼ ਨੱਡਾ ਵੀ ਆਪਣੇ ਸਾਥੀਆਂ ਨਾਲ ਅਜਿਹੇ ਕਿਸਾਨਾਂ ਦੇ ਹੱਕ ਵਿੱਚ ਨਿੱਤਰੇ ਹਨ। ਹਰੀਸ਼ ਨੱਡਾ ਕਹਿੰਦੇ ਹਨ, ਇਹ ਕੋਈ ਨਵੀਂ ਗੱਲ ਨਹੀਂ ਹੈ ਜਦੋਂ ਸਰਕਾਰਾਂ ਨੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਕਹੀ ਹੈ। ਸਰਕਾਰਾਂ ਵੱਡੇ ਘਰਾਣਿਆਂ ਨੂੰ ਅਰਬਾਂ-ਖਰਬਾਂ ਦੇ ਕਰਜ਼ੇ ਦੇ ਕੇ ਤਾਂ ਭੁੱਲ ਸਕਦੀ ਹੈ ਪਰ ਦੇਸ਼ ਦਾ ਢਿੱਡ ਪਾਲਣ ਵਾਲੇ ਅੰਨਦਾਤਾ ਕਿਸਾਨ ਦਾ ਕਰਜ਼ਾ ਨਹੀਂ ਭੁੱਲਦੀ। ਇਹ ਸਰਕਾਰਾਂ ਦੀ ਬਹੁਤ ਵੱਡੀ ਭੁੱਲ ਹੈ ਜੇਕਰ ਕਿਸਾਨਾਂ ਦੇ ਅਜਿਹੇ ਵਰੰਟ ਜਾਰੀ ਹੁੰਦੇ ਰਹੇ ਤਾਂ ਸਰਕਾਰ ਨੂੰ ਖਮਿਆਜ਼ਾ ਜ਼ਰੂਰ ਭੁਗਤਣਾ ਪਵੇਗਾ। ਉਨਾਂ ਮੁਤਾਬਕ ਗ੍ਰਿਫ਼ਤਾਰੀ ਦੇ ਡਰੋਂ ਕਰਜ਼ਾਈ ਕਿਸਾਨ ਜਾਂ ਤਾਂ ਆਪਣੀਆਂ ਕਿਸੇ ਰਿਸ਼ਤੇਦਾਰੀਆਂ ਵਿੱਚ ਚਲੇ ਗਏ ਹਨ ਅਤੇ ਜਾਂ ਫਿਰ ਖੇਤਾਂ ਵਿੱਚ ਹੀ ਇੱਧਰ-ਉੱਧਰ ਸੌਂ ਕੇ ਰਾਤ ਕੱਟਦੇ ਹਨ।

ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਹਿਕਾਰੀ ਬੈਂਕਾਂ ਵਾਲੇ ਜਾਂ ਤਾਂ ਦੇਰ ਰਾਤ ਅਤੇ ਜਾਂ ਫਿਰ ਸਵੇਰ ਵੇਲੇ ਕਰਜ਼ਾਈ ਕਿਸਾਨਾਂ ਦੇ ਘਰਾਂ ਵਿੱਚ ਛਾਪੇ ਮਾਰ ਕੇ ਉਨਾਂ ਨੂੰ ਕਰਜ਼ਾ ਵਾਪਸ ਕਰਨ ਲਈ ਕਥਿਤ ਤੌਰ 'ਤੇ ਦਬਾਅ ਪਾਉਂਦੇ ਹਨ।

ਇਸ ਵਰਤਾਰੇ ਦੇ ਮੱਦੇਨਜ਼ਰ ਅਤੇ ਕਿਸਾਨਾਂ ਦੇ ਵਿਰੋਧ ਦੇ ਚੱਲਦੇ ਪੰਜਾਬ ਦੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਕ ਵਾਰ ਗੱਲ ਸਾਫ਼ ਕੀਤੀ ਹੈ ਕਿ ਕਿਸੇ ਵੀ ਕਿਸਾਨ ਦੀ ਗ੍ਰਿਫਤਾਰੀ ਨਹੀਂ ਹੋਵੇਗੀ।

## ਕੁੜੀ ਦੇ ਚੱਕਰ ਵਿਚ ਗੋਲੀਆਂ ਮਾਰ ਕੇ ਪਰਵਾਸੀ ਪੰਜਾਬੀ ਦਾ ਕਤਲ

**ਤਰਨ ਤਾਰਨ** : ਚਾਰ ਖੰਭਾ ਚੌਕ ਨੇੜੇ ਬੀਤੀ ਰਾਤ ਮੋਟਰਸਾਈਕਲ ਸਵਾਰਾਂ ਵੱਲੋਂ ਇਕ ਪਰਵਾਸੀ ਪੰਜਾਬੀ ਜਤਿੰਦਰਪਾਲ ਸਿੰਘ (25) ਵਾਸੀ ਸੋਹਾਵਾ (ਸਰਹਾਲੀ) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕੈਨੇਡੀਅਨ ਪੀਆਰ ਜਤਿੰਦਰਪਾਲ 16 ਅਪ੍ਰੈਲ ਨੂੰ ਹੀ ਭਾਰਤ ਆਇਆ ਸੀ ਤੇ ਉਸ ਨੇ ਜੂਨ ਮਹੀਨੇ ਵਿਚ ਕੈਨੇਡਾ ਪਰਤਣਾ ਸੀ। ਜਤਿੰਦਰਪਾਲ ਆਪਣੇ ਦੋਸਤਾਂ ਜਸਲੀਨ ਸਿੰਘ, ਜੁਨੇਜਪਾਲ ਸਿੰਘ ਵਾਸੀ ਗੁਜਰਪੁਰਾ ਤੇ ਗੁਰਜੀਤ ਸਿੰਘ ਵਾਸੀ ਮੁੰਡਾ ਪਿੰਡ ਨਾਲ ਸਕਾਰਪੀਓ ਗੱਡੀ ਵਿੱਚ ☆ਤਰਨ-ਤਾਰਨ ਤੋਂ ਪਿੰਡ ਪਰਤ ਰਿਹਾ ਸੀ। ਚਾਰ ਖੰਭਾ ਚੌਕ ਨੇੜੇ ਮੋਟਰਸਾਈਕਲ ਸਵਾਰ ਦੋ ਜਣਿਆਂ ਨੇ ਗੱਡੀ 'ਤੇ ਗੋਲੀਆਂ ਚਲਾ ਦਿੱਤੀਆਂ। ਗੋਲੀ ਜਤਿੰਦਰਪਾਲ ਦੀ ਖੱਬੀ ਵੱਖੀ ਵਿੱਚ ਵੱਜੀ। ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਭਰਾ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਜਤਿੰਦਰਪਾਲ ਨੇ ਬੀਤੀ ਰਾਤ ਆਪਣੇ ਦੋਸਤਾਂ ਨਾਲ ਇੱਕ ਪੰਜ ਤਾਰਾ ਹੋਟਲ ਵਿੱਚ ਪਾਰਟੀ ਕੀਤੀ ਸੀ। ਡੀਐੱਸਪੀ ਬਰਜਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਜਤਿੰਦਰਪਾਲ ਤੇ ਉਸ ਦੇ ਦੋਸਤ ਕਿਸੇ ਕੁੜੀ ਨੂੰ ਫੋਨ ਕਰਕੇ ਉਨਾਂ ਕੋਲ ਆਉਣ ਲਈ ਜ਼ੋਰ ਪਾ ਰਹੇ ਸਨ। ਫੋਨ ਦੀ ਡਿਟੇਲ ਤੋਂ ਪਤਾ ਲੱਗਦਾ ਹੈ ਕਿ ਲੜਕੀ ਨੂੰ ਜਤਿੰਦਰਪਾਲ ਸਬੰਧੀ ਪਲ ਪਲ ਦੀ ਖ਼ਬਰ ਸੀ। ਪੁਲਿਸ ਅਨੁਸਾਰ ਇਹ ਹਮਲਾਵਰ ਲੜਕੀ ਵੱਲੋਂ ਵੀ ਭੇਜੇ ਗਏ ਹੋ ਸਕਦੇ ਹਨ। ਪੁਲਿਸ ਨੇ ਦੋ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਟਿ.ਫਨ ਬੰਬ ਦੇ ਦੋਸ਼ 'ਚ ਪੰਜ ਗ੍ਰਿ.ਫਤਾਰ

**ਨਵਾਂਸ਼ਹਿਰ/ਏ.ਟੀ.ਨਿਊਜ਼** :- ਨਵਾਂਸ਼ਹਿਰ ਜ਼ਿਲਾ ਪੁਲਿਸ ਨੇ ਬੰਬ ਕਾਂਡ ਨਾਲ ਸੰਬੰਧਤ ਹੋਰ ਕਥਿਤ 5 ਦੋਸ਼ੀਆਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਜ਼ਿਲਾ ਪੁਲਿਸ ਮੁਖੀ ਡਾ. ਸੰਦੀਪ ਸ਼ਰਮਾ ਨੇ ਦੱਸਿਆ ਕਿ 7-8 ਨਵੰਬਰ, 2021 ਦੀ ਦਰਮਿਆਨੀ ਰਾਤ ਨੂੰ ਸੀਆਈਏ ਸਟਾਫ ਨਵਾਂਸ਼ਹਿਰ ਦੀ ਇਮਾਰਤ ਵਿਚ ਬੰਬ ਧਮਾਕਾ ਕਰਨ ਦੇ ਦੋਸ਼ ਵਿਚ ਬੀਤੇ ਦਿਨੀਂ ਗ੍ਰਿਫ਼ਤਾਰ ਕੀਤੇ ਗਏ ਰਮਨਦੀਪ ਸਿੰਘ ਜੱਖੂ, ਪ੍ਰਦੀਪ ਸਿੰਘ ਭੱਟੀ ਤੇ ਮਨੀਸ਼ ਬਾਬਾ ਕੋਲੋਂ ਪੁਲਿਸ ਰਿਮਾਂਡ ਦੌਰਾਨ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਇਨਾਂ ਵਲੋਂ ਦੱਸੇ ਗਏ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਇਸ ਮੁਕੱਦਮੇ ਵਿਚ ਲੋੜੀਂਦੇ ਕੁਲਦੀਪ ਸੰਨੀ ਖਰੜ ਨੂੰ ਮੁਕੱਦਮੇ ਵਿਚ ਨਾਮਜ਼ਦ ਕਰਕੇ ਕਾਬੂ ਕੀਤਾ ਗਿਆ ਜੋ ਕਿ ਪਾਕਿਸਤਾਨ ਵਿਚ ਬੈਠੇ ਗੈਂਗਸਟਰ ਹਰਵਿੰਦਰ ਰਿੰਦਾ ਦਾ ਨੇੜਲਾ ਸਾਥੀ ਹੈ, ਜਿਸ ਦੀ ਨਿਸ਼ਾਨਦੇਹੀ 'ਤੇ 1 ਵਿਦੇਸ਼ੀ ਪਿਸਤੌਲ 9 ਐਮ.ਐਮ. ਤੇ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਸ ਤੋਂ ਪੁੱਛਗਿੱਛ ਦੌਰਾਨ ਇਹ ਖ਼ੁਲਾਸਾ ਹੋਇਆ ਕਿ ਕਥਿਤ ਦੋਸ਼ੀ ਕੁਲਦੀਪ ਸੰਨੀ ਨੇ ਰਿੰਦਾ ਦੇ ਕਹਿਣ 'ਤੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੁਲਿਸ ਚੌਕੀ ਕਲਵਾਂ ਮੋੜ ਥਾਣਾ ਨੂਰਪੁਰ ਬੇਦੀ ਜ਼ਿਲਾ ਰੂਪਨਗਰ ਵਿਖੇ ਆਪਣੇ ਸਾਥੀਆਂ ਸ਼ੁਭਕਰਨ ਸਾਜਨ ਨੰਗਲ , ਰੋਹਿਤ ਬੱਲੂ ਊਨਾ ਤੇ ਇਨਾਂ ਦੇ ਦੋ ਹੋਰ ਸਾਥੀਆਂ ਰਾਹੀਂ ਬੰਬ ਧਮਾਕਾ ਕਰਵਾਇਆ ਸੀ ਅਤੇ ਹਰਵਿੰਦਰ ਸਿੰਘ ਰਿੰਦਾ ਵਲੋਂ ਪਾਕਿਸਤਾਨ ਤੋਂ ਭੇਜੀਆਂ ਹੋਈਆਂ ਵੱਖ-ਵੱਖ ਕਨਸਾਈਨਮੈਂਟਾਂ ਆਪਣੇ ਨੇੜਲੇ ਸਾਥੀ ਜਿਵਤੇਸ਼ ਸੇਠੀ ਨਵਾਂਸ਼ਹਿਰ ਰਾਹੀਂ ਚੁਕਵਾਈਆਂ ਗਈਆਂ ਸਨ। ਜ਼ਿਲਾ ਪੁਲਿਸ ਨੇ ਕਥਿਤ ਦੋਸ਼ੀ ਕੁਲਦੀਪ ਸੰਨੀ ਦੀ ਨਿਸ਼ਾਨਦੇਹੀ 'ਤੇ ਕਾਰਵਾਈ ਕਰਦਿਆਂ ਰੋਹਿਤ ਬੱਲੂ, ਸ਼ੁੱਭਕਰਨ ਸਾਜਨ ਤੇ ਜਿਵਤੇਸ਼ ਸੇਠੀ ਨੂੰ ਵੀ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਕੁਲਦੀਪ ਸੰਨੀ ਨੇ ਮੰਨਿਆ ਕਿ ਉਸ ਨੇ ਇਕ ਟਿਫ਼ਨ ਬੰਬ ਅਮਨਦੀਪ ਊਨਾ ਨੂੰ ਦਿੱਤਾ ਹੈ, ਜੋ ਹਰਵਿੰਦਰ ਸਿੰਘ ਰਿੰਦਾ ਵਲੋਂ ਪਾਕਿਸਤਾਨ ਤੋਂ ਭੇਜਿਆ ਗਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰਕੇ ਇਕ ਬੇਆਬਾਦ ਖੂਹ ਵਿਚੋਂ ਉਪਰੋਕਤ ਟਿਫ਼ਨ ਬੰਬ, ਇਸ ਦੇ ਵੱਖ-ਵੱਖ ਪੁਰਜ਼ੇ, ਇਕ ਐਲ.ਈ.ਡੀ. ਅਤੇ ਇਕ ਪੈਨ ਡਰਾਈਵ ਵੀ ਬਰਾਮਦ ਕੀਤੇ ਹਨ। ਜ਼ਿਲਾ ਪੁਲਿਸ ਮੁਖੀ ਨੇ ਦੱਸਿਆ ਕਿ ਗ੍ਰਿਫ਼ਤਾਰ ਦੋਸ਼ੀਆਂ ਤੋਂ ਕੀਤੀ ਗਈ ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਪਰੋਕਤ ਕੰਮ ਦੇ ਬਦਲੇ ਕੁਲਦੀਪ ਸੰਨੀ ਨੇ ਰਿੰਦਾ ਵਲੋਂ ਪਾਕਿਸਤਾਨ ਤੋਂ ਭੇਜੀ ਗਈ 3 ਲੱਖ ਦੀ ਨਕਦੀ ਵਿਚੋਂ 1 ਲੱਖ ਰੁਪਏ ਰੋਹਿਤ ਉਰਫ਼ ਬੱਲੂ ਨੂੰ ਅਤੇ 10 ਹਜ਼ਾਰ ਰੁਪਏ ਸ਼ੁਭਕਰਨ ਉਰਫ਼ ਸਾਜਨ ਨੂੰ ਦਿੱਤੇ ਸਨ। ਜਵਤੇਸ਼ ਸੇਠੀ ਆਪਣੀ ਸਵਿਫ਼ਟ ਕਾਰ ਰਾਹੀਂ ਰਿੰਦਾ ਵਲੋਂ ਭੇਜੀਆਂ ਕਨਸਾਈਨਮੈਂਟਾਂ ਨੂੰ ਲੈ ਕੇ ਆਉਂਦਾ ਸੀ ਤੇ ਕੁਲਦੀਪ ਕੁਮਾਰ ਸੰਨੀ ਉਸ ਨੂੰ ਹਰ ਗੇੜੇ ਦੇ 15 ਹਜ਼ਾਰ ਰੁਪਏ ਦਿੰਦਾ ਸੀ । ਇਸ ਮਾਮਲੇ ਵਿਚ ਜਵਤੇਸ਼ ਤੇ ਬੱਲੂ ਵਲੋਂ ਵਰਤੀਆਂ ਗਈਆਂ ਕਾਰਾਂ ਵੀ ਪੁਲਿਸ ਨੇ ਬਰਾਮਦ ਕਰਕੇ ਕਬਜ਼ੇ ਵਿਚ ਲੈ ਲਈਆਂ ਹਨ।



ਸੀ. ਆਈ. ਏ. ਸਟਾਫ ਨਵਾਂਸ਼ਹਿਰ ਦੀ ਪੁਲਿਸ ਨਾਲ ਨਜ਼ਰ ਆ ਰਹੇ ਕਥਿਤ ਦੋਸ਼ੀ। ਤਸਵੀਰ : ਗੁਰਬਖਸ਼ ਸਿੰਘ ਮਹੇ

## ਜੇਹਾਦੀਆਂ ਨੂੰ ਸੋਧਣ ਲਈ ਤੀਰ-ਕਮਾਨ ਕੋਲ ਰੱਖੋ : ਸਾਕਸ਼ੀ ਮਹਾਰਾਜ

**ਲਖਨਊ/ਉਨਾਓ** : ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਨੇ ਕਿਹਾ ਕਿ ਹਿੰਦੂ ਭਾਈਚਾਰੇ ਦੇ ਲੋਕ ਤੀਰ-ਕਮਾਨ ਆਪਣੇ ਘਰਾਂ ਵਿਚ ਰੱਖਣ ਕਿਉਂਕਿ ਜਦੋਂ 'ਜੇਹਾਦ' ਦੇ ਨਾਂ 'ਤੇ ਭੀੜ ਆਵੇਗੀ ਤਾਂ ਤੁਹਾਨੂੰ ਬਚਾਉਣ ਲਈ ਪੁਲਿਸ ਨਹੀਂ ਪਹੁੰਚੇਗੀ। ਪੁਲਿਸ ਉਦੋਂ ਪਹੁੰਚੇਗੀ ਜਦੋਂ ਇਹ ਲੋਕ ਜੇਹਾਦ ਕਰ ਕੇ ਮੁੜ ਜਾਣਗੇ। ਇਹ ਮਾਮਲਾ ਫਿਰ ਜਾਂਚ ਕਮੇਟੀ ਕੋਲ ਚਲਾ ਜਾਵੇਗਾ ਤੇ ਕੁਝ ਸਮੇਂ ਬਾਅਦ ਖਤਮ ਹੋ ਜਾਵੇਗਾ।



## ਨ.ਫਰਤੀ ਭਾਸ਼ਣ ਦੇਣ ਵਾਲੇ ਬਜਰੰਗ ਮੁਨੀ ਨੂੰ ਜ਼ਮਾਨਤ ਮਿਲੀ

**ਸੀਤਾਪੁਰ** : ਯੂ.ਪੀ. ਦੇ ਸੀਤਾਪੁਰ ਵਿਚ ਕਥਿਤ ਤੌਰ 'ਤੇ ਭੜਕਾਊ ਭਾਸ਼ਣ ਦੇਣ ਵਾਲੇ ਬਜਰੰਗ ਮੁਨੀ ਦਾਸ ਨੂੰ ਜ਼ਮਾਨਤ ਮਿਲ ਗਈ ਹੈ। ਮਹਾਰਿਸ਼ੀ ਸ੍ਰੀ ਲਕਸ਼ਮਣ ਦਾਸ ਉਦਾਸੀ ਆਸ਼ਰਮ ਨਾਲ ਸਬੰਧਤ ਮੁਨੀ ਦਾਸ ਨੇ ਭਾਸ਼ਣ ਵਿਚ ਮੁਸਲਮਾਨ ਔਰਤਾਂ ਨੂੰ 'ਜਬਰ-ਜਨਾਹ ਦੀ ਧਮਕੀ' ਵੀ ਦਿੱਤੀ ਸੀ।

## ਅਫਗਾਨਿਸਤਾਨ ਤੋਂ ਆਈ ਮਲੱਠੀ ਦੀ ਖੇਪ ਵਿਚੋਂ 700 ਕਰੋੜ ਰੁਪਏ ਦੀ 102 ਕਿਲੋ ਹੈਰੋਇਨ ਬਰਾਮਦ

**ਅੰਮ੍ਰਿਤਸਰ** : ਅੰਮ੍ਰਿਤਸਰ ਕਸਟਮ ਵਿਭਾਗ ਨੇ ਅਟਾਰੀ ਆਈਸੀਪੀ ਵਿਖੇ ਅਫਗਾਨਿਸਤਾਨ ਤੋਂ ਆਈ ਮਲੱਠੀ ਵਿਚ ਲੁਕਾਈ ਹੋਈ ਲਗਭਗ 102 ਕਿਲੋ ਹੈਰੋਇਨ ਬਰਾਮਦ ਕੀਤੀ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ ਲਗਭਗ 700 ਕਰੋੜ ਰੁਪਏ ਹੈ। ਕਸਟਮ ਵਿਭਾਗ ਦੇ ਕਮਿਸ਼ਨਰ ਰਾਹੁਲ ਨਾਨਗੇਰੇ ਨੇ ਦੱਸਿਆ ਕਿ ਮਾਲ ਦੀ ਇਹ ਖੇਪ ਅਫਗਾਨਿਸਤਾਨ ਤੋਂ 22 ਅਪ੍ਰੈਲ ਨੂੰ ਆਈ ਸੀ। ਅਫਗਾਨਿਸਤਾਨੀ ਟਰੱਕ ਡਰਾਈਵਰ ਮਾਲ ਦੀ ਖੇਪ ਨੂੰ ਇਥੇ ਉਤਾਰਨ ਮਗਰੋਂ ਵਾਪਸ ਪਰਤ ਗਿਆ ਸੀ। ਇਹ ਖੇਪ ਦਿੱਲੀ ਨਾਲ ਸਬੰਧਤ ਇਕ ਦਰਾਮਦਕਾਰ ਨੂੰ ਭੇਜੀ ਜਾਣੀ ਸੀ। ਫਿਲਹਾਲ ਇਸ ਸਬੰਧ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ।

## ਨੰਗਲ ਅੰਬੀਆਂ ਕਤਲ ਮਾਮਲੇ ਵਿੱਚ ਦੋ ਹੋਰ ਸ਼ੂਟਰ ਫੜੇ

**ਜਲੰਧਰ** : ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਦੇ ਦੋਸ਼ ਹੇਠ ਪੁਲਿਸ ਨੇ ਸ਼ੂਟਰ ਵਿਕਾਸ ਮਾਹਲੇ ਨੂੰ ਦਿੱਲੀ ਤੋਂ ਅਤੇ 'ਫ਼ੌਜੀ' ਨੂੰ ਰੁਦਰਪੁਰ ਤੋਂ ਗ੍ਰਿਫਤਾਰ ਕੀਤਾ ਹੈ। ਇਨਾਂ ਸ਼ੂਟਰਾਂ ਦੀ ਗ੍ਰਿਫ਼ਤਾਰੀ ਜਲੰਧਰ ਤੇ ਦਿੱਲੀ ਪੁਲਿਸ ਦੀ ਸਾਂਝੀ ਟੀਮ ਵੱਲੋਂ ਕੀਤੀ ਦੱਸੀ ਜਾ ਰਹੀ ਹੈ।

# ਬਾਦਲ ਦਲ ਰਾਜੋਆਣਾ ਦੀ ਰਿਹਾਈ ਲਈ ਸਰਗਰਮ

ਬੇਅੰਤ ਸਿੰਘ ਕਤਲ ਕੇਸ ਵਿਚ ਬਲਵੰਤ ਸਿੰਘ ਰਾਜੋਆਣਾ ਫਾਂਸੀ ਦੀ ਸਜ਼ਾਯਾਫਤਾ ਕੈਦੀ ਹਨ, ਜੋ ਇਸ ਵੇਲੇ ਪਟਿਆਲਾ ਜੇਲ ਵਿਚ ਬੰਦ ਹਨ।ਬਾਦਲ ਦਲ ਇਸ ਦੀ ਰਿਹਾਈ ਲਈ ਮੋਦੀ ਸਰਕਾਰ ਨੂੰ ਅਪੀਲ ਵੀ ਕਰ ਚੁੱਕਾ ਹੈ। ਯਾਦ ਰਹੇ ਕਿ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਕੇਂਦਰ ਸਰਕਾਰ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਇਸ ਦੇ ਨਾਲ ਹੀ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮੁਆਫ਼ ਕਰਕੇ ਉਮਰ ਕੈਦ ਵਿਚ ਬਦਲਣ ਦੇ ਹੁਕਮ ਦਿੱਤੇ ਸਨ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਬਿਨਾਂ ਕਿਸੇ ਨਾਂ ਦਾ ਜ਼ਿਕਰ ਕੀਤੇ ਟਵੀਟ ਕਰਕੇ ਰਿਹਾਈ ਤੇ ਸਜ਼ਾ ਮੁਆਫ਼ੀ ਦਾ ਸਵਾਗਤ ਕੀਤਾ ਹੈ। ਜਿਹੜੀ ਸੂਚੀ ਕੇਂਦਰ ਸਰਕਾਰ ਨੇ ਜਾਰੀ ਕੀਤੀ ਸੀ, ਉਸ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਸੀ। ਬੇਅੰਤ ਸਿੰਘ ਦੇ ਪੋਤਰੇ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਇਸ ਰਾਜੋਆਣਾ ਨੂੰ ਮੁਆਫ਼ੀ ਦੇਣ ਦਾ ਵਿਰੋਧ ਕੀਤਾ ਸੀ।



ਹੁਣ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਲਿਖਕੇ ਬਲਵੰਤ ਸਿੰਘ ਰਾਜੋਆਣਾ ਨੂੰ ਜੇਲ ਤੋਂ ਰਿਹਾਅ ਕਰਵਾਉਣ ਦੀ ਮੰਗ ਕੀਤੀ ਹੈ। ਸੁਖਬੀਰ ਬਾਦਲ ਦੀ ਦਲੀਲ ਹੈ ਕਿ ਰਾਜੋਆਣਾ ਦੀ ਫਾਂਸੀ ਕੇਂਦਰ ਸਰਕਾਰ ਨੇ ਉਮਰ ਕੈਦ ਵਿਚ ਬਦਲ ਦਿੱਤੀ ਸੀ ਅਤੇ ਬਲਵੰਤ ਸਿੰਘ ਰਾਜੋਆਣਾ 26 ਸਾਲ ਜੇਲ ਵਿਚ ਗੁਜ਼ਾਰ ਚੁੱਕੇ ਹਨ , ਜੋ ਉਮਰ ਕੈਦ ਤੋਂ ਵੱਧ ਹੈ। ਇਸ ਲਈ ਉਨਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਅਕਾਲੀ ਦਲ ਦੀ ਮੰਗ ਦਾ ਰਵਨੀਤ ਸਿੰਘ ਬਿੱਟੂ ਨੇ ਤੁਰੰਤ ਵਿਰੋਧ ਕੀਤਾ ਅਤੇ ਕਿਹਾ ਕਿ ਬਾਦਲ ਪਰਿਵਾਰ ਉਸ ਦੋਸ਼ੀ ਦੀ ਰਿਹਾਈ ਦੀ ਮੰਗ ਕਰ ਰਿਹਾ ਹੈ, ਜਿਸ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 17 ਹੋਰ ਵਿਅਕਤੀਆਂ ਨੂੰ ਕਤਲ ਕੀਤਾ ਸੀ।

ਰਵਨੀਤ ਬਿੱਟੂ ਦੇ ਉਲਟ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਮੁਨੀਸ਼ ਤਿਵਾੜੀ ਨੇ ਕਿਹਾ ਕਿ ਭਾਈ ਰਾਜੋਆਣਾ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਉਹ 26 ਸਾਲ ਕੈਦ ਪਹਿਲਾਂ ਹੀ ਕੱਟ ਚੁੱਕੇ ਹਨ।

ਯਾਦ ਰਹੇ ਕਿ 31 ਅਗਸਤ 1995 ਦੌਰਾਨ ਭਾਈ ਰਾਜੋਆਣਾ ਦੇ ਅਦਾਲਤ ਵਿਚ ਬਿਆਨ ਮੁਤਾਬਕ ਉਨਾਂ ਤੇ ਪੰਜਾਬ ਪੁਲਿਸ ਦੇ ਐਸਪੀਓ ਦਿਲਾਵਰ ਸਿੰਘ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਬੰਬ ਧਮਾਕੇ ਵਿਚ ਕਤਲ ਕਰ ਦਿੱਤਾ ਸੀ। ਦਿਲਾਵਰ ਸਿੰਘ ਨੇ ਮਨੁੱਖੀ ਬੰਬ ਬਣ ਕੇ ਹਮਲਾ ਕੀਤਾ ਤੇ ਰਾਜੋਆਣਾ ਉਸ ਦੇ ਪਿੱਛੇ ਸੀ। ਜੇਕਰ ਦਿਲਾਵਰ ਨਾਕਾਮ ਹੋ ਜਾਂਦਾ ਤਾਂ ਰਾਜੋਆਣਾ ਨੇ ਹਮਲਾ ਕਰਨਾ ਸੀ।

1 ਅਗਸਤ 2007 ਦੌਰਾਨ ਰਾਜੋਆਣਾ ਨੂੰ ਸੀਬੀਆਈ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ। ਰਾਜੋਆਣਾ ਨੇ ਹਾਈ ਕੋਰਟ ਵਿੱਚ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਇਹ ਕਹਿ ਕੇ ਕਿ ਉਨਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਵਿਚ ਭਰੋਸਾ ਨਹੀਂ ਹੈ। ਸ੍ਰੋਮਣੀ ਕਮੇਟੀ ਨੇ ਉਨਾਂ ਦੇ ਕੇਸ ਦੀ ਉੱਚ ਅਦਾਲਤ ਵਿਚ ਪੈਰਵੀ ਕੀਤੀ। 28 ਮਾਰਚ 2012 ਦੌਰਾਨ ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਸੀ ਦਿੱਤੀ ਜਾਣੀ ਸੀ ਪਰ ਸ੍ਰੋਮਣੀ ਕਮੇਟੀ, ਅਕਾਲੀ ਦਲ, ਸਿੱਖ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਦੀ ਫਾਂਸੀ ਦੀ ਸਜ਼ਾ ਮਾਫ ਕਰਨ ਲਈ ਤਿੱਖੀ ਮੁਹਿੰਮ ਚਲਾਈ ਸੀ। ਪੂਰੇ ਪੰਜਾਬ ਵਿਚ ਫਾਂਸੀ ਰੁਕਵਾਉਣ ਲਈ ਰੋਸ ਮੁਜਾਹਰੇ ਕੀਤੇ ਗਏ, ਲੋਕਾਂ ਨੇ ਘਰ-ਘਰ ਕੇਸਰੀ ਝੰਡੀਆਂ ਲਗਾ ਕੇ ਰਾਜੋਆਣਾ ਨੂੰ ਫਾਂਸੀ ਦੇਣ ਦਾ ਵਿਰੋਧ ਕੀਤਾ।ਭਾਵੇਂ ਅਕਾਲੀ ਦਲ ਨੂੰ ਇਸ ਮੁੱਦੇ ਉੱਤੇ ਭਾਜਪਾ ਦਾ ਇਸ ਮਾਮਲੇ ਵਿੱਚ ਸਾਥ ਨਹੀਂ ਮਿਲਿਆ ਸੀ ਪਰ ਤਤਕਾਲੀ ਰਾਸਟਰਪਤੀ ਪ੍ਰਤਿਭਾ ਪਾਟਿਲ ਨੇ ਗ੍ਰਹਿ ਮੰਤਰਾਲੇ ਦੀ ਸਿਫਾਰਿਸ਼ ਉੱਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ 28 ਮਾਰਚ 2012 ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤੀ ਸੀ।

**ਦਰਪਣ ਝੂਠ ਨਹੀਂ ਬੋਲਦਾ**

23 ਮਾਰਚ 2012 ਦੌਰਾਨ ਅਕਾਲ ਤਖਤ ਵਲੋਂ ਭਾਈ ਰਾਜੋਆਣਾ ਨੂੰ 'ਜਿੰਦਾ ਸ਼ਹੀਦ' ਦਾ ਸਨਮਾਨ ਦਿੱਤਾ ਗਿਆ, ਜਿਸ ਨੂੰ ਲੈਣ ਤੋਂ ਉਨਾਂ ਨੇ ਇਨਕਾਰ ਕਰ ਦਿੱਤਾ ਪਰ ਬਾਅਦ ਵਿਚ 27 ਮਾਰਚ ਨੂੰ ਉਨਾਂ ਨੇ ਇਹ ਦਰਜਾ ਸਵੀਕਾਰ ਕਰ ਲਿਆ।

5 ਮਈ 2019 ਦੌਰਾਨ ਭਾਈ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੇ ਮੀਡੀਆ ਸਾਹਮਣੇ ਇੱਕ ਚਿੱਠੀ ਪੇਸ਼ ਕਰਦਿਆਂ ਕਿਹਾ ਕਿ ਸੀ ਇਹ ਚਿੱਠੀ ਬਲਵੰਤ ਸਿੰਘ ਨੇ ਜੇਲ ਵਿੱਚੋਂ ਉਨਾਂ ਰਾਹੀਂ ਭੇਜੀ ਹੈ।ਕਮਲਦੀਪ ਕੌਰ ਮੁਤਾਬਕ ਰਾਜੋਆਣਾ ਨੇ ਕਿਹਾ ਸੀ, 'ਅਕਾਲੀ-ਭਾਜਪਾ ਗਠਜੋੜ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਵੱਡੇ ਸੰਘਰਸ਼ ਤੇ ਕੁਰਬਾਨੀਆਂ ਕੀਤੀਆਂ ਹਨ। ਭਾਜਪਾ ਦੀ ਕੇਂਦਰ ਸਰਕਾਰ ਨੇ 35 ਸਾਲ ਬਾਅਦ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਜਿਵੇਂ ਗਿੱਚੀ ਤੋਂ ਫੜ ਕੇ ਜੇਲ ਭੇਜਿਆ ਹੈ, ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ ਦੇਣ ਦੀ ਕੋਸ਼ਿਸ਼ ਕੀਤੀ ਹੈ, ਇਸ ਨਾਲ ਸਿੱਖ ਭਾਵਨਾਵਾਂ ਨੂੰ ਮੱਲਮ ਲੱਗੀ ਹੈ। ਚਿੱਠੀ ਵਿਚ ਅੱਗੇ ਲਿਖਿਆ ਹੈ, 'ਕੇਂਦਰ ਸਰਕਾਰ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਦੀ ਕੋਸ਼ਿਸ਼ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ।'

## 'ਮਹਾਰਾਜਾ ਰਣਜੀਤ ਸਿੰਘ ਸਮਰ ਪੈਲੇਸ' ਦੇ ਸਮਾਰਕਾਂ ਦੀ ਹਾਲਤ ਤਰਸਯੋਗ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੁਆਰਾ ਅੰਮ੍ਰਿਤਸਰ ਵਿਖੇ 84 ਏਕੜ ਵਿਚ ਲਗਾਏ ਰਾਮ ਬਾਗ਼ ਅਤੇ ਉਸ ਦੇ ਅੱਧ ਵਿਚਾਲੇ ਉਸਾਰੇ 'ਸਮਰ ਪੈਲੇਸ' (ਗਰਮੀਆਂ ਦੇ ਮਹਿਲ) ਅਤੇ ਉਸ ਦੇ ਸਮਾਰਕਾਂ ਦੀ 15 ਅਕਤੂਬਰ 2004 ਨੂੰ ਸ਼ੁਰੂ ਕੀਤੀ ਨਵਉਸਾਰੀ ਅਤੇ ਸੁੰਦਰੀਕਰਨ ਦੀ ਕਾਰਵਾਈ ਦੇ 18 ਵਰੇ ਬੀਤ ਜਾਣ ਦੇ ਬਾਅਦ ਬੇਸ਼ੱਕ ਉਕਤ ਮਹਿਲ ਦੇ ਬੰਦ ਤਾਲੇ ਸੈਲਾਨੀਆਂ ਲਈ ਖੋਲ ਦਿੱਤੇ ਗਏ, ਪਰ ਨਵੀਨੀਕਰਨ ਅਤੇ ਨਵਉਸਾਰੀ 'ਤੇ ਕਰੋੜਾਂ ਰੁਪਏ ਖਰਚੇ ਜਾਣ ਦੇ ਬਾਵਜੂਦ ਬਾਗ ਵਿਚਲੇ ਸਮਾਰਕਾਂ ਦੀ ਖ਼ਸਤਾ ਤੇ ਤਰਸਯੋਗ ਹਾਲਤ ਸੈਲਾਨੀਆਂ ਲਈ ਸੰਬੰਧਤ ਵਿਭਾਗ ਪ੍ਰਤੀ ਨਾਰਾਜ਼ਗੀ ਦਾ ਕਾਰਨ ਬਣ ਰਹੀ ਹੈ। ਫਿਲਹਾਲ, ਇਸ ਗਰਮੀਆਂ ਦੇ ਮਹਿਲ ਨੂੰ ਪੰਜਾਬ ਸੈਰ ਸਪਾਟਾ ਵਿਭਾਗ ਦੇ ਸਪੁਰਦ ਕਰਦਿਆਂ ਅਜਾਇਬ-ਘਰ ਦਾ ਰੂਪ ਦਿੱਤਾ ਗਿਆ ਹੈ । 'ਮਹਾਰਾਜਾ ਰਣਜੀਤ ਸਿੰਘ ਸਮਰ ਪੈਲੇਸ' ਤੱਕ ਪਹੁੰਚਣ ਲਈ ਕੋਈ ਵੀ ਸਿੱਧਾ ਰਸਤਾ ਨਾ ਹੋਣ



ਕਰਕੇ ਸੈਲਾਨੀਆਂ ਦਾ ਸਮਾਰਕ ਤੱਕ ਪਹੁੰਚਣਾ ਮੁਸ਼ਕਿਲ ਬਣਿਆ ਹੋਇਆ ਹੈ ।ਮਹਿਲ ਦੇ ਦੋਵੇਂ ਪਾਸੇ ਬਣੇ ਖ਼ੂਬਸੂਰਤ ਤਲਾਬਾਂ ਦੀ ਨਵਉਸਾਰੀ ਤੋਂ ਬਾਅਦ ਹਾਲਤ ਅਤਿ ਖ਼ਸਤਾ ਹੋ ਗਈ ਹੈ ਅਤੇ ਸਮਰ ਪੈਲੇਸ ਤੱਕ ਜਾਣ ਵਾਲੇ ਰਸਤਿਆਂ 'ਤੇ ਗੰਦਗੀ ਅਤੇ ਕੂੜੇ ਦੇ ਢੇਰ ਲੱਗੇ ਹੋਏ ਹਨ ।

ਆਰਕੋਲੋਜੀਕਲ ਸਰਵੇ ਆਫ਼ ਇੰਡੀਆ ਅਤੇ ਨਗਰ ਨਿਗਮ ਅੰਮ੍ਰਿਤਸਰ ਵਿਚਾਲੇ 4 ਦਸੰਬਰ 2018 ਨੂੰ ਹੋਏ ਸਮਝੌਤੇ ਦੇ ਚੱਲਦਿਆਂ ਬਾਗ਼ ਵਿਚ ਮੌਜੂਦ ਸਮਰ ਪੈਲੇਸ, ਇਤਿਹਾਸਕ ਡਿਓੜੀਆਂ, ਬਾਰਾਂਦਰੀਆਂ, ਰਾਇਲ ਸਵੀਮਿੰਗ ਪੂਲ, ਸੁਰੱਖਿਆ ਬੁਰਜੀਆਂ ਆਦਿ ਪੁਰਾਣੇ ਢਾਂਚਿਆਂ ਤੋਂ ਇਲਾਵਾ ਪਿਛਲੇ ਲਗਭਗ 30-35 ਵਰਿਆਂ ਤੋਂ ਕਾਇਮ ਕੀਤੇ ਬਾਕੀ ਢਾਂਚਿਆਂ ਨੂੰ ਢਾਹਿਆ ਜਾਣਾ ਸੀ । ਉਕਤ ਸਮਝੌਤੇ ਦੇ ਲੰਬਾ ਸਮਾਂ ਬਾਅਦ ਵੀ ਇਤਿਹਾਸਕ ਬਾਗ਼ ਵਿਚੋਂ ਨਾ ਨਾਜਾਇਜ਼ ਕਬਜ਼ੇ ਅਤੇ ਨਾ ਹੀ ਅਜੇ ਤੱਕ ਕਲੱਬ ਹੀ ਹਟਾਏ ਗਏ ਹਨ।

## 9 ਦੇਸ਼ਾਂ ਕੋਲ ਨੇ ਖ਼ਤਰਨਾਕ ਪ੍ਰਮਾਣੂ ਹਥਿਆਰ

ਨਾਰਵੇਜੀਅਨ ਪ੍ਰਮਾਣੂ ਨਿਗਰਾਨੀ ਸੰਸਥਾ ਪ੍ਰਮਾਣੂ ਹਥਿਆਰ ਪਾਬੰਦੀ ਮਾਨੀਟਰ ਨੇ ਦੁਨੀਆ ਦੇ ਵਧਦੇ ਹੋਏ ਪ੍ਰਮਾਣੂ ਹਥਿਆਰਾਂ ਦੇ ਭੰਡਾਰ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਸੰਸਥਾ ਦਾ ਦਾਅਵਾ ਹੈ ਕਿ ਦੁਨੀਆ ਦੇ 9 ਪ੍ਰਮਾਣੂ ਹਥਿਆਰਬੰਦ ਦੇਸ਼ਾਂ ਕੋਲ 2022 ਦੀ ਸ਼ੁਰੂਆਤ ਵਿਚ 12,705 ਪ੍ਰਮਾਣੂ ਹਥਿਆਰਾਂ ਦਾ ਸੰਯੁਕਤ ਹਥਿਆਰਾਂ ਦਾ ਭੰਡਾਰ ਸੀ। ਇਨਾਂ ਵਿਚ 9440 ਹਥਿਆਰ ਲਗਭਗ 1 ਲੱਖ 38 ਹਜ਼ਾਰ ਹਿਰੋਸ਼ਿਮਾ ਬੰਬਾਂ ਦੇ ਬਰਾਬਰ ਹਨ ਜਿਨਾਂ ਨੂੰ ਮੌਜੂਦਾ ਸਮੇਂ ਵਿਚ ਹਥਿਆਰਬੰਦ ਦੇਸ਼ਾਂ ਵਲੋਂ ਮਿਜ਼ਾਈਲਾਂ, ਜਹਾਜ਼ਾਂ, ਪਣਡੁੱਬੀਆਂ ਅਤੇ ਜਹਾਜ਼ਾਂ ਰਾਹੀਂ ਵਰਤੋਂ ਕੀਤੀ ਜਾ ਸਕਦੀ



ਹੈ। ਇਸ ਤੋਂ ਇਲਾਵਾ ਅਨੁਮਾਨਿਤ 3,265 ਕੰਡਮ ਹੋਏ ਪੁਰਾਣੇ ਪ੍ਰਮਾਣੂ ਹਥਿਆਰ ਰੂਸ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਅਕਿਰਿਆਸ਼ੀਲ ਕੀਤੇ ਜਾਣ ਦੀ ਲਾਈਨ ਵਿਚ ਹਨ।

ਪ੍ਰਮਾਣੂ ਹਥਿਆਰ ਪਾਬੰਦੀ ਮਾਨੀਟਰ ਇਹ ਵੀ ਨਤੀਜਾ ਕੱਢਦਾ ਹੈ ਕਿ 202 ਵਿਚ ਪ੍ਰਮਾਣੂ ਹਥਿਆਰਾਂ ਦੀ ਟੀ. ਪੀ. ਐੱਨ. ਡਬਲਯੂ. ਨਾਲ ਜੁੜਾਅ ਵਧ ਰਿਹਾ ਸੀ, ਜੋ 2021 ਵਿਚ ਲਾਗੂ ਹੋਇਆ ਅਤੇ ਜਿਸਨੂੰ ਦੁਨੀਆ ਵਿਚ ਪ੍ਰਮਾਣੂ ਹਥਿਆਰਾਂ ਦੀ ਸਥਿਰਤਾ ਦੇ ਵਿਰੋਧ ਲਈ ਇਕ ਸਿਆਸੀ ਵਾਹਨ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਪ੍ਰਮਾਣੂ ਹਥਿਆਰ ਪਾਬੰਦੀ ਮਾਨੀਟਰ ਬਿਨਾਂ ਪ੍ਰਮਾਣੂ ਹਥਿਆਰਾਂ ਦੀ ਦੁਨੀਆ ਦੀ ਤਰੱਕੀ ਨੂੰ ਟਰੈਕ ਕਰਦਾ ਹੈ ਅਤੇ ਨਿਸ਼ਸਤਰੀਕਰਨ ਦੀਆਂ ਮੁੱਖ ਚੁਣੌਤੀਆਂ ਦਾ ਵਿਸ਼ਲੇਸ਼ਣ ਕਰਦਾ ਹੈ। ਮਾਨੀਟਰ ਇਸ ਗੱਲ ਦਾ ਵੀ ਮੁਲਾਂਕਣ ਕਰਦਾ ਹੈ ਕਿ ਸਾਰੇ ਦੇਸ਼ ਭਾਵੇਂ ਉਹ ਪ੍ਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ (ਟੀ. ਪੀ. ਐੱਨ. ਡਬਲਯੂ.) ਵਲੋਂ ਮਜਬੂਰ ਹੋਣ ਲਈ ਸਹਿਮਤ ਹੋਣ ਪਰ ਸਮਝੌਤੇ ਮੁਤਾਬਕ ਕਾਰਜ ਕਰਨਗੇ। ਇਹ ਪਾਇਆ ਗਿਆ ਕਿ ਕੁਲ 153 ਦੇਸ਼ਾਂ (ਲਗਭਗ 78 ਫੀਸਦੀ) ਦੇ 2021 ਵਿਚ ਆਚਰਣ ਸੰਧੀ ਨਾਲ ਪੂਰੀ ਤਰਾਂ ਤਰਕਸੰਗਤ ਸੀ।

ਸੰਧੀ ਵਿਚ ਕਿਹਾ ਗਿਆ ਹੈ ਕਿ ਇਹ ਦੇਸ਼ ਹਮੇਸ਼ਾ ਲਈ ਆਪਣੇ ਹਥਿਆਰਾਂ ਦੀ ਖੇਪ ਨਹੀਂ ਰੱਖ ਸਕਦੇ ਭਾਵ ਉਨਾਂ ਨੂੰ ਇਨਾਂ ਨੂੰ ਘੱਟ ਕਰਦੇ ਜਾਣਾ ਹੋਵੇਗਾ। ਨਾਲ ਹੀ ਇਨਾਂ ਦੇਸ਼ਾਂ ਤੋਂ ਇਲਾਵਾ ਜਿੰਨੇ ਵੀ ਦੇਸ਼ ਉਨਾਂ 'ਤੇ ਪ੍ਰਮਾਣੂ ਹਥਿਆਰਾਂ ਦੇ ਬਣਾਉਣ 'ਤੇ ਰੋਕ ਵੀ ਲਗਾ ਦਿੱਤੀ ਗਈ। ਇਸ ਸੰਧੀ ਤੋਂ ਬਾਅਦ ਅਮਰੀਕਾ, ਬ੍ਰਿਟੇਨ ਅਤੇ ਰੂਸ ਨੇ ਆਪਣੇ ਹਥਿਆਰਾਂ ਦੀ ਗਿਣਤੀ ਵਿਚ ਕਟੌਤੀ ਕੀਤੀ। ਪਰ ਦੱਸਿਆ ਜਾਂਦਾ ਹੈ ਕਿ ਫਰਾਂਸ ਅਤੇ ਇਸਰਾਈਲ ਦੇ ਹਥਿਆਰਾਂ ਦੀ ਗਿਣਤੀ ਲਗਭਗ ਜਿਵੇਂ ਦੀ ਤਿਵੇਂ ਰਹੀ। ਉਥੇ ਭਾਰਤ, ਪਾਕਿਸਤਾਨ, ਚੀਨ ਅਤੇ ਉੱਤਰ ਕੋਰੀਆ ਬਾਰੇ ਫੈਡਰੇਸ਼ਨ ਆਫ ਅਮਰੀਕਨ ਸਾਈਂਟਿਸਟ ਨੇ ਕਿਹਾ ਕਿ ਇਹ ਦੇਸ਼ ਆਪਣੇ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਵਧਾਉਂਦੇ ਜਾ ਰਹੇ ਹਨ।

ਸੰਯੁਕਤ ਰਾਜ ਅਮਰੀਕਾ ਦੀ ਉਪਯੋਗ ਕਰਨ ਯੋਗ ਪ੍ਰਮਾਣੂ ਹਥਿਆਰਾਂ ਦਾ ਭੰਡਾਰ 2019 ਵਿਚ ਥੋੜਾ ਵਧਿਆ ਹੈ, ਪਰ 2020 ਅਤੇ 2021 ਵਿਚ ਫਿਰ ਤੋਂ ਗਿਰਾਵਟ ਆਈ, ਜਦਕਿ ਫਰਾਂਸ ਅਤੇ ਇਸਰਾਈਲ ਦੇ ਭੰਡਾਰ ਸਥਿਰ ਰਹੇ। ਦੁਨੀਆ ਵਿਚ ਪ੍ਰਮਾਣੂ ਹਥਿਆਰਾਂ ਦੀ ਕੁਲ ਗਿਣਤੀ 2021 ਵਿਚ ਥੋੜੀ ਘੱਟ ਹੁੰਦੀ ਰਹੀ, ਅਮਰੀਕਾ ਅਤੇ ਰੂਸ ਹਰ ਸਾਲ ਆਪਣੇ ਕੰਡਮ ਹੋਏ ਪੁਰਾਣੇ ਪ੍ਰਮਾਣੂ ਹਥਿਆਰਾਂ ਦੀ ਇਕ ਛੋਟੀ ਗਿਣਤੀ ਨੂੰ ਨਸ਼ਟ ਕਰ ਦਿੰਦੇ ਹਨ। ਹਾਲਾਂਕਿ ਉਪਯੋਗ ਲਈ ਮੁਹੱਈਆ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਵਿਚ ਕੋਈ ਸਮਾਨਾਂਤਰ ਅਤੇ ਨਿਰੰਤਰ ਲਗਾਤਾਰ ਕਮੀ ਨਹੀਂ ਹੋਈ ਹੈ।

ਫੈਡਰੇਸ਼ਨ ਆਫ ਅਮਰੀਕਨ ਸਾਈਂਟਿਸਟ ਦੇ ਮੈਟ ਕੋਰਡਾ ਨੇ ਕਿਹਾ ਹੈ ਕਿ 2007 ਦੇ ਨੇੜੇ-ਤੇੜੇ ਗਲੋਬਲ ਵਰਤੋਂ ਯੋਗ ਭੰਡਾਰ ਵਿਚ ਕਮੀ ਦੀ ਰਫਤਾਰ ਮੱਠੀ ਹੋ ਗਈ। ਪ੍ਰਮਾਣੂ ਨਿਸ਼ਸਤਰੀਕਰਨ 'ਤੇ ਸਹਿਮਤੀ

ਅਸਲ ਵਿਚ ਗਲੋਬਲ ਤੌਰ 'ਤੇ ਪ੍ਰਯੋਗ ਕਰਨ ਯੋਗ ਭੰਡਾਰ ਵਿਚ ਪ੍ਰਮਾਣੂ ਹਥਿਆਰਾਂ ਦੀ ਗਿਣਤੀ 2017 ਵਿਚ ਆਪਣੇ ਸਭ ਤੋਂ ਹੇਠਲੇ ਬਿੰਦੂ ਦੇ ਬਾਅਦ ਫਿਰ ਤੋਂ ਵਧਣਾ ਸ਼ੁਰੂ ਹੋ ਗਈ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਕੋਲਡ-ਵਾਰ ਦੇ ਸਮੇਂ ਵਿਚ ਕੰਡਮ ਪ੍ਰਮਾਣੂ ਹਥਿਆਰਾਂ ਨੂੰ ਨਸ਼ਟ ਕਰਨਾ ਜਲਦੀ ਹੀ ਗਲੋਬਲ ਪ੍ਰਮਾਣੂ ਸੂਚੀ ਨੂੰ ਘੱਟ ਕਰਨ ਲਈ ਕਾਰਵਾਈ ਦਾ ਓਦੋਂ ਤੱਕ ਬਹੁਤ ਨਹੀਂ ਹੋਵੇਗਾ ਜਦੋਂ ਤੱਕ ਪ੍ਰਮਾਣੂ ਨਿਸ਼ਸਤਰੀਕਰਨ ਵਿਚ ਕੋਈ ਤਰੱਕੀ ਨਹੀਂ ਹੋਵੇਗੀ। ਨਾਰਵੇਜੀਅਨ ਪ੍ਰਮਾਣੂ ਨਿਗਰਾਨੀ ਸੰਸਥਾ ਦੀ ਮੰਨੀਏ ਤਾਂ ਪ੍ਰਮਾਣੂ-ਹਥਿਆਰਬੰਦ ਦੇਸ਼ਾਂ ਨੂੰ ਇਸ ਗੱਲ 'ਤੇ

## ਪੰਜਾਬ ਦੇ ਕਥਿਤ ਸੁਪਰ ਮੁੱਖ ਮੰਤਰੀ ਕੇਜਰੀਵਾਲ ਤੋਂ ਪੰਜਾਬੀਆਂ ਦੀ ਨਾਰਾਜ਼ਗੀ

ਪੰਜਾਬ ਵਿੱਚ ਆਪ ਪਾਰਟੀ ਦੀ ਸਰਕਾਰ ਦੇ ਹੋਂਦ ਵਿੱਚ ਆਉਂਦਿਆਂ ਹੀ ਜਿਵੇਂ ਤਾਨਾਸ਼ਾਹੀ ਵਾਲੇ ਵਤੀਰੇ ਨਾਲ ਗੈਰ ਪੰਜਾਬੀ ਰਾਜ ਸਭਾ ਮੈਂਬਰਾਂ ਦੀ ਚੋਣ ਕੀਤੀ ਗਈ ਉਸ ਤੇ ਕਈ ਸਵਾਲ ਉੱਠ ਖੜੇ ਹੋਏ ਸਨ। ਹਾਲੇ ਉਹ ਅਧਿਆਇ ਖਤਮ ਨਹੀ ਹੋਇਆ ਕਿ ਆਪ ਪਾਰਟੀ ਦੇ ਮੁਖੀ ਕੇਜਰੀਵਾਲ ਦਾ ਪੰਜਾਬ ਦੇ ਪਰਸ਼ਾਸ਼ਨ ਵਿੱਚ ਦਖਲ ਨਵੇਂ ਸਿਧਾਂਤਕ ਸਵਾਲ ਖੜੇ ਕਰਨ ਲੱਗ ਪਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅੱਜ ਕੱਲ ਪੰਜਾਬ ਦੀ ਅਫਸਰਸ਼ਾਹੀ ਨਾਲ ਪਰਸ਼ਾਸ਼ਨ ਚਲਾਉਣ ਬਾਰੇ ਮੀਟਿੰਗਾਂ ਕਰ ਰਹੇ ਹਨ।ਜਦਕਿ ਪੰਜਾਬ ਦੀ ਸਰਕਾਰ ਦਾ ਮੁਖੀ ਭਗਵੰਤ ਮਾਨ ਹੈ ਨਾ ਕਿ ਕੇਜਰੀਵਾਲ। ਪੰਜਾਬ ਦਾ ਪਰਸ਼ਾਸ਼ਨ ਕਿਵੇਂ ਚਲਾਉਣਾ ਹੈ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਚੁਣੇ ਹੋਏ ਵਿਧਾਇਕਾਂ ਨੇ ਕਰਨਾ ਹੈ ਨਾ ਕਿ ਦਿੱਲੀ ਦੇ ਮੁੱਖ ਮੰਤਰੀ ਨੇ। ਪਰ ਜਿਸ ਦਿਨ ਦੀ ਨਵੀਂ ਸਰਕਾਰ ਬਣੀ ਹੈ ਉਸ ਦਿਨ ਤੋਂ ਹੀ ਕੇਜਰੀਵਾਲ ਸੁਪਰ ਮੁੱਖ ਮੰਤਰੀ ਦੇ ਤੌਰ 'ਤੇ ਕੰਮ ਕਰਦੇ ਨਜ਼ਰ ਆ ਰਹੇ ਹਨ। ਉਹ ਬਕਾਇਦਾ ਪੰਜਾਬ ਦੀ ਅਫਸਰਸ਼ਾਹੀ ਨਾਲ ਰਸਮੀ ਅਤੇ ਗੈਰ-ਰਸਮੀ ਮੀਟਿੰਗਾਂ ਕਰਦੇ ਹਨ ਅਤੇ ਉਨਾਂ ਨੂੰ ਕੰਮ-ਕਾਜ ਸਬੰਧੀ ਹਦਾਇਤਾਂ ਦੇ ਰਹੇ ਹਨ।

ਦੇਸ਼ ਦੇ ਸੰਘੀ ਢਾਂਚੇ ਦੇ ਕਨੂੰਨੀ ਪਹਿਲੂਆਂ ਅਨੁਸਾਰ ਦਿੱਲੀ ਦੇ ਮੁੱਖ ਮੰਤਰੀ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਪੰਜਾਬ ਸਰਕਾਰ ਦੇ ਪ੍ਰਸ਼ਾਸ਼ਕੀ ਕੰਮਾਂ ਵਿੱਚ ਦਖਲ ਦੇਵੇ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਰਾਜਸੀ ਜਿੰਮੇਵਾਰੀ ਪਛਾਣ ਕੇ ਕੇਜਰੀਵਾਲ ਨੂੰ ਵਰਜ ਦੇਣਾ ਚਾਹੀਦਾ ਹੈ।

ਪੰਜਾਬ ਦੇ ਪ੍ਰਸ਼ਾਸ਼ਨ ਵਿੱਚ ਦੂਜੀ ਦਖਲਅੰਦਾਜ਼ੀ ਪੰਜਾਬ ਦੇ ਰਾਜਪਾਲ ਵੱਲੋਂ ਹੋ ਰਹੀ ਹੈ। ਰਾਜਪਾਲ ਆਪਣੇ ਤੌਰ 'ਤੇ ਸਰਹੱਦੀ ਖੇਤਰ ਦਾ ਦੌਰਾ ਕਰ ਰਹੇ ਹਨ ਅਤੇ ਅਫਸਰਾਂ ਨਾਲ ਮੁਲਾਕਾਤਾਂ ਕਰਕੇ ਜਾਣਕਾਰੀ ਲੈ ਰਹੇ ਹਨ ਅਤੇ ਕੁਝ ਹਦਾਇਤਾਂ ਵੀ ਕਰ ਰਹੇ ਹਨ। ਸੂਬਿਆਂ ਦੇ ਰਾਜਪਾਲਾਂ ਵੱਲੋਂ ਰਾਜ ਸਰਕਾਰਾਂ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਦੀਆਂ ਖਬਰਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਇਹ ਰਾਜਪਾਲਾਂ ਲਈ ਠੀਕ ਕਦਮ ਨਹੀਂ ਹਨ।



ਭਾਰਤੀ ਸੰਵਿਧਾਨ ਬੇਸ਼ੱਕ ਇਹ ਆਖਦਾ ਹੈ ਕਿ ਦੇਸ਼ ਦਾ ਮੁਖੀ, ਰਾਸ਼ਟਰਪਤੀ ਹੈ ਪਰ ਉਹ ਸੰਕੇਤਕ ਮੁਖੀ ਹੈ। ਅਸਲ ਤਾਕਤ ਪ੍ਰਧਾਨ ਮੰਤਰੀ ਅਤੇ ਉਨਾਂ ਦੇ ਮੰਤਰੀ ਮੰਡਲ ਕੋਲ ਹੈ। ਰਾਸ਼ਟਰਪਤੀ ਆਪਣੇ ਤੌਰ ਤੇ ਕੋਈ ਫੈਸਲੇ ਨਹੀਂ ਲੈ ਸਕਦੇ। ਉਨਾਂ ਨੇ ਆਪਣੀਆਂ ਸਾਰੀਆਂ ਕਾਰਵਾਈਆਂ ਜਾਂ ਸਰਗਰਮੀਆਂ ਵਿਧਾਨਪਾਲਿਕਾ ਰਾਹੀਂ ਨਿਭਾਉਣੀਆਂ ਹੁੰਦੀਆਂ ਹਨ। ਉਹ ਪ੍ਰਧਾਨ ਮੰਤਰੀ ਜਾਂ ਮੰਤਰੀ ਮੰਡਲ ਨੂੰ ਸਲਾਹ ਜਾਂ ਹਦਾਇਤ ਦੇ ਸਕਦੇ ਹਨ ਆਪਣੇ ਤੌਰ 'ਤੇ ਕੋਈ ਸਿੱਧਾ ਫੈਸਲਾ ਨਹੀਂ ਕਰ ਸਕਦੇ, ਬਿਲਕੁਲ ਇਸੇ ਤਰਾਂ ਰਾਜਾਂ ਦੇ ਰਾਜਪਾਲ ਆਪਣੀਆਂ ਸ਼ਕਤੀਆਂ ਦੀ ਵਰਤੋਂ ਰਾਜ ਦੇ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਰਾਹੀਂ ਵਰਤਦੇ ਹਨ। ਉਹ ਮੁੱਖ ਮੰਤਰੀ ਅਤੇ ਮੰਤਰੀ ਮੰਡਲ ਨੂੰ ਉਲੰਘ ਕੇ ਕੋਈ ਸਰਗਰਮੀ ਜਾਂ ਕਾਰਵਾਈ ਨਹੀਂ ਕਰ ਸਕਦੇ।

# ਲਖੀਮਪੁਰ ਖੀਰੀ ਕਾਂਡ ਦੇ ਮਾਮਲੇ ਵਿਚ ਆਸ਼ੀਸ਼ ਮਿਸ਼ਰਾ ਵੱਲੋਂ ਆਤਮ ਸਮਰਪਣ



**ਲਖੀਮਪੁਰ/ਏ.ਟੀ. ਨਿਊਜ਼ :-** ਲਖੀਮਪੁਰ ਖੀਰੀ ਹਿੰਸਾ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਅਰਜ਼ੀ ਰੱਦ ਕੀਤੇ ਜਾਣ ਤੋਂ ਕੁਝ ਦਿਨ ਬਾਅਦ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੇ ਸਥਾਨਕ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਹੈ। ਆਸ਼ੀਸ਼ ਦੇ ਵਕੀਲ ਅਵਦੇਸ਼ ਸਿੰਘ ਨੇ ਦੱਸਿਆ, 'ਆਸ਼ੀਸ਼ ਨੇ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਹੈ। ਸਾਨੂੰ ਇੱਕ ਹਫ਼ਤੇ ਦਾ ਸਮਾਂ ਦਿੱਤਾ ਗਿਆ ਸੀ ਤੇ ਸੋਮਵਾਰ ਨੂੰ ਮੋਹਲਤ ਦਾ ਆਖ਼ਰੀ ਦਿਨ ਸੀ। ਇਸ ਲਈ ਉਸ ਨੇ ਇੱਕ ਦਿਨ ਪਹਿਲਾਂ ਆਤਮ ਸਮਰਪਣ ਕੀਤਾ ਹੈ।' ਜੇਲ ਸੁਪਰਡੈਂਟ ਪੀਪੀ ਸਿੰਘ ਨੇ ਦੱਸਿਆ ਕਿ ਆਸ਼ੀਸ਼ ਨੂੰ ਸੁਰੱਖਿਆ ਕਾਰਨਾਂ ਕਰ ਕੇ ਜੇਲ ਦੀ ਵੱਖਰੀ ਬੈਰਕ ਵਿੱਚ ਰੱਖਿਆ ਜਾਵੇਗਾ। ਸੁਪਰੀਮ ਕੋਰਟ ਨੇ ਬੀਤੀ 18 ਅਪ੍ਰੈਲ ਨੂੰ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਉਸ ਨੂੰ ਇੱਕ ਹਫ਼ਤੇ ਅੰਦਰ ਆਤਮ ਸਮਰਪਣ ਕਰਨ ਲਈ ਕਿਹਾ ਸੀ। ਲਖੀਮਪੁਰ ਖੀਰੀ ਵਿੱਚ ਪਿਛਲੇ ਸਾਲ ਤਿੰਨ ਅਕਤੂਬਰ ਨੂੰ ਹੋਈ ਹਿੰਸਾ ਵਿੱਚ ਚਾਰ ਕਿਸਾਨਾਂ ਸਮੇਤ ਅੱਠ ਜਣਿਆਂ ਦੀ ਮੌਤ ਹੋ ਗਈ ਸੀ। ਇਹ ਘਟਨਾ ਉਸ ਸਮੇਂ ਵਾਪਰੀ ਸੀ, ਜਦੋਂ ਕਿਸਾਨ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਇਸ ਖੇਤਰ ਵਿੱਚ ਹੋਣ ਵਾਲੇ ਦੌਰੇ ਦਾ ਵਿਰੋਧ ਕਰ ਰਹੇ ਸਨ। ਮ੍ਰਿਤਕਾਂ ਵਿੱਚ ਇੱਕ ਪੱਤਰਕਾਰ ਵੀ ਸ਼ਾਮਲ ਸੀ। ਇਨਾਂ ਨੂੰ ਭਾਜਪਾ ਕਾਰਕੁੰਨਾਂ ਨੂੰ ਲਿਜਾ ਰਹੀ ਕਾਰ ਨੇ ਦਰੜ ਦਿੱਤਾ ਸੀ। ਦਰਜ ਐੱਫਆਈਆਰ ਮੁਤਾਬਕ ਘਟਨਾ ਸਮੇਂ ਆਸ਼ੀਸ਼ ਮਿਸ਼ਰਾ ਵੀ ਕਾਰ ਵਿੱਚ ਮੌਜੂਦ ਸੀ। ਪੁਲਿਸ ਨੇ ਬਾਅਦ ਵਿੱਚ ਆਸ਼ੀਸ਼ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਬੱਬਰ ਖ਼ਾਲਸਾ ਦਾ ਚਰਨਜੀਤ ਪਟਿਆਲਵੀ ਗ੍ਰਿਫ਼ਤਾਰ

**ਚੰਡੀਗੜ੍ਹ :** ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ ਨੇ ਬੀਤੇ ਦਿਨੀਂ 'ਮੋਸਟ ਵਾਂਟੇਡ' ਖਾੜਕੂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਸਰਗਰਮ ਮੈਂਬਰ ਚਰਨਜੀਤ ਸਿੰਘ ਪਟਿਆਲਵੀ ਨੂੰ ਗ੍ਰਿਫ਼ਤਾਰ ਕੀਤਾ ਹੈ। ਚਰਨਜੀਤ ਪਟਿਆਲਵੀ 12 ਸਾਲਾਂ ਤੋਂ ਵੱਖ-ਵੱਖ ਪਛਾਣ ਅਤੇ ਛੁਪਣਗਾਹਾਂ ਨਾਲ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ। ਡੀਆਈਜੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪਟਿਆਲਾ ਦੇ ਪਿੰਡ ਬੂਟਾ ਸਿੰਘ ਵਾਲਾ ਦੇ ਵਸਨੀਕ ਚਰਨਜੀਤ ਪਟਿਆਲਵੀ ਨੂੰ ਥਾਣਾ ਮਾਛੀਵਾੜਾ ਵਿਚ 23 ਅਗਸਤ-2010 ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਉਨਾਂ ਦੱਸਿਆ ਕਿ ਏਆਈਜੀ ਏ.ਜੀ.ਟੀ.ਐਫ. ਗੁਰਮੀਤ ਸਿੰਘ ਚੌਹਾਨ ਅਤੇ ਡੀਐੱਸਪੀ



ਏਜੀਟੀਐਫ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਏਜੀਟੀਐਫ ਦੀਆਂ ਟੀਮਾਂ ਨੇ ਪਟਿਆਲਵੀ ਨੂੰ ਡੇਰਾਬੱਸੀ ਦੇ ਪਿੰਡ ਲਾਲੀ ਦੇ ਗੁਰਦੁਆਰਾ ਸਾਹਿਬ ਨੇੜਿਓਂ ਗ੍ਰਿਫਤਾਰ ਕੀਤਾ। ਭੁੱਲਰ ਨੇ ਦੱਸਿਆ ਕਿ ਪਟਿਆਲਵੀ ਗ੍ਰੰਥੀ ਦਾ ਭੇਸ ਬਣਾ ਕੇ ਪੱਛਮੀ ਬੰਗਾਲ ਦੇ ਖੜਗਪੁਰ ਸਥਿਤ ਗੁਰਦੁਆਰੇ ਵਿੱਚ ਰਹਿ ਰਿਹਾ ਸੀ ਅਤੇ ਕਿਸੇ ਵੀ ਸੰਚਾਰ ਸਾਧਨ ਦੀ ਵਰਤੋਂ ਨਹੀਂ ਸੀ ਕਰ ਰਿਹਾ। ਉਸ ਕੋਲੋਂ ਬੰਗਾਲ ਦੇ ਪਤੇ ਵਾਲੇ ਵੱਖ-ਵੱਖ ਪਛਾਣ ਪੱਤਰ ਬਰਾਮਦ ਕੀਤੇ ਗਏ ਹਨ। ਪੁਲਿਸ ਅਨੁਸਾਰ ਚਰਨਜੀਤ ਸਿੰਘ ਪਟਿਆਲਵੀ 2007 ਵਿੱਚ ਲੁਧਿਆਣਾ ਦੇ ਸ਼ਿੰਗਾਰ ਸਿਨੇਮਾ ਬੰਬ ਧਮਾਕਿਆਂ ਅਤੇ 2010 ਵਿੱਚ ਕਾਲੀ ਮਾਤਾ ਮੰਦਰ, ਪਟਿਆਲਾ ਅਤੇ ਅੰਬਾਲਾ ਵਿਖੇ ਹੋਏ ਬੰਬ ਧਮਾਕਿਆਂ ਦੀ ਸਾਜ਼ਿਸ਼ ਵਿਚ ਸ਼ਾਮਲ ਸੀ।

# ਪੰਜਾਬ ਸਰਕਾਰ ਕੇਜਰੀਵਾਲ ਦਾ ਦਿੱਲੀ ਮਾਡਲ ਅਪਣਾਵੇਗੀ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸੂਬੇ ਵਿੱਚ ਸਿੱਖਿਆ ਅਤੇ ਸਿਹਤ ਵਿਚ 'ਦਿੱਲੀ ਮਾਡਲ' ਅਪਣਾਉਣ ਲਈ ਤਿਆਰ ਹੈ ਜਿੱਥੇ ਕਮਜ਼ੋਰ ਆਰਥਿਕ ਪਿਛੋਕੜ ਵਾਲੇ ਸਾਰੇ ਵਿਦਿਆਰਥੀਆਂ ਨੂੰ ਵੀ ਮਿਆਰੀ ਸਿੱਖਿਆ ਹਾਸਲ ਕਰਨ ਦਾ ਬਰਾਬਰ ਦਾ ਅਧਿਕਾਰ ਹੋਵੇਗਾ। ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਇਥੋਂ ਦੇ ਵਿਦਿਅਕ ਅਦਾਰਿਆਂ ਅਤੇ ਸਿਹਤ ਸੰਸਥਾਵਾਂ ਦਾ ਦੌਰਾ ਕਰਕੇ 'ਦਿੱਲੀ ਮਾਡਲ' ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਨਾਂ ਨਾਲ ਪੰਜਾਬ ਦੇ ਸਿੱਖਿਆ ਮੰਤਰੀ ਮੀਤ ਹੇਅਰ, ਸਿਹਤ ਮੰਤਰੀ ਡਾਕਟਰ ਵਿਜੈ ਸਿੰਗਲਾ ਅਤੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਪੰਜਾਬ ਤੋਂ ਰਾਜ ਸਭਾ ਲਈ ਚੁਣੇ ਗਏ ਆਗੂ ਰਾਘਵ ਚੱਢਾ ਵੀ ਮੌਜੂਦ ਸਨ। ਦਿੱਲੀ ਦੇ ਸਿੱਖਿਆ ਮਾਡਲ ਦੀ ਸ਼ਲਾਘਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਹ ਅਗਲੇ ਪੱਧਰ ਦੀ ਸਿੱਖਿਆ ਹੈ ਜਿਸ ਬਾਰੇ ਵੱਡੇ ਸਕੂਲ ਸੋਚ ਵੀ ਨਹੀਂ ਸਕਦੇ, ਉਹ ਸਰਕਾਰੀ ਸਕੂਲਾਂ ਨੇ ਲਾਗੂ ਕਰ ਦਿੱਤੀ ਹੈ। ਉਨਾਂ ਕਿਹਾ, 'ਦਿੱਲੀ ਦੇ ਸਕੂਲਾਂ 'ਚ ਡਿਜੀਟਲ ਸਿੱਖਿਆ ਹੋ ਰਹੀ ਹੈ। ਵੱਡੀਆਂ ਕੰਪਨੀਆਂ ਨਾਲ ਸਹਿਯੋਗ ਕੀਤਾ ਗਿਆ ਹੈ। ਮੈਂ ਅਮਰੀਕਾ ਅਤੇ ਕੈਨੇਡਾ ਵਿੱਚ ਅਜਿਹੇ ਸਕੂਲ ਦੇਖੇ ਹਨ ਪਰ ਭਾਰਤ ਵਿੱਚ ਇਥੇ ਪਹਿਲੀ ਵਾਰ ਦੇਖ ਰਿਹਾ ਹਾਂ।' ਭਗਵੰਤ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਤਾਲੀਮ ਦੇਣ ਵਾਲੇ ਆਧੁਨਿਕ ਤਕਨੀਕਾਂ ਨਾਲ ਲੈਸ ਇਹ ਯੰਤਰ ਪੰਜਾਬ ਦੇ ਸਕੂਲਾਂ ਵਿਚ ਵੀ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਵਿਦਿਆਰਥੀਆਂ ਨੂੰ ਡਿਜੀਟਲ ਢੰਗ ਰਾਹੀਂ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

# ਚਿੱਟਾ ਵੇਚਣ ਵਾਲਿਆਂ ਦੀ ਲੋਕਾਂ ਨੇ ਕੀਤੀ ਖੜਕ ਮੱਸਿਆ

**ਮੋਗਾ/ਏ.ਟੀ.ਨਿਊਜ਼ :-** ਸ਼ਹਿਰ ਦੇ ਖ਼ੂਨੀ ਮਸੀਤ ਇਲਾਕੇ ਵਿਚ ਸ਼ਰੇਆਮ ਚਿੱਟਾ ਵੇਚਣ ਅਤੇ ਖਰੀਦਣ ਵਾਲਿਆਂ ਦੀ ਇਲਾਕਾ ਵਾਸੀਆਂ ਵੱਲੋਂ ਕੁੱਟਮਾਰ ਕੀਤੀ ਗਈ ਹੈ। ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਸਥਾਨਕ ਲੋਕਾਂ ਨੇ ਰਾਤ ਦੌਰਾਨ ਪੁਲਿਸ ਨੂੰ ਸੂਚਨਾ ਦਿੱਤੀ। ਲੋਕਾਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਵੀ ਪੁਲਿਸ ਅਗਲੀ ਸ਼ਾਮ 5 ਵਜੇ ਮੌਕੇ 'ਤੇ ਪੁੱਜੀ। ਪੁਲਿਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸਰੂਪ ਛਾਪਣ ਸਬੰਧੀ ਥਮਿੰਦਰ ਸਿੰਘ ਆਨੰਦ ਨੇ ਰੱਖਿਆ ਆਪਣਾ ਪੱਖ

## ਸਾਰਾ ਦੋਸ਼ ਮਰਹੂਮ ਜਥੇਦਾਰ ਵੇਦਾਂਤੀ ਦੇ ਸਿਰ ਮੜ੍ਹਿਆ

ਚੰਡੀਗੜ੍ਹ: ਅਮਰੀਕਾ ਨਿਵਾਸੀ ਥਮਿੰਦਰ ਸਿੰਘ ਅਨੰਦ ਜਿਸ ਵਲੋ ਵਾਧੂ ਲਗਾ ਮਾਤਰਾ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਪਵਾਏ ਗਏ ਸਨ ਨੇ ਆਪਣਾ ਸ਼ਪਸ਼ਟੀਕਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜ ਦਿੱਤਾ ਹੈ ।ਆਪਣੇ ਸ਼ਪਸ਼ਟੀਕਰਨ ਵਿਚ ਉਸ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਪ੍ਰੇਰਿਤ ਕੀਤਾ ਸੀ।

ਥਮਿੰਦਰ ਸਿੰਘ ਸ਼ਪਸ਼ਟੀਕਰਨ ਤੋਂ ਪਹਿਲਾਂ ਇਕ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ , ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਗਿਆਨੀ ਜਗਤਾਰ ਦੇ ਅਕਾਲ ਚਲਾਣੇ ਤੋਂ ਬਾਅਦ ਸਿੰਘ ਜਾਚਕ ਨੂੰ ਵੀ ਭੇਜਿਆ ਸੀ ।ਇਨ੍ਹਾਂ ਦੋਨਾਂ ਪੱਤਰਾਂ ਵਿਚ ਵਰਤੀ ਗਈ ਸ਼ਬਦਾਵਲੀ, ਤਰੀਕਾਂ , ਮਿਸਾਲਾਂ ਤੇ ਵਰਤੇ ਗਏ ਹਵਾਲੇ ਲਗਪਗ ਇੱਕੋ ਜਿਹੇ ਹਨ ।ਆਪਣੇ ਅਮਰੀਕਾ ਦੇ ਅੰਤਲੇ ਦੌਰੇ ਮੌਕੇ ਜਿਆਦਾਤਰ ਹਵਾਲੇ ਲਗਭਗ ਇਕ ' ਤੇ ਸੰਭਾਵੀ ਬੀੜ ਦੇ ਆਪਣੇ ਲਿਖਤੀ ਜਿਹੇ ਹੀ ਹਨ । ਥਮਿੰਦਰ ਸਿੰਘ ਨੇ ਜਥੇਦਾਰ ਨੂੰ ਭੇਜੇ ਪੱਤਰ ਵਿਚ ਜਥੇਦਾਰ ਵੇਦਾਂਤੀ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਸ ਨੂੰ ਜਥੇਦਾਰ ਵੇਦਾਂਤੀ ਨੇ ਉਨ੍ਹਾਂ ਨੂੰ ਰਜਿਸਟਰ , ਡਿਸਕ ਤੇ ਪੈਨ ਡਰਾਇਵ ਆਪ ਦਿੱਤੀ ਸੀ,ਤੇ ਕਿਹਾ ਸੀ ਕਿ ਇਹ ਕਾਰਜ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਕਰਨਾ।ਥਮਿੰਦਰ ਸਿੰਘ ਨੇ ਅੱਗੇ ਕਿਹਾ ਕਿ, ਜਥੇਦਾਰ ਵੇਦਾਂਤੀ ਨੇ ਆਪਣੇ ਅਮੈਰਿਕਾ ਦੇ ਅੰਤਲੇ ਦੌਰੇ ਮੌਕੇ ਤੇ ਸੰਭਾਵੀ ਬੀੜ ਦੇ ਆਪਣੇ ਲਿਖਤੀ ਖਰੜੇ ਦੀ ਕਾਪੀ,ਵਿਸੇ ਪੈਨ ਡਰਾਇਵ ਸਮੇਤ ਸਾਰੇ ਖੋਜ਼ ਕਾਰਜ ਦੇ ਕੰਪਿਊਟਰ ਦੀ ਡਿਸਕ ਸੋਪੀ ਸੀ ਜਿਸ ਵਿਚ ਉਨਾਂ ਵਲੋਂ ਵਾਚੀਆਂ 448 ਤੋ ਵਧ ਹੱਥ ਲਿਖਤ ਬੀੜਾ ਦੀਆਂ ਵੀਡੀਓ ਕਾਪੀਆਂ ਹਨ । ਜਿੰਨ੍ਹਾਂ ਵਿਚ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ , ਭਾਈ ਬਿੱਧੀਚੰਦ ਵਾਲੀ ਸੁਰਸਿੰਘ ਵਾਲੀ ਬੀੜ ਜੋ ਬਿਲਾਵਲ ਰਾਗ ਤਕ ਹੈ , ਬਾਬਾ ਦੀਪ ਸਿੰਘ ਦੇ ਨਾਮ ਨਾਲ ਜੋੜੀ ਜਾਂਦੀ ਅਕਾਲ ਤਖ਼ਤ ਸਾਹਿਬ ਵਾਲੀ ਸੁਨਹਿਰੀ ਬੀੜ , ਭਾਈ ਮਨੀ ਸਿੰਘ ਦੇ ਨਾਮ ਨਾਲ ਜੋੜੀ ਜਾਂਦੀ ਦਿੱਲੀ ਵਾਲੀ ਬੀੜ ਦਾ ਨਾਮ ਵਿਸ਼ੇ ਮਹੱਤਵ ਰਖਦਾ ਹੈ । ਥਮਿੰਦਰ ਸਿੰਘ ਨੇ ਲਿਖਿਆ ਕਿ ਜਥੇਦਾਰ ਵੇਦਾਂਤੀ ਅਕਸਰ ਉਸ ਨਾਲ ਮਨ ਦੀ ਵੇਦਨਾਂ ਸਾਂਝੀ ਕਰਦਿਆਂ ਕਿਹਾ ਕਰਦੇ ਸਨ ਕਿ ਸ਼ਰਧਾਲੂ , ਕਾਤਿਬ ਲਿਖਾਰੀਆਂ ਤੇ ਛਾਪਖਾਨੇ ਦੀਆਂ ਉਕਾਈਆਂ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਚ 5000 ( ਪੰਜ ਹਜਾਰ ) ਤੋ ਵਧ ਲਫਜੀ ਲਗ ਮਾਤਰੀ ਪਾਠ ਭੇਦ ਹੋ ਚੁੱਕੇ ਹਨ । ਉਸ ਨੇ ਕਿਹਾ ਕਿ ਇਸੇ ਤਰਾਂ ਨਾਲ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਸ੍ਰੀ ਕਰਤਾਰਪੁਰੀ ਬੀੜ ਤੇ ਦਮਦਮੀ ਬੀੜ ਵਿਚ 1960 ਵਿਚ 1500 ਤੋ ਵਧ ਪਾਠ ਭੇਦ ਪ੍ਰਗਟਾਏ ਸਨ । ਥਮਿੰਦਰ ਸਿੰਘ ਨੇ ਅਗੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਰਾਹੀ— ਜਦ ਸੰਪਾਦਨਾ ਦਾ ਕਾਰਜ ਆਰੰਭਿਆ ਤਾ ਉਨਾਂ ਵਲੋਂ ਵੀ ਵਿਵਸਥਾ ਦੇ ਅਧੀਨ ਇਹ ਸਾਰਾ ਕਾਰਜ ਸਪੰਨ ਕੀਤਾ ਗਿਆ ਸੀ । ਵਿਜ ਵਿਚ ਇਕ ਤਰਤੀਬਕ ਸੰਪਾਦਨ ਵਿਧੀ , ਵਿਸ਼ੇਸ਼ ਲਿਖਣ ਸ਼ੈਲੀ , ਵਿਸੇ ਤਰਾਂ ਦੀ ਸਿਰਲੇਖ ਵਿਧੀ , ਵਿਸੇ ਗੁਰਬਾਣੀ ਵਿਆਕਰਣ , ਜੁਮਲਾ ਤਰਤੀਬ , ਮੰਗਲਾਚਰਣ ਤਰਤੀਬ , ਲਿਖਤ ਵਿਚ ਸੋਧ ਕਰਨਾ ( ਭਾਵ ਪਰੂਫ ਰੀਡਿੰਗ ਸ਼ੁਧ , ਸ਼ੁਧ ਕੀਚੈ ) ਅਤੇ ਲਿਪੀਅੰਤਰਣ ( ਭਗਤ ਬਾਣੀਆਂ ਦੀ ) ਆਦਿ ਨੂੰ ਵਿਸ਼ਿਆਂ ਨੂੰ ਧਿਆਨ ਵਿਚ ਰਖਿਆ ਗਿਆ । ਥਮਿੰਦਰ ਸਿੰਘ ਨੇ ਸਵਾਲ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਇਨਾਂ ਨੂੰ ਧਿਆਨ ਵਿਚ ਰਖ ਕੇ ਬੀੜ ਦੀ ਛਪਾਈ ਦਾ ਪ੍ਰੰਬਧ ਕੀਤਾ ? ਉਸ ਨੇ ਸ਼੍ਰੋਮਣੀ ਕਮੇਟੀ ਨੂੰ ਕਟਿਹਰੇ ਵਿਚ ਖੜਾ ਕਰਦਿਆਂ ਕਿਹਾ ਕਿ ਪੰਥ ਵਿਚ ਪਈ ਦੁਬਿਧਾ ਲਈ ਜਿੰਮੇਵਾਰ ਕੋਣ ਹੈ ? ਥਮਿੰਦਰ ਸਿੰਘ ਨੇ ਕਿਹਾ ਕਿ 1952 ਵਿਚ ਸ਼੍ਰੋਮਣੀ ਕਮੇਟੀ ਨੇ ਸਾਰੇ ਮੰਗਲਾਚਰਣ ਇਕ ਤਰਤੀਬ ਵਿਚ ਉਪਰ ਛਾਪ ਕੇ ਪਾਵਨ ਬੀੜ ਦੀ ਪ੍ਰਕਾਸ਼ਨਾ ਕੀਤੀ ਸੀ ਲੱਖਾਂ ਰੁਪਏ ਖਰਚ ਕੇ ਬਲਾਕ ਬਨਵਾਏ ਗਏ ਸਨ । ਫਿਰ ਆਪ ਹੀ ਸਿਆਸੀ ਪ੍ਰਭਾਵ ਹੇਠ ਮੰਗਲ ਬਦਲ ਦਿੱਤੇ ਗਏ ਸਨ । ਥਮਿੰਦਰ ਸਿੰਘ ਨੇ ਜਥੇਦਾਰ ਨੂੰ ਸੰਬੋਧਨ ਹੁੰਦੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛਾਪਣ ਦੇ ਅਧਿਕਾਰ ਸਿਰਫ ਸ਼੍ਰੋਮਣੀ ਕਮੇਟੀ ਦੇ ਪਾਸ ਹਨ । 70-80 ਸਾਲ ਵਿਚ ਵਿਦੇਸ਼ਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਨਿਰਣਾਇਕ ਫੈਸਲਾ ਸ਼੍ਰੋਮਣੀ ਕਮੇਟੀ ਨੇ ਲਿਆ ? ਥਮਿੰਦਰ ਸਿੰਘ ਨੇ ਕਿਹਾ ਕਿ ਦੁਨੀਆਂ ਭਰ ਦੇ ਵਖ ਵਖ ਭਾਸ਼ਾਵਾਂ ਬੋਲਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਪਿਆਰ ਕਰਦੇ ਹਨ । ਕੀ ਸ਼੍ਰੋਮਣੀ ਕਮੇਟੀ ਨੇ ਦੁਨੀਆਂ ਦੀਆਂ ਭਾਸ਼ਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਵਲ ਧਿਆਨ ਦਿੱਤਾ ।

ਇਸ ਸਪਸ਼ਟੀਕਰਨ ਨੂੰ ਪੜ੍ਹ ਕੇ ਇੰਜ ਮਹਿਸੂਸ ਹੋਇਆ ਕਿ ਜਿਵੇਂ ਥਮੰਦਿਰ ਸਿੰਘ ਆਨੰਦ ਨੇ ਆਪਣਾ ਸਾਰਾ ਕਸੂਰ ਮਰਹੂਮ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਸਿਰ ਮੜ੍ਹ ਕੇ ਖ਼ੁਦ ਸੁਰਖ਼ਰੂ ਹੋਣਾ ਚਾਹੁੰਦਾ ਹੈ । ਇਥੇ ਇਹ ਵੀ ਦੱਸਣਯੋਗ ਹੈ ਕਿ ਇਕ ਪੱਤਰ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਾਮ ਤੇ ਪਹਿਲਾਂ ਹੀ ਆ ਚੁੱਕਾ ਹੈ ਜਿਸ ਵਿਚ ਕਾਫੀ ਕੁਝ ਥਮਿੰਦਰ ਸਿੰਘ ਦੇ ਸ਼ਪਸ਼ਟੀਕਰਨ ਦੇ ਨਾਲ ਮਿਲਦਾ ਹੈ । ਥਮਿੰਦਰ ਸਿੰਘ ਦੇ ਇਸ ਸਪੱਸ਼ਟੀਕਰਨ ਨੇ ਪੰਥ ਵਿੱਚ ਇੱਕ ਹੋਰ ਅਣਸੁਲਝੇ ਮਸਲੇ ਨੂੰ ਉਜਾਗਰ ਕਰਕੇ ਰੱਖ ਦਿੱਤਾ ਹੈ ਕਿਉਂਕਿ ਕਸੂਰਵਾਰ ਉਸ ਇਨਸਾਨ ਨੂੰ ਠਹਿਰਾਇਆ ਗਿਆ ਹੈ ਜੋ ਇਸ ਦੁਨੀਆਂ ਵਿੱਚ ਹੀ ਨਹੀਂ ਹੈ ।


ਸਿੱਖ ਬੁੱਕ ਕਲੱਬ.ਕਾਮ

SikhBookClub.Com
3811 Schaefer Ave, #B
Chino, Ca 91710
+1 909456-5551
Walnut@gmail.com

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ,
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

ਵਿਸ਼ਾ: ਸਿੱਖ ਬੁੱਕ ਕਲੱਬ, ਅਮਰੀਕਾ ਵੱਲੋਂ ਪਾਵਨ ਬੀੜ ਦੇ ਮੂਲ ਅਤੇ ਸੰਭਾਵੀ ਸਰੂਪ ਨੂੰ ਪ੍ਰਕਾਸ਼ਿਤ ਕਰਨ ਪ੍ਰਤੀ ਸਪਸ਼ਟੀਕਰਨ

ਅੱਜ ਡਾਕ ਰਾਹੀਂ ਆਪ ਜੀ ਦੇ ਨਿੱਜੀ ਸਹਾਇਕ ਭਾਈ ਜਸਪਾਲ ਸਿੰਘ ਦੁਆਰਾ ਮਿਤੀ ੩੦-੦੩-੨੦੨੨, ਨੰਬਰ ਅ:/੨੨/੩੩੯ ਲਿਖਿਆ ਪੱਤਰ ਪ੍ਰਾਪਤ ਹੋਇਆ ਹੈ। ਉਸ ਦੇ ਉੱਤਰ ਵਿੱਚ ਸਪਸ਼ਟੀਕਰਣ ਅਤੇ ਕੁੱਝ ਸ਼ੰਕੇ ਹੇਠ ਲਿਖੇ ਅਨੁਸਾਰ ਹਨ ਜੀ:

੧. ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅਤਿ ਸਤਿਕਾਰ ਯੋਗ ਅਤੇ ਵਿਦਵਾਨ ਪੁਰਸ਼, ਮਰਹੂਮ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਜਦੋਂ ਵੀ ਕੈਲੀਫੋਰਨੀਆ (ਅਮਰੀਕਾ) ਆਉਂਦੇ ਸਨ ਤਾਂ ਅਕਸਰ ਮੇਰੇ ਨਾਲ ਆਪਣੇ ਦਿਲ ਦੀ ਵੇਦਨਾ ਪ੍ਰਗਟਾਉਂਦੇ ਸਨ ਕਿ "ਸ਼ਰਧਾਲੂ, ਕਾਤਿਬ ਲਿਖਾਰੀਆਂ ਅਤੇ ਛਾਪੇਖ਼ਾਨੇ ਦੀਆਂ ਉਕਾਈਆਂ ਕਾਰਣ ਧੰਨ ਗੁਰੂ ਗ੍ਰੰਥ ਸਾਹਿਬ ਜੀ ਅੰਦਰਲੀ ਹਰ ਤਰ੍ਹਾਂ ਦੀ ਸਥਾਪਿਤ ਤਰਤੀਬ ਵਿੱਚ ਇਕਸਾਰਤਾ ਖ਼ਤਮ ਹੋ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਜਾ ਰਹੀ ਬੀੜ ਵਿੱਚ ੫੦੦੦ ਤੋਂ ਵੱਧ ਲਫ਼ਜ਼ੀ ਅਤੇ ਲਗਮਾਤ੍ਰੀ ਪਾਠ-ਭੇਦ ਪੈਦਾ ਹੋ ਚੁੱਕੇ ਹਨ। ਇਸ ਲਈ ਅਤਿਅੰਤ ਲੋੜ ਹੈ ਕਿ ਸ਼੍ਰੋਮਣੀ ਕਮੇਟੀ ਪਾਰਦਰਸ਼ਕ ਵਿੱਧੀ ਮੁਤਾਬਿਕ ਮੰਗਲਾਂ, ਸਿਰਲੇਖਾਂ, ਬਾਣੀਕਾਰਾਂ ਅਤੇ ਸ਼ਬਦਾਂ ਦੀ ਗਿਣਤੀ ਦੇ ਜੋੜ-ਅੰਕਾਂ ਦੀ ਵਿਧੀ ਆਦਿਕ ਵਿੱਚ ਇਕਸਾਰਤਾ ਸਥਾਪਤ ਕਰਨ ਦਾ ਉਪਰਾਲਾ ਕਰੇ। ਇਸ ਦੇ ਨਾਲ ਹੀ ਪਦਛੇਦਕ ਅਤੇ ਗੁਰਬਾਣੀ ਦੇ ਲਿਖਤੀ ਨਿਯਮਾਂ ਦੀ ਉਲੰਘਣਾਂ ਕਰਦੇ ਹੋਏ ਸਾਰੇ ਪਾਠ-ਭੇਦ ਦਰੁਸਤ ਕਰਨ ਦੀ ਵੀ ਵੱਡੀ ਲੋੜ ਹੈ, ਤਾਂ ਜੋ ਗੁਰੂ ਸਾਹਿਬਾਨ ਵੱਲੋਂ ਸੰਪਾਦਿਤ ਕੀਤੀ ਬੀੜ ਦੇ ਮੂਲ ਸਰੂਪ ਨੂੰ ਪ੍ਰਗਟਾਉਂਦੀ ਅਤੇ ਛਪਾਈ ਦੀ ਸ਼ੁੱਧਤਾ ਭਰੀ ਪ੍ਰਮਾਣਿਕਤਾ ਕਾਇਮ ਹੋ ਸਕੇ। ਅਜਿਹਾ ਹੋਣ ਨਾਲ ਕਿਸੇ ਅਨਮਤੀ ਅਤੇ ਸਿੱਖੀ ਨਾਲ ਖੁਣਸ ਰੱਖਣ ਵਾਲੇ ਮੈਕਲੋਡ ਵਰਗੇ ਵਿਅਕਤੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਉਂਗਲ ਚੁੱਕਣ ਦਾ ਵੀ ਮੌਕਾ ਨਹੀਂ ਮਿਲੇਗਾ।"






# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਬਦੀਲੀਆਂ ਕਰਨ ਦੇ ਦੋਸ਼ੀ ਕੌਣ ?

**ਕੇਐਸ ਚੱਠਾ**

ਸਿੱਖ ਹਾਲੇ ਗ਼ੁਲਾਮ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਗਾਂ-ਮਾਤਰਾਵਾਂ ਆਦਿਕ ਵਿਚ ਹਾਲ ਦੀ ਘੜੀ ਸੋਧ ਜਾਂ ਤਬਦੀਲੀ ਦੇ ਮੈਂ ਹੱਕ ਵਿਚ ਨਹੀਂ ਹਾਂ। ਕਿਉਂਕਿ ਇਨਾਂ ਗੱਲਾਂ ਦੀ ਆੜ ਵਿੱਚ ਕਈ ਅਗਿਆਨੀਆਂ ਵੱਲੋਂ ਆਪੋ ਆਪਣੇ ਮਨਸੂਬੇ ਚਲਾਉਣ ਦਾ ਡਰ ਹੈ।

ਕੁਝ ਦਿਨ ਪਹਿਲਾਂ ਇਹ ਮਸਲਾ ਸਤਿੰਦਰ ਸਿੰਘ ਜੋ ਕਿ ਅਨੁਰਾਗ ਸਿੰਘ ਦਾ ਸਾਥੀ ਹੈ, ਵੱਲੋਂ ਫੇਸਬੁੱਕ 'ਤੇ ਲਿਆਂਦਾ ਗਿਆ ਸੀ। ਮੇਰੇ ਅਨੁਸਾਰ ਇਹ ਮਸਲਾ ਸਿਰਫ਼ ਇਸ ਵਿਸ਼ੇ ਦੇ ਮਾਹਿਰ ਵਿਦਵਾਨਾਂ ਦਾ ਹੈ ਅਤੇ ਇਸ ਉੱਤੇ ਉਹ ਵਿਦਵਾਨ ਹੀ ਰਾਏ ਦੇ ਸਕਦੇ ਹਨ। ਪਰ ਕੱਲ ਮੇਰੇ ਦੋਸਤ ਕੁਲਜੀਤ ਸਿੰਘ ਢਿੱਲੋਂ ਅਤੇ ਦਰਸ਼ਨ ਸਿੰਘ ਵੱਲੋਂ ਇਸ ਵਿਸ਼ੇ 'ਤੇ ਪੋਸਟਾਂ ਸ਼ੇਅਰ ਕੀਤੀਆਂ ਗਈਆਂ ਹਨ ਅਤੇ ਮੈਂ ਆਪਣੇ ਸਾਧਨਾਂ ਰਾਹੀਂ ਇਸ ਮਸਲੇ ਬਾਰੇ ਪਤਾ ਕੀਤਾ ਹੈ।

ਥਮਿੰਦਰ ਸਿੰਘ ਆਨੰਦ ਅਮੀਰ ਸਿੱਖ ਅਤੇ ਕੱਪੜੇ ਦੇ ਵਪਾਰੀ ਹਨ ਅਤੇ ਸਿੱਖ ਬੁੱਕ ਕਲੱਬ ਨਾਂ ਦੀ ਵੈੱਬਸਾਈਟ ਵੀ ਚਲਾਉਂਦੇ ਹਨ। ਉਹ ਵੈੱਬਸਾਈਟ ਨਾਨ-ਪਰਾਫਿਟ ਆਰਗੇਨਾਈਜ਼ੇਸ਼ਨ ਹੈ। ਕੋਈ ਤੀਹ ਹਜ਼ਾਰ ਡਾਲਰ ਦੇ ਕਰੀਬ ਇਸ ਉੱਤੇ ਉਨਾਂ ਦਾ ਸਾਲਾਨਾ ਖਰਚਾ ਹੈ (ਭਾਈ ਥਮਿੰਦਰ ਸਿੰਘ ਨਾਲ ਹੋਰਨਾਂ ਵਿਸ਼ਿਆਂ ਤੇ ਅਸਹਿਮਤੀ ਜਾਂ ਸਹਿਮਤੀ ਹੋ ਸਕਦੀ ਹੈ।) ਲੇਕਿਨ ਕੋਈ ਵੀ ਸਿੱਖ ਉਸ ਵੈੱਬਸਾਈਟ ਤੋਂ ਗੁਰਮਤਿ ਦੀਆਂ ਕਿਤਾਬਾਂ ਪੜ ਕੇ ਲਾਹਾ ਲੈ ਸਕਦਾ ਹੈ। ਤਾਜ਼ਾ ਮਸਲਾ ਉਨਾਂ ਵੱਲੋਂ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਬਕਾ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ) ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਗਾਂ-ਮਾਤਰਾਵਾਂ ਦੀ ਸੋਧ ਕੀਤੇ ਸਰੂਪ ਨੂੰ ਸਿੱਖ ਬੁੱਕ ਕਲੱਬ ਦੀ ਵੈੱਬ-ਪੇਜ ਉੱਤੇ ਪਾਉਣ ਦਾ ਹੈ। (ਇਹ ਸਰੂਪ ਹਾਲੇ ਤੱਕ ਉਨਾਂ ਨੇ ਚਾਈਨਾ ਆਦਿ ਤੋਂ ਛਪਵਾਇਆ ਨਹੀਂ ਅਤੇ ਨਾ ਹੀ ਇਸ ਦੀ ਕੋਈ ਛਪੀ ਹੋਈ ਕਾਪੀ ਕਿਸੇ ਕੋਲ਼ ਉਪਲਬਧ ਹੈ, ਕਿਉਂਕਿ ਇਨਾਂ ਗੱਲਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਹਿਮਤੀ ਤੋਂ ਬਿਨਾਂ ਸਟੈਪ ਨਹੀਂ ਲਿਆ ਜਾ ਸਕਦਾ।) ਬਹੁਤ ਸਾਰੇ ਦੋਸਤਾਂ ਨੂੰ ਇਸ ਮਸਲੇ ਬਾਰੇ ਜਾਣਕਾਰੀ ਨਹੀਂ ਹੈ। ਛਾਪੇ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਪਹਿਲਾਂ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹੀ ਹੁੰਦੇ ਸਨ। ਹੱਥ ਲਿਖਤ ਹੋਣ ਕਰਕੇ ਉਤਾਰੇ ਕਰਦਿਆਂ ਕਈ ਵਾਰ ਲਗਾਂ-ਮਾਤਰਾਵਾਂ ਵਿੱਚ ਫ਼ਰਕ ਪੈ ਜਾਂਦਾ ਸੀ ਅਤੇ ਅਗਲੇ ਉਤਾਰੇ ਸਮੇਂ ਉਹ ਫਰਕ ਉਸੇ ਤਰਾਂ ਹੀ ਪੱਕਾ ਹੋ ਜਾਂਦਾ ਸੀ। ਸੰਤ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ 1500 ਪਾਠ ਭੇਦਾਂ ਦੀ ਸੂਚੀ ਆਪਣੀ ਪੁਸਤਕ ਗੁਰਬਾਣੀ ਪਾਠ ਦਰਪਣ ਵਿੱਚ ਦੱਸੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਵਿਦਵਾਨਾਂ ਨੇ ਵੀ ਇਸ ਸੰਬੰਧ ਵਿਚ 1960 ਦੇ ਦਹਾਕੇ ਅੰਦਰ ਇਕ ਖੋਜ ਕਾਰਜ ਭਾਈ ਰਣਧੀਰ ਸਿੰਘ ਸਕਾਲਰ ਦੀ ਅਗਵਾਈ ਕਰਵਾਇਆ ਸੀ ਤੇ ਉਸ ਨੂੰ ਕਿਤਾਬੀ ਰੂਪ ਵਿੱਚ ਵੀ ਛਾਪਿਆ ਸੀ ਅਤੇ ਬਾਅਦ ਵਿੱਚ ਇਸ ਨੂੰ ਛਾਪਣਾ ਅਤੇ ਵੇਚਣਾ ਬੰਦ ਕਰ ਦਿੱਤਾ ਜੋ ਅੱਜ ਕੱਲ ਦੁਰਲੱਭ ਹੈ (ਇਸ ਦੇ ਦੁਬਾਰਾ ਲੱਭਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ, ਮੇਰੇ ਕੋਲ ਉਸ ਦੀ ਪੀਡੀਐੱਫ ਦੀ ਕਾਪੀ ਹੈ।) ਸਭ ਤੋਂ ਪਹਿਲਾਂ ਇਸ ਮਸਲੇ ਉੱਤੇ 1900 ਦੇ ਕਰੀਬ ਜੇ ਬੀ ਸਿੰਘ ਨੇ ਕੰਮ ਕੀਤਾ। ਉਸ ਦੀ ਭਾਸ਼ਾ ਗੁਰੂ ਸਾਹਿਬ ਪ੍ਰਤੀ ਗਲਤ ਅਤੇ ਮਾੜੀ ਸੀ ਅਤੇ ਉਸ ਤੋਂ ਬਾਅਦ ਇੱਕ ਉਦਾਸੀ ਸਾਧੂ ਹਰਨਾਮ ਦਾਸ ਨੇ ਵੀ ਕੰਮ ਕੀਤਾ। ਡਾ. ਪਿਆਰ ਸਿੰਘ ਦਾ ਵੀ ਕੰਮ ਹੈ, ਗਾਥਾ ਪੁਸਤਕ ਦੇ ਰੂਪ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਪਿਆ ਹੋਇਆ ਹੈ। ਅਜੋਕੇ ਸਮੇਂ ਵਿੱਚ ਜੋਗਿੰਦਰ ਸਿੰਘ ਵੇਦਾਂਤੀ ਇਸ ਵਿਸ਼ੇ 'ਤੇ ਕੰਮ ਕਰ ਰਹੇ ਸੀ। ਨਿਊਯਾਰਕ ਦੀ ਇੱਕ ਸੰਸਥਾ ਵੀ ਹੈ ਜਿਸ ਵਿੱਚ ਤਕਰੀਬਨ ਤੀਹ ਵਿਦਵਾਨ ਇਸ ਵਿਸ਼ੇ 'ਤੇ ਖੋਜ ਕਾਰਜ ਦਾ ਕੰਮ ਕਰ ਰਹੇ ਹਨ। ਪਰ ਮਸਲਾ ਇੱਥੇ ਹੋਰ ਵੀ ਹੈ, ਟਕਸਾਲ ਜਥਾ ਭਿੰਡਰਾਂਵਾਲੇ ਆਪਣੇ ਗੁਟਕਾ ਸਾਹਿਬ ਵਿੱਚ ਗੁਰਬਾਣੀ 'ਚ ਆਪਣੇ ਹਿਸਾਬ ਨਾਲ ਬਦਲਾਅ ਕਰਕੇ ਛਾਪ ਰਹੇ ਹਨ ਅਤੇ ਨਾਨਕਸਰ ਵਾਲਿਆਂ ਨੇ ਵੀ ਤਾਂ ਕੱਚੀ ਬਾਣੀ ਦੀ ਪੂਰੀ ਲਾਈਨ ਹੀ ਗੁਰੂ ਨਾਨਕ ਪਾਤਸ਼ਾਹ ਦੇ ਨਾਂ ਤੇ ਜੋੜ ਕੇ ਛਾਪ ਦਿੱਤੀ ਹੈ। ਉਸ ਬਾਰੇ ਅਨੁਰਾਗ ਸਿੰਘ ਗਰੁੱਪ ਕਿਉਂ ਨਹੀਂ ਬੋਲ ਰਿਹਾ ? ਜੇ ਕਿਤੇ ਬੋਲਿਆ ਹੋਵੇ ਤਾਂ ਮੇਰੀ ਨਿਗਾ ਵਿੱਚ ਨਹੀਂ ਆਇਆ। ਮੇਰਾ ਆਪਣਾ ਮੰਨਣਾ ਹੈ ਕਿ ਇੱਕਪਾਸੜ ਸੋਚ ਵਾਲ਼ੇ ਆਮ ਲੋਕਾਂ ਦੀ ਭੀੜ ਇਕੱਠੀ ਕਰਕੇ ਅਤੇ ਉਸ ਵਿੱਚ ਜੈਕਾਰੇ ਛੁਡਵਾ ਕੇ ਇੰਨੇ ਗਹਿਰ-ਗੰਭੀਰ ਮਸਲੇ ਦਾ ਹੱਲ ਨਹੀਂ ਹੋਣਾ। ਸਗੋਂ ਵਿਦਵਾਨਾਂ ਦੇ ਪੈਨਲ ਵਿੱਚ ਇਸ ਵਿਸ਼ੇ 'ਤੇ ਨਿੱਠ ਕੇ ਕੰਮ ਹੋਣਾ ਚਾਹੀਦਾ ਹੈ, ਸਮਾਂ ਭਾਵੇਂ ਜਿੰਨਾ ਮਰਜ਼ੀ ਲੱਗ ਜਾਏ। ਪਰ ਕੋਈ ਵੀ ਫ਼ੈਸਲਾ ਜਿੰਨੇ ਚਿਰ ਸਿੱਖਾਂ ਦੀ ਆਜ਼ਾਦ ਹਸਤੀ ਕਾਇਮ ਨਹੀਂ ਹੋ ਜਾਂਦੀ ਲਾਗੂ ਨਹੀਂ ਹੋਣਾ ਚਾਹੀਦਾ। ਬਾਕੀ ਥਮਿੰਦਰ ਸਿੰਘ ਆਨੰਦ ਦਾ ਪ੍ਰੈੱਸ ਨੋਟ ਅਤੇ ਨਿਊਯਾਰਕ ਵਾਲੇ ਸਿੱਖ ਵਿਦਵਾਨਾਂ ਦਾ ਅਕਾਲ ਤਖ਼ਤ ਨੂੰ ਲਿਖੀ ਹੋਈ ਚਿੱਠੀ ਦੇ ਸਕਰੀਨ ਸ਼ਾਟ ਨਾਲ ਹਨ। ਸਾਰੇ ਸੱਜਣਾਂ ਨੂੰ ਇਸ ਬਾਬਤ ਦੋਹਾਂ ਪੱਖਾਂ ਨੂੰ ਪੜ ਵਿਚਾਰ ਕੇ ਹੀ ਕੋਈ ਨਿਰਣਾ ਲੈਣਾ ਚਾਹੀਦਾ ਹੈ। ਬੇਨਤੀ ਫਿਰ ਇਹੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮਸਲੇ ਦੇ ਵਿਚਾਰ ਲਈ ਸਿਰਫ਼ ਇੱਕ ਹੀ ਧਿਰ ਦੇ ਬੰਦਿਆਂ ਦੀ ਕਮੇਟੀ ਨਾ ਬਣਾਈ ਜਾਏ ਜਿਹੜੇ ਸਿਰਫ਼ ਗਲਤੀਆਂ ਹੀ ਕੱਢਣ ਸਗੋਂ ਵਿਆਕਰਣ ਦੀ ਸਮਝ ਰੱਖਣ ਵਾਲ਼ੇ ਅਤੇ ਇਸ ਵਿਸ਼ੇ ਦੇ ਮਾਹਿਰਾਂ ਦੀ ਕਮੇਟੀ ਬਣਾਈ ਜਾਏ ਜੋ ਪੂਰੀ ਤਰਾਂ ਇਸ ਮਸਲੇ ਦਾ ਹੱਲ ਕੱਢੇ ਅਤੇ ਪੁਰਾਣੀਆਂ ਹੱਥ ਲਿਖਤ ਬੀੜਾਂ ਨੂੰ ਵੀ ਆਧਾਰ ਬਣਾਇਆ ਜਾਏ। ਪੁਰਾਤਨ ਹੱਥ ਲਿਖਤ ਬੀੜਾਂ ਹੁਣ 450 ਦੇ ਕਰੀਬ ਉਤਾਰੇ ਉਪਲੱਬਧ ਹਨ ਜਿਸ ਵਿੱਚ ਸ੍ਰੀ ਕਰਤਾਰ ਸਾਹਿਬ ਵਾਲ਼ੀ ਬੀੜ, ਬਾਬਾ ਬਿਧੀਚੰਦੀਆਂ ਦੇ ਅਸਥਾਨ ਸੁਰ ਸਿੰਘ ਵਾਲ਼ੀ ਬੀੜ, ਰਾਮ ਰਾਇ ਜੀ ਵਾਲ਼ੀ ਬੀੜ ਅਤੇ ਹੋਰ ਬਹੁਤ ਸਾਰੀਆਂ ਦੁਰਲੱਭ ਬੀੜਾਂ ਦੇ ਉਤਾਰੇ ਉਪਲੱਬਧ ਹਨ।

# ਝਾਰਖੰਡ ਵਿਚ ਲਗਦੈ ਭੂਤ ਮੇਲਾ

## ✪ ਕਬੂਤਰਾਂ ਤੇ ਮੁਰਗਿਆਂ ਦੇ ਮੇਖਾਂ ਚੁਭੋ ਕੇ ਕੱਢੇ ਜਾਂਦੇ ਨੇ ਭੂਤ ✪ 2015 ਤੋਂ 2022 ਤੱਕ ਝਾਰਖੰਡ ਵਿੱਚ ਡੈਣ ਕਹਿ ਕੇ ਕੁੱਲ 231 ਲੋਕਾਂ ਦੇ ਕੀਤੇ ਗਏ ਕਤਲ

ਪਲਾਮੂ : ਝਾਰਖੰਡ ਦੇ ਪਲਾਮੂ ਜ਼ਿਲ੍ਹੇ ਵਿੱਚ ਭੂਤ ਕੱਢਣ ਦਾ ਕੰਮ ਹੁੰਦਾ ਹੈ। ਤਾਂਤਰਿਕਾਂ ਦਾ ਚੰਗਾ ਕਾਰੋਬਾਰ ਚਲਦਾ ਹੈ। ਅੰਧਵਿਸ਼ਵਾਸੀ ਲੋਕਾਂ ਨਾਲ ਇਹ ਤਾਂਤਰਿਕ ਭੂਤ ਕੱਢਣ ਦੇ ਨਾਮ ਉਪਰ ਠੱਗੀ ਮਾਰਦੇ ਹਨ। ਗਰਮੀਆਂ ਵਿਚ ਉੱਥੇ ਵੱਡਾ ਮੇਲਾ ਲਗਦਾ ਹੈ।ਤਾਂਤਰਿਕ ਕੋਲ ਔਰਤਾਂ ਦੀ ਬਹੁਤ ਭੀੜ ਜੁੜੀ ਹੁੰਦੀ ਹੈ। ਇਹ ਸਭ ਆਪਣੀ ਵਾਰੀ ਦੀ ਉਡੀਕ ਕਰਦੀਆਂ ਹਨ। ਇਨ੍ਹਾਂ ਲੋਕਾਂ ਨੂੰ ਲੱਗਦਾ ਹੈ ਕਿ ਇਨ੍ਹਾਂ ਦੇ ਸਰੀਰ ਉੱਪਰ ਕਿਸੇ ਡੈਣ ਦਾ ਸਾਇਆ ਹੈ। ਇਹ ਇੱਥੇ ਆਪਣਾ ਇਲਾਜ ਕਰਾਉਣ ਲਈ ਪਹੁੰਚਦੇ ਹਨ। ਕਿਉਂਕਿ ਇੱਥੇ ਭੂਤ ਮੇਲਾ ਲੱਗਦਾ ਹੈ।

**ਕਦੋਂ ਅਤੇ ਕਿੱਥੇ ਲਗਦਾ ਹੈ ਭੂਤ ਮੇਲਾ**

ਚੇਤ ਨਵਰਾਤਿਆਂ ਦੌਰਾਨ ਇਹ ਮੇਲਾ ਪਿਛਲੇ ਕੁਝ ਦਹਾਕਿਆਂ ਤੋਂ ਲਾਇਆ ਜਾ ਰਿਹਾ ਹੈ। ਰਾਂਚੀ ਜ਼ਿਲ੍ਹਾ ਹੈਡ-ਕੁਆਰਟਰ ਤੋਂ 252 ਕਿੱਲੋਮੀਟਰ ਦੂਰ ਪਲਾਮੂ ਜ਼ਿਲ੍ਹੇ ਦੇ ਹੈਦਰਨਗਰ ਵਿੱਚ ਹਜ਼ਾਰਾਂ ਲੋਕਾਂ ਦਾ ਹਰ ਦਿਨ ਆਉਣਾ-ਜਾਣਾ ਲੱਗਿਆ ਰਹਿੰਦਾ ਹੈ। ਦੇਖ-ਰੇਖ ਲਈ ਪੁਲਿਸ ਤੈਨਾਤ ਕੀਤੀ ਜਾਂਦੀ ਹੈ।

ਇਸ ਮੇਲੇ ਵਿੱਚ ਇੱਕ ਔਰਤ ਯੂ.ਪੀ., ਬਨਾਰਸ ਤੋਂ ਇੱਥੇ ਆਈ ਹੈ। ਕਥਿਤ ਸਿਆਣੇ ਦਾ ਕਹਿਣਾ ਹੈ ਕਿ ਔਰਤ ਦੇ ਸਿਰ ਉੱਤੇ ਪ੍ਰੇਤ ਦਾ ਸਾਇਆ ਹੈ, ਇਸ ਲਈ ਉਹ ਖੇਡ ਰਹੀ ਹੈ। ਉਸ ਤਾਂਤਰਿਕ ਨੂੰ ਪੁਛਿਆ ਇਹ ਕਿਵੇਂ ਪਤਾ ਲੱਗਿਆ ਕਿ ਔਰਤ ਦੇ ਸਿਰ 'ਤੇ ਕੋਈ ਪ੍ਰੇਤ ਹੈ ? ਇਸ ਦੇ ਜਵਾਬ ਵਿੱਚ ਤਾਂਤਰਿਕ ਨੇ ਕਿਹਾ, 'ਮਾਂ ਭਗਵਤੀ ਦੀ ਕ੍ਰਿਪਾ ਨਾਲ ਸਭ ਪਤਾ ਲੱਗ ਜਾਂਦਾ ਹੈ।

ਉੱਥੇ ਕੋਲ ਹੀ ਬਿਹਾਰ ਦੇ ਰੋਹਤਾਸ ਤੋਂ ਆਏ ਇੱਕ ਸਾਧ ਸੰਜੇ ਭਗਤ ਦੇ ਚਾਰ-ਚੁਫੇਰੇ ਔਰਤਾਂ, ਬੱਚਿਆਂ ਅਤੇ ਮਰਦਾ ਦੀ ਭੀੜ ਇਕੱਠੀ ਹੋਈ ਸੀ। ਲਾਲ ਚੁੰਨੀ ਲਈ, ਅੱਖਾਂ ਵਿੱਚ ਸੁਰਮਾ ਪਾ ਕੇ ਸੰਜੇ ਲਗਾਤਾਰ ਨੱਚ ਰਿਹਾ ਸੀ।ਥੋੜੀ ਦੇਰ ਬਾਅਦ ਉਨ੍ਹਾਂ ਦੇ ਇੱਕ ਸਹਿਯੋਗੀ ਨੇ ਉਨ੍ਹਾਂ ਦੇ ਹੱਥ ਵਿੱਚ ਦੋ ਕਬੂਤਰ ਲਿਆ ਕੇ ਰੱਖ ਦਿੱਤੇ। ਕੁਝ ਮੰਤਰ ਪੜਨ ਤੋਂ ਬਾਅਦ ਉਨ੍ਹਾਂ ਨੇ ਕਬੂਤਰ ਵਿੱਚ ਤਿੰਨ ਚਾਰ ਮੇਖਾਂ ਚੁਭੋ ਦਿੱਤੀਆਂ। ਮੇਖਾਂ ਚੁਭਾਉਣ ਤੋਂ ਬਾਅਦ ਕਬੂਤਰ ਨੂੰ ਉਡਾ ਦਿੱਤਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਭੂਤ ਕਬੂਤਰ ਵਿੱਚ ਸਮਾ ਗਿਆ ਸੀ। ਕਬੂਤਰ ਜ਼ਿਆਦਾ ਦੇਰ ਉੱਡ ਨਹੀਂ ਸਕਿਆ ਅਤੇ 5-6 ਮੀਟਰ ਤੋਂ ਬਾਅਦ ਉਹ ਡਿੱਗ ਗਿਆ। ਕੋਲ ਖੜੇ ਇੱਕ ਵਿਅਕਤੀ ਨੇ ਉਸ ਨੂੰ ਤੌਲੀਏ ਵਿੱਚ ਲਪੇਟਿਆ ਅਤੇ ਅੱਗੇ ਵਧ ਗਿਆ। ਉਨ੍ਹਾਂ ਦੀ ਜੇਬ ਵਿੱਚ ਸ਼ਰਾਬ ਦੀ ਬੋਤਲ ਸੀ।ਸੰਜੇ ਦੱਸਦੇ ਹਨ, 'ਇਹ ਕੰਮ ਮੈਂ ਪਿਛਲੇ 32 ਸਾਲਾਂ ਤੋਂ ਕਰ ਰਿਹਾ ਹਾਂ। ਜੋ ਭਗਤ ਕਬੂਤਰ ਲੈ ਕੇ ਗਿਆ ਸੀ, ਉਸ ਉੱਪਰ ਸ਼ੈਤਾਨੀ ਮਿਹਰ ਸੀ। ਕਬੂਤਰ ਦੇ ਸਰੀਰ ਵਿੱਚ ਕਿੱਲ ਖੋਭਣ ਨਾਲ ਉਸ ਬੰਦੇ ਦਾ ਕਲਿਆਣ ਹੋ ਗਿਆ।' ਕਈ ਸੂਬਿਆਂ ਦੇ ਲੋਕ ਸ਼ੈਤਾਨੀ ਹਰਕਤ ਦੂਰ ਕਰਵਾਉਣ ਉਸ ਕੋਲ ਆਉਂਦੇ ਹਨ।

ਚੇਲਾ ਚੰਦ੍ਰਵੰਸ਼ੀ ਕਹਿੰਦੇ ਹਨ, 'ਉਨ੍ਹਾਂ ਕੋਲ ਜ਼ਿਆਦਾਤਰ ਉਹੀ ਲੋਕ ਆਉਂਦੇ ਹਨ। ਜੋ ਦਿਮਾਗ ਤੋਂ ਡਿਸਟਰਬਡ ਹਨ। ਇਲਾਜ ਕਰਵਾ ਕੇ ਥੱਕ ਜਾਂਦੇ ਹਨ।'

ਇਹ ਤਾਂਤਰਿਕ ਭੂਤ-ਪ੍ਰੇਤ ਭਜਾਉਣ ਆਏ ਲੋਕਾਂ ਤੋਂ ਬੀਮਾਰੀ ਦੇ ਹਿਸਾਬ ਨਾਲ 10-15 ਹਜ਼ਾਰ ਰੁਪਏ ਵਸੂਲਦੇ ਸਨ। ਮੰਦਿਰ ਦੇ ਵਿਹੜੇ ਵਿੱਚ ਮਜ਼ਾਰ ਵੀ। ਇੱਥੇ ਇਲਾਜ ਕਰ ਰਹੇ ਆਸ਼ਿਕ ਅਲੀ ਨੇ ਦੱਸਿਆ ਕਿ ਮਜ਼ਾਰ ਉੱਪਰ ਸ਼ੈਤਾਨ ਭਜਾਉਣ ਲਈ ਸਾਰੇ ਧਰਮਾਂ ਦੇ ਲੋਕ ਆਉਂਦੇ ਹਨ। ਫਾਤਿਹਾ ਪੜਨ ਨਾਲ ਸ਼ੈਤਾਨ ਭੱਜ ਜਾਂਦਾ ਹੈ।

**ਆਖਰ ਇੰਨਾ ਅੰਧਵਿਸ਼ਵਾਸ ਕਿਉਂ ?**

ਝਾਰਖੰਡ ਵਿੱਚ ਪਿਛਲੇ 32 ਸਾਲਾਂ ਵਿੱਚ ਡੈਣ ਹੱਤਿਆਂ ਦੇ ਖਿਲਾਫ਼ ਕੰਮ ਕਰ ਰਹੇ ਆਸ਼ਾ ਸੰਸਥਾ ਦੇ ਮੁਖੀ ਅਜੇ ਜੈਸਵਾਲ ਦਾ ਆਪਣਾ ਵੱਖਰਾ ਤਜਰਬਾ ਹੈ। ਉਹ ਦੱਸਦੇ ਹਨ, ਇਨ੍ਹਾਂ ਕਥਿਤ ਸਿਆਣਿਆਂ ਦੇ ਕੋਲ ਜਦੋਂ ਮਰੀਜ਼ ਆਉਂਦੇ ਹਨ, ਉਸੇ ਦਿਨ ਇਲਾਜ ਨਹੀਂ ਕੀਤਾ ਜਾਂਦਾ। ਅਗਲੇ 10 ਦਿਨ ਬਾਅਦ ਦਾ ਸਮਾਂ ਦਿੱਤਾ ਜਾਂਦਾ ਹੈ।' ਇਸ ਦੌਰਾਨ ਉਨ੍ਹਾਂ ਦੇ ਸਹਿਯੋਗੀ ਪਿੰਡ ਜਾ ਕੇ ਸਾਰਾ ਕੁਝ ਪਤਾ ਕਰ ਆਉਂਦੇ ਹਨ ਕਿ ਫ਼ਲਾਣੇ ਪਰਿਵਾਰ ਦੀ ਕੀ ਕਹਾਣੀ ਹੈ। ਉਹ ਕਿਸ ਨੂੰ ਡੈਣ ਕਹਿਣਾ ਚਾਹੁੰਦੇ ਹਨ। ਉਨ੍ਹਾਂ ਦੇ ਘਰ ਵਿੱਚ ਕੀ ਕੁਝ ਹੈ।ਉਹ ਕਹਿੰਦੇ ਹਨ ਕਿ 10 ਦਿਨਾਂ ਬਾਅਦ ਜਦੋਂ ਮਰੀਜ਼ ਉਸ ਤਾਂਤਰਿਕ ਕੋਲ ਪਹੁੰਚਦਾ ਹੈ ਤਾਂ ਬਿਨਾਂ ਪੁੱਛੇ ਹੀ ਤਾਂਤਰਿਕ ਉਹੀ ਸਾਰੀਆਂ ਗੱਲਾਂ ਦੱਸਣ ਲਗਦਾ ਹੈ। ਅਜਿਹੇ ਵਿੱਚ ਬੀਮਾਰ ਹੈਰਾਨ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਵਿਸ਼ਵਾਸ ਪੱਕਾ ਹੋ ਜਾਂਦਾ ਹੈ।



**ਬੰਦ ਕਿਉਂ ਨਹੀਂ ਹੋ ਰਿਹਾ ਇਹ ਮੇਲਾ**

ਪਲਾਮੂ ਡਵੀਜ਼ਨ ਦੇ ਕਮਿਸ਼ਨਰ ਜਟਾਸ਼ੰਕਰ ਚੌਧਰੀ ਨੇ ਦੱਸਿਆ, 'ਮੈਂ ਦੇਖਿਆ ਨਹੀਂ ਹੈ। ਸਿਰਫ਼ ਸੁਣਿਆ ਹੈ। ਪਤਾ ਲੱਗਿਆ ਕਿ ਕਈ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਇਹ ਇੱਕ ਅੰਧ ਵਿਸ਼ਵਾਸ ਹੁੰਦਾ ਹੈ। ਪ੍ਰਸ਼ਾਸਨ ਨੂੰ ਮੁਹਿੰਮ ਚਲਾਉਣੀ ਪਵੇਗੀ। ਝਾਰਖੰਡ ਤੋਂ ਇਲਾਵਾ ਗੁਆਂਢੀ ਸੂਬਿਆਂ ਵਿੱਚ ਵੀ ਜਾਗਰੂਕਤਾ ਮੁਹਿੰਮ ਚਲਾਉਣੀ ਪਵੇਗੀ। ਜਿੱਥੇ ਤੱਕ ਪ੍ਰਸ਼ਾਸਨ ਵੱਲੋਂ ਦਿੱਤੀ ਜਾਣ ਵਾਲੀ ਸੁਰੱਖਿਆ ਦਾ ਸਵਾਲ ਹੈ, ਤਾਂ ਮੈਂ ਨਹੀਂ ਮੰਨਦਾ ਕਿ ਪ੍ਰਸ਼ਾਸਨ ਦੀ ਨਿਗਰਾਨੀ ਵਿੱਚ ਇਹ ਸਭ ਹੋ ਰਿਹਾ ਹੈ। ਉੱਥੇ ਪਹੁੰਚਣ ਵਾਲਿਆਂ ਨੂੰ ਸੁਰੱਖਿਆ ਨੂੰ ਦੇਖਦੇ ਹੋਏ ਪੁਲਿਸ ਤੈਨਾਤ ਕੀਤੀ ਗਈ ਹੈ।'

ਮੇਲਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਾਮਾਸ਼ਰਿਆ ਦੱਸਦੇ ਹਨ ਕਿ ਭੂਤ ਮੇਲੇ ਵਿੱਚ ਝਾਰਖੰਡ ਤੋਂ ਇਲਾਵਾ, ਬਿਹਾਰ, ਉੱਤਰ ਪ੍ਰਦੇਸ਼, ਓਡੀਸ਼ੀ, ਬੰਗਾਲ, ਛੱਤੀਸਗੜ, ਮੱਧ ਪ੍ਰਦੇਸ਼ ਤੋਂ ਲੋਕ ਆਉਂਦੇ ਹਨ। ਉਹ ਕਹਿੰਦੇ ਹਨ, 'ਦਵਾਈ ਦੇ ਨਾਲ-ਨਾਲ ਦੁਆ ਵੀ ਕੋਈ ਚੀਜ਼ ਹੁੰਦੀ ਹੈ। ਜੇ ਕੋਈ ਬੀਮਾਰੀ ਦਵਾਈ ਨਾਲ ਠੀਕ ਨਹੀਂ ਹੋ ਰਹੀ ਅਤੇ ਇੱਥੇ ਆਉਣ ਨਾਲ ਠੀਕ ਹੋ ਜਾਂਦੀ ਹੈ, ਤਾਂ ਕੀ ਤਕਲੀਫ਼ ਹੈ ?'

ਸਥਾਨਕ ਪੱਤਰਕਾਰ ਜਿਤੇਂਦਰ ਰਾਵਤ ਦੇ ਮੁਤਾਬਕ, 'ਕਦੇ ਵੀ ਪ੍ਰਸ਼ਾਸਨਿਕ ਅਤੇ ਸਮਾਜਿਕ ਤੌਰ 'ਤੇ ਇਸ ਨੂੰ ਬੰਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਯਤਨ ਕੀਤਾ ਵੀ ਗਿਆ ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਵਿਰੋਧ ਹੋ ਸਕਦਾ ਹੈ। ਕਿਉਂਕਿ ਕਥਿਤ ਸਿਆਣੇ, ਉਨ੍ਹਾਂ ਦੇ ਸਹਿਯੋਗੀ, ਮੇਲਾ ਪ੍ਰਬੰਧਨ ਕਮੇਟੀ ਦੇ ਲੋਕਾਂ ਨੂੰ ਚੜ੍ਹਾਵਾ ਜਾਂਦਾ ਹੈ।

ਝਾਰਖੰਡ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਮੁਤਾਬਕ, 2015 ਤੋਂ 2022 ਤੱਕ ਸੂਬੇ ਵਿੱਚ ਡੈਣ ਕਹਿ ਕੇ ਕੁੱਲ 231 ਲੋਕਾਂ ਦਾ ਕਤਲ ਕੀਤਾ ਗਿਆ ਹੈ। ਉਸ ਵਿੱਚ ਜ਼ਿਆਦਾਤਰ ਔਰਤਾਂ ਹਨ। ਉੱਥੇ ਹੀ ਸਾਲ 2015 ਤੋਂ 2020 ਤੱਕ ਕੁੱਲ 4560 ਮਾਮਲੇ ਦਰਜ ਕੀਤੇ ਗਏ ਸਨ। ਅਜੇ ਕੁਮਾਰ ਜੈਸਵਾਲ ਦੇ ਮੁਤਾਬਕ, ਪਿਛਲੇ 26 ਸਾਲਾਂ ਵਿੱਚ ਸਿਰਫ਼ ਝਾਰਖੰਡ ਵਿੱਚ ਹੀ 1800 ਔਰਤਾਂ ਮਾਰੀਆਂ ਗਈਆਂ ਹਨ। ਫਿਰ ਵੀ ਸੂਬਾ ਸਰਕਾਰ ਅਜਿਹੇ ਮੇਲਿਆਂ ਉੱਪਰ ਰੋਕ ਨਹੀਂ ਲਾ ਸਕੀ ਹੈ। ਉਹ ਦੱਸਦੇ ਹਨ, ਆਸ਼ਾ ਸੰਸਥਾ ਵੱਲੋਂ 2018 ਵਿੱਚ ਅਸੀਂ ਅੱਠ ਜ਼ਿਲ੍ਹਿਆਂ ਦੇ 332 ਪਿੰਡਾਂ ਵਿੱਚ ਸਰਵੇਖਣ ਕੀਤਾ। ਉਸ ਵਿਚ ਪਾਇਆ ਗਿਆ ਕਿ 258 ਔਰਤਾਂ ਨੂੰ ਡੈਣ ਐਲਾਨਿਆ ਗਿਆ ਸੀ।

ਇਸ ਸੰਸਥਾ ਦੀ ਮੁਖ ਸਹਿਯੋਗੀ ਛੁਟਨੀ ਦੇਵੀ ਨੂੰ ਡੈਣ ਹੱਤਿਆ ਦੇ ਖਿਲਾਫ਼ ਮੁਹਿੰਮ ਚਲਾਉਣ ਲਈ ਭਾਰਤ ਸਰਕਾਰ ਨੇ ਸਾਲ 2020 ਵਿੱਚ ਪਦਮਸ਼੍ਰੀ ਵੀ ਦਿੱਤਾ ਸੀ।ਕਿਤੇ ਇਹ ਲੋਕ ਮਾਨਸਿਕ ਰੋਗੀ ਤਾਂ ਨਹੀਂ ? ਝਾਰਖੰਡ ਵਿੱਚ ਮਾਨਸਿਕ ਰੋਗਾਂ ਦੇ ਇਲਾਜ ਲਈ ਦੋ ਹਸਪਤਾਲ ਹਨ। ਇੱਕ ਰਿਨਪਾਸ ਅਤੇ ਦੂਜਾ ਸੈਂਟਰਲ ਇੰਸਟੀਚਿਊਟ ਆਫ਼ ਸਾਈਕੇਟਰੀ, ਰਾਂਚੀ (ਸੀਆਈਪੀ)। ਰਿਨਪਾਸ ਦੇ ਨਿਰਦੇਸ਼ਕ ਕਹਿੰਦੇ ਹਨ, 'ਜੇ ਇਹ ਮੇਲਾ ਹੋ ਰਿਹਾ ਹੈ ਤਾਂ ਸਰਕਾਰ ਨੂੰ ਇੱਥੇ ਟੀਮ ਭੇਜ ਕੇ ਸਟੱਡੀ ਕਰਵਾਉਣੀ ਚਾਹੀਦੀ ਹੈ। ਕੀ ਵਾਕਈ ਮੈਂਟਲ ਹੈਲਥ ਨਾਲ ਜੁੜੀਆਂ ਸਮੱਸਿਆਵਾਂ ਹਨ ਜਾਂ ਸਿਰਫ਼ ਅੰਧਵਿਸ਼ਵਾਸ ਦਾ ਮਾਮਲਾ ਹੈ।' ਉਨ੍ਹਾਂ ਦਾ ਕਹਿਣਾ ਹੈ, ਰਿਨਪਾਸ ਵਿੱਚ ਕੋਵਿਡ ਤੋਂ ਪਹਿਲਾਂ ਹਰ ਸਾਲ 350-400 ਲੋਕ ਇਲਾਜ ਕਰਵਾਉਣ ਆਉਂਦੇ ਸਨ। ਲਾਕਡਾਊਨ ਖ਼ਤਮ ਹੋਣ ਤੋਂ ਬਾਅਦ ਫ਼ਿਰ ਮਰੀਜ਼ਾਂ ਦੀ ਸੰਖਿਆ ਵਧ ਰਹੀ ਹੈ। ਇਸ ਵਿੱਚ ਝਾਰਖੰਡ ਤੋਂ ਇਲਾਵਾ ਬਿਹਾਰ, ਪੱਛਮੀ ਬੰਗਾਲ ਦੇ ਮਰੀਜ਼ ਵੀ ਸ਼ਾਮਲ ਹੁੰਦੇ ਹਨ।'

ਮੈਂਟਲ ਹੈਲਥ ਬਾਰੇ ਕੰਮ ਕਰ ਰਹੀ ਸੰਸਥਾ ਮਾਰੀਵਾਲਾ ਹੈਲਥ ਇਨੀਸ਼ਿਏਟਿਵ ਦੇ ਐਡਵੋਕੇਸੀ ਮੈਨੇਜਰ ਭਾਵੇਸ਼ ਝਾਅ ਦੇ ਮੁਤਾਬਕ, ਭਾਰਤ ਸਰਕਾਰ ਨੇ ਸਾਲ 2020-21 ਵਿੱਚ ਮੈਂਟਲ ਹੈਲਥ ਖੇਤਰ ਵਿੱਚ ਸਿਰਫ਼ 40 ਕਰੋੜ ਰੁਪਏ ਪੂਰੇ ਦੇਸ਼ ਭਰ ਲਈ ਜਾਰੀ ਕੀਤੇ। ਇਸ ਵਿੱਚੋਂ 20 ਕਰੋੜ ਰੁਪਏ ਖਰਚ ਹੋ ਸਕੇ। ਇਸੇ ਤੋਂ ਸਰਕਾਰ ਦੀ ਪਹਿਲਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਦਕਿ ਵਿਸ਼ਵ ਸਿਹਤ ਸੰਗਠਨ ਵੀ ਕਹਿੰਦਾ ਹੈ ਕਮਿਊਨਿਟੀ ਆਧਾਰਿਤ ਹੈਲਥ ਪ੍ਰੋਗਰਾਮ ਹੋਣਾ ਚਾਹੀਦਾ ਹੈ। ਉਹ ਕਹਿੰਦੇ ਹਨ, 'ਪੇਂਡੂ ਇਲਾਕਿਆਂ ਵਿੱਚ ਹੋਰ ਸਿਹਤ ਸਹੂਲਤਾਂ ਵੀ ਉਪਲੱਬਧ ਨਹੀਂ ਹਨ। ਉਸ ਵਜ੍ਹਾ ਤੋਂ ਵੀ ਲੋਕ ਇਲਾਜ ਲਈ ਕਥਿਤ ਸਿਆਣਿਆਂ ਕੋਲ ਜਾਂਦੇ ਹਨ।'

# ਫਿਰਕੂ ਵਿਵਾਦ ਦੇ ਚਾਰ ਸਾਲਾਂ ਬਾਅਦ ਸ਼ਿਲਾਂਗ ਦੇ ਸਿੱਖਾਂ ਦਾ ਪੰਜਾਬੀ ਲੇਨ ਤੋਂ ਉਜਾੜਾ

**ਰਜਿੰਦਰ ਸਿੰਘ ਪੁਰੇਵਾਲ**

ਸ਼ਿਲਾਂਗ ਦੀ ਹਰੀਜਨ ਕਲੋਨੀ, ਜਿਸ ਨੂੰ ਪੰਜਾਬੀ ਲੇਨ ਅਤੇ ਥੇਮ ਆਈਵ ਮੋਲੋਂਗ ਵੀ ਕਿਹਾ ਜਾਂਦਾ ਹੈ, ਦੇ ਵਸਨੀਕ ਬੇਦਖ਼ਲੀ ਮੁਹਿੰਮ ਨਾਲ ਜੁੜੇ ਫਿਰਕੂ ਵਿਵਾਦ ਤੋਂ ਚਾਰ ਸਾਲਾਂ ਬਾਅਦ ਹੁਣ ਕੁਝ ਸ਼ਰਤਾਂ ਸਹਿਤ ਪੁਨਰਵਾਸ ਲਈ ਸਹਿਮਤ ਹੋ ਗਏ ਹਨ। 3.33 ਏਕੜ ਵਾਲੀ ਇਸ ਕਲੋਨੀ ਵਿੱਚ 342 ਦਲਿਤ ਜਾਂ ਮਜ਼ਬੀ ਸਿੱਖ ਪਰਿਵਾਰ ਰਹਿੰਦੇ ਹਨ। ਮੇਘਾਲਿਆ ਦੇ ਉਪ ਮੁੱਖ ਮੰਤਰੀ ਪ੍ਰੇਸਟੋਨ ਟਾਈਨਸੌਂਗ ਨੇ ਕਿਹਾ ਕਿ ਪੰਜਾਬੀ ਲੇਨ ਦੇ ਵਸਨੀਕਾਂ ਦੀ ਨੁਮਾਇੰਦਗੀ ਕਰਨ ਵਾਲੀ ਹਰੀਜਨ ਪੰਚਾਇਤ ਕਮੇਟੀ (ਐੱਚਪੀਸੀ) ਨੇ ਕੁਝ ਸ਼ਰਤਾਂ ਦੇ ਨਾਲ ਮੁੜ ਵਸੇਬਾ ਕਰਨ ਲਈ ਸਹਿਮਤੀ ਪੱਤਰ ਸੌਂਪਿਆ ਹੈ।

ਦਿ ਹਿੰਦੂ ਦੀ ਖ਼ਬਰ ਮੁਤਾਬਕ, ਉਨ੍ਹਾਂ ਦੀ ਮੁੱਖ ਸ਼ਰਤ ਹੈ ਕਿ ਸਾਰੇ ਪਰਿਵਾਰਾਂ ਨੂੰ ਇੱਕੋ ਥਾਂ 'ਤੇ ਵਸਾਉਂਦੇ ਹੋਏ, 200 ਵਰਗ ਮੀਟਰ ਜਗ੍ਹਾ ਪ੍ਰਤੀ ਪਰਿਵਾਰ ਦਿੱਤੀ ਜਾਵੇ। ਇਸ ਦੇ ਲਈ ਉਨ੍ਹਾਂ ਨੇ ਮੇਘਾਲਿਆ ਦੀ ਰਾਜਧਾਨੀ ਦੇ ਯੂਰਪੀਅਨ ਵਾਰਡ ਨੂੰ ਤਰਜੀਹ ਦਿੱਤੀ ਹੈ।ਹੋਰ ਸ਼ਰਤਾਂ ਵਿੱਚ ਇਲਾਕੇ ਵਿੱਚੋਂ ਇੱਕ ਗੁਰਦੁਆਰਾ, ਇੱਕ ਚਰਚ, ਦੋ ਮੰਦਰਾਂ, ਇੱਕ ਵਾਲਮੀਕੀ ਆਸ਼ਰਮ ਅਤੇ ਗੁਰੂ ਨਾਨਕ ਸਕੂਲ ਨੂੰ ਸ਼ਿਫਟ ਨਾ ਕਰਨਾ, ਲਗਭਗ 60 ਭਾਈਚਾਰੇ ਦੇ ਦੁਕਾਨਦਾਰਾਂ ਨੂੰ ਆਪਣਾ ਕਾਰੋਬਾਰ ਜਾਰੀ ਰੱਖਣ ਦੇਣਾ ਅਤੇ ਹਰ ਪਰਿਵਾਰ ਨੂੰ 20 ਲੱਖ ਰੁਪਏ ਦਾ ਭੁਗਤਾਨ ਕਰਨਾ ਸ਼ਾਮਲ ਹੈ। 31 ਮਈ, 2018 ਨੂੰ ਕੁਝ ਔਰਤਾਂ ਅਤੇ ਇੱਕ ਬੱਸ ਡਰਾਈਵਰ ਵਿਚਕਾਰ ਹੋਏ ਝਗੜੇ ਤੋਂ ਬਾਅਦ ਹਰੀਜਨ ਕਲੋਨੀ ਵਿਵਾਦ ਦਾ ਕੇਂਦਰ ਬਣ ਗਈ ਸੀ। ਸ਼ਬਦੀ ਝਗੜਾ ਫਿਰਕੂ ਝੜਪ ਵਿੱਚ ਬਦਲ ਗਿਆ ਸੀ ਅਤੇ ਸਥਾਨਕ ਕਬਾਇਲੀ ਨੌਜਵਾਨਾਂ ਨੇ ਕੁਝ ਦਿਨਾਂ ਲਈ ਕਲੋਨੀ ਨੂੰ ਘੇਰਾ ਪਾ ਲਿਆ ਸੀ ਅਤੇ ਸਿਖਾਂ ਉਪਰ ਹਮਲੇ ਕੀਤੇ ਸਨ। ਅਧਿਕਾਰੀਆਂ ਨੂੰ ਕਰਫਿਊ ਲਗਾਉਣਾ ਪਿਆ ਸੀ। ਹਿੰਸਾ ਦੇ ਪਿੱਛੇ ਇੱਕ ਕਾਰਨ ਕਾਲੋਨੀ ਨੂੰ ਸ਼ਿਫਟ ਕਰਕੇ, ਵਪਾਰਕ ਕੰਪਲੈਕਸ ਲਈ ਜਗਾ ਬਣਾਉਣ ਨੂੰ ਮੰਨਿਆ ਗਿਆ ਸੀ। ਉਸ ਸਮੇਂ ਸ਼੍ਰੋਮਣੀ ਕਮੇਟੀ, ਬਾਦਲ ਅਕਾਲੀ ਦਲ ਅਤੇ ਮਨਜਿੰਦਰ ਸਿੰਘ ਸਿਰਸਾ ਉਸ ਸਮੇਂ ਦੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਵੀ ਇਸ ਬਾਰੇ ਅਵਾਜ਼ ਉਠਾਈ ਸੀ। ਪਰ ਇਨ੍ਹਾਂ ਪੰਥਕ ਜਥੇਬੰਦੀਆਂ ਵਲੋਂ ਲਗਾਤਾਰ ਸਾਰ ਨਾ ਲੈਣ ਕਾਰਣ ਉਥੋਂ ਦੇ ਸਿਖਾਂ ਨੂੰ ਆਪਣੀ ਸਥਾਨਕ ਬਸਤੀ ਤੋਂ ਉਜੜਕੇ ਸਮਝੌਤਾ ਕਰਨਾ ਪਿਆ। ਮਨਜਿੰਦਰ ਸਿੰਘ ਸਿਰਸਾ ਤੇ ਬਾਦਲ ਅਕਾਲੀ ਦਲ ਨੂੰ ਹੁਣ ਵੀ ਚਾਹੀਦਾ ਹੈ ਕਿ ਉਥੋਂ ਦੇ ਸਿੱਖਾਂ ਨਾਲ ਗਲਬਾਤ ਕਰਕੇ ਉਨ੍ਹਾਂ ਨੂੰ ਬਣਦੀਆਂ ਸਹੂਲਤਾਂ ਦਿਵਾਉਣ।

**ਦੁਨੀਆ ਦੇ ਰੱਖਿਆ ਬਜਟ ਦੇ ਵਾਧੇ ਵਿਚ ਤੀਜਾ ਦੇਸ਼ ਭਾਰਤ**

ਮੌਜੂਦਾ ਸਮੇਂ ਦੁਨੀਆ ਦਾ ਰੱਖਿਆ ਬਜਟ ਨਵਾਂ ਰਿਕਾਰਡ ਕਾਇਮ ਕਰ ਰਿਹਾ ਹੈ।ਇਸ ਸਮੇਂ ਦੁਨੀਆ ਦਾ ਰੱਖਿਆ ਬਜਟ 162 ਲੱਖ ਕਰੋੜ ਦੇ ਪਾਰ (2.1 ਟ੍ਰਿਲੀਅਨ ਅਮਰੀਕੀ ਡਾਲਰ) ਹੋ ਚੁੱਕਾ ਹੈ। ਰੱਖਿਆ ਖੇਤਰ ਦੇ 'ਥਿੰਕ-ਟੈਂਕ' ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਮੁਤਾਬਕ ਪਿਛਲੇ ਸਾਲ ਰੱਖਿਆ ਬਜਟ ਦੇ ਸਾਰੇ ਰਿਕਾਰਡ ਟੁੱਟ ਗਏ ਹਨ। ਸਿਪਰੀ ਦੇ ਅੰਕੜਿਆਂ ਅਨੁਸਾਰ ਦੁਨੀਆ ਦਾ ਰੱਖਿਆ ਬਜਟ ਪਿਛਲੇ ਸਾਲ 0.7 ਫੀਸਦੀ ਵਧ ਕੇ 2.1 ਟ੍ਰਿਲੀਅਨ ਅਮਰੀਕੀ ਡਾਲਰ (ਕਰੀਬ 162 ਲੱਖ ਕਰੋੜ ਰੁਪਏ) ਹੋ ਗਿਆ ਹੈ। ਇਸ ਰੱਖਿਆ ਖਰਚ ਵਿਚ ਚੋਟੀ ਦੇ 5 ਦੇਸ਼ਾਂ ਅਮਰੀਕਾ, ਚੀਨ, ਭਾਰਤ, ਬ੍ਰਿਟੇਨ ਅਤੇ ਰੂਸ ਦਾ ਸਾਂਝੇ ਤੌਰ 'ਤੇ 62 ਫੀਸਦੀ ਹਿੱਸਾ ਸ਼ਾਮਲ ਹੈ। ਸਿਪਰੀ ਦੇ ਅੰਕੜਿਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਕੋਰੋਨਾ ਮਹਾਮਾਰੀ ਦੌਰਾਨ ਰੱਖਿਆ ਖਰਚੇ ਵਿਚ ਜ਼ਬਰਦਸਤ ਵਾਧਾ ਹੋਇਆ ਹੈ। ਹਾਲਾਂਕਿ ਕੁਝ ਦੇਸ਼ਾਂ ਵਿਚ ਇਸ ਸਮੇਂ ਦੌਰਾਨ ਰੱਖਿਆ ਬਜਟ ਥੋੜ੍ਹਾ ਘਟਿਆ ਹੈ ਪਰ ਇਹ ਸਿਰਫ 0.1 ਫੀਸਦੀ ਹੈ। ਇਸ ਦਾ ਕਾਰਨ ਮਹਾਂਮਾਰੀ ਰਿਹਾ ਹੈ। ਜਿੱਥੇ ਰੱਖਿਆ ਬਜਟ ਵਿਚ ਕਟੌਤੀ ਕੀਤੀ ਗਈ ਹੈ, ਉੱਥੇ ਮਹਾਮਾਰੀ ਦੀ ਰੋਕਥਾਮ ਲਈ ਵਿਕਾਸ 'ਤੇ ਜ਼ਿਆਦਾ ਨਿਵੇਸ਼ ਕੀਤਾ ਗਿਆ ਹੈ। ਸਾਲ 2021 ਵਿਚ ਵਿਸ਼ਵ ਅਰਥਵਿਵਸਥਾ ਦਾ 2.2 ਫੀਸਦੀ ਰੱਖਿਆ 'ਤੇ ਖਰਚ ਕੀਤਾ ਗਿਆ। ਸਿਪਰੀ ਦੇ ਮਿਲਟਰੀ ਐਕਸਪੇਂਡੀਚਰ ਐਂਡ ਆਰਮਜ਼ ਪ੍ਰੋਡਕਸ਼ਨ ਪ੍ਰੋਗਰਾਮ ਦੇ ਸੀਨੀਅਰ ਖੋਜਕਾਰ ਡਿਏਗੋ ਲੋਪੇਜ਼ ਦਾ ਸਿਲਵਾ ਦਾ ਕਹਿਣਾ ਹੈ ਕਿ ਭਾਵੇਂ ਕੋਰੋਨਾ ਮਹਾਂਮਾਰੀ ਦੌਰਾਨ ਵਿਸ਼ਵ ਅਰਥਵਿਵਸਥਾ ਢਹਿ ਗਈ ਸੀ ਪਰ ਰੱਖਿਆ ਬਜਟ ਵਧਿਆ ਹੈ। ਇਸ ਮਿਆਦ ਦੌਰਾਨ ਫ਼ੌਜੀ ਖਰਚ 6.1 ਪ੍ਰਤੀਸ਼ਤ ਵਧਿਆ।

ਸਭ ਤੋਂ ਜ਼ਿਆਦਾ ਫ਼ੌਜੀ ਖਰਚੇ ਦੇ ਮਾਮਲੇ ਵਿਚ ਅਮਰੀਕਾ ਟਾਪ 'ਤੇ ਹੈ। ਇਸ ਤੋਂ ਬਾਅਦ ਚੀਨ ਅਤੇ ਫਿਰ ਤੀਸਰੇ ਨੰਬਰ 'ਤੇ ਭਾਰਤ ਹੈ। ਭਾਰਤ 4 ਸਾਲ ਪਹਿਲਾਂ ਯਾਨੀ 2018 'ਚ ੫ਵੀਂ ਪੁਜ਼ੀਸ਼ਨ 'ਤੇ ਸੀ ਅਤੇ ਉਦੋਂ ਕੁੱਲ ਫ਼ੌਜੀ ਖਰਚਾ ੬੬.੫ ਬਿਲੀਅਨ ਡਾਲਰ ਸੀ। ਯਾਨੀ 2021 ਤੱਕ ਇਸ ਖਰਚੇ ਵਿਚ 10.1 ਬਿਲੀਅਨ ਡਾਲਰ (7.74 ਲੱਖ ਕਰੋੜ ਰੁਪਏ) ਦਾ ਵਾਧਾ ਹੋਇਆ ਹੈ। ਭਾਰਤ ਫ਼ੌਜੀ ਖਰਚਿਆਂ 'ਚ ਪਿਛਲੇ ਸਾਲ 76.6 ਬਿਲੀਅਨ ਅਮਰੀਕੀ ਡਾਲਰ ਦੇ ਨਾਲ ਤੀਸਰੇ ਸਥਾਨ 'ਤੇ ਰਿਹਾ। ਸਰਕਾਰ ਨੇ 2020 ਦੇ ਮੁਕਾਬਲੇ 0.9 ਫ਼ੀਸਦੀ ਦਾ ਵਾਧਾ ਕੀਤਾ। 2021 ਵਿਚ ਫ਼ੌਜ 'ਤੇ ਸਭ ਤੋਂ ਜ਼ਿਆਦਾ ਖਰਚ ਕਰਨ ਵਾਲੇ 5 ਦੇਸ਼ਾਂ 'ਚ ਅਮਰੀਕਾ, ਚੀਨ, ਭਾਰਤ, ਯੂਨਾਈਟਿਡ ਕਿੰਗਡਮ (ਬ੍ਰਿਟੇਨ) ਅਤੇ ਰੂਸ ਸ਼ਾਮਲ ਸਨ। ਕੁੱਲ ਖਰਚੇ ਦਾ 62 ਫ਼ੀਸਦੀ ਹਿੱਸਾ ਇਕੱਲੇ ਇਨ੍ਹਾਂ 5 ਦੇਸ਼ਾਂ ਨੇ ਖਰਚ ਕੀਤਾ। ਰਿਪੋਰਟ ਮੁਤਾਬਕ 2021 'ਚ ਅਮਰੀਕੀ ਫ਼ੌਜੀ ਖਰਚਾ 801 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਿਆ, ਜੋ 2020 ਦੇ ਮੁਕਾਬਲੇ 1.4 ਫ਼ੀਸਦੀ ਘੱਟ ਹੈ।

ਭਾਰਤ ਦੀ ਹੀ ਗੱਲ ਕਰੀਏ ਤਾਂ ਭਾਰਤ ਨੇ ਵੀ ਮਿਲਟਰੀ 'ਤੇ ਕਾਫੀ ਖਰਚ ਕੀਤਾ ਹੈ। ਭਾਰਤ ਦਾ ਮਿਲਟਰੀ ਖਰਚ ਲਗਾਤਾਰ ਦੂਜੇ ਸਾਲ ਵਧ ਕੇ 76.6 ਅਰਬ ਡਾਲਰ (5,87 ਲੱਖ ਕਰੋੜ ਰੁਪਏ) ਹੋ ਗਿਆ।ਇਸ ਦੇ ਨਾਲ ਹੀ ਇਸ 'ਤੇ ਅਮਰੀਕਾ ਦਾ ਖਰਚ ਕੁਝ ਘਟਿਆ ਹੈ। ਅਮਰੀਕਾ ਨੇ ਇਸ ਸਮੇਂ ਦੌਰਾਨ 801 ਅਰਬ ਡਾਲਰ (61.43 ਲੱਖ ਕਰੋੜ ਰੁਪਏ) ਖਰਚ ਕੀਤੇ ਸਨ ਜੋ ਉਸਦੀ ਕੁੱਲ ਜੀਡੀਪੀ ਦਾ 3.6 ਪ੍ਰਤੀਸ਼ਤ ਹੈ। ਹਾਲਾਂਕਿ ਪਹਿਲਾਂ ਇਹ 3.7 ਫੀਸਦੀ ਸੀ।ਦੂਜੇ ਪਾਸੇ ਜੇਕਰ ਰੂਸ ਦੀ ਗੱਲ ਕਰੀਏ ਤਾਂ ਇਸ ਦਾ ਰੱਖਿਆ ਬਜਟ ਵਧਿਆ ਹੈ। ਰੂਸ ਨੇ ਇਸ ਖਰਚ ਨੂੰ ਲਗਾਤਾਰ ਤਿੰਨ ਸਾਲਾਂ ਲਈ ਤੇਜ਼ ਕੀਤਾ ਹੈ ਅਤੇ ਆਪਣੇ ਫ਼ੌਜੀ ਖਰਚਿਆਂ ਵਿੱਚ 2.9 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ। ਰੂਸ ਆਪਣੇ ਜੀਡੀਪੀ ਦਾ 4.1 ਫੀਸਦੀ ਰੱਖਿਆ 'ਤੇ ਖਰਚ ਕਰ ਰਿਹਾ ਹੈ।

ਭਾਰਤ ਵਰਗੇ ਦੇਸ਼ ਵਿਚ ਸਿਹਤ, ਖੁਰਾਕ, ਵਿਕਾਸ ਦਾ ਸੰਕਟ ਹੈ ਤਾਂ ਫੌਜੀ ਖਰਚੇ ਵਧਾਉਣਾ ਸਿਆਣਪ ਨਹੀਂ ਹੈ।

# ਕੇਜਰੀਵਾਲ ਦੀ ਨੀਤੀ ਪੰਜਾਬ ਦੀ ਖ਼ੁਦਮੁਖਤਿਆਰੀ ਵਿਰੁੱਧ

## ✪ 'ਆਪ' ਸਰਕਾਰ ਪੁਲਿਸ ਦੁਰਵਰਤੋਂ ਦੇ ਦੋਸ਼ਾਂ ਵਿਚ ਘਿਰੀ ✪ 'ਕੇਂਦਰ ਵਲੋਂ ਬਣਾਏ ਡੈਮ ਸੇਫ਼ਟੀ ਐਕਟ ਸੰਬੰਧੀ ਪੰਜਾਬ ਸਰਕਾਰ ਦੀ ਕਬਰਾਂ ਵਰਗੀ ਚੁੱਪ'

ਕੇਜਰੀਵਾਲ ਆਪ ਸੁਪਰੀਮੋ ਕਾਰਨ ਪੰਜਾਬ ਦੀ ਖ਼ੁਦਮੁਖ਼ਤਿਆਰੀ ਖ਼ਤਰੇ ਵਿਚ ਪੈਂਦੀ ਦਿਖਾਈ ਦੇ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਸੰਦਰਭ ਵਿਚ ਪੱਥਰ ਦਾ ਬੁਤ ਬਣੀ ਬੈਠੇ ਹਨ। ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਭਗਵੰਤ ਮਾਨ ਨੂੰ ਕਠਪੁਤਲੀ ਬਣਾ ਕੇ ਖ਼ੁਦ ਸੁਪਰ ਮੁੱਖ ਮੰਤਰੀ ਹੋਣ ਦਾ ਪ੍ਰਭਾਵ ਦੇ ਰਹੇ ਹਨ, ਦੂਜੇ ਪਾਸੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਜਿਸ ਤਰਾਂ ਉਨਾਂ ਦੀ ਹਾਜ਼ਰੀ ਵਿਚ ਰਾਜ ਦੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਮੀਟਿੰਗਾਂ ਕਰ ਰਹੇ ਹਨ, ਉਹ ਕਦੇ ਵੀ ਭਾਰਤ ਦੇ ਇਤਿਹਾਸ ਵਿਚ ਨਹੀਂ ਵਾਪਰਿਆ। ਇਹ ਗਲ ਜਰੂਰ ਹੈ ਕਿ ਜਦੋਂ ਪੰਜਾਬ ਵਿਚ ਰਾਸ਼ਟਰਪਤੀ ਰਾਜ ਲੱਗਾ ਹਸੀ ਤਾਂ ਸਤਾ ਰਾਜਪਾਲ ਨੂੰ ਦੇ ਦਿਤੀ ਗਈ ਸੀ। ਪਰ ਇਸ ਵੇਲੇ ਤਾਂ ਰਾਸ਼ਟਰਪਤੀ ਰਾਜ ਨਹੀਂ, ਪੰਜਾਬ ਵਿਚ ਇਕ ਚੁਣੀ ਹੋਈ ਸਰਕਾਰ ਹੈ, ਜਿਸ ਕੋਲ ਬੇਮਿਸਾਲ ਬਹੁਮਤ ਵੀ ਹੈ। ਇਸ ਤਰਾਂ ਜਾਪਦਾ ਹੈ ਕਿ ਕੇਜਰੀਵਾਲ ਤੇ ਰਾਜਪਾਲ ਪੰਜਾਬ ਦੀ ਸਿਆਸੀ ਹਸਤੀ ਤੇ ਖ਼ੁਦਮੁਖਤਿਆਰੀ ਖਤਮ ਕਰਨਾ ਚਾਹੁੰਦੇ ਹਨ।

ਕੇਜਰੀਵਾਲ ਪੰਜਾਬ ਵਿਚ ਹਕੂਮਤੀ ਪਾਰਟੀ ਦੇ ਸਰਬਉੱਚ ਨੇਤਾ ਹਨ। ਉਨਾਂ ਨੂੰ ਪੂਰਾ-ਪੂਰਾ ਹੱਕ ਹੈ ਕਿ ਉਹ ਆਪਣੀ ਪਾਰਟੀ ਦੇ ਨੇਤਾਵਾਂ, ਵਿਧਾਇਕਾਂ, ਮੰਤਰੀਆਂ ਅਤੇ ਇਥੋਂ ਤੱਕ ਕਿ ਮੁੱਖ ਮੰਤਰੀ ਨੂੰ ਬੁਲਾਉਣ, ਉਨਾਂ ਨਾਲ ਮੀਟਿੰਗਾਂ ਕਰਨ ਤੇ ਉਨਾਂ ਨੂੰ ਪਾਰਟੀ ਦਾ ਪਾਲਸੀ ਪ੍ਰੋਗਰਾਮ ਦੇਣ। ਉਨਾਂ ਨੂੰ ਹਦਾਇਤਾਂ ਦੇਣ ਕਿ ਸਰਕਾਰ ਕਿਵੇਂ ਚੱਲਣੀ ਚਾਹੀਦੀ ਹੈ ਜਾਂ ਕਿਵੇਂ ਚਲਾਉਣੀ ਚਾਹੀਦੀ ਹੈ। ਪਰ ਇਹ ਗੈਰ ਸੰਵਿਧਾਨਕ ਹੈ ਕਿ ਉਹ ਮੁੱਖ ਮੰਤਰੀ ਨੂੰ ਪਾਸੇ ਰੱਖ ਕੇ ਖ਼ੁਦ ਹੀ ਪੰਜਾਬ ਦੇ ਅਫ਼ਸਰਾਂ ਨਾਲ ਮੀਟਿੰਗਾਂ ਕਰਨ ਤੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਨ ਕਿ ਅਸਲ ਫ਼ੈਸਲਾ ਲੈਣ ਦੀ ਤਾਕਤ ਉਨਾਂ ਕੋਲ ਹੈ ਤੇ ਅਧਿਕਾਰੀ ਸਿੱਧੇ ਉਨਾਂ ਨੂੰ ਹੀ ਜਵਾਬਦੇਹ ਹਨ। ਫਿਰ ਅਜਿਹੇ ਚਰਚੇ ਵੀ ਹਨ ਕਿ ਪੰਜਾਬ ਦੇ ਕੁਝ ਅਧਿਕਾਰੀ ਆਨਲਾਈਨ ਵੀ ਉਨਾਂ ਨੂੰ ਸਿੱਧੀ ਰਿਪੋਰਟ ਕਰਦੇ ਹਨ ਤੇ ਕੁਝ ਖ਼ਾਸ ਅਹੁਦਿਆਂ 'ਤੇ ਅਫ਼ਸਰ ਵੀ ਕੇਜਰੀਵਾਲ ਦੇ ਵਿਸ਼ਵਾਸਪਾਤਰ ਹੀ ਲਾਏ ਜਾ ਰਹੇ ਹਨ। ਸੋ ਕੁਦਰਤੀ ਹੈ ਕਿ ਅਜਿਹੇ ਅਫ਼ਸਰ ਮੁੱਖ ਮੰਤਰੀ ਦੀ ਪ੍ਰਵਾਹ ਕਿਉਂ ਕਰਨਗੇ ?

ਸਭ ਨੂੰ ਪਤਾ ਹੈ ਕਿ ਪੰਜਾਬ ਕੇਜਰੀਵਾਲ ਲਈ ਰਾਸ਼ਟਰੀ ਰਾਜਨੀਤੀ ਲਈ ਇਕ ਪੌੜੀ ਹੈ ਤੇ ਉਹ ਪੰਜਾਬ ਵਿਚ ਰਾਜ ਦਾ ਇਕ ਅਜਿਹਾ ਮਾਡਲ ਘੜਨਾ ਚਾਹੁੰਦੇ ਹਨ, ਜਿਸ ਨੂੰ ਉਹ ਮੌਜੂਦਾ ਪ੍ਰਧਾਨ ਮੰਤਰੀ ਮੋਦੀ ਦੇ ਗੁਜਰਾਤ ਮਾਡਲ ਵਾਂਗ ਹੀ 2024 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਸਕਣ। ਪਰ ਇਸ ਦੇ ਬਾਵਜੂਦ ਉਨਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਦੀਆਂ ਸੰਵਿਧਾਨਕ ਤਾਕਤਾਂ ਨੂੰ ਖਤਮ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਹ ਪ੍ਰਭਾਵ ਬਣਨ ਦੇਣਾ ਚਾਹੀਦਾ ਹੈ ਕਿ ਮੁੱਖ ਮੰਤਰੀ ਕੁਝ ਨਹੀਂ ਹੈ, ਜੋ ਹਨ ਬਸ ਕੇਜਰੀਵਾਲ ਹੀ ਹਨ। ਜਦੋਂ ਕਿ ਅਸਲੀਅਤ ਇਹ ਹੈ ਕਿ ਜਿਸ ਤਰਾਂ ਪੰਜਾਬ ਵਿਚ ਪਾਰਟੀ ਦੇ ਅੱਧੇ ਐਮ.ਪੀਜ਼ ਤੇ ਫਿਰ ਅੱਧੇ ਵਿਧਾਇਕ ਪਾਰਟੀ ਛੱਡ ਗਏ ਸਨ, ਜੇ ਭਗਵੰਤ ਮਾਨ ਨਾ ਹੁੰਦੇ ਤਾਂ ਪੰਜਾਬ ਵਿਚ ਆਪ ਪਾਰਟੀ ਦਾ ਭੋਗ ਹੀ ਪੈ ਗਿਆ ਹੁੰਦਾ। 2019 ਵਿਚ ਉਹ ਇਕੱਲੇ ਜਿੱਤੇ ਤੇ ਹੁਣ ਵੀ ਮੁੱਖ ਮੰਤਰੀ ਪਦ ਦੇ ਉਮੀਦਵਾਰ ਉਨਾਂ ਨੂੰ ਐਲਾਨਣ ਤੋਂ ਬਾਅਦ ਹੀ ਆਪ ਪਾਰਟੀ ਏਨਾ ਹੈਰਾਨੀਜਨਕ ਬਹੁਮਤ ਲੈਣ ਵਿਚ ਸਫਲ ਹੋ ਸਕੀ ਹੈ।

ਬਹੁਤੇ ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਜੇਕਰ ਕੇਜਰੀਵਾਲ ਵਲੋਂ ਉਨਾਂ ਨੂੰ ਛੋਟਾ ਦਿਖਾਉਣ ਦੀ ਖੇਡ ਜ਼ਿਆਦਾ ਦੇਰ ਚਲਦੀ ਰਹੀ ਤਾਂ ਸ਼ਾਇਦ ਉਹ ਲੰਮਾ ਸਮਾਂ ਝੁਕਣ ਦੀ 'ਅਦਾਕਾਰੀ' ਕਰਨੋ ਅਸਮਰੱਥ ਹੋ ਜਾਣ।



### ਦਿੱਲੀ ਦੇ ਮੁੱਖ ਮੰਤਰੀ ਨੂੰ ਪੰਜਾਬ ਦੀ ਸੁਰੱਖਿਆ ਦੇਣ ਉਪਰ ਵਿਵਾਦ

ਪੰਜਾਬ ਸਰਕਾਰ ਵਲੋਂ ਮਗਰਲੇ ਕੁਝ ਦਿਨਾਂ ਦੌਰਾਨ ਆਪ ਪਾਰਟੀ ਦੇ ਕਨਵੀਨਰ ਕੇਜਰੀਵਾਲ ਦੀ ਨੁਕਤਾਚੀਨੀ ਕਰਨ ਵਾਲੇ ਸਿਆਸੀ ਕਾਰਕੁਨਾਂ ਵਿਰੁੱਧ ਪੰਜਾਬ ਵਿਚ ਕੇਸ ਦਰਜ ਕਰ ਕੇ ਇਨਾਂ ਆਗੂਆਂ ਨੂੰ ਦਿੱਲੀ ਸੰਮਨ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ, ਉਸ ਨੇ ਸਿਆਸੀ ਹਲਕਿਆਂ ਵਿਚ ਇਕ ਤਰਾਂ ਨਾਲ ਹਲਚਲ ਮਚਾ ਦਿੱਤੀ ਹੈ ਅਤੇ ਪੰਜਾਬ ਪੁਲਿਸ ਵੀ ਇਕ ਵਾਰ ਫਿਰ ਤਾਕਤ ਦੀ ਦੁਰਵਰਤੋਂ ਦੇ ਦੋਸ਼ਾਂ ਵਿਚ ਘਿਰਦੀ ਜਾ ਰਹੀ ਹੈ। ਪੰਜਾਬ ਪੁਲਿਸ ਵਲੋਂ ਦਿੱਲੀ ਦੇ ਭਾਜਪਾ ਆਗੂ ਤਜਿੰਦਰਪਾਲ ਸਿੰਘ ਬੱਗਾ ਤੇ ਦਿੱਲੀ ਦੇ ਹੀ ਇਕ ਹੋਰ ਆਗੂ ਨਵੀਨ ਕੁਮਾਰ ਜਿੰਦਲ ਵਿਰੁੱਧ ਕੇਸ ਦਰਜ ਕਰ ਕੇ ਜਿਵੇਂ ਕਾਰਵਾਈ ਸ਼ੁਰੂ ਕੀਤੀ ਗਈ ਸੀ ਉਸ 'ਤੇ ਹਾਈਕੋਰਟ ਵਲੋਂ ਰੋਕ ਲੱਗ ਗਈ ਹੈ, ਪਰ ਹੁਣ ਆਪ ਪਾਰਟੀ ਦੇ ਮੋਢੀਆਂ ਵਿਚਲੇ ਕੁਮਾਰ ਵਿਸ਼ਵਾਸ ਅਤੇ ਕਾਂਗਰਸ ਆਗੂ ਅਲਕਾ ਲਾਂਬਾ ਵਿਰੁੱਧ ਵੀ ਜਿਵੇਂ ਕੇਸ ਦਾਇਰ ਕਰ ਕੇ ਉਨਾਂ ਨੂੰ ਜਿਵੇਂ ਰੋਪੜ ਪੁੱਛਗਿੱਛ ਲਈ ਸੰਮਨ ਭੇਜੇ ਗਏ ਹਨ, ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਕੁਮਾਰ ਵਿਸ਼ਵਾਸ 'ਤੇ ਕੇਜਰੀਵਾਲ ਵਿਰੁੱਧ ਜਿਸ ਬਿਆਨ 'ਤੇ ਕੇਸ ਦਰਜ ਕੀਤਾ ਗਿਆ ਹੈ ਉਹ ਦਿੱਲੀ ਵਿਖੇ ਜਾਰੀ ਕੀਤਾ ਗਿਆ ਸੀ ਅਤੇ ਇਸ ਕੇਸ ਵਿਚ ਬਿਆਨ ਜਾਰੀ ਕਰਨ ਵਾਲਾ ਤੇ ਜਿਸ ਵਿਰੁੱਧ ਬਿਆਨ ਜਾਰੀ ਹੋਇਆ ਉਹ ਵੀ ਦਿੱਲੀ ਦੇ ਵਸਨੀਕ ਹਨ ਅਤੇ ਇਸੇ ਮਾਮਲੇ ਨਾਲ ਹੀ ਅਲਕਾ ਲਾਂਬਾ ਨੂੰ ਵੀ ਜੋੜ ਲਿਆ ਗਿਆ। ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਉਕਤ ਮਾਮਲੇ ਵਿਚ ਪੰਜਾਬ ਵਿਖੇ ਕੇਸ ਦਰਜ ਕਰਨ ਦਾ ਅਧਿਕਾਰ ਖੇਤਰ ਹੀ ਨਹੀਂ ਬਣਦਾ। ਦਿਲਚਸਪ ਗੱਲ ਹੈ ਕਿ ਡੇਢ ਮਹੀਨੇ ਪਹਿਲਾਂ ਜਾਰੀ ਕੀਤੇ ਬਿਆਨ 'ਤੇ ਹੁਣ ਕੇਸ ਦਰਜ ਹੋਇਆ।ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਅਦਾਲਤ ਪੰਜਾਬ ਪੁਲਿਸ ਦੀ ਕਾਰਵਾਈ ਦਾ ਸਖ਼ਤ ਨੋਟਿਸ ਵੀ ਲੈ ਸਕਦੀ ਹੈ ਕਿਉਂਕਿ ਇਸ ਕੇਸ ਲਈ ਅਧਿਕਾਰ ਖੇਤਰ ਦਿੱਲੀ ਪੁਲਿਸ ਦਾ ਹੀ ਬਣਦਾ ਸੀ। ਪੰਜਾਬ ਪੁਲਿਸ ਸਿਆਸੀ ਦਬਾਅ ਹੇਠ ਕੰਮ ਕਰਨ ਲਈ ਜਿਵੇਂ ਮਜਬੂਰ ਹੋ ਰਹੀ ਹੈ, ਉਸ ਕਾਰਨ ਆਪ ਪਾਰਟੀ ਦੀ ਸਰਕਾਰ ਵੀ ਵਿਵਾਦਾਂ ਵਿਚ ਘਿਰਦੀ ਜਾ ਰਹੀ ਹੈ।ਇਸੇ ਤਰਾਂ ਸਰਕਾਰੀ ਹਲਕਿਆਂ ਵਿਚ ਮੁੱਖ ਮੰਤਰੀ ਸੁਰੱਖਿਆ ਦੀ ਇਕ ਕੰਪਨੀ ਜਿਸ ਵਿਚ ਕੋਈ 90 ਕਮਾਂਡੋਜ਼ ਹਨ, ਇਕ ਲੈਂਡਕਰੂਜ਼ਰ ਬੁਲਟ ਪਰੂਫ਼ ਤੇ ਕੋਈ ਅੱਧੀ ਦਰਜਨ ਹੋਰ ਗੱਡੀਆਂ ਨਾਲ ਦਿੱਲੀ ਪੰਜਾਬ ਭਵਨ ਵਿਖੇ ਅਟੈਚ ਕਰਨਾ ਵੀ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਕਿਉਂਕਿ ਦੱਸਿਆ ਜਾ ਰਿਹਾ ਹੈ ਕਿ ਇਸ ਫੋਰਸ ਦੀ ਵਰਤੋਂ ਲੋੜ ਅਨੁਸਾਰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਵਲੋਂ ਵੀ ਕੀਤੀ ਜਾ ਸਕੇਗੀ। ਕੇਜਰੀਵਾਲ ਜਿਨਾਂ ਹੇਠ ਪੁਲਿਸ ਵਿਭਾਗ ਨਹੀਂ ਹੈ, ਨੂੰ ਆਪਣੀ ਸੁਰੱਖਿਆ ਲਈ ਕੇਂਦਰ ਵਿਚਲੀ ਭਾਜਪਾ ਸਰਕਾਰ ਦੇ ਮੂੰਹ ਵੱਲ ਵੇਖਣਾ ਪੈਂਦਾ ਹੈ, ਜਿਸ ਨਾਲ ਉਨਾਂ ਦਾ ਹਮੇਸ਼ਾ ਟਕਰਾਅ ਵੀ ਰਿਹਾ ਹੈ।

### ਡੈਮ ਸੇਫ਼ਟੀ ਐਕਟ ਸੰਬੰਧੀ ਮਾਨ ਸਰਕਾਰ ਦੀ ਚੁੱਪ

ਕੇਂਦਰ ਸਰਕਾਰ ਵਲੋਂ ਦੇਸ਼ ਭਰ ਵਿਚ ਡੈਮਾਂ ਦੀ ਸੁਰੱਖਿਆ, ਰੱਖ-ਰਖਾਵ ਅਤੇ ਨਿਗਰਾਨੀ ਦੇ ਨਾਂ 'ਤੇ ਬਣਾਏ ਨਵੇਂ ਡੈਮ ਸੁਰੱਖਿਆ ਬਿੱਲ 2021 ਸੰਬੰਧੀ ਪੰਜਾਬ ਸਰਕਾਰ ਦੀ ਕਬਰਾਂ ਵਰਗੀ ਚੁੱਪੀ ਹੈਰਾਨੀਜਨਕ ਹੈ। ਕੇਂਦਰ ਵਲੋਂ ਰਾਜ ਸਭਾ ਤੋਂ 2 ਦਸੰਬਰ 2021 ਨੂੰ ਪ੍ਰਵਾਨ ਕਰਵਾ ਕੇ ਬਣਾਏ ਇਸ ਬਿੱਲ ਨੂੰ ਲਾਗੂ ਕੀਤਾ ਹੈ, ਉਸ ਨਾਲ ਦੇਸ਼ ਦੇ ਕੋਈ 5675 ਡੈਮ ਜੋ ਇਸ ਵੇਲੇ ਰਾਜਾਂ ਦੇ ਅਧਿਕਾਰ ਹੇਠ ਹਨ ਅਤੇ ਕੇਂਦਰ ਵਲੋਂ ਆਪਣਾ ਕੰਟਰੋਲ ਵੀ ਸਥਾਪਤ ਕਰ ਲਿਆ ਜਾਵੇਗਾ। ਇਸ ਐਕਟ ਅਨੁਸਾਰ ਇਨਾਂ ਡੈਮਾਂ ਦੇ ਪ੍ਰਬੰਧ ਲਈ ਜੋ ਕਮੇਟੀਆਂ ਦੇ ਗਠਨ ਦੀ ਗੱਲ ਕੀਤੀ ਗਈ ਹੈ, ਉਨਾਂ ਦੀ ਬਣਤਰ ਅਜਿਹੀ ਰੱਖੀ ਗਈ ਹੈ ਕਿ ਸੂਬਿਆਂ ਦੇ ਡੈਮਾਂ 'ਤੇ ਵੀ ਕੇਂਦਰ ਹਾਵੀ ਹੋ ਜਾਵੇਗਾ। ਇਸ ਬਿੱਲ ਦੇ ਲਾਗੂ ਹੋਣ ਨਾਲ ਕੇਂਦਰ ਸਰਕਾਰ ਸੂਬਿਆਂ ਵਲੋਂ ਚਲਾਏ ਜਾਂਦੇ ਡੈਮਾਂ, ਦਰਿਆਵਾਂ ਤੇ ਨਾਲਿਆਂ ਦੇ ਪਾਣੀ ਦੀ ਵਰਤੋਂ, ਸਿੰਜਾਈ, ਪਾਣੀ ਦੀ ਸੰਭਾਲ ਅਤੇ ਬਿਜਲੀ ਪੈਦਾ ਕਰਨ ਦੇ ਅਧਿਕਾਰਾਂ 'ਤੇ ਵੀ ਭਾਰੂ ਬਣ ਜਾਵੇਗੀ ਅਤੇ ਕੇਂਦਰ ਸੁਰੱਖਿਆ ਦੇ ਨਾਂ 'ਤੇ ਡੈਮਾਂ ਤੋਂ ਪਾਣੀ ਦੀ ਦਿਸ਼ਾ ਵੀ ਬਦਲ ਸਕੇਗਾ।

ਬਿੱਲ ਅਨੁਸਾਰ ਪ੍ਰਬੰਧਕੀ ਕਮੇਟੀ ਤੇ ਬੋਰਡਾਂ ਦੇ ਗਠਨ ਦੀਆਂ ਤਾਕਤਾਂ ਵੀ ਕੇਂਦਰ ਕੋਲ ਚਲੀਆਂ ਜਾਣਗੀਆਂ ਅਤੇ ਕੇਂਦਰ ਇਨਾਂ ਵਿਚ ਰਾਜਾਂ ਦੀ ਨੁਮਾਇੰਦਗੀ ਨਾ-ਬਰਾਬਰ ਵੀ ਕਰ ਸਕੇਗੀ ਪਰ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕ ਸਭਾ ਤੇ ਰਾਜ ਸਭਾ ਵਿਚਲੇ ਨੁਮਾਇੰਦਿਆਂ ਇਸ ਬਿੱਲ ਦਾ ਨੋਟਿਸ ਕਿਉਂ ਨਹੀਂ ਲਿਆ ਅਤੇ ਇਸ ਦਾ ਵਿਰੋਧ ਕਿਉਂ ਨਹੀਂ ਕੀਤਾ ? ਇਹ ਵੱਡੀ ਚਿੰਤਾ ਵਾਲਾ ਵਿਸ਼ਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੂਬੇ ਵਿਚਲੇ ਵੱਡੇ ਦਰਿਆਵਾਂ ਦੇ ਅੰਤਰਰਾਜੀ ਹੋ ਜਾਣ ਉਨਾਂ ਦਾ ਕੰਟਰੋਲ 1966 ਤੋਂ ਬਾਅਦ ਪੰਜਾਬੀ ਸੂਬਾ ਬਣਨ ਨਾਲ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਕੋਲ ਚਲਾ ਗਿਆ ਸੀ ਪਰ ਸੂਬੇ ਵਿਚਲੇ ਦੂਜੇ ਸਾਰੇ ਬਰਸਾਤੀ ਨਾਲਿਆਂ, ਚੋਆਂ ਤੇ ਪਾਣੀ ਦੇ ਸਰੋਤਾਂ ਦਾ ਕੰਟਰੋਲ ਸੂਬਾ ਸਰਕਾਰ ਕੋਲ ਹੀ ਹੈ ਅਤੇ ਇਨਾਂ 'ਤੇ ਕਈ ਥਾਵਾਂ 'ਤੇ ਡੈਮ ਵੀ ਹਨ ਜੋ ਮੁੱਖ ਤੌਰ 'ਤੇ ਸਿੰਜਾਈ ਦੇ ਕੰਮ ਆਉਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਆਂਧਰਾ ਪ੍ਰਦੇਸ਼ ਤੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾਵਾਂ ਵਲੋਂ ਅਜਿਹਾ ਐਕਟ ਬਣਾਉਣ ਦੀ ਮੰਗ ਰੱਖੀ ਗਈ ਸੀ ਅਤੇ ਬਿੱਲ ਦੇ ਮੁਢਲੇ ਡਰਾਫ਼ਟ ਵਿਚ ਇਹ ਲਿਖਿਆ ਗਿਆ ਸੀ ਕਿ ਸੰਵਿਧਾਨ ਵਿਚ ਸੂਬਿਆਂ ਦੇ ਅਧਿਕਾਰਾਂ ਦੀ ਸੂਚੀ 'ਤੇ 17 ਨੰਬਰ ਅਨੁਸਾਰ ਪਾਣੀ ਦੀ ਸਪਲਾਈ, ਸਿੰਜਾਈ, ਨਹਿਰਾਂ, ਡਰੇਨਾਂ, ਪਾਣੀ ਦੇ ਇਕੱਠਾ ਕਰਨਾ ਆਦਿ ਸੂਬੇ ਦੇ ਅਧਿਕਾਰ ਹੇਠ ਹੈ ਪਰ ਦੋ ਜਾਂ ਵੱਧ ਰਾਜਾਂ ਵਲੋਂ ਮਤਾ ਪਾਸ ਕਰਨ 'ਤੇ ਪਾਰਲੀਮੈਂਟ ਕਾਨੂੰਨ ਬਣਾ ਸਕਦੀ ਪਰ ਇਹ ਕਾਨੂੰਨ ਉਨਾਂ ਰਾਜਾਂ 'ਤੇ ਲਾਗੂ ਹੋ ਸਕਦਾ ਹੈ ਜੋ ਇਹ ਮਤਾ ਪਾਸ ਕਰਨ ਪਰ ਹੁਣ ਪਾਰਲੀਮੈਂਟ ਵਲੋਂ ਜੋ ਬਿੱਲ ਪਾਸ ਹੋਇਆ ਹੈ, ਉਸ ਨੂੰ ਸਮੁੱਚੇ ਦੇਸ਼ 'ਤੇ ਹੀ ਲਾਗੂ ਕਰ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਹੁਣ 10 ਮੀਟਰ ਤੋਂ ਵੱਧ ਉਚਾਈ ਵਾਲੇ ਸਾਰੇ ਡੈਮ ਹੀ ਇਸ ਕਾਨੂੰਨ ਹੇਠ ਆ ਜਾਣਗੇ। ਡੀ.ਐਮ.ਕੇ. ਦੇ ਐਮ. ਪੀ ਐਸ. ਰਾਮਿਾਲੰਗਮ ਵਲੋਂ ਮਦਰਾਸ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਇਸ ਐਕਟ ਨੂੰ ਚੁਨੌਤੀ ਦਿੱਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਪਾਣੀ ਸੂਬਿਆਂ ਦੇ ਅਧਿਕਾਰ ਹੇਠ ਹੋਣ ਕਾਰਨ ਕੇਂਦਰ ਇਸ 'ਤੇ ਕਾਨੂੰਨ ਨਹੀਂ ਬਣਾ ਸਕਦਾ ਤੇ ਨਾ ਹੀ ਇਸ ਨੂੰ ਸਾਰੇ ਸੂਬਿਆਂ 'ਤੇ ਲਾਗੂ ਕਰ ਸਕਦਾ ਹੈ।'

ਨਾਮਵਰ ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਜਾਂ ਪਾਰਲੀਮੈਂਟ ਸੂਬਿਆਂ ਦੀ ਸੂਚੀ ਵਿਚਲੇ ਵਿਸ਼ਿਆਂ 'ਤੇ ਕਾਨੂੰਨ ਨਹੀਂ ਬਣਾ ਸਕਦੇ ਅਤੇ ਇਸ ਲਈ ਪਹਿਲਾਂ ਸੰਵਿਧਾਨ ਵਿਚ ਤਰਮੀਮ ਕਰਨੀ ਜ਼ਰੂਰੀ ਹੈ, ਜਿਸ ਲਈ ਪਾਰਲੀਮੈਂਟ ਵਿਚ ਦੋ-ਤਿਹਾਈ ਵੋਟ ਤੋਂ ਇਲਾਵਾ ਸੂਬਿਆਂ ਦੀਆਂ ਅਸੈਂਬਲੀਆਂ ਦੀ ਵੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ ਪਰ ਪੰਜਾਬ ਜੋ ਇਕ ਖੇਤੀ ਪ੍ਰਧਾਨ ਸੂਬਾ ਹੈ ਜਿੱਥੇ ਸਿੰਜਾਈ ਕਿਸਾਨੀ ਤੇ ਖੇਤੀ ਲਈ ਰੀੜ ਦੀ ਹੱਡੀ ਹੈ ਉੱਥੇ ਸੂਬੇ ਵਲੋਂ ਅਜਿਹੇ ਕਾਨੂੰਨ ਸਬੰਧੀ ਅੱਖਾਂ ਬੰਦ ਰੱਖਣਾ ਕਿੰਨਾ ਕੁ ਮਾਰੂ ਸਾਬਤ ਹੋ ਸਕਦਾ ਹੈ ਇਸ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ ਪਰ ਪੰਜਾਬ ਦੀ ਸਿਆਸੀ ਲੀਡਰਸ਼ਿਪ ਅਤੇ ਅਫ਼ਸਰਸ਼ਾਹੀ ਦਾ ਦਿਵਾਲੀਆਪਣ ਵੀ ਸਪਸ਼ਟ ਨਜ਼ਰ ਆ ਰਿਹਾ ਹੈ, ਜਿਸ ਵਲੋਂ ਸੂਬੇ ਲਈ ਅਤਿ ਜ਼ਰੂਰੀ ਮੁੱਦੇ ਦਾ ਨੋਟਿਸ ਲੈਣ ਦੀ ਲੋੜ ਤੱਕ ਨਹੀਂ ਸਮਝੀ।

# ਸਿੱਧੂ ਦੇ ਨਿਸ਼ਾਨੇ ਉਪਰ ਕੇਜਰੀਵਾਲ

## 'ਆਪ' ਦੇ ਕੌਮੀ ਕਨਵੀਨਰ ਨੂੰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਯਾਦ ਕਰਵਾਏ

**ਚੰਡੀਗੜ** : ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਸਾਨ ਖ਼ੁਦਕੁਸ਼ੀਆਂ ਦੇ ਮੁੱਦੇ 'ਤੇ ਆਮ ਪਾਰਟੀ ਦੇ ਕੌਮੀ ਕਨਵੀਨਰ ਕੇਜਰੀਵਾਲ 'ਤੇ ਸਵਾਲ ਚੁੱਕੇ ਹਨ। ਉਨਾਂ ਕੇਜਰੀਵਾਲ ਨੂੰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਯਾਦ ਕਰਵਾਏ ਹਨ। ਸਿੱਧੂ ਨੇ ਕਿਹਾ ਕਿ ਕੇਜਰੀਵਾਲ ਆਖਦੇ ਰਹੇ ਹਨ ਕਿ ਪੰਜਾਬ ਵਿੱਚ ਪਹਿਲੀ ਅਪਰੈਲ ਤੋਂ ਬਾਅਦ ਕੋਈ ਕਿਸਾਨ ਖ਼ੁਦਕੁਸ਼ੀ ਨਹੀਂ ਕਰੇਗਾ ਪਰ ਪੰਜਾਬ ਵਿੱਚ ਰੋਜ਼ਾਨਾ ਅਜਿਹਾ ਵਰਤਾਰਾ ਵਾਪਰ ਰਿਹਾ ਹੈ।ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਬੀਤੇ ਦਿਨੀਂ ਬਠਿੰਡਾ ਜ਼ਿਲੇ ਵਿੱਚ ਖ਼ੁਦਕੁਸ਼ੀ ਕਰਨ ਵਾਲੇ ਦੋ ਕਿਸਾਨਾਂ ਦੇ ਘਰ ਜਾ ਕੇ ਦੁੱਖ ਵੰਡਾ ਕੇ ਆਏ ਹਨ। ਸਿੱਧੂ ਨੇ ਕਿਹਾ ਹੈ ਕਿ ਪੰਜਾਬ ਵਿੱਚ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲਣ ਵਾਸਤੇ ਅਰਵਿੰਦ ਕੇਜਰੀਵਾਲ ਕਦੋਂ ਜਾਣਗੇ। ਨਵਜੋਤ ਸਿੱਧੂ ਨੇ ਟਵੀਟ ਕੀਤਾ, 'ਅਰਵਿੰਦ ਕੇਜਰੀਵਾਲ ਜੀ, ਤੁਸੀਂ ਝੂਠ ਬੋਲਣਾ ਕਦੋਂ ਬੰਦ ਕਰੋਗੇ। ਇੱਕੋ ਜ਼ਿਲੇ ਵਿਚ ਸੱਤ ਕਿਸਾਨ ਖ਼ੁਦਕੁਸ਼ੀ ਕਰ ਗਏ ਹਨ। ਸੋਚ ਕੇ ਦੇਖੋ ਕਿ 23 ਜ਼ਿਲਿਆਂ ਵਿੱਚ ਕਿਸਾਨਾਂ ਦੀ ਕੀ ਹਾਲਤ ਹੋਵੇਗੀ। ਪੰਜਾਬ ਪ੍ਰਤੀ ਤੁਹਾਡੀ ਜ਼ਿੰਮੇਵਾਰੀ ਅਤੇ ਫ਼ਿਕਰ ਹੁਣ ਕਿੱਥੇ ਹਨ ? ਵਾਅਦੇ ਅਨੁਸਾਰ ਮੁਆਵਜ਼ਾ ਕਿਥੇ ਹੈ ? ਜੋ ਤੁਸੀਂ ਕਹਿੰਦੇ ਹੋ, ਉਸ ਉੱਪਰ ਪਹਿਰਾ ਵੀ ਦੇਵੋ।'

ਸਿੱਧੂ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਆਪਣੇ ਸਿਆਸੀ ਮਨੋਰਥਾਂ ਲਈ ਪੰਜਾਬ ਨੂੰ ਵਰਤਿਆ ਹੈ। ਜਦੋਂ ਹੁਣ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਆ ਗਈਆਂ ਹਨ ਤਾਂ ਕੇਜਰੀਵਾਲ ਪੰਜਾਬ ਨੂੰ ਭੁੱਲ ਹੀ ਗਏ ਹਨ।

ਸਿੱਧੂ ਨੇ ਕਿਹਾ ਕਿ ਹੁਣ ਸਾਫ਼ ਹੋ ਗਿਆ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਤੇ ਉਨਾਂ ਦੀ ਪਾਰਟੀ ਦਿੱਲੀ ਪੁਲਿਸ ਨੂੰ ਦਿੱਲੀ



ਸਰਕਾਰ ਦੇ ਅਧੀਨ ਕਰਨ ਦੀ ਮੰਗ ਕਿਉਂ ਕਰਦੇ ਰਹੇ ਹਨ। ਪੰਜਾਬ ਵਿਚ ਆਮ ਪਾਰਟੀ ਦੀ ਸਰਕਾਰ ਬਣਦਿਆਂ ਹੀ ਪੰਜਾਬ ਪੁਲਿਸ ਦਾ ਪੱਕਾ ਡੇਰਾ ਦਿੱਲੀ ਵਿਚ ਲੱਗ ਗਿਆ ਹੈ। ਆਪ ਪਾਰਟੀ ਜਾਂ ਕੇਜਰੀਵਾਲ ਦੇ ਖ਼ਿਲਾਫ਼ ਸੋਸ਼ਲ ਮੀਡੀਆ ਵਿਚ ਲਿਖਣ ਵਾਲਿਆਂ ਦੇ ਪਿੱਛੇ ਪੰਜਾਬ ਪੁਲਿਸ ਲਗਾ ਦਿੱਤੀ ਗਈ ਹੈ। ਸਿੱਧੂ ਨੇ ਕਿਹਾ ਕਿ ਦਿੱਲੀ ਵਿਚ ਪੁਲਿਸ ਕੇਂਦਰ ਸਰਕਾਰ ਦੇ ਅਧੀਨ ਹੈ, ਇਸ ਲਈ ਕੇਜਰੀਵਾਲ ਹਮੇਸ਼ਾ ਇਸ ਗੱਲ ਨੂੰ ਉਛਾਲਦੇ ਰਹਿੰਦੇ ਸਨ ਕਿ ਉਨਾਂ ਦੇ ਕੋਲ ਪੁਲਿਸ ਨਹੀਂ ਹੈ, ਇਸ ਲਈ ਦਿੱਲੀ ਦੀ ਕਾਨੂੰਨ ਵਿਵਸਥਾ ਠੀਕ ਨਹੀਂ ਹੋ ਪਾ ਰਹੀ। ਪਰ ਪੰਜਾਬ ਵਿਚ ਉਨਾਂ ਨੂੰ ਪੁਲਿਸ ਮਿਲੀ ਤਾਂ ਉਸ ਦੀ ਵਰਤੋਂ ਉਨਾਂ ਨੇ ਆਪਣੇ ਵਿਰੋਧੀਆਂ ਦੇ ਖ਼ਿਲਾਫ਼ ਸ਼ੁਰੂ ਕਰ ਦਿੱਤੀ। ਕੇਜਰੀਵਾਲ 'ਤੇ ਕਈ ਦੋਸ਼ ਲਗਾਉਣ ਵਾਲੇ ਉਨਾਂ ਦੇ ਪੁਰਾਣੇ ਸਾਥੀ ਕੁਮਾਰ ਵਿਸ਼ਵਾਸ ਅਤੇ ਕਾਂਗਰਸ ਨੇਤਾ ਅਤੇ ਆਪ ਪਾਰਟੀ ਦੀ ਸਾਬਕਾ ਵਿਧਾਇਕ ਅਲਕਾ ਲਾਂਬਾ ਦੇ ਘਰ ਵੀ ਪੰਜਾਬ ਪੁਲਿਸ ਭੇਜ ਕੇ ਹਿਟਲਰਸ਼ਾਹੀ ਦਿਖਾਈ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

27 ਅਪ੍ਰੈਲ 2022 ਤੋਂ 03 ਮਈ 2022

## 26 ਅਪ੍ਰੈਲ 1984- ਜੂਨ 84 ਦੇ ਹਮਲਿਆਂ ਤੋਂ ਪਹਿਲਾਂ

ਅਪ੍ਰੈਲ 1984 ਦੇ ਅਖੀਰਲੇ ਦਿਨਾਂ ਵਿੱਚ ਸੀ.ਆਰ.ਪੀ.ਐੱਫ. ਵੱਲੋਂ ਮੋਗਾ ਸ਼ਹਿਰ ਦੇ ਤਿੰਨ ਗੁਰਦੁਆਰਾ ਸਾਹਿਬਾਨ - ਗੁਰਦੁਆਰਾ ਅਕਾਲਸਰ ਸਾਹਿਬ, ਗੁਰਦੁਆਰਾ ਬੀਬੀ ਕਾਹਨ ਕੌਰ ਜੀ ਅਤੇ ਗੁਰਦੁਆਰਾ ਸਿੰਘ ਸਭਾ ਨੂੰ ਘੇਰਾ ਪਾਇਆ ਗਿਆ। 26 ਅਪ੍ਰੈਲ 1984 ਨੂੰ ਗੁਰਦੁਆਰਾ ਬੀਬੀ ਕਾਹਨ ਕੌਰ ਦੇ ਬਾਹਰ ਸੀ.ਆਰ.ਪੀ.ਐੱਫ/ ਪੁਲਿਸ ਵੱਲੋਂ ਚਲਾਈ ਗਈ ਅੰਨੇਵਾਹ ਗੋਲੀ ਨਾਲ 8 ਸਿੰਘ ਸ਼ਹੀਦ ਹੋਏ ਅਤੇ ਅਨੇਕਾਂ ਜ਼ਖ਼ਮੀ ਹੋਏ। ਕਰਫਿਊ ਲਗਾਇਆ ਗਿਆ, ਗੁਰਦੁਆਰਾ ਸਾਹਿਬ ਅੰਦਰ ਪ੍ਰਸਾਦਾ ਪਾਣੀ ਜਾਣੋ ਰੋਕਿਆ ਗਿਆ। ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ ਅਤੇ ਹੋਰ ਅਨੇਕਾਂ ਗੁਰਦੁਆਰਾ ਸਾਹਿਬਾਨ ਉੱਤੇ ਜੂਨ 1984 ਵਿੱਚ ਜੋ ਹਮਲਾ ਕਰਨਾ ਸੀ, ਇਹ ਇੱਕ ਤਰਾਂ ਉਸ ਦਾ ਅਭਿਆਸ ਸੀ ਅਤੇ ਅਗਲੇ ਅਮਲ ਲਈ ਉਸ ਦੀ ਪਰਖ ਵੀ ਸੀ। ਪਰਖ ਇਹ ਸੀ ਕਿ ਇਸ ਕਾਰਵਾਈ ਦੇ ਪ੍ਰਤੀਕਰਮ ਵਿੱਚ ਸਿੱਖ ਕੀ ਕਰਦੇ ਹਨ ਤਾਂ ਕਿ ਇਸ ਤੋਂ ਸਬਕ ਲੈ ਕੇ 40 ਦਿਨਾਂ ਬਾਅਦ ਕੀਤੇ ਜਾਣ ਵਾਲੇ ਹਮਲਿਆਂ ਲਈ ਹੋਰ ਬਿਹਤਰ ਤਿਆਰੀ ਹੋ ਸਕੇ।

ਧਰਮ ਯੁੱਧ ਮੋਰਚੇ ਦੌਰਾਨ ਲਗਾਤਾਰ ਸਿੰਘਾਂ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਸਨ, ਪੁਲਿਸ ਨੇ ਜਦੋਂ ਸੰਤਾਂ ਦੇ ਭਰਾ ਜਗਜੀਤ ਸਿੰਘ ਅਤੇ ਹੋਰ ਕਈ ਸਿੰਘ ਗ੍ਰਿਫਤਾਰ ਕਰ ਲਏ ਸਨ ਤਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਿਤ ਸਿੰਘਾਂ ਵੱਲੋਂ ਮੋਗਾ ਵਿਖੇ ਇਨਾਂ ਸਿੰਘਾਂ ਦੀ ਰਿਹਾਈ ਲਈ ਮੋਰਚਾ ਲਾਉਣ ਲਈ ਇਕੱਠ ਰੱਖਿਆ ਗਿਆ। ਇਸ ਵਿੱਚ ਮੋਗਾ ਦੇ ਪਿੰਡ ਅਜੀਤਵਾਲ ਤੋਂ ਭਾਈ ਗੁਰਮੇਲ ਸਿੰਘ (ਸਰਪੰਚ) ਮੋਢੀ ਸਨ। ਉਨਾਂ ਨੇ ਹੀ ਬਾਕੀ ਸਿੰਘਾਂ ਨੂੰ ਸੱਦੇ ਦਿੱਤੇ ਸਨ। ਭਾਈ ਗੁਰਮੇਲ ਸਿੰਘ ਦੇ ਨਾਲ ਇਸ ਮੋਰਚੇ ਵਿੱਚ ਵੱਖ-ਵੱਖ ਪਿੰਡਾਂ ਤੋਂ ਸਿੰਘ ਆਏ। ਸੰਗਤ ਗੁਰਦੁਆਰਾ ਸਿੰਘ ਸਭਾ ਵਾਲੇ ਪਾਸੇ ਇਕੱਠੀ ਹੋਈ ਪਰ ਸਰਕਾਰ ਨੇ ਸਖ਼ਤੀ ਕਰਦਿਆਂ ਕਰਫ਼ਿਊ ਲਗਾ ਦਿੱਤਾ। ਕਰਫ਼ਿਊ ਲੱਗਣ 'ਤੇ ਸੰਗਤ ਗੁਰਦੁਆਰਾ ਬੀਬੀ ਕਾਹਨ ਕੌਰ ਚਲੀ ਗਈ। ਕੁਝ ਸਿੰਘ ਸਿੱਧਾ ਬੀਬੀ ਕਾਹਨ ਕੌਰ ਆ ਗਏ। ਪੁਲਿਸ ਅਤੇ ਸੀ.ਆਰ.ਪੀ.ਐੱਫ. ਦਾ ਗੁਰਦੁਆਰਾ ਸਾਹਿਬ ਨੂੰ ਘੇਰਾ ਵੀ ਸੀ ਪਰ ਸੰਗਤ ਨੂੰ ਇੱਕ ਥਾਂ ਇਕੱਠਾ ਹੋਣ ਦਿੱਤਾ ਗਿਆ। 26 ਅਪ੍ਰੈਲ ਨੂੰ ਇੱਕ ਵਾਰ ਕਰਫ਼ਿਊ ਖੋਲ ਦਿੱਤਾ/ਢਿੱਲ ਦਿੱਤੀ ਗਈ, ਜਦੋਂ ਕਰਫ਼ਿਊ ਖੋਲਿਆ ਤਾਂ ਚਾਰ ਸਿੰਘ ਗੁਰੂ ਘਰ ਤੋਂ ਬਾਹਰ ਨਿਕਲੇ। ਜਦੋਂ ਉਹ ਅਜੇ ਸਿਰਫ ਫਾਟਕ ਹੀ ਲੰਘੇ ਸਨ ਤਾਂ ਪੁਲਿਸ ਨੇ ਉਨਾਂ ਨੂੰ ਧੱਕੇ ਨਾਲ ਗ੍ਰਿਫਤਾਰ ਕਰ ਲਿਆ। ਇਸ ਗੱਲ ਦਾ ਜਦੋਂ ਸੰਗਤ ਨੂੰ ਪਤਾ ਲੱਗਿਆ ਤਾਂ ਮਹੌਲ ਹੋਰ ਵੀ ਤਣਾਅਪੂਰਨ ਹੋ ਗਿਆ।

ਭਾਈ ਗੁਰਮੇਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਕਿਹਾ ਕਿ ਜਿਨਾਂ ਨੇ ਸ਼ਹੀਦੀਆਂ ਪਾਉਣੀਆਂ ਹਨ ਸਿਰਫ ਓਹੀ ਬਾਹਰ ਆਇਓ ਬਾਕੀ ਅੰਦਰ ਹੀ ਰਹਿਣਾ। ਫਿਰ ਸੰਗਤ ਗੁਰੂ ਘਰ ਤੋਂ ਬਾਹਰ ਬਜ਼ਾਰ ਦੇ ਮੁੱਖ ਫਾਟਕ ਵਾਲੇ ਪਾਸੇ ਆ ਗਈ ਜੋ ਗੁਰਦੁਆਰਾ ਸਾਹਿਬ ਦੇ ਬਿਲੁਕਲ ਸਾਹਮਣੇ ਹੀ ਸੀ। ਪਰ ਅੱਗਿਓਂ ਪੁਲਿਸ ਅਤੇ ਸੀ.ਆਰ.ਪੀ.ਐੱਫ ਵੱਲੋਂ ਗੋਲ਼ੀ ਚਲਾਉਣ ਦੀ ਧਮਕੀ ਦੇ ਕੇ ਸੰਗਤ ਨੂੰ ਵਾਪਸ ਜਾਣ ਲਈ ਕਿਹਾ ਗਿਆ। ਭਾਈ ਗੁਰਮੇਲ ਸਿੰਘ ਨੇ ਜਵਾਬ ਵਿੱਚ ਗ੍ਰਿਫਤਾਰ ਕੀਤੇ ਸਿੰਘਾਂ ਨੂੰ ਰਿਹਾਅ ਕਰਨ ਦੀ ਗੱਲ ਕਹੀ ਅਤੇ ਇਹ ਵੀ ਕਿਹਾ ਕਿ ਕਰਫਿਊ ਵਿੱਚ ਢਿੱਲ ਸਭ ਲਈ ਹੈ, ਫਿਰ ਜੇ ਬਾਕੀ ਲੋਕ ਬਾਹਰ ਜਾ ਆ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ?' ਅਫਸਰ ਨਾਲ ਇਸ ਸਵਾਲ-ਜਵਾਬ ਦੌਰਾਨ ਹੀ ਪੁਲਸ/ਸੀ.ਆਰ.ਪੀ.ਐੱਫ ਨੇ ਅੰਨੇਵਾਹ ਗੋਲ਼ੀ ਚਲਾ ਦਿੱਤੀ ਜਿਸ ਨਾਲ ਭਾਈ ਗੁਰਮੇਲ ਸਿਘ ਸਰਪੰਚ (ਅਜੀਤਵਾਲ) ਸਮੇਤ 7 ਸਿੰਘ ਹੋਰ ਸ਼ਹੀਦ ਹੋਏ। ਇਨਾਂ ਤੋਂ ਇਲਾਵਾ ਅਨੇਕਾਂ ਸਿੰਘ ਜਖਮੀ ਹੋ ਗਏ ਸਨ। ਜਿਹੜੇ ਸਿੰਘ ਸ਼ਹੀਦ ਹੋਏ ਉਨਾਂ ਦੇ ਪਰਿਵਾਰਾਂ ਨੂੰ ਉਨਾਂ ਦੀਆਂ ਮ੍ਰਿਤਕ ਦੇਹਾਂ ਵੀ ਨਹੀਂ ਦਿੱਤੀਆਂ ਗਈਆਂ।

ਗੋਲੀਬਾਰੀ ਤੋਂ ਬਾਅਦ ਕੁਝ ਸੰਗਤ ਗੁਰਦੁਆਰਾ ਸਾਹਿਬ ਅੰਦਰ ਆ ਗਈ, ਗੁਰਦੁਆਰਾ ਸਾਹਿਬ ਅੰਦਰ ਸੰਗਤ ਦਾ ਪ੍ਰਸਾਦਾ ਪਾਣੀ ਬੰਦ ਸੀ। ਗੁਰਦੁਆਰਾ ਸਾਹਿਬ ਅੰਦਰ ਇੱਕ ਦੁਕਾਨ ਸੀ ਜਿਸ ਦਾ ਬੂਹਾ ਬਾਹਰਲੇ ਪਾਸੇ ਸੀ, ਉਸ ਦੁਕਾਨ ਨਾਲ ਅੱਗੇ ਹੋਰ ਦੁਕਾਨਾਂ ਜੁੜੀਆਂ ਸਨ। ਭੁੱਖੀ ਤਿਹਾਈ ਸੰਗਤ ਨੇ ਉਸ ਦੁਕਾਨ ਦੀ ਕੰਧ ਤੋੜ ਦਿੱਤੀ ਪਰ ਓਥੇ ਕੁਝ ਖਾਣ-ਪੀਣ ਨੂੰ ਨਾ ਮਿਲਿਆ, ਫਿਰ ਦੋ ਕੰਧਾਂ ਹੋਰ ਤੋੜੀਆਂ ਜਿੱਥੋਂ ਕੁਝ ਪਾਣੀ ਮਿਲਿਆ ਅਤੇ ਲੰਗਰ ਵਾਸਤੇ ਥੋੜਾ ਆਟਾ ਮਿਲ ਗਿਆ। ਫਿਰ ਸੰਗਤ ਨੇ ਥੋੜਾ-ਥੋੜਾ ਵੰਡ ਕੇ ਛਕਿਆ। ਬੀਬੀਆਂ ਦੀ ਇੱਕ ਇਸਤਰੀ ਸਭਾ ਇਕੱਠ ਕਰਕੇ ਸਿੰਘਾਂ ਲਈ ਲੰਗਰ ਲੈ ਕੇ ਆਈ ਪਰ ਅੱਗੇ ਨਾ ਜਾਣ ਦਿੱਤਾ ਗਿਆ। ਬੀਬੀਆਂ ਦਾ ਜਥਾ ਇਸ ਗੱਲ 'ਤੇ ਅੜਿਆ ਰਿਹਾ, ਫਿਰ ਐਸ.ਡੀ.ਐਮ ਅਮਰਜੀਤ ਸਿੰਘ ਨੇ ਤਾਲਮੇਲ ਕਰਕੇ ਅੰਦਰ ਲੰਗਰ ਪਹੁੰਚਾਇਆ।

ਜਿਹੜੀ ਸੰਗਤ ਗੁਰਦੁਆਰਾ ਸਾਹਿਬ ਸੀ ਉਨਾਂ ਨੂੰ ਕਈ ਦਿਨ ਘੇਰਾ ਪਾ ਕੇ ਰੱਖਿਆ ਗਿਆ। ਇਸ ਘੇਰੇ ਦੇ ਰੋਸ ਵਿੱਚ ਸ਼ਹਿਰ ਅਤੇ ਪੰਜਾਬ ਦੀ ਸੰਗਤ ਗੁਰਦੁਆਰਾ ਬੀਬੀ ਕਾਹਨ ਕੌਰ ਵੱਲ ਆਉਣ ਲੱਗ ਪਈ। ਫਿਰ ਘੇਰਾ ਹਟਾ ਦਿੱਤਾ ਗਿਆ ਅਤੇ ਸੰਗਤ ਗੁਰਦੁਆਰਾ ਸਾਹਿਬ ਤੋਂ ਬਾਹਰ ਆਈ। ਬਾਅਦ ਵਿੱਚ ਪੁਲਿਸ ਵੱਲੋਂ ਸਿੰਘਾਂ ਦੇ ਘਰ ਛਾਪੇ ਮਾਰੇ ਗਏ ਅਤੇ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ।

ਗੁਰਦੁਆਰਾ ਅਕਾਲਸਰ ਸਾਹਿਬ, ਮੋਗਾ ਨੂੰ ਵੀ ਘੇਰਾ ਪਾਇਆ ਗਿਆ। ਗੁਰਦੁਆਰਾ ਸਾਹਿਬ ਅੰਦਰ ਪਾਣੀ ਅਤੇ ਬਿਜਲੀ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀ ਗਈ ਸੀ। ਇੱਥੇ ਵੀ ਘੇਰਾ ਕਈ ਦਿਨਾਂ ਤੱਕ ਰਿਹਾ। ਇਹ ਘੇਰਾ 10 ਤੋਂ 12 ਦਿਨਾਂ ਤੱਕ ਰਿਹਾ। ਇਸੇ ਤਰਾਂ ਗੁਰਦੁਆਰਾ ਸਿੰਘ ਸਭਾ ਨੂੰ ਵੀ ਘੇਰਾ ਪਾਇਆ ਗਿਆ ਸੀ।

ਜਦੋਂ ਵਿਚਾਰਾਂ ਦਾ ਫਰਕ ਦੁਸ਼ਮਣੀ ਵਿੱਚ ਬਦਲ ਜਾਵੇ ਅਤੇ ਦੁਸ਼ਮਣੀ ਇੱਥੋਂ ਤੱਕ ਪਹੁੰਚ ਜਾਵੇ ਕਿ ਉਹ ਨਸਲਕੁਸ਼ੀ ਵਿੱਚ ਬਦਲ ਜਾਵੇ ਤਾਂ ਇਸ ਦੇ ਕਾਰਨ ਸਾਧਾਰਨ ਨਹੀਂ ਹੁੰਦੇ। ਮੋਗਾ ਸ਼ਹਿਰ ਦੇ ਤਿੰਨ ਗੁਰਦੁਆਰਿਆਂ 'ਤੇ ਅਪ੍ਰੈਲ 1984 ਵਿੱਚ ਹੋਏ ਹਮਲੇ ਤੋਂ 40 ਦਿਨਾਂ ਬਾਅਦ ਜੂਨ ਮਹੀਨੇ ਦੇ ਪਹਿਲੇ ਹਫਤੇ ਅਨੇਕਾਂ ਗੁਰਦੁਆਰਿਆਂ 'ਤੇ ਹਮਲੇ ਕੀਤੇ ਗਏ। ਇਹ ਲੜਾਈ ਮੁਕਤੀ ਦੇ ਵੱਖੋ-ਵੱਖਰੇ ਰਾਹ ਹੋਣ ਕਾਰਨ (ਭਾਵ ਧਰਮਾਂ ਦੀ ਲੜਾਈ) ਨਹੀਂ ਸਗੋਂ ਇਹ ਹਮਲਾ ਪਦਾਰਥਕ ਅਧਾਰ ਵਾਲੇ ਬਿਪਰ (ਅਧਰਮੀ) ਵੱਲੋਂ ਰੂਹਾਨੀ ਮਾਰਗ ਉੱਤੇ ਚੱਲਣ ਵਾਲੇ ਗੁਰਮੁਖਾਂ (ਧਰਮੀਆਂ) ਉੱਤੇ ਕੀਤਾ ਗਿਆ। ਸਿੱਖੀ ਦੀ ਓਟ ਗੁਰੂ ਉੱਤੇ ਹੋਣ ਕਰਕੇ ਸਿੱਖ ਇਸ ਮਨੋਵਿਗਿਆਨਿਕ ਹਮਲੇ ਵਿੱਚੋਂ ਵੱਡੀ ਗਿਣਤੀ ਵਿੱਚ ਨਿਕਲ ਆਏ ਹਨ। ਜੇ ਕੋਈ ਹੋਰ ਦੁਨਿਆਵੀ ਕਦਰਾਂ ਕੀਮਤਾਂ ਉੱਤੇ ਆਧਾਰਿਤ ਸਭਿਆਚਾਰ ਹੁੰਦਾ ਤਾਂ ਓਹਦੇ ਤੋਂ ਇਹ ਹਮਲਾ ਝੱਲ ਨਹੀਂ ਸੀ ਹੋਣਾ।

# ਬੁਲਡੋਜ਼ਰ ਨੀਤੀ, ਕਿੰਨੀ ਕੁ ਸਹੀ ?



ਗੁਰਮੀਤ ਸਿੰਘ ਪਲਾਹੀ
9815802070

ਉੱਤਰ ਪ੍ਰਦੇਸ਼ ਵਿੱਚ ਯੋਗੀ ਸਰਕਾਰ ਵਲੋਂ ਬੁਲਡੋਜ਼ਰ ਨੀਤੀ ਬਹੁਤ ਸਮਾਂ ਪਹਿਲਾਂ ਸ਼ੁਰੂ ਕੀਤੀ ਗਈ ਸੀ। ਕਈ ਸ਼ਹਿਰਾਂ 'ਚ ਤਥਾਕਥਿਤ 'ਮਾਫੀਆ ਸਰਦਾਰਾਂ' ਦੇ ਘਰ ਬੁਲਡੋਜ਼ਰਾਂ ਨਾਲ ਤੋੜੇ ਗਏ ਸਨ। ਇਸ ਤਰਾਂ ਕਰਨ ਨਾਲ ਯੋਗੀ ਸਰਕਾਰ ਨੂੰ ਸੂਬੇ ਦੇ ਹਿੰਦੂਆਂ ਵਲੋਂ ਪੂਰਾ ਸਮਰਥਨ ਮਿਲਿਆ ਸੀ ਅਤੇ ਯੋਗੀ ਦੂਜੀ ਵੇਰ ਇਸ ਅਧਾਰ ਉਤੇ ਉੱਤਰ ਪ੍ਰਦੇਸ਼ ਵਿੱਚ ਚੋਣਾਂ ਜਿੱਤਣ 'ਚ ਕਾਮਯਾਬ ਹੋਏ ਕਿ ਉਨਾਂ ਸੂਬੇ ਦੀ ਕਾਨੂੰਨ ਵਿਵਸਥਾ ਥਾਂ ਸਿਰ ਕੀਤੀ ਹੈ, ਗੁੰਡਿਆਂ ਨਾਲ ਸਖ਼ਤੀ ਵਰਤੀ ਹੈ, ਗੁੰਡਾਗਰਦੀ ਨੂੰ ਨੱਥ ਪਾਈ ਹੈ। ਪਰ ਕੀ ਸੱਚ ਮੁੱਚ ਉੱਤਰ ਪ੍ਰਦੇਸ਼ ਵਿੱਚ ਕਾਨੂੰਨ ਵਿਵਸਥਾ ਚੰਗੀ ਹੋਈ ਹੈ ? ਜੇਕਰ ਇਹ ਗੱਲ ਸਹੀ ਹੈ ਤਾਂ ਹਰ ਦੂਜੇ ਦਿਨ ਕਿਸੇ ਬੱਚੀ ਨਾਲ ਬਲਾਤਕਾਰ ਦੀ ਖ਼ਬਰ ਯੂ.ਪੀ. ਤੋਂ ਕਿਉਂ ਛਪਦੀ ਹੈ ? ਉਥੋਂ ਕਿਸੇ ਦਲਿਤ ਬੱਚੇ ਉਤੇ ਅਤਿਆਚਾਰ, ਦੁਰਵਿਵਹਾਰ ਦੀ ਖ਼ਬਰ ਸੁਰਖੀਆਂ 'ਚ ਕਿਉਂ ਆਉਂਦੀ ਹੈ ? ਅਸਲ ਵਿੱਚ ਭਾਜਪਾ ਦੇ ਉੱਚ ਨੇਤਾਵਾਂ ਨੂੰ ਬੁਲਡੋਜ਼ਰ ਨੀਤੀ ਚੰਗੀ ਲੱਗਣ ਲੱਗੀ ਹੈ। ਯੂ.ਪੀ. ਤੋਂ ਬਾਅਦ ਪਹਿਲਾ ਖੜਗੋਨ (ਐਮ.ਪੀ), ਫਿਰ ਜਹਾਂਗੀਰਪੁਰੀ (ਦਿੱਲੀ) 'ਚ ਬੁਲਡੋਜ਼ਰਾਂ ਦੀ ਵਰਤੋਂ ਹੋਈ ਹੈ। ਇੱਕ ਅਖ਼ਬਾਰੀ ਨੁਮਾਇੰਦੇ ਨੇ ਮੌਕੇ ਦੇ ਅਫ਼ਸਰ ਨੂੰ ਪੁੱਛਿਆ ਕਿ ਬਿਨਾਂ ਨੋਟਿਸ ਦੇ ਉਹ ਇਮਾਰਤਾਂ /ਘਰ ਕਿਵੇਂ ਤੋੜ ਸਕਦੇ ਹਨ ਤਾਂ ਜਵਾਬ ਮਿਲਿਆ ਕਿ ਇਹੋ ਜਿਹੇ ਜ਼ਬਰਦਸਤੀ ਕੀਤੇ ਗਏ ਕਬਜ਼ਿਆਂ ਨੂੰ ਹਟਾਉਣ ਲਈ ਨੋਟਿਸ ਦੀ ਜ਼ਰੂਰਤ ਨਹੀਂ। ਪਰ ਹੈਰਾਨੀ ਦੀ ਗੱਲ ਤਾਂ ਇਹ ਰਹੀ ਕਿ ਬੂਲਡੋਜ਼ਰ ਤਾਂ ਉਨਾਂ ਘਰਾਂ ਉਤੇ ਵੀ ਚਲਾ ਦਿੱਤੇ ਗਏ ਜਿਹੜੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਵਿਚ ਲੋੜਵੰਦ ਔਰਤਾਂ ਨੂੰ ਬਣਾ ਕੇ ਦਿੱਤੇ ਗਏ ਸਨ।

ਦੇਸ਼ ਦੇ ਚਾਰ ਸੂਬਿਆਂ ਗੁਜਰਾਤ, ਮੱਧ ਪ੍ਰਦੇਸ਼, ਝਾਰਖੰਡ, ਪੱਛਮੀ ਬੰਗਾਲ 2022 'ਚ ਰਾਮ ਨੌਮੀ ਤਿਉਹਾਰ ਦੇ ਮੌਕੇ ਦੰਗੇ ਫਸਾਦ ਦੀਆਂ ਖ਼ਬਰਾਂ ਹਨ। ਮੱਧ ਪ੍ਰਦੇਸ਼, ਜਿਥੇ ਭਾਜਪਾ ਦੀ ਸਰਕਾਰ ਹੈ, ਸ਼ਿਵਰਾਜ ਚੌਹਾਨ ਜਿਸਦੇ ਮੁੱਖੀ ਹਨ, ਵਿੱਚ ਸਰਕਾਰੀ ਅਧਿਕਾਰੀਆਂ ਨੇ ਵੱਖ ਤਰੀਕੇ ਨਾਲ ਦੰਗੇ ਫਸਾਦਾਂ ਨੂੰ ਨਜਿੱਠਿਆ ਹੈ ਅਤੇ ਇਹੋ ਢੰਗ ਤਰੀਕਾ ਦਿੱਲੀ ਦੀ ਜਹਾਂਗੀਰਪੁਰੀ ਵਿੱਚ ਵਰਤਿਆ ਗਿਆ। ਗੁਜਰਾਤ ਵਿੱਚ ਵੀ ਉਨਾਂ ਥਾਵਾਂ ਉਤੇ ਬੁਲਡੋਜ਼ਰਾਂ ਦੀ ਵਰਤੋਂ ਕੀਤੀ ਗਈ, ਜਿੱਥੇ ਫਿਰਕੂ ਦੰਗੇ ਹੋਏ। ਅਧਿਕਾਰੀਆਂ ਅਨੁਸਾਰ ਗੁਜਰਾਤ ਦੇ ਅਨੰਦ ਜ਼ਿਲੇ ਦੇ ਖੰਮਵਾਤ ਸ਼ਹਿਰ, ਮੱਧ ਪ੍ਰਦੇਸ਼ ਦੇ ਖੜਗੋਨ ਸ਼ਹਿਰ 'ਚ ਅਧਿਕਾਰੀਆਂ ਅਨੁਸਾਰ ਨਜਾਇਜ਼ ਕਬਜ਼ੇ, ਜੋ ਸਰਕਾਰੀ ਜ਼ਮੀਨ ਉਤੇ ਕੀਤੇ ਗਏ ਸਨ, ਬੁਲਡੋਜ਼ਰ ਅਤੇ ਭਾਰੀ ਫੋਰਸ ਨਾਲ ਮੁਕਤ ਕਰਵਾਏ ਗਏ ਹਨ।

ਪਹਿਲਾਂ ਤਾਂ ਇਕੱਲਾ ਯੂ.ਪੀ. ਦਾ ਮੁੱਖ ਮੰਤਰੀ ਅਦਿਤਨਾਥ ਯੋਗੀ 'ਬੁਲਡੋਜ਼ਰ ਬਾਬਾ' ਸੀ, ਪਰ ਇਸ ਲੜੀ ਵਿੱਚ ਬੁਲਡੋਜ਼ਰ ਬਾਬਿਆਂ 'ਚ ਸ਼ਿਵਰਾਜ ਪਾਟਲ ਅਤੇ ਦਿੱਲੀ ਪ੍ਰਸ਼ਾਸਨ ਵੀ ਸ਼ਾਮਲ ਹੋ ਗਿਆ। ਜਹਾਂਗੀਰਪੁਰੀ ਦਿੱਲੀ 'ਚ ਬੁਲਡੋਜ਼ਰਾਂ ਨਾਲ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਕਾਰਵਾਈ ਉਤੇ ਸੁਪਰੀਮ ਕੋਰਟ ਵਲੋਂ ਲਗਾਈ ਗਈ ਹੈ ਅਤੇ ਉਨਾਂ ਢੰਗ ਤਰੀਕਿਆਂ ਉਤੇ ਵੱਡੇ ਸਵਾਲ ਖੜੇ ਕੀਤੇ ਗਏ ਸਨ, ਜਿਹੜੇ ਨਜਾਇਜ਼ ਕਬਜ਼ੇ ਹਟਾਉਣ ਲਈ ਜਹਾਂਗੀਰਪੁਰੀ 'ਚ ਵਰਤੇ ਗਏ ਹਨ।

ਬਿਨਾਂ ਸ਼ੱਕ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਵੱਖੋ-ਵੱਖਰੇ ਸੂਬਿਆਂ 'ਚ ਵੱਖੋ-ਵੱਖਰੇ ਕਾਨੂੰਨ ਹਨ। ਇਨਾਂ ਕਾਨੂੰਨਾਂ ਵਿੱਚ ਇੱਕ ਨਿਯਮ ਤਾਂ ਸਾਂਝਾ ਹੈ ਕਿ ਹਰ ਕੇਸ ਵਿੱਚ ਬਕਾਇਦਾ ਨੋਟਿਸ ਦਿੱਤਾ ਜਾਣਾ ਲਾਜ਼ਮੀ ਹੈ। ਦੇਸ਼ 'ਚ ਕੋਈ ਵੀ ਕਾਨੂੰਨ ਇਹੋ ਜਿਹਾ ਨਹੀਂ ਬਣਿਆ, ਜਿਸ ਅਧੀਨ ਦੰਗਿਆਂ ਦੇ ਕਥਿਤ ਦੋਸ਼ੀਆਂ ਦੇ ਘਰ ਢਾਹੁਣ ਦਾ ਪ੍ਰਾਵਧਾਨ ਹੋਵੇ। ਪਰ ਯੂ.ਪੀ. ਦੀ ਸਰਕਾਰ, ਮੱਧ ਪ੍ਰਦੇਸ਼ ਦੀ ਸਰਕਾਰ ਅਤੇ ਨਾਰਥਵੈਸਟ ਦਿੱਲੀ ਦੀ ਮਿਊਂਸਪਲ ਕਾਰਪੋਰੇਸ਼ਨ ਲਈ ਕਾਨੂੰਨ ਕੀ ਸ਼ੈਅ ਹੈ ? ਉਨਾਂ ਵਲੋਂ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਮੱਧ ਪ੍ਰਦੇਸ਼ ਵਿੱਚ ਨਜਾਇਜ਼ ਕਬਜ਼ੇ ਹਟਾਉਣ ਲਈ ਨਿਯਮ ਹੈ। ਮੱਧ ਪ੍ਰਦੇਸ਼, ਭੂਮੀ ਵਿਕਾਸ ਰੂਲਜ਼ 1984 ਦੇ ਤਹਿਤ ਦਸ ਦਿਨ ਦਾ ਨੋਟਿਸ ਦੇਣਾ ਬਣਦਾ ਹੈ। ਦਿੱਲੀ ਮਿਊਂਸਪਲ ਕਾਰਪੋਰੇਸ਼ਨ ਦੇ ਐਕਟ 1957 ਦੇ ਸੈਕਸ਼ਨ 343 ਅਨੁਸਾਰ ਇਮਾਰਤ ਢਾਉਣ ਲਈ 5 ਤੋਂ 15 ਦਿਨਾਂ ਦਾ ਨੋਟਿਸ ਦੇਣਾ ਲਾਜ਼ਮੀ ਹੈ। ਪਰ ਇਨਾਂ ਕਾਨੂੰਨਾਂ ਦੀ ਪ੍ਰਵਾਹ ਕਿਸ ਨੂੰ ਹੈ ?

ਇਸ ਸਥਿਤੀ ਵਿੱਚ ਇਹ ਕਹਿਣਾ ਬਣਦਾ ਹੈ ਕਿ ਬਿਨਾਂ ਨਿਯਮਾਂ ਦੀ ਪਾਲਣਾ ਕੀਤਿਆਂ ਬੁਲਡੋਜ਼ਰ ਨੀਤੀ ਕਿਸੇ ਤਰਾਂ ਵੀ ਜਾਇਜ਼ ਨਹੀਂ ਹੈ। ਇਹ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਇਹ ਕਹਿਣਾ ਵੀ ਗਲਤ ਨਹੀਂ ਹੈ ਕਿ ਜਿਸ ਨੀਤ ਅਤੇ ਨੀਤੀ ਨਾਲ ਮੱਧ ਪ੍ਰਦੇਸ਼, ਦਿੱਲੀ 'ਚ ਫਸਾਦਾਂ ਵੇਲੇ ਬੁਲਡੋਜ਼ਰ ਦੀ ਵਰਤੋਂ ਕੀਤੀ ਗਈ ਹੈ, ਉਹ ਅਰਾਜ਼ਕਤਾ ਪੈਦਾ ਕਰਨ ਵਾਲਾ ਇੱਕ ਡੂੰਘਾ ਸਾਜ਼ਿਸ਼ੀ ਕਦਮ ਹੈ। ਕੀ ਬੁਲਡੋਜ਼ਰ ਨੀਤੀ ਸ਼ਾਸ਼ਕਾਂ ਵਲੋਂ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦੀ ਗਲਤੀ ਨਹੀਂ ਹੈ ? ਕੀ ਇਸ ਨਾਲ ਦੇਸ਼ ਵਿੱਚ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਨਹੀਂ ਬਣੇਗੀ ? ਕੀ ਇਸ ਨਾਲ ਦੇਸ਼ ਵਿੱਚ ਅਰਾਜਕਤਾ ਦਾ ਮਾਹੌਲ ਪੈਦਾ ਨਹੀਂ ਹੋਏਗਾ ? ਜੇਕਰ ਆਮ ਨਾਗਰਿਕ ਕਾਨੂੰਨ ਦੀ ਧੱਜੀਆਂ ਉਡਾਉਣ ਦਾ ਕੰਮ ਕਰਦੇ ਹਨ ਤਾਂ ਉਨਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ, ਪਰ ਜੇਕਰ ਹਾਕਮ ਧਿਰ, ਸਿਆਸੀ ਲੋਕ ਸਰਕਾਰੀ ਅਧਿਕਾਰੀ ਕਾਨੂੰਨ ਆਪਣੇ ਹੱਥ ਲੈਂਦੇ ਹਨ ਤਾਂ ਆਮ ਲੋਕਾਂ ਵਿੱਚ ਕੀ ਸੰਦੇਸ਼ ਜਾਂਦਾ ਹੈ ? ਕੀ ਵਿਸ਼ਵ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਪਹਿਲਾਂ ਹੀ ਬਦਨਾਮ ਭਾਰਤ ਦੇਸ਼ ਦੀ ਹਾਕਮ ਧਿਰ ਦਾ ਅਕਸ ਹੋਰ ਵੀ ਕੋਝਾ ਨਹੀਂ ਦਿਖੇਗਾ ? ਕੀ ਭਾਰਤੀ ਲੋਕਤੰਤਰ ਉਤੇ ਇਹੋ ਜਿਹੀਆਂ ਘਟਨਾਵਾਂ ਨਾਲ ਹੋਰ ਵੱਡੇ ਸਵਾਲ ਨਹੀਂ ਉਠਣਗੇ ?

ਦੇਸ਼ ਦੇ ਕਈ ਪ੍ਰਸਿੱਧ ਸਿਆਸੀ ਪੰਡਿਤਾਂ ਨੇ ਖੜਗੋਨ ਅਤੇ ਦਿੱਲੀ ਵਿੱਚ ਜੋ ਕੁਝ ਹੋਇਆ ਹੈ ਉਸ ਨੂੰ ਮੁਸਲਮਾਨਾਂ ਨੂੰ ਨੀਵਾਂ ਦਿਖਾਉਣ ਦੀ ਨਜ਼ਰ ਨਾਲ ਵੇਖਿਆ ਹੈ। ਲੇਕਿਨ ਦਿੱਲੀ 'ਚ ਕਈ ਗਰੀਬ ਹਿੰਦੂਆਂ ਦੇ ਘਰ ਅਤੇ ਉਨਾਂ ਦੇ ਛੋਟੇ-ਮੋਟੇ ਕਾਰੋਬਾਰ ਵੀ ਤੋੜੇ ਗਏ ਹਨ ? ਤੋੜੇ ਗਏ ਇਹ ਮਕਾਨ ਚਾਹੇ ਉਹ ਹਿੰਦੂਆਂ ਦੇ ਸਨ ਜਾਂ ਮੁਸਲਮਾਨਾਂ ਦੇ ਤਾਂ ਉਨਾਂ ਨੂੰ ਵਸਾਇਆ ਕਿਸਨੇ ਸੀ ? ਜੇਕਰ ਉਨਾਂ ਦੇ ਮਕਾਨ ਨਜਾਇਜ਼ ਉਸਾਰੀ ਸਨ ਤਾਂ ਇਨਾਂ ਨੂੰ ਇੰਨੇ ਸਾਲ ਇਵੇਂ ਕਿਉਂ ਰਹਿਣ ਦਿੱਤਾ ਗਿਆ ?

ਸੱਚ ਤਾਂ ਇਹ ਹੈ ਕਿ ਇਹ ਬੁਲਡੋਜ਼ਰ ਨੀਤੀ ਕਿਸੇ ਤਰਾਂ ਵੀ ਦੇਸ਼ ਲਈ ਠੀਕ ਨਹੀਂ ਹੈ। ਜੇਕਰ ਇਸ ਨੀਤੀ ਦਾ ਅਧਾਰ, ਫਿਰਕਿਆਂ 'ਚ ਨਫ਼ਰਤ ਫ਼ੈਲਾਕੇ ਚੋਣਾਂ 'ਚ ਹਿੰਦੂਆਂ ਦੇ ਵੋਟ ਹਾਸਲ ਕਰਨ ਹੈ ਤਾਂ ਇਸ ਪ੍ਰਤੀ ਦੇਸ਼ ਦੇ ਹਾਕਮਾਂ ਨੂੰ, ਰਾਜ-ਭਾਗ ਉਤੇ ਕਾਬਜ਼ ਧਿਰ ਨੂੰ, ਇਹ ਗੱਲ ਸਮਝ ਲੈਣੀ ਹੋਵੇਗੀ ਕਿ ਫਿਰਕੂ ਨਫ਼ਰਤ ਦੇਸ਼ ਨੂੰ ਜਲਾ ਦੇਵੇਗੀ। ਇਹ ਨਫ਼ਰਤ ਥੋੜੇ-ਚਿਰ ਲਈ ਸਿਆਸੀ ਲਾਭ ਤਾਂ ਦੇ ਸਕਦੀ ਹੈ, ਪਰ ਜਿਹਨਾ ਦੇਸ਼ਾਂ 'ਚ ਇਹ ਨਫ਼ਰਤ ਆਮ ਹੋ ਜਾਂਦੀ ਹੈ, ਉਥੇ ਅੰਤ 'ਚ ਇਹ ਗੰਦੀ ਰਾਜਨੀਤੀ ਗੰਦਗੀ ਫੈਲਾਉਣ ਦਾ ਕੰਮ ਕਰਦੀ ਹੈ, ਜੋ ਕਿ ਭਾਰਤ ਵਰਗੇ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਰੰਗੇ, ਬਹੁ-ਕੌਮਾਂ-ਕੌਮੀਅਤਾਂ ਵਾਲੇ ਦੇਸ਼ ਲਈ ਕਿਸੇ ਤਰਾਂ ਵੀ ਸੁਖਾਵੀਂ ਨਹੀਂ ਹੈ।

ਜਾਪਦਾ ਇਹ ਹੈ ਕਿ ਫਿਰਕੂ ਹਿੰਸਾ ਦੀਆਂ ਘਟਨਾਵਾਂ, ਬਹੁਤਾ ਕਰਕੇ ਸਿਆਸੀ ਕਾਰਨਾਂ ਕਰਕੇ ਬਹੁਤਾ ਕਰਕੇ ਵਾਪਰ ਰਹੀਆਂ ਹਨ। ਸਿਆਸੀ ਲੋਕਾਂ ਦੇ ਨਫ਼ਰਤ ਭਰੇ ਬਿਆਨ ਫਿਰਕੂ-ਮਾਹੌਲ ਸਿਰਜਦੇ ਹਨ। ਜਿਸ ਨਾਲ ਭੜਕਾਹਟ ਵਧਦੀ ਹੈ, ਤਣਾਅ ਵਧਦਾ ਹੈ। ਵੱਖੋ-ਵੱਖਰੇ ਖਿੱਤਿਆਂ 'ਚ ਰਹਿੰਦੀਆਂ ਘੱਟਗਿਣਤੀਆਂ ਤੇ ਕਮਜ਼ੋਰ ਤਬਕੇ ਡਰ ਸਹਿਮ ਦੀ ਜ਼ਿੰਦਗੀ ਬਤੀਤ ਕਰਨ ਲਈ ਮਜ਼ਬੂਤ ਕਰ ਦਿੱਤੇ ਜਾਂਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਜਹਾਂਗੀਰਪੁਰੀ ਵਿੱਚ ਜੋ ਬੁਲਡੋਜ਼ਰ ਚੱਲੇ ਹਨ ਜਾਂ ਚਲਾਏ ਗਏ ਹਨ, ਕੀ ਕਿਸੇ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹਨ ? ਰਾਮ ਨੌਮੀ ਮੌਕੇ ਇਹ ਦੰਗਾ ਫਸਾਦ ਹੋਏ ਜਾਂ ਕਰਵਾਏ ਗਏ। ਸੈਂਕੜੇ ਲੋਕ ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਫਿਰਕੂ ਹਿੰਸਾ 'ਚ ਲਿਪਤ ਹੋਏ ਜਾਂ ਕਰ ਦਿੱਤੇ ਗਏ। ਜਿਉਂ-ਜਿਉਂ ਸਮਾਂ ਬੀਤ ਰਿਹਾ ਹੈ, ਸਾਫ਼ ਦਿਖਣ ਲੱਗਾ ਹੈ ਕਿ ਬੁਲਡੋਜ਼ਰ ਨੀਤੀ ਜਾਣ ਬੁਝ ਕੇ ਅਪਣਾਈ ਗਈ ਸੀ। ਨੀਤੀ ਤਹਿਤ ਹੀ ਧਾਰਮਿਕ ਦਿਨ ਤੇ ਫਿਰਕੂ ਦੰਗੇ ਕਰਵਾਏ ਗਏ ਸਨ।

ਅਖ਼ਬਾਰ ਇੰਡੀਅਨ ਐਕਸਪ੍ਰੈਸ ਦੀ ਇੱਕ ਖ਼ਬਰ ਪਾਠਕਾਂ ਦਾ ਧਿਆਨ ਮੰਗਦੀ ਹੈ। ਅਖ਼ਬਾਰ ਮੁਤਾਬਿਕ ਭਾਰਤ ਦੇ ਗ੍ਰਹਿ ਮੰਤਰੀ ਨੂੰ ਮਿਲਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਯੂਰਪ ਵਿੱਚ ਕੁਝ ਦੇਸ਼ਾਂ ਵਿੱਚ ਜਿਵੇਂ ਪਰਵਾਸੀ ਨਾਗਰਿਕਾਂ ਵਲੋਂ 'ਨੋ-ਗੋ' ਖੇਤਰ ਬਣਾਏ ਗਏ ਹਨ, ਇਹੋ ਜਿਹਾ ਹੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਵੀ ਹੋਣ ਲੱਗਾ ਹੈ ਅਤੇ ਇਸਨੂੰ ਰੋਕਣਾ ਜ਼ਰੂਰੀ ਹੈ ਗਿਆ ਹੈ। ਇਨਾਂ ਲੋਕਾਂ ਨੇ ਪਰਵਾਸੀ ਸ਼ਬਦ ਤੋਂ ਪਹਿਲਾਂ ਮੁਸਲਮਾਨ ਸ਼ਬਦ ਨਹੀਂ ਕਿਹਾ, ਲੇਕਿਨ ਸਮਝਣ ਵਾਲੇ ਸਮਝ ਗਏ ਕਿ ਇਹ ਪਰਵਾਸੀ ਕੌਣ ਹਨ ?

ਇਸਦਾ ਸਿੱਧਾ ਅਰਥ ਇਹ ਹੈ ਕਿ ਸਵੀਡਨ ਅਤੇ ਬੈਲਜੀਅਮ ਵਿੱਚ ਇਨਾਂ ਮੁਸਲਿਮ ਪਰਵਾਸੀਆਂ ਨੇ ਸਥਾਨਕ ਅਧਿਕਾਰੀਆਂ ਉਤੇ ਹਮਲੇ ਕਰਕੇ ਸਾਬਤ ਕੀਤਾ ਹੈ ਕਿ ਉਨਾਂ ਦੀ ਨੀਤ ਜਿਹਾਦੀ ਕਿਸਮ ਦੀ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਇਹੋ ਜਿਹਾ ਕੁਝ ਕੀ ਆਪਣੇ ਦੇਸ਼ ਵਿੱਚ ਹੋ ਰਿਹਾ ਹੈ ? ਕੀ ਇਹੋ ਕਾਰਨ ਤਾਂ ਨਹੀਂ ਕਿ ਖੜਗੋਨ ਤੋਂ ਬਾਅਦ ਦਿੱਲੀ 'ਚ ਬੁਲਡੋਜ਼ਰ ਚੱਲੇ ਹਨ ?

ਭਾਰਤ ਦੇ ਗ੍ਰਹਿ ਮੰਤਰੀ ਦਾ ਬਿਆਨ, ਜੋ ਉਨਾਂ ਨਾਗਰਿਕਤਾ ਕਾਨੂੰਨ ਸੋਧ ਬਿੱਲ ਸੰਸਦ 'ਚ ਪੇਸ਼ ਕਰਦਿਆਂ ਦਿੱਤਾ ਸੀ, ਇਥੇ ਦੱਸਣਾ ਕੁਥਾਂਹ ਨਹੀਂ ਹੋਏਗਾ, ਜਿਸ 'ਚ ਉਨਾਂ ਕਿਹਾ ਸੀ ਕਿ ਬੰਗਲਾਦੇਸ਼ੀ ਲੋਕ ਨਜਾਇਜ਼ ਢੰਗ ਨਾਲ ਵੱਡੀ ਗਿਣਤੀ 'ਚ ਭਾਰਤ ਵਿਚ ਆਏ ਹਨ ਅਤੇ 'ਦੀਮਕ ਦੀ ਤਰਾਂ' ਫੈਲ ਗਏ ਹਨ। ਸਪੱਸ਼ਟ ਹੋ ਰਿਹਾ ਹੈ ਕਿ ਬੁਲਡੋਜ਼ਰ ਨੀਤੀ ਗਿਣੀ ਮਿਥੀ ਹੈ ਅਤੇ ਉਸੇ ਵੇਲੇ ਹੀ ਬਨਣ ਲੱਗ ਪਈ ਸੀ, ਜਦੋਂ ਨਾਗਰਿਕਤਾ ਬਿੱਲ ਲਾਗੂ ਹੋਇਆ ਸੀ। ਪਰ ਹੁਣ ਇਸ ਉਤੇ ਅਮਲ ਹੋਣ ਲੱਗਾ ਹੈ। ਕੋਰੋਨਾ ਦੇ ਦੌਰ ਨੇ ਇਸ ਅਮਲ ਵਿਚ ਦੇਰੀ ਜ਼ਰੂਰ ਕਰ ਦਿੱਤੀ ਹੈ, ਕਿਉਂਕਿ ਇਸ ਦੌਰ 'ਚ ਨਾ ਨਾਗਰਿਕਤਾ ਕਾਨੂੰਨ ਲਾਗੂ ਕਰਨ ਦੀ ਗੱਲ ਹੋਈ ਅਤੇ ਨਾ ਹੀ ਨਜਾਇਜ਼ ਘੁਸਪੈਠੀਆਂ ਦੀ ਕੋਈ ਗੱਲ ਹੋ ਸਕੀ।

# ਧਾਰਮਿਕ ਜਲੂਸਾਂ ਰਾਹੀਂ ਫਿਰਕੂ ਅੱਗ ਭੜਕਾਉਣ ਵਾਲੇ ਕੌਣ ਹਨ ?



ਰਵੀਸ਼ ਕੁਮਾਰ

ਹਿੰਦੀ ਮੀਡੀਅਮ ਵਾਲੇ ਗਭਰੂਓ ਧਾਰਮਿਕ ਜਲੂਸ ਵਿੱਚ ਤੁਹਾਨੂੰ ਨੱਚਦੇ-ਕੁੱਦਦੇ ਵੇਖਕੇ ਬੜਾ ਚੰਗਾ ਲੱਗ ਰਿਹਾ ਹੈ। ਜਿਸ ਹਿੰਦੀ ਭਾਸ਼ੀ ਸਮਾਜ ਨੇ ਤੁਹਾਨੂੰ ਹਿੰਦੀ ਮੀਡੀਅਮ ਵਾਲਿਆਂ ਨੂੰ ਖੂੰਜੇ ਲਾ ਦਿੱਤਾ ਸੀ, ਉਸ ਸਮਾਜ ਦੀ ਮੁੱਖਧਾਰਾ ਵਿੱਚ ਤੁਸੀ ਪਰਤ ਆਏ ਹੋ। ਕਿਆ ਸ਼ਾਨਦਾਰ ਵਾਪਸੀ ਕੀਤੀ ਹੈ। ਇੱਕ ਰੰਗ ਦੀ ਪੋਸ਼ਾਕ ਪਹਿਨ ਲਈ ਹੈ, ਹੱਥਾਂ ਵਿੱਚ ਤਲਵਾਰਾਂ ਹਨ, ਜ਼ੁਬਾਨ ਉੱਤੇ ਗਾਲ਼ਾਂ। ਜਲੂਸ ਦਾ ਨਾਂ ਰਾਮ ਨੌਵੀਂ ਦੀ ਸ਼ੋਭਾ ਯਾਤਰਾ ਹੈ। ਅਸ਼ੋਭਨੀਕ ਹਰਕਤਾਂ ਨੂੰ ਤੁਸੀਂ ਲੋਕਾਂ ਨੇ ਅਜੋਕੇ ਦੌਰ ਵਿੱਚ ਸ਼ੋਭਨੀਕ ਕਰ ਵਿਖਾਇਆ ਹੈ । ਤੁਹਾਡੀ ਇਸ ਕਾਮਯਾਬੀ ਨੂੰ ਮੈਂ ਕਈ ਵੀਡੀਓ ਵਿੱਚ ਵੇਖਿਆ ਤਾਂ ਜਾ ਕੇ ਸਾਰੇ ਸ਼ੰਕੇ ਦੂਰ ਹੋਏ ਕਿ ਇਹ ਉਹੀ ਹਨ, ਹਮੇਸ਼ਾ ਫੇਲ ਮੰਨੇ ਜਾਣ ਵਾਲੇ ਹਿੰਦੀ ਮੀਡੀਅਮ ਵਾਲੇ ਗੱਭਰੂ ਜਿਨਾਂ ਨੂੰ ਸਮਾਜ ਨੇ ਹਮੇਸ਼ਾ ਦੁਰਕਾਰਿਆ, ਅੱਜ ਧਰਮ ਰਖਿਅਕ ਬਣਕੇ ਪਰਤ ਆਏ ਹਨ। ਇਨਾਂ ਦੇ ਸਮਰਥਨ ਵਿੱਚ ਪੂਰਾ ਸਮਾਜ ਖੜਾ ਹੈ, ਸਰਕਾਰ ਵੀ ਹੈ।

ਮੈਂ ਦਾਅਵੇ ਦੇ ਨਾਲ ਨਹੀਂ ਕਹਿ ਸਕਦਾ ਕਿ ਉਨਾਂ ਵੀਡੀਓਜ਼ ਵਿੱਚ ਕੋਈ ਡੀਪੀਐਸ ਜਾਂ ਸ਼੍ਰੀਰਾਮ ਸਕੂਲ ਵਰਗੇ ਮਹਿੰਗੇ ਪਬਲਿਕ ਸਕੂਲਾਂ ਦੇ ਬੱਚੇ ਵੀ ਰਹੇ ਹੋਣਗੇ, ਲੇਕਿਨ ਦੇਖ ਕੇ ਤਾਂ ਇਹੀ ਜਾਪਿਆ ਕਿ ਜਿਆਦਾਤਰ ਉਹੀ ਨੇ ਜੋ ਹਿਸਾਬ ਤੇ ਅੰਗਰੇਜ਼ੀ ਵਿਚ ਨਿਕੰਮੇ ਹਨ। ਜਿਨਾਂ ਨੂੰ ਹਿੰਦੀ ਵੀ ਠੀਕ ਤਰਾਂ ਲਿਖਣੀ ਨਹੀਂ ਆਉਂਦੀ ਪਰ ਗਾਲ਼ ਦੇਣ ਵਿਚ ਪੂਰੇ ਮਾਹਿਰ ਹਨ। ਮੈਂ ਕਈ ਵੀਡੀਓ ਵਿੱਚ ਗਾਲ਼ਾਂ ਦੇ ਉਚਾਰਨ ਸੁਣੇ। ਇੱਕਦਮ ਬਰਾਡਕਾਸਟ ਕਵਾਲਿਟੀ ਦਾ ਉਚਾਰਨ ਸੀ ਤੇ ਬਰਾਡਕਾਸਟ ਹੋ ਵੀ ਰਿਹਾ ਸੀ। ਜਿਸ ਸਮਾਜ ਵਿੱਚ ਉਦਾਰਤਾ ਕੁੱਟ ਕੁੱਟ ਕੇ ਭਰੀ ਹੁੰਦੀ ਹੈ ਉਸ ਸਮਾਜ ਵਿੱਚ ਉਚਾਰਨ ਵੀ ਕੁੱਟ-ਕੁਟਾ ਕੇ ਸ਼ੁੱਧ ਹੋ ਜਾਂਦਾ ਹੈ।

ਹਿੰਦੀ ਮੀਡੀਆ ਦੇ ਦੁਰਕਾਰੇ ਵਿਦਿਆਰਥੀਆਂ ਨੇ ਇਹ ਪ੍ਰਾਪਤੀ ਭਾਸ਼ਾ ਦੇ ਆਧਾਰ ਉੱਤੇ ਹਾਸਲ ਨਹੀਂ ਕੀਤੀ ਹੈ। ਧਰਮ ਦੇ ਆਧਾਰ ਉੱਤੇ ਕੀਤੀ ਹੈ ।ਪਰ ਧਰਮ ਦੇ ਸ਼ਾਸਤਰਾਂ ਅਤੇ ਦਰਸ਼ਨਾਂ ਦਾ ਗਿਆਨ ਹਾਸਲ ਕਰਕੇ ਨਹੀਂ ਕੀਤੀ ਹੈ । ਦੂਜੇ ਧਰਮ ਦੀਆਂ ਮਾਂ-ਭੈਣਾਂ ਨੂੰ ਗਾਲ ਦੇਕੇ ਹਾਸਲ ਕੀਤੀ ਹੈ। ਇੱਥੇ ਵੀ ਤੁਸੀ ਹਿੰਦੀ ਮੀਡੀਅਮ ਵਾਲਿਆਂ ਨੇ ਨਕਲ ਮਾਰ ਕੇ ਪੜ ਕੇ ਪਾਸ ਹੋਣ ਦੀ ਮਾਨਸਿਕਤਾ ਦਾ ਪ੍ਰਮਾਣ ਦੇ ਹੀ ਦਿੱਤਾ। ਹੁਣ ਤੁਹਾਡੇ ਹੱਥਾਂ ਵਿੱਚ ਤਲਵਾਰਾਂ ਹੋਣ ਤਾਂ ਮੇਰੇ ਵਰਗੇ ਦਾ ਚੁਪ ਰਹਿਣਾਂ ਹੀ ਬਿਹਤਰ ਹੈ। ਇਸ ਲਈ ਮੈਂ ਤੁਹਾਡੀ ਪ੍ਰਸ਼ੰਸਾ ਵਿਚ ਸਿਫ਼ਤਾਂ ਦੇ ਪੁਲ ਬੰਨ ਰਿਹਾ ਹਾਂ।

ਹਿੰਦੀ ਰਾਜਾਂ ਦੀ ਆਰਥਿਕ ਹਾਲਤ ਦੇ ਵਿਗਾੜ ਕਾਰਨ ਤੁਹਾਡੀ ਮਾਨਸਿਕ ਕਮਜੋਰੀ ਇਨਾਂ ਜਲੂਸਾਂ ਵਿੱਚ ਵੀ ਝਲਕ ਰਹੀ ਸੀ। ਭੀੜਾਂ ਵਿੱਚ ਤੁਸੀ ਜਿਸ ਤਰਾਂ ਨਾਲ ਉਛਲ ਉਛਲ ਕੇ ਗਾਲ਼ਾਂ ਦੇ ਰਹੇ ਸੀ, ਕਸਮ ਖ਼ਾ ਕੇ ਕਹਿੰਦਾ ਹਾਂ,



ਪਤਾ ਨਹੀਂ ਚੱਲ ਰਿਹਾ ਸੀ ਕਿ ਤੁਹਾਡੇ ਵਿੱਚ ਕਿਸੇ ਪ੍ਰਕਾਰ ਦੀ ਮਾਨਸਿਕ ਕਮਜੋਰੀ ਹੈ। ਜਦੋਂ ਤੁਸੀ ਤਲਵਾਰ ਚੁੱਕ ਕੇ ਦੂਜੇ ਧਰਮ ਦੇ ਲੋਕਾਂ ਨੂੰ ਗਾਲਾਂ ਦੇ ਰਹੇ ਸੀ ਉਦੋਂ ਮੈਂ ਸੰਸਾਰ ਗੁਰੂ ਭਾਰਤ ਦੇ ਰੁਖ ਉੱਤੇ ਇੱਕ ਨਵੀਂ ਬਹਾਦਰੀ ਦੀ ਕਿਰਨ ਦਾ ਦਰਸ਼ਨ ਕਰ ਲਿਆ। ਪ੍ਰਣਾਮ ਯੋਧਿਓ..!

ਜਿਵੇਂ ਕਿ ਹਰ ਕਾਮਯਾਬੀ ਵਿੱਚ ਹੁੰਦਾ ਹੈ, ਤੁਹਾਡੀ ਇਸ ਨਵੀਂ ਕਾਮਯਾਬੀ ਵਿੱਚ ਵੀ ਇੱਕ ਘਾਟ ਰਹਿ ਗਈ। ਸਮਾਜ ਦੇ ਸਾਰੇ ਜਵਾਨ ਤੁਹਾਡੇ ਨਾਲ ਨਹੀਂ ਆਏ ਜਦੋਂ ਕਿ ਧਰਮ ਦੀ ਰੱਖਿਆ ਅਤੇ ਬਦਲਾ ਲੈਣ ਦਾ ਕੰਮ ਉਨਾਂ ਦਾ ਵੀ ਸੀ । ਖਾਸਕਰ ਮਿਡਲ ਕਲਾਸ ਦੇ ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਇੰਗਲਿਸ਼ ਮੀਡੀਅਮ ਵਿੱਚ ਪਾ ਕੇ ਉਨਾਂ ਨੂੰ ਧਰਮ ਤੋਂ ਬੇਮੁੱਖ ਕਰ ਦਿੱਤਾ ਹੈ। ਅਜਿਹਾ ਨਹੀਂ ਹੈ ਕਿ ਉਹ ਪੂਜਾ ਨਹੀਂ ਕਰਦੇ ਹਨ, ਖ਼ੂਬ ਕਰਦੇ ਹਨ ਮਗਰ ਤਲਵਾਰ ਲੈ ਕੇ ਦੂਜੇ ਧਰਮ ਦੀਆਂ ਮਾਂ-ਭੈਣਾਂ ਨੂੰ ਗਾਲੀਆਂ ਦੇਣ ਸੜਕਾਂ ਉੱਤੇ ਨਹੀਂ ਉਤਰਦੇ ਹਨ। ਆਪਣੇ ਵਿੱਚ ਮੌਜੂਦ ਅਜਿਹੇ ਸਵਾਰਥੀ ਤੱਤਾਂ ਦੀ ਪਛਾਣ ਕਰ ਲਓ। ਧਰਮ ਦੀ ਲੜਾਈ ਵਿੱਚ ਅਸਲੀ ਟਰਾਫੀ ਇਹੀ ਲੋਕ ਲੈ ਜਾਂਦੇ ਹਨ ਜਦੋਂ ਸੜਕ ਉੱਤੇ ਉੱਤਰਨ ਦੀ ਜਗਾ ਸੋਸ਼ਲ ਮੀਡਿਆ ਉੱਤੇ ਲਿਖ ਕੇ ਮਸ਼ਹੂਰ ਹੋ ਜਾਂਦੇ ਹਨ ਅਤੇ ਇੰਜੀਨੀਅਰ ਤਾਂ ਹੋ ਹੀ ਜਾਂਦੇ ਹਨ। ਕੁਝ ਡਾਕਟਰ ਵੀ ਹੁੰਦੇ ਹਨ ਅਤੇ ਕੁਝ ਅਫਸਰ ਵੀ। ਤੁਸੀਂ ਦੇਖ ਲੈਣਾ ਜਲਦੀ ਹੀ ਇਹ ਸਾਰੇ ਇੰਗਲਿਸ਼ ਮੀਡੀਅਮ ਵਾਲੇ ਆਪਣੇ ਮੁਹੱਲਿਆਂ ਵਿਚੋਂ ਗਾਇਬ ਹੋਣ ਲੱਗਣਗੇ। ਫੇਸਬੁਕ ਉੱਤੇ ਪੂਜਾ ਦੇ ਪੰਡਾਲ ਨੂੰ ਮਿਸ ਕਰਨਗੇ ਪਰ ਪੰਡਾਲ ਲਗਾਉਣ ਦੀ ਜ਼ਿੰਮੇਦਾਰੀ ਤੁਹਾਡੇ ਮਹਾਨ ਮੋਢਿਆਂ ਉੱਤੇ ਛੱਡ ਜਾਣਗੇ ।

ਜਦੋਂ ਉਹ ਅਮਰੀਕਾ ਲੰਦਨ ਵਲੋਂ ਪਰਤਣਗੇ ਤਾਂ ਮੁਹੱਲੇ ਵਿੱਚ ਸਸਤੇ-ਪ੍ਰਫਿਊਮ ਤੋਂ ਲੈ ਕੇ ਘੜੀਆਂ ਤੱਕ ਵੰਡ ਕੇ ਪਾਪੂਲਰ ਹੋ ਜਾਣਗੇ। ਆਪਣੀਆਂ ਕਹਾਣੀਆਂ ਸੁਣਾਉਣਗੇ ਅਤੇ ਲੋਕ ਚਾਅ ਨਾਲ ਸੁਣਨਗੇ। ਕਦੋਂ ਤੱਕ ਤੁਸੀਂ ਉਨਾਂ ਨੂੰ ਦੋਸਤੀ ਦੇ ਨਾਂ ’ਤੇ ਸਟੇਸ਼ਨ ਤੋਂ ਘਰ ਲਿਆਉਣ ਦਾ ਕੰਮ ਕਰਦੇ ਰਹੋਗੇ। ਇਹ ਕੰਮ ਤੁਸੀਂ ਵਧੀਆ ਚੁਣਿਆ ਹੈ। ਹੁਣ ਮੈਸੇਜ ਕਰ ਦਿਓ ਕਿ ਤੁਸੀਂ ਧਰਮ ਦੀ ਰੱਖਿਆ ਵਿੱਚ ਇੱਕ ਸ਼ੋਭਾ ਯਾਤਰਾ ਵਿੱਚ ਨਿਕਲੇ ਹੋ। ਤਲਵਾਰਾਂ ਲੈ ਕੇ ਦੂਜੇ ਧਰਮ ਦੀਆਂ ਮਾਂਵਾਂ-ਭੈਣਾਂ ਨੂੰ ਗਾਲ਼ੀਆਂ ਦੇ ਰਹੇ ਹੋ। ਤੁਸੀਂ ਹੀ ਧਰਮ ਦੀ ਰੱਖਿਆ ਦੇ ਆਨਰੇਰੀ ਮੁਖੀ ਹੋ। ਸਕੂਲ ਦੇ ਦਿਨਾਂ ਵਿੱਚ ਸੰਸਕ੍ਰਿਤ ਦੀ ਜਮਾਤ ਵਿੱਚ ਮੁਸ਼ਕਿਲ ਮੰਤਰਾਂ ਅਤੇ ਸ਼ਲੋਕਾਂ ਦੇ ਕਾਰਨ ਤੁਸੀਂ ਧਰਮ ਤੋਂ ਵਿਮੁਖ ਹੋ ਗਏ ਸਾਓ। ਲੇਕਿਨ ਮੰਤਰਾਂ ਦੀ ਜਗਾ ਗਾਲ਼ਾਂ ਦੇ ਇਸਤੇਮਾਲ ਨੇ ਤੁਹਾਨੂੰ ਫਿਰ ਤੋਂ ਧਰਮੀ ਬਣਾ ਦਿੱਤਾ ਹੈ।

ਹੁਣ ਰੱਖਿਆ ਦਾ ਭਾਰ ਤੁਹਾਡੇ ਉੱਤੇ ਹੈ। ਤੁਸੀਂ ਨਹੀਂ ਹੋਵੋਗੇ ਤਾਂ ਧਰਮ ਨਹੀਂ ਬਚ ਸਕੇਗਾ। ਤਲਵਾਰਾਂ ਨਹੀਂ ਬਚਣਗੀਆਂ। ਗਾਲ਼ਾਂ ਨਹੀਂ ਬਚਣਗੀਆਂ। ਤੁਸੀਂ ਬਹੁਤ ਸਹਿਣ ਕਰ ਲਿਆ। ਹਿਸਾਬ ਅਤੇ ਅੰਗਰੇਜ਼ੀ ਦੀ ਕਮਜੋਰੀ ਦਾ ਹਿਸਾਬ ਹੁਣ ਧਰਮ ਦੀ ਰੱਖਿਆ ਦੇ ਕੰਮ ਵਿਚੋਂ ਕੱਢਣਾ ਹੈ। ਤੁਹਾਡਾ ਟਾਇਮ ਆ ਗਿਆ ਹੈ। ਤੁਹਾਡੀ ਸ਼ੋਭਾ ਵਧ ਰਹੀ ਹੈ। ਤੁਹਾਡੇ ਹੁੰਦੇ ਹਿੰਦੀ ਮੀਡੀਅਮ ਵਾਲਿਆਂ ਦੀ ਪੁੱਛ ਪ੍ਰਤੀਤ ਹੋਣ ਲੱਗੀ ਹੈ। ਇੰਗਲਿਸ਼ ਮੀਡੀਅਮ ਵਿੱਚ ਪੜਨ ਵਾਲੇ ਹਿੰਦੀ ਸਮਾਜ ਦੇ ਮੁੰਡੇ ਬਾਅਦ ਵਿੱਚ ਪਛਤਾਉਣਗੇ ਕਿ ਜਦੋਂ ਧਰਮ ਦੀ ਰੱਖਿਆ ਵਿੱਚ ਗਾਲ਼ੀਆਂ ਦੇਣ ਦਾ ਵਕਤ ਸੀ ਤਾਂ ਉਹ ਕੋਚਿੰਗ ਲੈ ਰਹੇ ਸਨ । ਧਰਮ ਨੂੰ ਜੇਕਰ ਖ਼ਤਰਾ ਹੈ ਤਾਂ ਇਨਾਂ ਪ੍ਰਾਈਵੇਟ ਸਕੂਲਾਂ ਵਿੱਚ ਪੜਨ ਵਾਲੇ ਗੱਭਰੂਆਂ ਤੋਂ ਹੈ ਜੋ ਵਟਸ ਐਪ ਵਿੱਚ ਨਫਰਤੀ ਪੋਸਟ ਤਾਂ ਫਾਰਵਰਡ ਕਰਦੇ ਹਨ ਪਰ ਕਦੇ ਸੜਕਾਂ ’ਤੇ ਉੱਤਰ ਕੇ ਗਾਲ਼ਾਂ ਨਹੀਂ ਦਿੰਦੇ। ਇੰਗਲਿਸ਼ ਮੀਡੀਅਮ ਵਾਲੇ ਮੋਰਚੇ ਅਤੇ ਮੁਲਕ ਤੋਂ ਭੱਜੇ ਹੋਏ ਲੋਕ ਹਨ। ਨਿਰਲੱਜ ਇੰਗਲਿਸ਼ ਮੀਡੀਅਮ ਵਾਲੇ ।

# ਭਗਵੇਂਵਾਦੀ ਹਿੰਸਾ ਭਾਰਤੀ ਸਮਾਜ ਲਈ ਖ਼ਤਰਨਾਕ

**ਸ਼ਿਆਮ ਸਰਨ**

ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਧਾਰਮਿਕ ਦੁਫਾੜ ਪੈਦਾ ਕਰ ਕੇ ਕਿਵੇਂ ਨਾ ਕਿਵੇਂ ਭਾਰਤੀ ਸਮਾਜ ਅੰਦਰਲੀਆਂ ਹੋਰਨਾਂ ਦੁਫਾੜਾਂ ਮੇਸ ਕੇ ਹਿੰਦੂ ਸਮਾਜ ਨੂੰ ਇਕਜੁੱਟ ਕਰਨ ਦੀ ਧਾਰਨਾ ਗ਼ਲਤ ਹੈ। ਹਿੰਦੂ-ਮੁਸਲਿਮ ਬਾਇਨਰੀ/ਦੁਫਾੜ ਦੇ ਆਧਾਰ ’ਤੇ ਕੋਈ ਵਡੇਰੀ ਹਿੰਦੂ ਏਕਤਾ ਨਹੀਂ ਉਸਾਰੀ ਜਾ ਸਕਦੀ। ਜਿਉਂ ਹੀ ਇਕ ਦੁਫਾੜ ਪੈਦਾ ਹੁੰਦੀ ਹੈ ਤਾਂ ਨਾਲ ਹੀ ਕਈ ਹੋਰ ਦੁਫਾੜਾਂ ਉਭਰ ਆਉਂਦੀਆਂ ਹਨ। ਅਸੀਂ ਪਹਿਲਾਂ ਹੀ ਖੇਤਰੀ ਪਛਾਣਾਂ ਦਾ ਉਭਾਰ ਹੁੰਦਾ ਦੇਖ ਰਹੇ ਹਾਂ। ਚੋਣਾਵੀ ਹਲਕਿਆਂ ਦੀ ਮੁੜ ਵਿਉਂਤਬੰਦੀ, ਭਾਵ ਹੱਦਬੰਦੀ ਦੀ ਅਗਲੀ ਕਵਾਇਦ ਵਿਚ ਉੱਤਰ-ਦੱਖਣ ਦਾ ਪਾੜਾ ਹੋਰ ਵਧ ਸਕਦਾ ਹੈ। ਉੱਤਰੀ ਖਿੱਤੇ ਖ਼ਾਸਕਰ ਹਿੰਦੀ ਬੋਲਣ ਵਾਲੇ ਸੂਬਿਆਂ ਅੰਦਰ ਅਬਾਦੀ ਦੇ ਵਾਧੇ ਕਰ ਕੇ ਪਾਰਲੀਮਾਨੀ ਪ੍ਰਤੀਨਿਧਤਾ ਵਿਚ ਹੋਰ ਅਸਾਵਾਂਪਣ ਆ ਸਕਦਾ ਹੈ। ਕੀ ਦੱਖਣ ਦੇ ਸੂਬੇ ਇਸ ਨੂੰ ਪ੍ਰਵਾਨ ਕਰਨਗੇ ਕਿ ਪਿਛਲੇ ਕਈ ਸਾਲਾਂ ਦੌਰਾਨ ਨਿਸਬਤਨ ਉਚੇਰੇ ਵਿਕਾਸ ਅਤੇ ਅਬਾਦੀ ਦੇ ਵਾਧੇ ਵਿਚ ਕਮੀ ਦੇ ਇਨਾਮ ਵਜੋਂ ਪਾਰਲੀਮੈਂਟ ਵਿਚ ਉਨਾਂ ਦੀ ਨੁਮਾਇੰਦਗੀ ਨੂੰ ਪਹਿਲਾਂ ਨਾਲੋਂ ਘਟਾ ਦਿੱਤਾ ਜਾਵੇ ? ਇਹ ਖ਼ਤਰਾ ਵਧ ਰਿਹਾ ਹੈ ਪਰ ਇਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ।

ਕੁਝ ਹੋਰ ਦੁਫਾੜਾਂ ਵੀ ਹਨ ਜੋ ਅਣਕਿਆਸੇ ਢੰਗ ਨਾਲ ਸਾਹਮਣੇ ਆ ਸਕਦੀਆਂ ਹਨ। ਹੁਣ ਇਹ ਗੱਲ ਪ੍ਰਤੱਖ ਹੁੰਦੀ ਜਾ ਰਹੀ ਹੈ ਕਿ ਹਿੰਦੀ ਬੋਲਣ ਵਾਲੇ ਸੂਬਿਆਂ ਦੇ ਸਮਾਜਿਕ ਨੇਮ ਤੇ ਬੰਦਸ਼ਾਂ ਹੋਰਨਾਂ ਭਾਈਚਾਰਿਆਂ ਤੇ ਖਿੱਤਿਆਂ ’ਤੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਲਪਿਤ ਹਿੰਦੂ ਸਮਾਜ ਦੇ ਨੇਮਾਂ ਮੁਤਾਬਕ ਨਾ ਚੱਲਣ ਵਾਲੇ ਅਕੀਦਿਆਂ ਤੇ ਰਵਾਇਤਾਂ ਪ੍ਰਤੀ ਅਸਹਿਣਸ਼ੀਲਤਾ ਵਧ ਰਹੀ ਹੈ। ਇਹ ਹਮੇਸ਼ਾ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ ਕਿ ਨਵਰਾਤਿਆਂ ਦੌਰਾਨ ਕੁਝ ਸ਼ਰਧਾਵਾਨ ਹਿੰਦੂ ਸ਼ਾਕਾਹਾਰੀ ਖਾਣਾ ਖਾਂਦੇ ਹਨ ਅਤੇ ਕੁਝ ਲੋਕ ਲਸਣ, ਪਿਆਜ਼ ਆਦਿ ਤੋਂ ਵੀ ਪ੍ਰਹੇਜ਼ ਕਰਦੇ ਹਨ ਪਰ ਕਦੇ ਕਿਸੇ ਨੇ ਇਹ ਤਵੱਕੋ ਨਹੀਂ ਕੀਤੀ ਸੀ ਕਿ ਮੁਲਕ ਦੇ ਬਾਕੀ ਲੋਕ ਵੀ ਖਾਣੇ ਦੀ ਇਸ ਪਾਬੰਦੀ ਦੀ ਪਾਲਣਾ ਕਰਨ। ਪਿਛਲੇ ਕੁਝ ਸਮੇਂ ਤੋਂ ਅਜਿਹਾ ਦੇਖਣ ਨੂੰ ਮਿਲ ਰਿਹਾ ਹੈ। ਕੋਈ ਭਾਵੇਂ ਕਿਸੇ ਵੀ ਧਰਮ ਦੀ ਪਾਲਣਾ ਕਰਦਾ ਹੋਵੇ, ਤਾਂ ਵੀ ਉਹ ਨਵਰਾਤਿਆਂ ਦੇ ਪਕਵਾਨਾਂ ਦਾ ਸੁਆਦ ਮਾਣ ਸਕਦਾ ਹੈ। ਰਮਜ਼ਾਨ ਦੌਰਾਨ ਇਫ਼ਤਾਰ ਦੀਆਂ ਦਾਅਵਤਾਂ ’ਤੇ ਵੀ ਇਹੀ ਗੱਲ ਲਾਗੂ ਹੁੰਦੀ ਹੈ। ਸਾਰੇ ਧਰਮਾਂ ਦੇ ਆਪਣੇ ਮੁਸਲਿਮ ਦੋਸਤਾਂ ਤੇ ਸਹਿਕਰਮੀਆਂ ਨਾਲ ਮਿਲ ਕੇ ਇਸ ਮੌਕੇ ਵਿਸ਼ੇਸ਼ ਤੌਰ ’ਤੇ ਬਣਾਏ ਪਕਵਾਨਾਂ ਦਾ ਸੁਆਦ ਮਾਣਦੇ ਹਨ ਪਰ ਹੁਣ ਇਸ ਸਭ ਕਾਸੇ ਨੂੰ ਨਿਖੇੜੇ ਦਾ ਪ੍ਰਤੀਕ ਬਣਾਇਆ ਜਾ ਰਿਹਾ ਹੈ। ਮਿਲਜੁਲ ਕੇ ਵੰਡ ਛਕਣ ਦੀ ਭਾਵਨਾ ਮਾਂਦ ਪੈ ਰਹੀ ਹੈ।

ਪੂਰੇ ਸਾਲ ਦੌਰਾਨ ਬਹੁਤ ਸਾਰੇ ਧਾਰਮਿਕ ਤਿਓਹਾਰ ਮਨਾਏ ਜਾਂਦੇ ਹਨ, ਜੋ ਪਹਿਲਾਂ ਪਰਿਵਾਰਕ ਜਸ਼ਨ ਤੇ ਛੋਟੇ-ਮੋਟੇ ਭਾਈਚਾਰਕ ਮੇਲ ਜੋਲ ਦਾ ਸਬਬ ਹੁੰਦੇ ਸਨ, ਹੁਣ ਸਿਆਸੀ ਭੜਕਾਹਟ ਅਤੇ ਤੰਗਨਜ਼ਰ ਸਮਾਗਮਾਂ ਦਾ ਰੂਪ ਧਾਰਨ ਕਰ ਗਏ ਹਨ। ਮਸਜਿਦਾਂ ਅੰਦਰ ਜਬਰੀ ਦਾਖ਼ਲ ਹੋ ਕੇ ਜੈ ਸ੍ਰੀਰਾਮ ਦੇ ਨਾਅਰੇ ਲਾਉਣੇ ਜਾਂ ਮਿਨਾਰਾਂ ’ਤੇ ਭਗਵੇਂ ਝੰਡੇ ਲਹਿਰਾਉਣੇ ਵਿਗੜੀ ਹੋਈ ਮਾਨਸਿਕਤਾ ਦੇ ਲੱਛਣ ਹਨ ਅਤੇ ਇਸ ਤਰਾਂ ਦਾ ਹਮਲਾਵਰ ਵਿਹਾਰ ਕਦੇ ਵੀ ਹਿੰਦੂ ਧਰਮ ਦੀ ਜਨਤਕ ਦਿੱਖ ਨਹੀਂ ਰਹੀ ਹੈ। ਕੀ ਸਦੀਆਂ ਪੁਰਾਣੇ ਇਸ ਧਰਮ ਨੂੰ ਜ਼ਿੰਦਾ ਰਹਿਣ ਅਤੇ ਫੈਲਣ ਲਈ ਕਿਸੇ ‘ਦੁਸ਼ਮਣ’ ਦੀ ਲੋੜ ਹੈ ?

ਮੁਲਕ ਦੇ ਹਰ ਖਿੱਤੇ ਅੰਦਰ ਵੀਹ ਕਰੋੜ ਤੋਂ ਜ਼ਿਆਦਾ ਮੁਸਲਮਾਨ ਵੱਸਦੇ ਹਨ। ਕੀ ਉਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾ ਕੇ ਭਾਰਤ ਅਜਿਹਾ ਲੋਕਰਾਜੀ ਮੁਲਕ ਬਣਿਆ



ਰਹਿ ਸਕੇਗਾ ਜਿੱਥੇ ਸ਼ਹਿਰੀਆਂ ਨੂੰ ਬਰਾਬਰ ਹਕੂਕ ਮਿਲਦੇ ਹੋਣ ? ਕੀ ਉਨਾਂ ਨਾਲ ਹੁੰਦੇ ਲਗਾਤਾਰ ਵਿਤਕਰੇ ਅਤੇ ਹਿੰਸਾ ਦੀ ਕੋਈ ਪ੍ਰਤੀਕਿਰਿਆ ਨਹੀਂ ਹੋਵੇਗੀ ? ਜੇ ਵੀਹ ਕਰੋੜ ਲੋਕਾਂ ਦਾ ਛੋਟਾ ਜਿਹਾ ਹਿੱਸਾ ਕੋਈ ਤਿੱਖਾ ਕਦਮ ਉਠਾ ਬੈਠਿਆ ਤਾਂ ਕੀ ਭਾਰਤੀ ਸਟੇਟ/ਰਿਆਸਤ ਸੁਰੱਖਿਆ ਦੀ ਚੁਣੌਤੀ ਨਾਲ ਨਜਿੱਠ ਸਕੇਗੀ ? ਕੀ ਮੁਲਕ ਅੰਦਰ ਸੁਰੱਖਿਆ ਬਰਕਰਾਰ ਰੱਖਣ ਲਈ ਲੋਕਰਾਜੀ ਆਜ਼ਾਦੀਆਂ ਦੀ ਹੋਰ ਜ਼ਿਆਦਾ ਕੁਰਬਾਨੀ ਦਿੱਤੀ ਜਾਵੇਗੀ ? ਇਸ ਤੋਂ ਇਲਾਵਾ ਇਸ ਦੇ ਬਾਹਰੀ ਸਿੱਟੇ ਵੀ ਨਿਕਲ ਸਕਦੇ ਹਨ, ਖ਼ਾਸਕਰ ਇਸਲਾਮੀ ਮੁਲ਼ਕਾਂ ਨਾਲ। ਕੀ ਭਾਰਤੀ ਵਿਦੇਸ਼ ਨੀਤੀ ਇਸ ਦੇ ਮਾੜੇ ਅਸਰਾਂ ਨੂੰ ਸੰਭਾਲਣ ਦੇ ਸਮੱਰਥ ਹੈ ?

ਸੰਵਿਧਾਨ ਦੇ ਨਿਰਮਾਣਕਾਰ ਇਸ ਤੋਂ ਭਲੀਭਾਂਤ ਜਾਣੂ ਸਨ ਕਿ ਭਾਰਤੀ ਸਮਾਜ ਦੀਆਂ ਦੁਫਾੜਾਂ ਨੂੰ ਆਰਾਮ ਨਾਲ ਉਭਾਰਿਆ ਜਾ ਸਕਦਾ ਹੈ ਅਤੇ ਰਿਆਸਤ ਨੂੰ ਅੱਗੇ ਲਾਇਆ ਜਾ ਸਕਦਾ ਹੈ। ਕੌਮੀ ਏਕਤਾ ਦੀ ਮਜ਼ਬੂਤ ਵਚਨਬੱਧਤਾ ਜ਼ਰੂਰ ਹੋਣੀ ਚਾਹੀਦੀ ਹੈ ਪਰ ਇਸ ਦੀ ਆੜ ਹੇਠ ਵੰਨ-ਸਵੰਨਤਾ ਦਾ ਘਾਣ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਸਾਂਝੀ ਨਾਗਰਿਕਤਾ ਦੇ ਸੰਕਲਪ ਜ਼ਰੀਏ ਇਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਭਾਰਤ ਦੇ ਲੋਕ ਆਪਣੀਆਂ ਬਹੁਪਰਤੀ ਪਛਾਣਾਂ ਬਰਕਰਾਰ ਰੱਖ ਸਕਦੇ ਹਨ ਤੇ ਇਨਾਂ ਦਾ ਜਸ਼ਨ ਵੀ ਮਨਾ ਸਕਦੇ ਹਨ ਪਰ ਇਸ ਵਾਸਤੇ ਵਿਅਕਤੀ ਆਧਾਰਿਤ ਬੁਨਿਆਦੀ ਅਧਿਕਾਰਾਂ ਨੂੰ ਮਾਣਨ ਵਾਲੇ ਬਰਾਬਰ ਦੇ ਨਾਗਰਿਕ ਬਣਨਾ ਜ਼ਰੂਰੀ ਹੈ। ਇਨਾ ਅਧਿਕਾਰਾਂ ਨੂੰ ਮਾਣਨ ਲਈ ਕਿਸੇ ਖ਼ਾਸ ਭਾਈਚਾਰੇ ਦਾ ਅੰਗ ਬਣਨਾ ਲਾਜ਼ਮੀ ਨਹੀਂ ਹੈ। ਇਸ ਮਾਮਲੇ ਵਿਚ ਇਕਮਾਤਰ ਅਪਵਾਦ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦਾ ਹੈ ਜਿਨਾਂ ਨੂੰ ਇਤਿਹਾਸ ਵਿਚ ਲੰਮਾ ਅਰਸਾ ਸੰਤਾਪ ਹੰਢਾਉਣਾ ਪਿਆ ਸੀ ਜਿਸ ਕਰ ਕੇ ਇਹ ਖ਼ਾਸ ਪਰ ਆਰਜ਼ੀ ਉਪਬੰਧ ਕਰਨਾ ਪਿਆ ਸੀ।

ਕੋਈ ਵੀ ਨਾਗਰਿਕ ਆਪਣੇ ਭਾਈਚਾਰੇ ਦੇ ਨੇਮਾਂ ਦੀ ਇਛੁਕ ਤੌਰ ’ਤੇ ਪਾਲਣਾ ਕਰ ਸਕਦਾ ਹੈ ਪਰ ਭਾਈਚਾਰੇ ਨੂੰ ਸੰਵਿਧਾਨ ਵਿਚ ਵਿਅਕਤੀਗਤ ਰੂਪ ਵਿਚ ਦਿੱਤੇ ਗਏ ਉਸ ਦੇ ਅਧਿਕਾਰਾਂ ਦੀ ਜ਼ਾਮਨੀ ਉੱਤੇ ਕੋਈ ਵੀਟੋ ਨਹੀਂ ਦਿੱਤੀ ਜਾ ਸਕਦੀ। ਜਦੋਂ ਕੋਈ ਵੀ ਭਾਈਚਾਰਾ ਆਪਣੇ ਮੈਂਬਰਾਂ ਦੀਆਂ ਸਰਗਰਮੀਆਂ ਉਪਰ ਵੀਟੋ ਦਾ ਹੱਕ ਜਤਾਉਂਦਾ ਹੈ ਤਾਂ ਸੰਵਿਧਾਨ ਦੇ ਇਸ ਮੂਲ ਢਾਂਚੇ ਨੂੰ ਆਂਚ ਪਹੁੰਚਦੀ ਹੈ। ਕਈ ਵਾਰ ਰਿਆਸਤ ਦੇ ਦਖ਼ਲ ਤੋਂ ਬਿਨਾਂ ਵੀ ਅੰਨੇਵਾਹ ਹਿੰਸਾ ਜ਼ਰੀਏ ਕੋਈ ਭਾਈਚਾਰਾ ‘ਉਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ’ ਦਾ ਦਾਅਵਾ ਕਰ ਕੇ ਦੂਜਿਆਂ ’ਤੇ ਹਮਲਾ ਕਰਨ ਦਾ ਹੱਕ ਹਾਸਲ ਕਰ ਲੈਂਦਾ ਹੈ। ਇਹ ਬਹੁਤ ਹੀ ਪ੍ਰੇਸ਼ਾਨਕੁਨ ਰੁਝਾਨ ਹਨ ਤੇ ਜੇ ਇਨਾਂ ਨੂੰ ਨਾ ਰੋਕਿਆ ਗਿਆ ਤਾਂ ਇਹ ਭਾਰਤੀ ਸਮਾਜ ਨੂੰ ਖੇਰੂੰ-ਖੇਰੂੰ ਕਰ ਸਕਦੇ ਹਨ। ਇਸ ਤਰਾਂ ਭਾਰਤੀ ਲੋਕਤੰਤਰ ਦਾ ਭਵਿੱਖ ਹੀ ਨਹੀਂ ਸਗੋਂ ਭਾਰਤ ਦੀ ਅਖੰਡਤਾ ਵੀ ਖ਼ਤਰੇ ਵਿਚ ਪੈ ਜਾਵੇਗੀ।

# ਕੇਂਦਰ ਦਾ ਨਿਸ਼ਾਨਾ : ਪੰਜਾਬ-ਹਰਿਆਣਾ ਦੇ ਕਿਸਾਨਾਂ ਦੀ ਭਾਈਚਾਰਕ ਸਾਂਝ ਨੂੰ ਤੋੜਨਾ



**ਰਣਜੀਤ ਸਿੰਘ ਕੁਕੀ**

ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੋਹਾਂ ਹੀ ਸੂਬਿਆਂ ਦੀ ਸਾਂਝੀ ਰਾਜਧਾਨੀ ਹੈ।ਚੰਡੀਗੜ੍ਹ ਦਾ ਨਾਂ 'ਚੰਡੀ ਦੇਵੀ ਦਾ ਮਜਬੂਤ ਗੜ੍ਹ " ਚੰਡੀ ਮੰਦਰ ਤੋਂ ਪਿਆ ਜੋ ਕਿ ਮਨੀਮਾਜਰਾ ਦੇ ਨਾਲ ਲੱਗਦਾ ਹੈ। 1947 ਵਿਚ ਹਿੰਦੁਸਤਾਨ ਦੀ ਵੰਡ ਸਮੇਂ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ।ਪੱਛਮੀ ਹਿੱਸਾ, ਜਿਸ ਵਿਚ ਪੰਜਾਬ ਦੀ ਰਾਜਧਾਨੀ ਲਾਹੌਰ ਵੀ ਸੀ, ਪਾਕਿਸਤਾਨ ਵਿਚ ਚਲਾ ਗਿਆ।ਪੂਰਬੀ ਹਿੱਸਾ ਭਾਰਤੀ ਪੰਜਾਬ ਨੂੰ ਦੇ ਦਿੱਤਾ ਗਿਆ, ਪਰ ਇਸ ਵਿਚ ਕੋਈ ਪ੍ਰਸ਼ਾਸਨਿਕ, ਵਪਾਰਿਕ ਅਤੇ ਸੱਭਿਆਚਾਰਕ ਕੇਂਦਰ ਨਹੀਂ ਸੀ।ਇਸ ਕਰਕੇ ਵੰਡ ਤੋਂ ਬਾਅਦ ਭਾਰਤੀ ਪੰਜਾਬ ਨੂੰ ਉੱਚਿਤ ਰਾਜਧਾਨੀ ਦੇਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਭਾਰਤੀ ਸਰਕਾਰ ਨੇ ਇਸ ਸਮੇਂ ਕਈ ਸਾਰੇ ਵਿਕਲਪਾਂ ਉੱਪਰ ਚਰਚਾ ਕੀਤੀ ਜਿਸ ਵਿਚ ਅੰਮ੍ਰਿਤਸਰ, ਜਲੰਧਰ, ਫਿਲੌਰ, ਲਧਿਆਣਾ, ਸ਼ਿਮਲਾ, ਅੰਬਾਲਾ, ਕਰਨਾਲ ਦੇ ਨਾਵਾਂ ਉੱਪਰ ਵਿਚਾਰ ਕੀਤਾ ਗਿਆ ਅਤੇ 1948 ਵਿਚ ਮੌਜੂਦਾ ਚੰਡੀਗੜ੍ਹ ਨੂੰ ਇਸ ਲਈ ਚੁਣਿਆ ਗਿਆ। ਭਾਰਤ ਦੀ ਅਜ਼ਾਦੀ ਤੋਂ ਬਾਅਦ ਚੰਡੀਗੜ੍ਹ ਪਹਿਲਾਂ ਯੋਜਨਾਬੱਧ ਤਰੀਕੇ ਨਾਲ ਵਸਾਇਆ ਸ਼ਹਿਰ ਬਣਿਆ ਜੋ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਸ਼ਿਲਪ ਕਲਾ ਅਤੇ ਸ਼ਹਿਰੀ ਡਿਜ਼ਾਈਨ ਲਈ ਜਾਣਿਆ ਜਾਂਦਾ ਹੈ।

1950 ਵਿਚ ਪੂਰਬੀ ਖਿੱਤੇ ਨੂੰ ਪੰਜਾਬ ਅਤੇ ਚੰਡੀਗੜ੍ਹ ਨੂੰ ਇਸ ਦੀ ਰਾਜਧਾਨੀ ਘੋਸ਼ਿਤ ਕੀਤਾ ਗਿਆ। 1966 ਵਿਚ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਇਸ ਤੋਂ ਵੱਖ ਹੋਏ।ਹਿਮਾਚਲ ਪ੍ਰਦੇਸ਼ ਦੇ ਗਠਨ ਤੋਂ ਬਾਅਦ ਚੰਡੀਗੜ੍ਹ ਵਿਚ ਪੰਜਾਬ ਅਤੇ ਹਰਿਆਣਾ ਵਿਚਕਾਰ 60:40 ਦਾ ਅਨੁਪਾਤ ਰੱਖਿਆ ਗਿਆ।ਪੰਜਾਬ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਦੇ ਰੂਪ ਵਿਚ ਹੀ ਵਿਕਸਿਤ ਕੀਤਾ ਗਿਆ ਸੀ, ਇਸ ਕਰਕੇ ਇਸ ਉੱਪਰ ਪਹਿਲਾ ਅਧਿਕਾਰ ਪੰਜਾਬ ਦਾ ਹੀ ਬਣਦਾ ਸੀ।ਇਸੇ ਤਰਾਂ ਹੀ ਭਾਰਤ ਦੇ ਦੂਜੇ ਸੂਬਿਆਂ ਭਾਸ਼ਾਈ ਅਧਾਰ 'ਤੇ ਬਣੇ ਨਵੇਂ ਰਾਜਾਂ ਦੇ ਗਠਨ ਸਮੇਂ ਹੁੰਦਾ ਆਇਆ ਸੀ।ਪਰ ਹਰਿਆਣਾ ਨੇ ਉੱਪਰ ਇਤਰਾਜ਼ ਜ਼ਾਹਿਰ ਕੀਤਾ।ਇਹ ਵੀ ਕਿਹਾ ਜਾਂਦਾ ਹੈ ਕਿ ਹਿਮਾਚਲ ਪ੍ਰਦੇਸ਼ ਦਾ ਵੀ ਇਸ ਵਿਚ ਕੁਝ ਹਿੱਸਾ ਹੈ। ਇਸ ਮੁੱਦੇ ਨੂੰ ਟਾਲਣ ਲਈ ਕੇਂਦਰ ਨੇ ਉਸ ਸਮੇਂ ਚੰਡੀਗੜ੍ਹ ਨੂੰ ਕੇਂਦਰ-ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ।

1966 ਵਿਚ ਬਣੇ ਗਠਿਤ ਕੀਤੇ ਗਏ ਜੇ ਸੀ ਸ਼ਾਹ ਕਮਿਸ਼ਨ ਨੇ ਚੰਡੀਗੜ੍ਹ ਦੀ ਕਿਸਮਤ ਦਾ ਫੈਸਲਾ ਕਰਨ ਦੀ ਠਾਣੀ ਅਤੇ ਇਸ ਨੂੰ ਹਰਿਆਣਾ ਨੂੰ ਦੇ ਦਿੱਤਾ। ਸ਼ਾਹ ਕਮਿਸ਼ਨ ਦੇ ਮੈਂਬਰਾਂ ਵਿਚ ਇਸ ਨੂੰ ਲੈ ਕੇ ਹੋਈ ਆਪਸੀ ਖਿੱਚੋਤਾਣ ਨੇ ਕੇਂਦਰ ਸਰਕਾਰ ਨੂੰ ਦੁਚਿੱਤੀ ਵਿਚ ਪਾ ਦਿੱਤਾ, ਜੋ ਇਸ ਸੰਬੰਧੀ ਕੋਈ ਫੈਸਲਾ ਨਾ ਲੈ ਸਕੀ।ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਸਮੇਂ ਨਾਲ ਹਰਿਆਣਾ ਨੂੰ ਆਪਣੀ ਰਾਜਧਾਨੀ ਦੇ ਦਿੱਤੀ ਜਾਵੇਗੀ ਅਤੇ ਚੰਡੀਗੜ੍ਹ ਉੱਪਰ ਪੰਜਾਬ ਦਾ ਅਧਿਕਾਰ ਹੋਵੇਗਾ।1970 ਵਿਚ ਗਾਂਧੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਸ ਸੰਬੰਧੀ ਕਈ ਵਿਕਲਪਾਂ ਉੱਪਰ ਚਰਚਾ ਕੀਤੀ। ਅੰਤ ਇਹ ਫੈਸਲਾ ਕੀਤਾ ਗਿਆ ਕਿ ਅਬੋਹਰ ਅਤੇ ਫਾਜ਼ਿਲਕਾ ਨਾਲ ਲੱਗਦੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਨੂੰ ਦੇ ਕੇ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ। ਹਰਿਆਣਾ ਨੂੰ ਦਸ ਸਾਲ ਦੇ ਵਕਫੇ ਲਈ ਆਪਣੇ ਦਫਤਰ ਅਤੇ ਪ੍ਰਸ਼ਾਸਕੀ ਅਮਲਾ ਚੰਡੀਗੜ੍ਹ ਵਿਚ ਹੀ ਰੱਖਣ ਦੇ ਨਿਰਦੇਸ਼ ਦਿੱਤੇ ਗਏ ਅਤੇ ਫਿਰ ਇਹਨਾਂ ਨੂੰ ਆਪਣੀ ਰਾਜਧਾਨੀ 'ਚ ਲਿਜਾਣ ਲਈ ਕਿਹਾ ਗਿਆ।ਕੇਂਦਰ ਸਰਕਾਰ ਨੇ ਉਸ ਸਮੇਂ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਲਈ 10 ਕਰੋੜ ਦੀ ਪੇਸ਼ਕਸ਼ ਵੀ ਕੀਤੀ ਸੀ।

ਅਸਲ ਵਿਚ ਹਰਿਆਣਾ ਨੇ ਪਹਿਲਾਂ ਹੀ ਇਸ ਸੇਧ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਚੰਡੀਗੜ੍ਹ ਦੇ ਨਾਲ ਲੱਗਦੇ ਇਲਾਕੇ ਪੰਚਕੁਲਾ ਨੂੰ ਇਸ ਲਈ ਚੁਣਿਆ ਜਿਸ ਨੇ ਅੰਤ ਹਰਿਆਣਾ ਦੀ ਰਾਜਧਾਨੀ ਬਣਨਾ ਸੀ। 1976 ਵਿਚ ਕੇਂਦਰ ਸਰਕਾਰ ਨੇ ਚੰਡੀਗੜ੍ਹ ਦੇ ਸਾਂਝੀ ਰਾਜਧਾਨੀ ਹੋਣ ਦੇ ਦਰਜੇ ਨੂੰ ਦਸ ਸਾਲਾਂ ਦੀ ਹੋਰ ਮਿਆਦ ਲਈ ਵਧਾ ਦਿੱਤਾ।ਪਰ ਇਹ ਮੁੱਦਾ ਅਜੇ ਤੱਕ ਵੀ ਅਣਸੁਲਝਿਆ ਹੈ ਕਿਉਂਕਿ ਪੰਜਾਬ ਇਸ ਉੱਪਰ ਆਪਣਾ ਸੰਪੂਰਨ ਨਿਯੰਤ੍ਰਣ ਚਾਹੁੰਦਾ ਹੈ, ਪਰ ਕੇਂਦਰ ਸਰਕਾਰ ਅਬੋਹਰ ਅਤੇ ਫਾਜ਼ਿਲਕਾ ਨਾਲ ਲੱਗਦੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਦੀ ਝੋਲੀ ਪਾਉਣ ਲਈ ਤਿਆਰ ਨਹੀਂ ਸੀ।ਇਸ ਵਿਵਾਦ ਦੇ ਚੱਲਦਿਆਂ ਹੀ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ ਜਿਸ ਵਿਚ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਗਿਆ ਅਤੇ ਅਬੋਹਰ ਅਤੇ ਫਾਜ਼ਿਲਕਾ ਦੇ ਇਲਾਕੇ ਹਰਿਆਣਾ ਨੂੰ ਦੇ ਦਿੱਤੇ ਗਏ।ਪਰ ਇਹ ਸਮਝੌਤਾ ਵੀ ਕਾਗਜ਼ਾਂ ਤੱਕ ਹੀ ਸੀਮਿਤ ਰਿਹਾ ਕਿਉਂਕਿ ਪੰਜਾਬ ਨੇ ਇਹ ਇਲਾਕੇ ਹਰਿਆਣਾ ਨੂੰ ਦੇਣ ਵਿਚ ਇਤਰਾਜ਼ ਜਤਾਇਆ। ਪੰਜਾਬ ਦੀ ਰਾਜਧਾਨੀ ਦਾ ਵਿਕਾਸ ਅਤੇ ਨਿਯੰਤ੍ਰਣ ਐਕਟ 1952 ਅਨੁਸਾਰ ਚੰਡੀਗੜ੍ਹ ਹੀ ਪੰਜਾਬ ਦੀ ਰਾਜਧਾਨੀ ਹੈ। 1952 ਵਿਚ ਕੀਤੇ ਗਏ ਪ੍ਰਬੰਧਾਂ ਨੂੰ ਪੰਜਾਬ ਪੁਨਰਗਠਨ ਐਕਟ 1966 ਤੋਂ ਬਾਅਦ ਵੀ ਨਹੀਂ ਸੀ ਬਦਲਿਆ ਗਿਆ। ਇਸ ਲਈ 1966 ਤੋਂ ਹੀ ਇਹ ਮੁੱਦਾ ਵਿਵਾਦਾਂ ਵਿਚ ਚੱਲ ਰਿਹਾ ਹੈ।ਪੰਜਾਬ ਵਿਧਾਨ ਸਭਾ ਵਿਚ ਇਸ ਸੰਬੰਧੀ ਮਤਾ ਪਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਇਕ ਵਾਰ ਮੁੜ ਤੋਂ ਭਖਾ ਦਿੱਤਾ ਹੈ।ਕਈ ਸਾਲਾਂ ਤੋਂ ਠੰਢੇ ਬਸਤੇ ਵਿਚ ਪਿਆ ਮੁੱਦਾ ਫਿਰ ਤੋਂ ਵਿਵਾਦਾਂ ਵਿਚ ਆ ਗਿਆ ਹੈ।



ਪਿਛਲੇ ਕੁਝ ਦਹਾਕਿਆਂ ਨੇ ਮਹੱਤਵਪੂਰਨ ਮੁੱਦਿਆਂ ਜਿਵੇਂ ਕਿ ਦਰਿਆਈ ਪਾਣੀਆਂ ਦੀ ਵੰਡ, ਚੰਡੀਗੜ੍ਹ ਉੱਪਰ ਪੰਜਾਬ ਦਾ ਅਧਿਕਾਰ, ਉੱਪਰ ਰਾਜਨੀਤਿਕ ਇਕੱਠ ਹੁੰਦਾ ਦੇਖਿਆ ਹੈ।ਚੰਡੀਗੜ੍ਹ, ਦਰਿਆਈ ਪਾਣੀਆਂ ਦੀ ਵੰਡ ਅਤੇ ਹੋਰ ਮਸਲਿਆਂ ਨੂੰ ਸੁਲਝਾਉਣ ਲਈ ਕੋਈ ਅੱਧਾ ਦਰਜਨ ਕਮਿਸ਼ਨ ਅਤੇ ਸਮੇਂ-ਸਮੇਂ 'ਤੇ ਇਸ ਸੰਬੰਧੀ ਸਮਝੌਤੇ ਕੀਤੇ ਗਏ। ਪਰ ਇਨਾਂ ਕਮਿਸ਼ਨਾਂ ਅਤੇ ਸਮਝੌਤਿਆਂ ਦੀਆਂ ਸਿਫਾਰਸ਼ਾਂ ਨੂੰ ਕਦੀ ਲਾਗੂ ਨਹੀਂ ਕੀਤਾ ਗਿਆ ਜਿਸ ਨੇ ਇਸ ਸੰਬੰਧੀ ਹੋਰ ਜਿਆਦਾ ਗੁੰਝਲਤਾਈਆਂ ਪੈਦਾ ਕੀਤੀਆਂ।ਪੰਜਾਬ ਦੇ ਪੰਥਕ ਸਿੱਖਾਂ ਲਈ ਚੰਡੀਗੜ੍ਹ ਦਾ ਮੁੱਦਾ ਬਹੁਤ ਹੀ ਸੰਵੇਦਨਸ਼ੀਲ ਹੈ ਕਿਉਂਕਿ ਸਿੱਖ ਬਹੁ-ਗਿਣਤੀ ਵਾਲੇ ਸੂਬੇ ਦੀ ਆਪਣੀ ਕੋਈ ਰਾਜਧਾਨੀ ਨਹੀਂ ਹੈ।ਵੰਡ ਸਮੇਂ ਪੰਜਾਬ ਨੇ ਆਪਣੀ ਰਾਜਧਾਨੀ ਲਾਹੌਰ ਨੂੰ ਗੁਆ ਲਿਆ ਸੀ। ਇਸ ਸੰਬੰਧੀ ਧਾਰਣਾ ਇਹੀ ਹੈ ਕਿ ਇਸੇ ਨੁਕਸਾਨ ਦੀ ਭਰਪਾਈ ਲਈ ਹੀ ਚੰਡੀਗੜ੍ਹ ਨੂੰ ਵਿਕਸਿਤ ਕੀਤਾ ਗਿਆ ਸੀ।ਚੰਡੀਗੜ੍ਹ ਨੂੰ ਪੰਜਾਬ ਅਤੇ ਹਰਿਆਣਾ ਦੀ ਆਰਜੀ ਰਾਜਧਾਨੀ ਬਣਾਉਣ ਦੇ ਨਾਲ-ਨਾਲ ਪੰਜਾਬ ਪੁਨਰਗਠਨ ਐਕਟ ਨੇ ਪੰਜਾਬ ਦੇ ਪਾਣੀਆਂ ਦਾ ਨਿਯੰਤ੍ਰਣ ਵੀ ਕੇਂਦਰੀ ਹੱਥਾਂ ਵਿਚ ਦੇ ਦਿੱਤਾ।ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਕੋਲ ਚਲੇ ਗਏ।

ਅਕਾਲੀ ਦਲ ਨੇ ਇਨਾਂ ਮੰਗਾਂ ਨੂੰ ਲੈ ਕੇ ਹੀ ਧਰਮ-ਯੁੱਧ ਮੋਰਚਾ ਲਗਾਇਆ ਸੀ ਜਿਸ ਦਾ ਅੰਤ 1984 ਵਿਚ ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਦੇ ਰੂਪ ਵਿਚ ਹੋਇਆ।ਇਸ ਦੇ ਨਾਲ ਹੀ ਰਾਜਨੀਤਿਕ ਪਾਰਟੀਆਂ ਦੁਆਰਾ ਲੋਕਾਂ, ਖਾਸ ਕਰਕੇ ਕਿਸਾਨਾਂ, ਦੀਆਂ ਭਾਵਨਾਵਾਂ ਨੂੰ ਭੜਕਾਉਂਦੇ ਹੋਏ ਪੰਜਾਬ ਅਤੇ ਹਰਿਆਣਾ ਦੋਹੇਂ ਪਾਸੀ ਹੀ ਨਿਆਂ-ਯੁੱਧ ਵੀ ਸ਼ੁਰੂ ਕੀਤਾ ਗਿਆ। 1980ਵਿਆਂ ਦੇ ਅੱਧ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਚੌਧਰੀ ਦੇਵੀ ਲਾਲ ਨੇ ਇਨਾਂ ਅੰਦੋਲਨਾਂ ਦੀ ਅਗਵਾਈ ਕੀਤੀ।ਇਸ ਤੋਂ ਪਹਿਲਾਂ ਪੰਜਾਬ ਦੇ ਪੁਨਰਗਠਨ ਸਮੇਂ ਵੀ ਹਿੰਸਕ ਘਟਨਾਵਾਂ ਦੇਖਣ ਨੂੰ ਮਿਲੀਆਂ ਸਨ। ਚੰਡੀਗੜ੍ਹ ਅਤੇ ਦਰਿਆਈ ਪਾਣੀਆਂ ਦੀ ਵੰਡ ਦੇ ਮੁੱਦੇ ਨੇ ਪੰਜਾਬ ਅਤੇ ਹਰਿਆਣਾ ਵਿਚ ਸੰਪਰਦਾਇਕ ਅਤੇ ਖੇਤਰੀ ਅੰਧ-ਭਗਤੀ ਨੂੰ ਹਵਾ ਦਿੱਤੀ।ਉਦਾਰਹਣ ਵਜੋਂ, ਪੰਜਾਬ ਅਤੇ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਯੂਨਿਟ ਨੇ ਇਸ ਸੰਬੰਧੀ ਹਮੇਸ਼ਾ ਹੀ ਵਿਵਾਦਿਤ ਸਟੈਂਡ ਲਿਆ ਅਤੇ ਇਹੀ ਹਾਲ ਕਾਂਗਰਸ ਦਾ ਰਿਹਾ। ਅਕਾਲੀ ਦਲ ਨੇ ਹਮੇਸ਼ਾ ਹੀ ਇਹਨਾਂ ਮੁੱਦਿਆਂ ਨੂੰ ਸੂਬਾਈ ਮੁਦਿਆਂ ਵਜੋਂ ਪੇਸ਼ ਕਰਨ ਦੀ ਥਾਂ ਸਿੱਖਾਂ ਦੇ ਮੁਦਿਆਂ ਵਜੋਂ ਪੇਸ਼ ਕੀਤਾ।

ਪਿਛਲੇ ਸਮੇਂ ਵਿਚ ਇਕ ਸਾਲ ਲੰਬੇ ਚੱਲੇ ਕਿਸਾਨ ਅੰਦੋਲਨ ਵਿਚ ਦੋਹਾਂ ਸੂਬਿਆਂ ਦੇ ਕਿਸਾਨਾਂ ਵਿਚ ਆਪਸੀ ਏਕਤਾ ਅਤੇ ਭਾਈਚਾਰੇ ਦੀ ਉਦਾਹਰਣ ਪੇਸ਼ ਕੀਤੀ।ਇਸੇ ਹੀ ਸੰਦਰਭ ਵਿਚ 25 ਮਾਰਚ ਨੂੰ ਦੋਹਾਂ ਸੂਬਿਆਂ ਦੇ ਕਿਸਾਨਾਂ ਨੇ ਇਕੱਠੇ ਹੋ ਕੇ ਮੋਹਾਲੀ ਵਿਚ ਪ੍ਰਦਰਸ਼ਨ ਕੀਤਾ ਸੀ।ਇਸ ਵਿਚ ਕੇਂਦਰ ਦੁਆਰਾ ਭਾਖੜਾ ਬਿਆਸ ਮੈਨੇਜਮੈਂਟ ਦੇ ਫੈਸਲੇ ਰਾਹੀ ਸੂਬਿਆਂ ਦੇ ਅਧਿਕਾਰਾਂ ਵਿਚ ਦਖ਼ਲਅੰਦਾਜ਼ੀ ਦਾ ਵਿਰੋਧ ਕੀਤਾ ਗਿਆ ਜਿਸ ਨੇ ਪੰਜਾਬ ਅਤੇ ਹਰਿਆਣਾ ਨੂੰ ਬੋਰਡ ਦੇ ਪੱਕੇ ਮੈਂਬਰਾਂ ਵਿਚੋਂ ਹਟਾ ਦਿੱਤਾ ਹੈ। ਇਸੇ ਤਰਾਂ ਹੀ ਸੰਸਦ ਦੁਆਰਾ ਪਾਸ ਕੀਤੇ ਗਏ ਡੈਮ ਸੇਫਟੀ ਐਕਟ 2021 ਵੀ ਅਜਿਹਾ ਹੀ ਫੈਸਲਾ ਹੈ ਜਿਸ ਨੇ ਸੂਬਿਆਂ ਦੇ ਅਧਿਕਾਰਾਂ ਨੂੰ ਸੀਮਿਤ ਕਰ ਦੇਣਾ ਹੈ। ਇਸ ਤੋਂ ਇਲਾਵਾ ਕੇਂਦਰ ਨੇ ਚੰਡੀਗੜ੍ਹ ਵਿਚੋਂ ਪੰਜਾਬ ਅਤੇ ਹਰਿਆਣਾ ਦੇ ਮੁਲਾਜ਼ਮਾਂ ਦੀ ਗਿਣਤੀ ਵੀ ਲਗਾਤਾਰ ਘਟਾ ਦਿੱਤੀ ਹੈ। ਕਿਸਾਨਾਂ ਦੀਆਂ ਸੂਬਿਆਂ ਦੇ ਵੱਧ ਅਧਿਕਾਰਾਂ ਵਾਲੀਆਂ ਮੰਗਾਂ ਨੂੰ ਸੁਣਨ ਦੀ ਬਜਾਇ ਕੇਂਦਰ ਨੇ ਤਾਨਾਸ਼ਾਹੀ ਫ਼ੁਰਮਾਨ ਜਾਰੀ ਕਰ ਦਿੱਤਾ ਹੈ।ਕੇਂਦਰ ਨੇ ਬਿਨਾਂ ਕਿਸੇ ਸਲਾਹ ਮਸ਼ਵਰੇ ਤੋਂ ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਕੇਂਦਰੀ ਕੰਟਰੋਲ ਵਿਚ ਲਿਆ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦਰਜਾ ਹੀ ਬਦਲ ਦਿੱਤਾ ਹੈ।ਮੋਦੀ ਸਰਕਾਰ ਦੁਆਰਾ ਜਾਰੀ ਕੀਤੇ ਇਸ ਤਾਨਾਸ਼ਾਹੀ ਫੈਸਲੇ ਦੀ ਪੁਰਜ਼ੋਰ ਨਿੰਦਾ ਹੋਣੀ ਚਾਹੀਦੀ ਹੈ ਅਤੇ ਪਹਿਲਾਂ ਵਾਲੀ ਸਥਿਤੀ ਬਹਾਲ ਕਰਨ ਦੀ ਮੰਗ ਹੋਣੀ ਚਾਹੀਦੀ ਹੈ ਨਾ ਕਿ ਚੰਡੀਗੜ੍ਹ ਉੱਪਰ ਪੰਜਾਬ ਦਾ ਅਧਿਕਾਰ ਜਿਹੇ ਪੁਰਾਣੇ ਮਸਲਿਆਂ ਨੂੰ ਉਠਾ ਕੇ ਇਸ ਨੂੰ ਹੋਰ ਗੁੰਝਲਦਾਰ ਕਰਨਾ ਚਾਹੀਦਾ ਹੈ।ਪੰਜਾਬ ਦੇ ਲੋਕਾਂ ਵਿਚ ਕੇਂਦਰ ਸਰਕਾਰ ਦੁਆਰਾ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਨੇ ਰੋਸ ਅਤੇ ਗੁੱਸਾ ਪੈਦਾ ਕੀਤਾ ਜੋ ਕਿ ਕਿਸਾਨ ਅੰਦੋਲਨ ਦੇ ਨਤੀਜੇ ਵਜੋਂ ਕਾਨੂੰਨ ਵਾਪਿਸ ਲਏ ਜਾਣ ਤੋਂ ਬਾਅਦ ਕੁਝ ਸ਼ਾਂਤ ਹੋਇਆ। ਪਰ ਅਮਿਤ ਸ਼ਾਹ ਦੁਆਰਾ ਕੀਤੀ ਗਈ ਘੋਸ਼ਣਾ ਨੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸਮੇਂ-ਸਮੇਂ ਕੇਂਦਰ ਦੁਆਰਾ ਪਾਸ ਕੀਤੇ ਕਾਨੂੰਨਾਂ ਕਰਕੇ ਪੰਜਾਬ ਦਾ ਕੇਂਦਰ ਨਾਲ ਟਕਰਾਅ ਹੁੰਦਾ ਆਇਆ ਹੈ।ਅਕਤੂਬਰ 2018 ਵਿਚ ਕੇਂਦਰ ਨੂੰ ਚੰਡੀਗੜ੍ਹ ਦੇ ਡੀ ਐਸ ਪੀ ਦੀਆਂ ਪੋਸਟਾਂ ਦਾ ਦਿੱਲੀ, ਅੰਡੇਮਾਨ, ਲਕਸ਼ਦੀਪ, ਦਮਨ ਅਤੇ ਦਿਊ ਅਤੇ ਦਾਦਰਾ ਅਤੇ ਨਗਰ ਹਵੇਲੀ ਕੇਡਰ ਅਫਸਰਾਂ ਨਾਲ ਰਲੇਵੇਂ ਦਾ ਨੋਟੀਫਿਕੇਸ਼ਨ ਵਾਪਿਸ ਲੈਣਾ ਪਿਆ ਸੀ ਕਿਉਂਕਿ ਇਹ 2019 ਦੀਆਂ ਲੋਕ ਸਭਾ ਚੋਣਾਂ ਵਿਚ ਵੱਡਾ ਮੁੱਦਾ ਬਣ ਸਕਦਾ ਸੀ।

ਆਮ ਆਦਮੀ ਪਾਰਟੀ ਦੁਆਰਾ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਇਸ ਸੰਬੰਧੀ ਮਤਾ ਪਾਸ ਕੀਤਾ ਗਿਆ। ਹਾਲਾਂਕਿ ਵਿਧਾਨ ਸਭਾ ਵਿਚ ਪਾਸ ਹੋਏ ਮਤੇ ਦਾ ਕੋਈ ਕਾਨੂੰਨੀ ਦਰਜਾ ਨਹੀਂ ਹੁੰਦਾ, ਪਰ ਇਹ ਰਾਜਨੀਤਿਕ ਉਦੇਸ਼ ਨੂੰ ਜ਼ਾਹਿਰ ਕਰਦਾ ਹੈ।ਪੰਜਾਬ ਅਤੇ ਹਰਿਆਣਾ ਵਿਚਕਾਰ ਇਹ ਵਿਵਾਦਿਤ ਮੁੱਦੇ ਮੌਕਾਪ੍ਰਸਤ ਰਾਜਨੀਤੀ ਕਰਕੇ ਪਿਛਲੇ ਪੰਜਾਹ ਸਾਲਾਂ ਤੋਂ ਲਟਕ ਰਹੇ ਹਨ।ਇਹ ਸਹੀ ਹੈ ਕਿ ਇਨਾਂ ਮੁੱਦਿਆਂ ਨੂੰ ਹੱਲ ਕਰਨ ਦੀ ਜਰੂਰਤ ਹੈ, ਪਰ ਇਹ ਮੁੱਦੇ ਵਿਵਾਦਿਤ, ਭਾਵਨਾਤਮਕ ਅਤੇ ਗੁੰਝਲਦਾਰ ਹੋਣ ਕਰਕੇ ਕਿਸੇ ਵੀ ਸਰਕਾਰ ਨੇ ਇਸ ਉੱਪਰ ਨਿਰਣਾਇਕ ਫੈਸਲਾ ਨਹੀਂ ਲਿਆ ਹੈ। ਇਨਾਂ ਮੁੱਦਿਆਂ ਨੂੰ ਵਿਸ਼ਾਲ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ।ਮੋਦੀ ਸਰਕਾਰ ਦੁਆਰਾ ਭਾਖੜਾ ਬਿਆਸ ਮੈਨੇਜਮੈਂਟ ਅਤੇ ਚੰਡੀਗੜ੍ਹ ਵਿਚ ਕੇਂਦਰੀ ਦੇ ਸਰਵਿਸ ਨਿਯਮ ਲਾਗੂ ਕਰਨ ਦਾ ਫੈਸਲਾ ਸੰਘੀ ਢਾਂਚੇ ਨੂੰ ਕਮਜੋਰ ਕਰਕੇ ਕੇਂਦਰੀਕਰਨ ਦੀ ਨੀਤੀ ਦਾ ਹੀ ਨਤੀਜਾ ਹੈ। ਸਰਕਾਰ ਦੁਆਰਾ ਖੇਡੀ ਜਾ ਰਹੀ ਰਾਜਨੀਤਕ ਖੇਡ ਕਰਕੇ ਇਹ ਮੁੱਦਾ ਦਿਨ-ਬ-ਦਿਨ ਗਰਮਾ ਰਿਹਾ ਹੈ ਜਿਸ ਦਾ ਅਸਲ ਮਕਸਦ ਕਿਸਾਨ ਅੰਦੋਲਨ ਵਿਚ ਦੋਹਾਂ ਸੂਬਿਆਂ ਦੇ ਕਿਸਾਨਾਂ ਦੁਆਰਾ ਦਿਖਾਈ ਗਈ ਆਪਸੀ ਏਕਤਾ ਅਤੇ ਭਾਈਚਾਰੇ ਨੂੰ ਤੋੜਨਾ ਹੈ ਜਿਸ ਕਰਕੇ ਹੀ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨਾਂ ਸੰਬੰਧੀ ਆਪਣਾ ਫੈਸਲਾ ਵਾਪਿਸ ਲੈਣਾ ਪਿਆ ਸੀ।

ਚੰਡੀਗੜ੍ਹ ਦੇ ਮੁੱਦੇ ਨੇ ਦੋਹਾਂ ਹੀ ਸੂਬਿਆਂ ਦੀ ਸਰਕਾਰਾਂ ਅਤੇ ਵਿਰੋਧੀ ਧਿਰਾਂ ਨੂੰ ਇਕੱਠੇ ਕਰ ਦਿੱਤਾ ਹੈ।ਪੰਜਾਬ ਵਿਧਾਨ ਸਭਾ ਦੁਆਰਾ ਇਸ ਸੰਬੰਧੀ ਮਤਾ ਪਾਸ ਕਰਨ ਤੋਂ ਬਾਅਦ, ਇਸ ਨੇ ਹਰਿਆਣਾ ਵਿਚ ਵੀ ਹਲਚਲ ਪੈਦਾ ਕਰ ਦਿੱਤੀ ਹੈ ਜੋ ਕਿ ਸੂਬੇ ਉੱਪਰ ਆਪਣਾ ਹੱਕ ਜਤਾ ਰਿਹਾ ਹੈ। ਇਹ ਮੁੱਦਾ ਰਾਜਨੀਤਿਕ ਤੌਰ ਤੇ ਕਿੰਨਾ ਸੰਵੇਦਨਸ਼ੀਲ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਸੰਬੰਧੀ ਪਾਸ ਕੀਤਾ ਮਤਾ ਪਹਿਲਾ ਮਤਾ ਨਹੀਂ ਹੈ।ਇਸ ਤੋਂ ਪਹਿਲਾਂ 1967 ਤੋਂ ਲੈ ਕੇ ਹੁਣ ਤੱਕ ਛੇ ਵਾਰ ਇਹ ਮਤੇ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਜਾ ਚੁੱਕੇ ਹਨ।

ਸਮਾਂ ਬੀਤਣ ਨਾਲ ਚੰਡੀਗੜ੍ਹ ਉੱਪਰ ਪੰਜਾਬ ਦਾ ਨਿਯੰਤ੍ਰਣ ਕਮਜੋਰ ਪਿਆ ਹੈ। ਚੰਡੀਗੜ੍ਹ ਵਿਚ ਜਿਆਦਾ ਕੇਂਦਰੀ ਅਫਸਰਾਂ ਦੀ ਨਿਯੁਕਤੀ ਹੋਈ ਹੈ ਜਿਸ ਨੇ ਪੰਜਾਬ ਵਿਚ ਰੋਸ ਦੀ ਭਾਵਨਾ ਪੈਦਾ ਕੀਤੀ ਹੈ।ਜਦੋਂ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਸੀ ਤਾਂ ਉਸ ਸਮੇਂ ਇਸ ਦਾ ਪ੍ਰਮੁਖ ਪ੍ਰਸ਼ਾਸਕ ਮਹਿੰਦਰ ਸਿੰਘ ਰੰਧਾਵਾ ਨੂੰ ਬਣਾਇਆ ਗਿਆ ਸੀ। ਉਸ ਤੋਂ ਬਾਅਦ ਕਿਸੇ ਵੀ ਪੰਜਾਬ ਅਫਸਰ ਨੂੰ ਸ਼ਹਿਰ ਦਾ ਪ੍ਰਮੁੱਖ ਪ੍ਰਸ਼ਾਸਕ ਨਹੀਂ ਬਣਾਇਆ ਗਿਆ।ਚੰਡੀਗੜ੍ਹ ਵਿਚ ਕੇਂਦਰ ਦੇ ਸਰਵਿਸ ਨਿਯਮ ਲਾਗੂ ਕਰਨ ਦਾ ਮੁੱਦਾ ਹੀ ਬੇਚੈਨੀ ਨਹੀਂ ਪੈਦਾ ਕਰ ਰਿਹਾ, ਬਲਕਿ ਭਾਖੜਾ ਬਿਆਸ ਮੈਨੇਜਮੈਂਟ ਦਾ ਮੁੱਦਾ ਵੀ ਇਸ ਵਿਚ ਸ਼ਾਮਿਲ ਹੈ ਜਿਸ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਚੰਡੀਗੜ੍ਹ ਨੂੰ ਬਿਜਲੀ ਅਤੇ ਪਾਣੀ ਦੇਣ ਸੰਬੰਧੀ ਫੈਸਲਾ ਕਰਨਾ ਹੈ।ਪੰਜਾਬ ਦੀਆਂ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਇਸ ਗੱਲ ਉੱਪਰ ਇਕਮੱਤ ਹਨ ਕਿ ਸੂਬੇ ਨੂੰ ਉਸ ਦੇ ਬਣਦੇ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ ਹੈ।

ਲੋਕ ਇਸ ਸਮੇਂ 1966 ਦੇ ਸਮੇਂ ਨੂੰ ਵੀ ਵਿਚਾਰ ਰਹੇ ਹਨ ਜਦੋਂ ਪੁਨਰਗਠਨ ਦੇ ਮਸਲੇ ਉੱਪਰ ਸੂਬੇ ਵਿਚ ਹਲਚਲ ਸ਼ੁਰੂ ਹੋਈ ਸੀ।ਉਸ ਸਮੇਂ ਨਾ ਸਿਰਫ ਭੜਕਾਊ ਭਾਸ਼ਣ, ਮਰਨ-ਵਰਤ ਅਤੇ ਆਪਣੇ ਆਪ ਨੂੰ ਅੱਗ ਲਗਾਉਣ ਜਿਹੀਆਂ ਗੱਲਾਂ ਸਾਹਮਣੇ ਆਈਆਂ, ਬਲਕਿ ਇਸ ਨੇ ਹਿੰਸਾ ਵੀ ਭੜਕਾਈ ਸੀ।ਭਾਰਤੀ ਜਨਤਾ ਪਾਰਟੀ ਇਸ ਸਮੇਂ ਕੇਂਦਰ ਵਿਚ ਰਾਜ ਕਰ ਰਹੀ, ਉਸ ਸਮੇਂ ਇਸ ਦਾ ਪਹਿਲਾ ਅਵਤਾਰ 'ਭਾਰਤੀ ਜਨ ਸੰਘ' ਇਸ ਮੁੱਦੇ ਉੱਪਰ ਜੋਰਦਾਰ ਅਵਾਜ਼ ਉਠਾ ਰਿਹਾ ਸੀ।ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲਾ ਸੰਘ, ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਪੰਜਾਬ ਨੂੰ ਭਾਸ਼ਾਈ ਅਧਾਰ 'ਤੇ ਵੰਡਣ ਦੇ ਖਿਲ਼ਾਫ ਸੀ ਹਾਲਾਂਕਿ ਇਸ ਅਧਾਰ ਉੱਪਰ ਹੀ ਹੋਰ ਸੂਬਿਆਂ ਦਾ ਵੀ ਗਠਨ ਕੀਤਾ ਗਿਆ ਸੀ।ਰਾਸ਼ਟਰੀ ਸਵੈ ਸੇਵਕ ਸੰਘ ਦੇ ਪ੍ਰਵਕਤਾ ਦੀਨ ਦਿਆਲ ਉਪਾਧਿਆਏ ਨੇ 5 ਸਤੰਬਰ 1965 ਨੂੰ 'ਪੰਜਾਬੀ ਸੂਬਾ ਬਿਜਨਸ' ਵਿਚ ਛਪੇ ਆਰਟੀਕਲ ਵਿਚ ਕਿਹਾ ਸੀ, 'ਪੰਜਾਬ ਸੂਬਾ ਮਾਸਟਰ ਤਾਰਾ ਸਿੰਘ ਦੇ ਸਿੱਖ ਰਾਜ ਦੀ ਹੀ ਰਹਿਨੁਮਾਈ ਕਰਦਾ ਹੈ। ਸੰਤ ਫਤਿਹ ਸਿੰਘ ਜੋ ਵੀ ਕਹੇ, ਇਹ ਸਾਰਾ ਅੰਦੋਲਨ ਹੀ ਸੰਪ੍ਰਦਾਇਕਤਾ ਉੱਪਰ ਆਧਾਰਿਤ ਹੈ ਜਿਸ ਨੂੰ ਸ਼ਰੇਆਮ ਗੁਰਦੁਆਰਿਆਂ ਵਿਚੋਂ ਚਲਾਇਆ ਜਾ ਰਿਹਾ ਹੈ। ਇਸ ਕਰਕੇ ਇਹ ਸੂਬਾ ਧਰਮ ਆਧਾਰਿਤ ਸੂਬਾ ਹੀ ਹੋਵੇਗਾ।'

# ਯੂਥ ਦਾ ਪੰਜਾਬ ਦੀ ਮਿੱਟੀ ਤੋਂ ਮੋਹ ਭੰਗ, ਵਿਦੇਸ਼ਾਂ ਵੱਲ ਸਦੀਵੀ ਹਿਜਰਤ

**ਵਰਿੰਦਰ ਸਿੰਘ**

ਕਿਸੇ ਵੇਲੇ ਭਾਰਤ ਦੇ ਸਭ ਤੋਂ ਖ਼ੁਸ਼ਹਾਲ ਅਤੇ ਜ਼ਰਖੇਜ਼ ਮਿੱਟੀ ਦੇ ਮਾਲਕ ਤੇ ਪੰਜ ਦਰਿਆਵਾਂ ਦੇ ਦੇਸ਼ ਰਹੇ ਪੰਜਾਬ ਵਿਚਲੇ ਅੱਲੜ ਉਮਰਾਂ ਨੂੰ ਪਹੁੰਚੇ ਜਵਾਨ ਅੱਜ ਪੱਛਮੀ ਮੁਲਕਾਂ ਵਿਚ ਜਾ ਵਸਣ ਦੇ ਹਿਜਰਤਕਾਰੀ ਵਰਤਾਰੇ ਦਾ ਤੇਜ਼ੀ ਨਾਲ ਹਿੱਸਾ ਬਣ ਰਹੇ ਹਨ। ਪੰਜਾਬ ਵਿਚੋਂ ਹਰ ਰੋਜ਼ ਢਾਈ ਸੌ ਦੇ ਕਰੀਬ ਤੇ ਸਾਲ ਭਰ ਵਿਚ ਡੇਢ ਲੱਖ ਦੇ ਆਸ ਪਾਸ ਪੰਜਾਬੀ ਮੁੰਡੇ-ਕੁੜੀਆਂ ਦਾ ਪੱਛਮੀ ਮੁਲਕਾਂ ਲਈ ਜਹਾਜ਼ਾਂ ਰਾਹੀਂ ਉਡਾਰੀਆਂ ਭਰਨਾ ਸੂਬੇ ਦੀ ਜਵਾਨੀ ਵਲੋਂ ਪ੍ਰਵਾਸ ਕਰਨ ਦੀਆਂ ਤ੍ਰਾਸਦਿਕ ਤਸਵੀਰਾਂ ਹਨ। ਪੰਜਾਬ ਦੀ ਜਵਾਨੀ ਵਲੋਂ ਪੱਛਮੀ ਮੁਲਕਾਂ ਵਿਚ ਜਾ ਵੱਸਣ ਦੀ ਤਾਂਘ ਪੂਰੀ ਕਰਨ ਲਈ ਇਨਾਂ ਦੇਸ਼ਾਂ ਦੇ ਵਿੱਦਿਅਕ ਅਦਾਰਿਆਂ ਤੋਂ ਪੜਨ ਦੇ ਸਰਟੀਫਿਕੇਟ ਲੈਣ ਲਈ ਹਰ ਸਾਲ ਲੱਖਾਂ ਰੁਪਏ ਫੀਸਾਂ ਦੇ ਰੂਪ 'ਚ ਭੁਗਤਾਨ ਕਰਨਾ ਤੇ ਫਿਰ ਉਥੋਂ ਦੇ ਵਸਨੀਕ ਬਣ ਕੇ ਪੈਦਾ ਹੁੰਦੀ ਹਰ ਮੁਸ਼ਕਿਲ ਨੂੰ ਮਨ ਕਰੜਾ ਕਰਕੇ ਬਰਦਾਸ਼ਤ ਕਰਕੇ ਜ਼ਿੰਦਗੀ ਦੀ ਤੋਰ ਨੂੰ ਜਾਰੀ ਰੱਖਣ ਦਾ ਹਠ ਇਹ ਸਾਬਤ ਕਰਦਾ ਹੈ ਕਿ ਅੱਜ ਦੇ ਦੌਰ 'ਚ ਪੰਜਾਬ ਜਵਾਨੀ ਦਾ ਆਪਣੇ ਮੁਲਕ ਤੇ ਆਪਣੀ ਮਿੱਟੀ ਨਾਲੋਂ ਮੋਹ ਕਿੰਨਾ ਭੰਗ ਹੋ ਚੁੱਕਾ ਹੈ। ਪੰਜਾਬ ਦੀ ਧਰਤੀ ਨਾਲ ਡੂੰਘਾ ਮੋਹ ਰੱਖਣ ਵਾਲੇ ਚਿੰਤਕ ਤੇ ਸੂਝਵਾਨ ਲੋਕ ਸੂਬੇ ਦੀ ਹੁਨਰਮੰਦ ਨੌਜਵਾਨ ਮਾਨਵੀ ਸ਼ਕਤੀ ਦੇ ਏਨੇ ਵੱਡੇ ਪੱਧਰ 'ਤੇ ਹੋ ਰਹੇ ਪਲਾਇਨ ਨੂੰ 'ਬਰੇਨ ਡਰੇਨ' ਦਾ ਨਾਂ ਦੇ ਕੇ ਇਸ ਨੂੰ ਦੇਸ਼ ਦੇ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਵਿਕਾਸ ਲਈ ਬੇਹੱਦ ਘਾਤਕ ਦੱਸ ਰਹੇ ਹਨ। ਬਾਵਜੂਦ ਇਸ ਦੇ ਇਸ ਨਾਂਹਪੱਖੀ ਵਰਤਾਰੇ ਨੂੰ ਕੋਈ ਰੋਕ ਨਹੀਂ ਲੱਗ ਸਕੀ ਹੈ। ਆਪਣੇ ਜੁਆਕਾਂ ਦੇ ਸੁਨਹਿਰੀ ਭਵਿੱਖ ਲਈ ਫ਼ਿਕਰਮੰਦ ਮਾਪਿਆਂ ਵਲੋਂ ਆਪਣੀ ਜ਼ਿੰਦਗੀ ਭਰ ਦੀਆਂ ਕਮਾਈਆਂ ਆਪਣੇ ਜੁਆਕਾਂ ਦੀ ਜਹਾਜ਼ੇ ਚੜਨ ਦੀ ਤਾਂਘ ਦੇ ਲੇਖੇ ਲਾਈਆਂ ਜਾ ਰਹੀਆਂ ਹਨ। ਆਈਲੈਟਸ ਪਾਸ ਕਰਨਾ ਚੜਦੀ ਉਮਰ ਦੇ ਗਭਰੇਟਾਂ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਉਦੇਸ਼ ਬਣ ਕੇ ਰਹਿ ਗਿਆ ਹੈ ਤੇ ਪੜੇ-ਲਿਖੇ ਪਰਿਵਾਰਾਂ ਵਲੋਂ ਵੀ ਬੱਚੇ ਨੂੰ ਆਈਲੈਟਸ ਕਰਵਾ ਕਿਸੇ ਪੱਛਮੀ ਮੁਲਕ ਦੀ ਪੱਕੀ ਨਾਗਰਿਕਤਾ ਹਾਸਲ ਕਰਾਉਣੀ ਤੇ ਇੱਕ ਦੋ ਗੇੜੀਆਂ ਬਾਹਰ ਦੀਆਂ ਮਾਰ ਲੈਣੀਆਂ ਵੀ ਆਪਣੇ ਵੱਡੇ ਸਮਾਜਿਕ ਰੁਤਬੇ ਨਾਲ ਜੋੜ ਕੇ ਦੇਖਿਆ ਜਾਣ ਲੱਗ ਪਿਆ ਹੈ ਤੇ ਪੱਛਮੀ ਜ਼ਿੰਦਗੀ ਦਾ ਮਾਡਲ ਹੀ ਕਾਮਯਾਬ ਜ਼ਿੰਦਗੀ ਦਾ ਸਭ ਤੋਂ ਵੱਡਾ ਰਾਜ਼ ਮੰਨਿਆ ਜਾਣ ਲੱਗ ਪਿਆ ਹੈ। ਇਸ ਮੰਤਵ ਲਈ ਪੰਜਾਬ ਵੱਸਦੇ ਲੋਕਾਂ ਵਲੋਂ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੀ ਵੇਚੀਆਂ ਜਾ ਰਹੀਆਂ ਹਨ ਤੇ ਰੱਬ ਦੇ ਘਰਾਂ 'ਚ ਆਪਣੇ ਪਿਉ-ਦਾਦਿਆਂ ਦੇ ਘਰਾਂ ਤੋਂ ਸਦਾ ਲਈ ਛੱਡ ਜਾਣ ਲਈ ਅਰਦਾਸਾਂ ਵੀ ਹੋ ਰਹੀਆਂ ਹਨ। ਇਨਾਂ ਧੀਆਂ-ਪੁੱਤਾਂ ਦੇ ਮਾਪੇ ਦਿਲ 'ਤੇ ਕਿੱਡਾ ਵੱਡਾ ਪੱਥਰ ਰੱਖ ਆਪਣੇ ਦਿਲ ਦੇ ਟੁਕੜਿਆਂ ਨੂੰ ਬੇਗਾਨੇ ਮੁਲਕਾਂ ਵੱਲ ਤੋਰ ਰਹੇ ਹਨ, ਇਸ ਦਰਦ ਦਾ ਅਹਿਸਾਸ ਤਾਂ ਰੱਬ ਹੀ ਜਾਣਦਾ ਹੋਵੇਗਾ , ਪਰ ਇਕ ਹੱਸਦੇ ਵਸਦੇ ਤੇ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਤੇ ਕੁਦਰਤੀ ਨਿਆਮਤਾਂ ਨਾਲ ਭਰਪੂਰ ਜਗਾ 'ਪੰਜਾਬ' ਤੋਂ ਹੀ ਉਸ ਦੇ ਵਾਰਸਾਂ ਦਾ ਏਨੀ ਵੱਡੀ ਪੱਧਰ 'ਤੇ ਮੋਹ ਭੰਗ ਹੋਣਾ ਸੱਚਮੁੱਚ ਹੀ ਕਿਸੇ ਮਿਹਣੇ ਤੋਂ ਘੱਟ ਨਹੀਂ ਕਿਹਾ ਜਾ ਸਕਦਾ।

ਸਮਾਜਿਕ-ਆਰਥਿਕ ਮਾਹਿਰ ਇਸ ਵਰਤਾਰੇ ਲਈ ਭਾਵੇਂ ਸੂਬੇ ਦੇ ਮੁੱਖ ਕਿੱਤੇ ਖੇਤੀਬਾੜੀ ਵਿਚ ਆਈ ਖੜੋਤ, ਫ਼ਸਲੀ ਵਿਭਿੰਨਤਾ ਦੀ ਕਮੀ ਤੇ ਸਰਕਾਰਾਂ ਵਲੋਂ ਸਮੇਂ-ਸਮੇਂ ਸਿਰ ਜਵਾਨੀ ਲਈ ਰੋਜ਼ਗਾਰ ਦੇ ਮੌਕੇ ਪੈਦਾ ਨਾ ਕਰ ਸਕਣਾ ਦੱਸਦੇ ਹੋਣ, ਪਰ ਸੂਬੇ ਦੇ ਨਵੇਂ ਪੋਚ ਦੇ ਮਨਾਂ ਅੰਦਰ ਆਪਣੇ ਮੁਲਕ ਤੇ ਆਪਣੀ ਮਿੱਟੀ ਲਈ ਪੈਦਾ ਹੋਈ ਵੱਡੇ ਪੱਧਰ 'ਤੇ ਬੇਗਾਨਗੀ ਤੇ ਉਪਰਾਮਤਾ ਨੇ ਪੰਜਾਬ ਦੇ ਹਰ ਦਰਦਮੰਦ ਦੀ ਰੂਹ ਤੇ ਆਤਮਾ ਨੂੰ ਇਸ ਤਰਾਂ ਵਲੂੰਧਰ ਕੇ ਰੱਖ ਦਿੱਤਾ ਹੈ ਕਿ ਜੇ ਇਹ ਵਰਤਾਰਾ ਇਸੇ ਤਰਾਂ ਜਾਰੀ ਰਿਹਾ ਤਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਹੋਂਦ ਕਿਵੇਂ ਬਰਕਰਾਰ ਰਹਿ ਸਕੇਗੀ ? ਪੰਜਾਬ 'ਚੋਂ ਜਵਾਨੀ ਦੇ ਹਿਜਰਤ ਕਰਨ ਵਾਲੇ ਨਾਂਹ-ਪੱਖੀ ਵਰਤਾਰੇ ਬਾਰੇ ਹਰ ਕੋਈ ਜਾਣਦਾ ਹੈ ਕਿ ਇਕ ਹੱਥਾਂ 'ਚ ਅਟੈਚੀ ਫੜ, ਪਿਉ ਦਾਦਿਆਂ ਦੇ ਘਰ ਨੂੰ ਇਕ ਵਾਰ ਅੱਖਾਂ ਭਰ ਕੇ ਉਦਾਸੀਆਂ ਨਜ਼ਰਾਂ ਨਾਲ ਨਿਹਾਰਨ, ਮਾਂ-ਪਿਓ ਦੇ ਪੈਰਾਂ ਨੂੰ ਹੱਥ ਲਾ ਕੇ ਅਣਕਿਆਸੇ ਸਫ਼ਰ ਵੱਲ ਤੁਰਨ ਵਾਲਾ ਜਵਾਨ ਜਾਂ ਮੁਟਿਆਰ ਮੁੜ ਉਸ ਘਰ ਦਾ ਸਥਾਈ ਬਾਸ਼ਿੰਦਾ ਬਣ ਕੇ ਨਹੀਂ ਬਹੁੜਿਆ, ਸਗੋਂ ਉਹ ਅਗਲੇ ਵਰਿਆਂ 'ਚ ਪ੍ਰਦੇਸੀਆਂ ਵਾਂਗ ਚਾਰ ਦਿਨਾਂ ਦੀ ਫੇਰੀ ਮਾਰਨ ਤੇ ਆਪਣੇ ਜੱਦੀ ਇਲਾਕੇ ਲਈ ਪ੍ਰਾਹੁਣਿਆਂ ਵਾਂਗ ਵਿਚਰਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਆਪਣੇ ਬਚਪਨ 'ਚ ਮਾਂ-ਪਿਓ ਦੇ ਸਿਰ 'ਤੇ ਬਾਦਸ਼ਾਹੀਆਂ ਮਾਣਨ ਵਾਲੇ ਚੋਬਰਾਂ ਤੇ ਫਿਰ ਜਵਾਨੀ ਦੀ ਦਹਿਲੀਜ਼ 'ਤੇ ਪਹੁੰਚ ਚੰਨ-ਤਾਰਿਆਂ ਨਾਲ ਬਾਤਾਂ ਪਾ ਜ਼ਿੰਦਗੀ ਨੂੰ ਹੁਸੀਨ ਤੇ ਖ਼ੂਬਸੂਰਤ ਬਣਾਉਣ ਦਾ ਸੁਪਨਾ ਦੇਖਣ ਵਾਲੀ ਪੰਜਾਬ ਦੀ ਨਵੀਂ ਪੀੜੀ ਵਲੋਂ ਖ਼ੁਸ਼ਹਾਲ ਮੁਲਕਾਂ ਦਾ ਰੁਖ਼ ਕਰਨ ਲਈ ਉਥੇ ਪੜਾਈ ਕਰਨ ਦੇ ਬਹਾਨੇ ਹੀ ਦਾਖ਼ਲਾ ਨਹੀਂ ਲਿਆ ਜਾ ਰਿਹਾ, ਬਲਕਿ ਉਨਾਂ ਮੁਲਕਾਂ ਤੱਕ ਪਹੁੰਚਣ ਲਈ ਟਰੈਵਲ ਏਜੰਸੀਆਂ ਤੇ ਏਜੰਟਾਂ ਵਲੋਂ ਹੱਥ 'ਤੇ ਸਰੋਂ ਜਮਾਉਣ ਵਾਲੇ ਵਾਅਦਿਆਂ 'ਤੇ ਯਕੀਨ ਕਰਕੇ ਹੱਸਦੀ-ਵਸਦੀ ਜ਼ਿੰਦਗੀ ਨੂੰ ਘੋਰ ਸੰਕਟ ਵਿਚ ਪਾਉਣ ਦਾ ਜੋਖ਼ਮ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਪਿਛਲੇ ਸਮੇਂ ਵਿਚ ਵਾਪਰੇ ਮਾਲਟਾ ਕਾਂਡ, ਪਨਾਮਾ ਕਾਂਡ ਤੇ ਮੈਕਸੀਕੋ ਦੀ ਸਰਹੱਦ 'ਤੇ ਵਾਪਰਦੇ ਖ਼ਤਰਨਾਕ ਜਾਨਲੇਵਾ ਹਾਦਸੇ ਪੰਜਾਬ ਦੀ ਰੁਲ ਰਹੀ ਜਵਾਨੀ ਦੇ ਚਸ਼ਮਦੀਦ ਗਵਾਹ ਬਣ ਚੁੱਕੇ ਹਨ।



ਪਲਾਇਨ ਕਰਨ ਦੀ ਰੁਚੀ ਨਾਲ ਸੂਬੇ 'ਚ ਕਈ ਤਰਾਂ ਦੇ ਸਮਾਜਿਕ, ਆਰਥਿਕ, ਸਭਿਆਚਾਰਕ ਤੇ ਇਤਿਹਾਸਕ ਵਿਗਾੜ ਸਾਹਮਣੇ ਆਉਣ ਲੱਗ ਪਏ ਹਨ। ਇਸ ਕਾਰਨ ਸੂਬੇ ਦੀ ਸਮਾਜਿਕ ਜ਼ਿੰਦਗੀ ਬੁਰੀ ਤਰਾਂ ਅਸਰਅੰਦਾਜ਼ ਹੋਣ ਲੱਗ ਪਈ ਹੈ। ਕਿਸੇ ਵੇਲੇ ਪੇਂਡੂ ਜ਼ਿੰਦਗੀ ਦੇ ਵਿਆਹਾਂ, ਸ਼ਾਦੀਆਂ ਤੇ ਮਰਨੇ ਪਰਨੇ ਤੇ ਹੋਰ ਸੁੱਖ ਦੁੱਖ ਦੇ ਮੌਕਿਆਂ 'ਤੇ ਜਵਾਨ ਮੁੰਡਿਆਂ ਦੀ ਬੜੀ ਅਹਿਮ ਭੂਮਿਕਾ ਹੋਇਆ ਕਰਦੀ ਸੀ, ਜਦ ਕਿ ਹੁਣ ਬਾਹਰ ਗਏ ਬੱਚਿਆਂ ਦੇ ਪਰਿਵਾਰਾਂ ਜਾਂ ਕਰੀਬੀ ਰਿਸ਼ਤੇਦਾਰਾਂ ਨੂੰ ਦਵਾ ਦਾਰੂ ਕਰਾਉਣ ਜਾਂ ਹਸਪਤਾਲਾਂ ਵਿਚ ਦਾਖਿਲ ਕਰਾਉਣ ਵਰਗੇ ਅਹਿਮ ਮੌਕਿਆਂ 'ਤੇ ਘਰ ਦੇ ਜੀਆਂ ਦੀ ਮੌਜੂਦਗੀ ਦੀ ਵੱਡੀ ਘਾਟ ਰੜਕਦੀ ਰਹਿੰਦੀ ਹੈ। ਪਿੰਡਾਂ 'ਚ ਕਿਸੇ ਰਿਸ਼ਤੇਦਾਰੀ ਜਾਂ ਸੱਜਣ ਮਿੱਤਰ ਦੇ ਅਫ਼ਸੋਸ ਹੋ ਜਾਣ ਦੀ ਸੂਰਤ ਵਿਚ ਘਰ ਦੇ ਸਿਆਣੇ ਜੀਅ ਨੂੰ ਉੱਥੇ ਲੈ ਕੇ ਜਾਣ ਵਾਲਾ ਬੰਦਾ ਨਹੀਂ ਮਿਲ ਰਿਹਾ। ਬਾਹਰ ਜਾਣ ਵਾਲੇ ਜਵਾਨਾਂ ਦੇ ਘਰਦਿਆਂ ਦਾ ਹਰ ਦੁੱਖ ਦਰਦ ਜਾਂ ਖ਼ੁਸ਼ੀ-ਗ਼ਮੀ ਵੀਡੀਓ ਕਾਲ ਜਾਂ ਫੋਨ ਦੀ ਘੰਟੀ ਦੇ ਰਹਿਮ 'ਤੇ ਨਿਰਭਰ ਹੋ ਗਿਆ ਹੈ। ਵਿਦੇਸ਼ ਗਏ ਬੰਦਿਆਂ ਦੇ ਪਰਿਵਾਰਾਂ 'ਚ ਕਿਸੇ ਜੀਅ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਬਹੁਤੇ ਹਾਲਾਤ 'ਚ ਨੇੜਲੇ ਜੀਅ ਵਲੋਂ ਸਕੇ ਸੰਬੰਧੀ ਦੀ ਅਰਥੀ ਨੂੰ ਮੋਢਾ ਦੇਣ ਦਾ ਫ਼ਰਜ਼ ਨਿਭਾਉਣਾ ਔਖਾ ਹੋ ਜਾਂਦਾ ਹੈ ਤੇ ਕਈ ਵਾਰ ਆਪਣੇ ਜਾਨ ਤੋਂ ਪਿਆਰੇ ਬੰਦੇ ਦੀ ਆਖਰੀ ਝਲਕ ਪਾਉਣ ਦੀ ਤਾਂਘ 'ਚ ਜਹਾਨੋਂ ਰੁਖਸਤ ਹੋਏ ਬੰਦੇ ਦਾ ਮਨੁੱਖੀ ਸਰੀਰ ਆਪਣੇ ਕਰੀਬੀ ਰਿਸ਼ਤੇਦਾਰ ਦੀ ਆਖਰੀ ਛੋਹ ਲਈ ਵੀ ਕਈ ਦਿਨ ਮੁਰਦਾਘਰ ਦੇ ਠੰਢੇ ਫਰਿੱਜ ਵਿਚ ਪਿਆ ਰਹਿੰਦਾ ਹੈ। ਇਧਰਲੇ ਰਿਸ਼ਤੇਦਾਰ ਦੇ ਜਹਾਨੋਂ ਕੂਚ ਕਰਨ ਪਿੱਛੋਂ ਵਿਦੇਸ਼ ਬੈਠੇ ਬੰਦੇ ਕੋਲ ਸਮੇਂ ਦੀ ਘਾਟ ਕਰਕੇ ਕਈ ਅਤਿ ਜ਼ਰੂਰੀ ਰਸਮਾਂ ਨੂੰ ਵੀ ਕੁਝ ਦਿਨਾਂ ਵਿਚ ਸਮੇਟ ਕੇ ਮਨ ਨੂੰ ਧਰਵਾਸ ਦੇ ਫਿਰ ਬਿਗਾਨੇ ਥਾਂ ਵੱਲ ਪਰਤ ਜਾਣ ਦੀਆਂ ਕਹਾਣੀਆਂ ਵੀ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ।

ਪੰਜਾਬ ਵਿਚਲੇ ਘਰਾਂ ਤੋਂ ਪੂਰੇ ਟੱਬਰਾਂ ਸਮੇਤ ਵਿਦੇਸ਼ ਵਸਣ ਵਾਲੇ ਪਰਿਵਾਰਾਂ ਦੇ ਘਰਾਂ ਵਿਚ ਸਵੇਰੇ ਸ਼ਾਮ ਕੋਈ ਬਲਬ ਬੱਤੀ ਤਾਂ ਜ਼ਰੂਰ ਦਿਖਾਈ ਦੇ ਜਾਂਦੀ ਹੈ, ਪਰ ਘਰਾਂ ਦੇ ਕਮਰੇ, ਵਰਾਂਡੇ, ਵਿਹੜੇ ਤੇ ਚਾਰ ਦਿਵਾਰੀਆਂ ਘਰ ਦੇ ਜੀਆਂ ਦੀ ਅਣਹੋਂਦ 'ਚ ਖ਼ਾਮੋਸ਼ੀਆਂ ਤੇ ਉਜਾੜ ਦਾ ਦਰਦ ਹੰਢਾਉਂਦੇ ਆਪਣੀ ਹੋਂਦ ਤੇ ਹੋਣੀ 'ਤੇ ਝੂਰਦੇ ਜ਼ਰੂਰ ਦਿਖਾਈ ਦਿੰਦੇ ਹਨ। ਪੰਜਾਬ ਵਿਚਲੇ ਹਜ਼ਾਰਾਂ ਮਕਾਨ ਅਜਿਹੇ ਹੋਣਗੇ, ਜਿੱਥੇ ਵਰੇ ਛਿਮਾਹੀ ਪਿੱਛੋਂ ਭਾੜੇ ਦੇ ਕਾਮਿਆਂ ਵਲੋਂ ਸਾਫ ਸਫਾਈ ਕਰਕੇ ਦੀਵਾਲੀ ਵਰਗੇ ਤਿਉਹਾਰ ਮੌਕੇ ਬਨੇਰਿਆਂ 'ਤੇ ਦੀਵੇ ਬਾਲਣ ਦੀ ਰਸਮ ਤਾਂ ਜ਼ਰੂਰ ਨਿਭਾਅ ਦਿੱਤੀ ਜਾਂਦੀ ਹੈ। ਬਾਹਰ ਜਾ ਵਸਣ ਵਾਲੇ ਪਰਿਵਾਰਾਂ ਦੇ ਘਰਾਂ 'ਚ ਅੱਜ ਕੱਲ ਜ਼ਿਆਦਾਤਰ ਯੂ. ਪੀ., ਬਿਹਾਰ ਤੋਂ ਆਏ ਪ੍ਰਵਾਸੀ ਮਜ਼ਦੂਰਾਂ ਵਲੋਂ ਹੀ ਰੱਖ-ਰਖਾਓ ਦੀ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ ਤੇ ਕਿਸਾਨੀ ਪਿਛੋਕੜ ਵਾਲੇ ਪਰਿਵਾਰਾਂ ਦੀਆਂ ਜ਼ਮੀਨਾਂ 'ਤੇ ਲੱਗੇ ਟਿਊਬਵੈੱਲਾਂ ਦੀਆਂ ਮੋਟਰਾਂ ਤੋਂ ਅਤਿ ਡੂੰਘੇ ਹੁੰਦੇ ਜਾ ਰਹੇ ਪਾਣੀ ਦੀ ਤਕਦੀਰ ਦਾ ਫ਼ੈਸਲਾ ਵੀ ਪ੍ਰਵਾਸੀ ਮਜ਼ਦੂਰਾਂ ਦੇ ਰਹਿਮੋ ਕਰਮ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ। ਇਕ ਪਾਸੇ ਯਰੂਪ ਦੇ ਬਹੁਤੇ ਦੇਸ਼ਾਂ ਨੇ ਆਪਣੀ ਜ਼ਮੀਨ ਹੇਠਲਾ ਪਾਣੀ ਅਜੇ ਤੱਕ ਪੀਣ ਲਈ ਵੀ ਨਹੀਂ ਵਰਤੋਂ 'ਚ ਲਿਆਂਦਾ ਤੇ ਦੂਜੇ ਪਾਸੇ ਪੰਜਾਬ ਵਰਗੇ ਕੁਦਰਤੀ ਸੋਮਿਆਂ ਨਾਲ ਭਰਪੂਰ ਖੇਤਰਾਂ 'ਚ ਸੰਜੀਦਾ ਤੇ ਜ਼ਿੰਮੇਵਾਰ ਲੋਕਾਂ ਦੀ ਘਾਟ ਕਰਕੇ ਧਰਤੀ ਹੇਠਲਾ ਪਾਣੀ ਕੁਝ ਸਾਲਾਂ ਤੱਕ ਖ਼ਤਮ ਹੋਣ ਦੀਆਂ ਚਿਤਾਵਨੀਆਂ ਆਉਣ ਲੱਗ ਪਈਆਂ ਹਨ। ਜ਼ਮੀਨਾਂ ਨੂੰ ਠੇਕੇ 'ਤੇ ਲੈ ਖੇਤੀ ਕਰਨ ਵਾਲੇ ਲੋਕਾਂ ਨੇ ਰੱਜ ਕੇ ਰਸਾਇਣਕ ਖਾਦਾਂ ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਜ਼ਹਿਰੀਲੀਆਂ ਤੇ ਝੋਨੇ ਵਰਗੀਆਂ ਵੱਧ ਪਾਣੀ ਖਪਾਉਣ ਵਾਲੀਆਂ ਖੇਤੀ ਜਿਣਸਾਂ ਪੈਦਾ ਕਰਨ ਦੀ ਨਾਂਹ-ਪੱਖੀ ਪ੍ਰਵਿਰਤੀ ਨੂੰ ਵੀ ਜਨਮ ਦਿੱਤਾ ਹੈ।

ਪੰਜਾਬ ਦੇ ਪਿੰਡਾਂ ਵਿਚ ਪੰਚਾਇਤਾਂ ਤੇ ਯੂਥ ਕਲੱਬਾਂ ਵਰਗੀਆਂ ਅਤਿ ਜ਼ਰੂਰੀ ਸੰਸਥਾਵਾਂ ਨੂੰ ਸਚਾਰੂ ਢੰਗ ਨਾਲ ਚਲਾਉਣ ਲਈ ਸੁਹਿਰਦ ਤੇ ਅਗਾਂਹਵਧੂ ਲੋਕਾਂ ਦੀ ਵੱਡੇ ਪੱਧਰ 'ਤੇ ਕਮੀ ਨੇ ਸੂਬੇ ਦੇ ਰਾਜਸੀ ਸਮਾਜਿਕ ਪ੍ਰਬੰਧ ਲਈ ਵੱਡੇ ਸੁਆਲ ਖੜੇ ਕਰ ਦਿੱਤੇ ਹਨ। ਪਰਵਾਸ ਦੀ ਇਸ ਰੁਚੀ ਦਾ ਸਭ ਤੋਂ ਮਾਰੂ ਅਸਰ ਸੂਬੇ ਦੇ ਪ੍ਰਸ਼ਾਸ਼ਨਿਕ ਪ੍ਰਬੰਧ 'ਤੇ ਵੀ ਪੈ ਰਿਹਾ ਹੈ। ਕਿਸੇ ਵੇਲੇ ਦੇਸ਼ ਦੇ ਪ੍ਰਸ਼ਾਸ਼ਨਿਕ ਤੇ ਸੈਨਿਕ ਖੇਤਰਾਂ ਵਿਚ ਪੰਜਾਬ ਦੇ ਨੌਜਵਾਨਾਂ ਦਾ ਨਾਂਅ ਮੋਹਰੀ ਕਤਾਰਾਂ ਵਿਚ ਹੋਇਆ ਕਰਦਾ ਸੀ, ਪਰ ਹੁਣ ਪੰਜਾਬ ਰਾਜ ਦੇ ਵੱਖੋ-ਵੱਖਰੇ ਵਿਭਾਗਾਂ ਦੀਆਂ ਅਸਾਮੀਆਂ ਪੁਰ ਕਰਨ ਲਈ ਆਪਣੇ ਹੀ ਕੋਟੇ ਲਈ ਉਮੀਦਵਾਰ ਪੂਰੇ ਨਹੀਂ ਹੋ ਰਹੇ ਤੇ ਇਸ ਰਾਜ ਵਿਚ ਨੌਕਰੀ ਲਈ ਮੁਕਾਬਲਾ ਘੱਟ ਹੋਣ ਕਰਕੇ ਦੂਜੇ ਰਾਜਾਂ ਦੇ ਉਮੀਦਵਾਰ ਪੰਜਾਬ ਕੋਟੇ ਵਿਚੋਂ ਨੌਕਰੀਆਂ ਹਾਸਲ ਕਰ ਰਹੇ ਹਨ। ਸੂਬੇ ਦੀ ਜਵਾਨੀ ਵਲੋਂ ਇੱਥੋਂ ਪਲਾਇਨ ਕਰਨ ਦੇ ਰੁਝਾਨ ਨਾਲ ਇੱਥੋਂ ਦੀ ਸਮਾਜਿਕ-ਆਰਥਿਕ ਜ਼ਿੰਦਗੀ ਬੁਰੀ ਤਰਾਂ ਅਸਰ-ਅੰਦਾਜ਼ ਹੋਣ ਲੱਗੀ ਹੈ। ਪੰਜਾਬ ਦੇ ਨਵੇਂ ਪੋਚ ਵਲੋਂ ਜ਼ਿੰਦਗੀ ਦੇ ਹਰ ਮਸਲੇ ਤੇ ਖੁਸ਼ਹਾਲੀ ਦਾ ਰਾਜ਼ ਸਿਰਫ ਆਈਲੈਟਸ ਦਾ ਟੈਸਟ ਹੀ ਮੰਨ ਲਏ ਜਾਣ ਕਰਕੇ ਇਸ ਸੂਬੇ ਵਿਚ ਨਾ ਤਾਂ ਬੈਂਕ, ਰੇਲਵੇ, ਫ਼ੌਜ, ਆਈਏਐਸ. ਜਾਂ ਪੀਸੀਐਸ. ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਕੋਈ 'ਕੋਚਿੰਗ ਸੈਂਟਰਾਂ' ਦੀ ਵਿਵਸਥਾ ਹੋ ਸਕੀ ਹੈ ਤੇ ਨਾ ਹੀ ਸੂਬੇ ਦੇ ਵਿਦਿਆਰਥੀਆਂ ਵਿਚ ਇਸ ਤਰਾਂ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਕੋਈ ਰੁਚੀ ਦਿਖਾਈ ਦੇ ਰਹੀ ਹੈ। ਪਰ ਸੂਬੇ ਦੀ ਹੁਨਰਮੰਦ ਜਵਾਨੀ ਨੂੰ ਆਪਣੇ ਮੁਲਕ ਤੇ ਮਿੱਟੀ ਦੀ ਬਿਹਤਰੀ ਲਈ ਅਮਲ ਵਿਚ ਲਿਆਉਣ ਵਾਲਾ ਹੋ ਸਕੀ ਹੈ ਤੇ ਨਾ ਹੀ ਸੂਬੇ ਦੇ ਵਿਦਿਆਰਥੀਆਂ 'ਚ ਇਸ ਤਰਾਂ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਕੋਈ ਰੁਚੀ ਦਿਖਾਈ ਦੇ ਰਹੀ ਹੈ। ਪਰ ਸੂਬੇ ਦੀ ਹੁਨਰਮੰਦ ਜਵਾਨੀ ਨੂੰ ਆਪਣੇ ਮੁਲਕ ਤੇ ਮਿੱਟੀ ਦੀ ਬਿਹਤਰੀ ਲਈ ਅਮਲ 'ਚ ਲਿਆਉਣ ਵਾਲਾ ਕੋਈ ਅਦਾਰਾ ਸਥਾਪਤ ਨਹੀਂ ਹੋਇਆ ਹੈ। ਪੰਜਾਬ ਵਿਚੋਂ ਹੁਨਰਮੰਦ ਜਵਾਨੀ ਦੇ ਜਹਾਜ਼ ਪੱਛਮੀ ਮੁਲਕਾਂ 'ਚ ਭਰ-ਭਰ ਉਡਣ ਦੇ ਵਰਤਾਰੇ ਦਾ ਸੂਬੇ ਦੀ ਸੱਭਿਆਚਾਰਕ ਤੇ ਇਤਿਹਾਸਕ ਨੁਹਾਰ 'ਤੇ ਵੀ ਨਾਂਹ-ਪੱਖੀ ਅਸਰ ਹੋਣ ਲੱਗ ਪਿਆ ਹੈ। ਇੱਥੋਂ ਹਿਜਰਤ ਕਰਕੇ ਪੱਛਮੀ ਮੁਲਕਾਂ ਵਿਚ ਜਾ ਵਸਣ ਵਾਲੇ ਪੰਜਾਬੀਆਂ ਦੀ ਅਗਲੀ ਪੀੜੀ ਦਾ ਸਿਰਫ ਦੋ ਦਹਾਕਿਆਂ ਦੇ ਅਰਸੇ 'ਚ ਹੀ ਆਪਣੀਆਂ ਜੜਾਂ ਨਾਲੋਂ ਨਾਤਾ ਟੁੱਟ ਰਿਹਾ ਹੈ। ਦੁਨੀਆ ਦੇ ਇਸ ਵਿਲੱਖਣ ਖਿੱਤੇ ਦੀ ਜ਼ਬਾਨ, ਵਿਰਾਸਤ, ਇਤਿਹਾਸ ਤੇ ਸੱਭਿਆਚਾਰਕ ਨੁਹਾਰ ਨਾਲ ਸਬੰਧਿਤ ਲੋਕਾਂ ਦਾ ਨਾ ਚਾਹੁੰਦਿਆਂ ਵੀ ਰਿਸ਼ਤਾ ਖਤਮ ਹੋ ਰਿਹਾ ਹੈ। ਦਰਿਆਵਾਂ ਦੀ ਮੌਜੂਦਗੀ, ਖੁੱਲੀਆਂ ਹਵਾਵਾਂ ਤੇ ਵਿਸ਼ਾਲ ਮੈਦਾਨੀ ਨੁਹਾਰ ਦਾ ਮਾਲਕ ਪੰਜਾਬ ਅੱਜ ਵੀ ਹਰ ਮੌਸਮ 'ਚ ਹਰ ਤਰਾਂ ਦਾ ਫਲ ਤੇ ਹਰੀ ਸਬਜ਼ੀ ਰਿਕਾਰਡ ਮਾਤਰਾ ਵਿਚ ਪੈਦਾ ਕਰਨ ਦੇ ਸਮਰੱਥ ਹੈ। ਪੰਜਾਬ ਵਿਚੋਂ ਜੇਕਰ ਗੁਆਂਢੀ ਅਰਬ ਮੁਲਕਾਂ ਨੂੰ ਫਲ ਤੇ ਹਰੀਆਂ ਸਬਜ਼ੀ ਹੀ ਨਿਰਯਾਤ ਕਰਨ ਦੀ ਨੀਤੀ ਅਮਲ 'ਚ ਲੈ ਲਿਆਂਦੀ ਜਾਵੇ ਤਾਂ ਸੂਬੇ ਦੇ ਖੇਤੀ ਖੇਤਰ ਵਿਚ ਆਏ ਵਿੱਤੀ ਸੰਕਟ ਵਿਚੋਂ ਨਾ ਸਿਰਫ਼ ਨਿਜਾਤ ਮਿਲ ਸਕਦੀ ਹੈ, ਸਗੋਂ ਖੇਤੀ ਆਧਾਰਿਤ ਸਨਅਤਾਂ ਹੋਂਦ ਵਿਚ ਆਉਣ ਨਾਲ ਖਿੱਤੇ ਦੀ ਜਵਾਨੀ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਹੋ ਸਕਦੇ ਹਨ।

ਜਲੰਧਰ ਵਿਚ ਖੇਡਾਂ ਦਾ ਬਣਿਆ ਸਾਮਾਨ ਪਹਿਲਾਂ ਹੀ ਕੌਮਾਂਤਰੀ ਪੱਧਰ 'ਤੇ ਆਪਣੀ ਗੁਣਵੱਤਾ ਕਰਕੇ ਲੋਹਾ ਮੰਨਵਾ ਚੁੱਕਾ ਹੈ। ਇਥੇ ਦੀ ਖੇਡ ਸਨਅਤ ਨੂੰ ਚੰਗੀਆਂ ਸਹੂਲਤਾਂ ਦੇ ਕੇ ਇਸ ਇਲਾਕੇ ਦੇ ਨੌਜਵਾਨਾਂ ਲਈ ਰੁਜ਼ਗਾਰ ਤਲਾਸ਼ਿਆ ਜਾ ਸਕਦਾ ਹੈ। ਮਾਲਵਾ ਪੱਟੀ ਵਿਚ ਨਰਮੇ ਦੀ ਫਸਲ ਆਧਾਰਿਤ ਸਨਅਤਾਂ ਲਾ ਕੇ ਜਵਾਨੀ ਲਈ ਰੁਜ਼ਗਾਰ ਦੇ ਮੌਕੇ ਹਾਸਲ ਕੀਤੇ ਜਾ ਸਕਦੇ ਹਨ। ਦੁਆਬੇ ਵਿਚ ਸਫੈਦਾ, ਪਾਪੂਲਰ ਦੀ ਵਧੇਰੇ ਪੈਦਾਵਾਰ ਨਾਲ ਪਲਾਈਵੁੱਡ ਸਨਅੱਤਾਂ ਹੋਂਦ ਵਿਚ ਆਈਆਂ ਤਾਂ ਜ਼ਰੂਰ ਹਨ, ਪਰ ਸਨਅੱਤਾਂ 'ਚ ਕੰਮ ਕਰਨ ਵਾਲਿਆਂ ਲਈ ਢੁੱਕਵੀਂ ਰੁਜ਼ਗਾਰ ਨੀਤੀ ਨਾ ਹੋਣ ਕਰਕੇ ਇਹ ਸਨਅੱਤਾਂ ਵੀ ਹੁਨਰਮੰਦ ਨੌਜਵਾਨਾਂ ਲਈ ਆਸ ਦੀ ਕਿਰਨ ਨਹੀਂ ਬਣ ਸਕੀਆਂ। ਸਰਕਾਰ ਵਲੋਂ ਸੂਬੇ ਦੇ ਪੜੇ ਲਿਖੇ ਨੌਜਵਾਨਾਂ ਨੂੰ ਡੇਅਰੀ, ਸ਼ਹਿਦ, ਦਾਲਾਂ ਪੈਦਾ ਕਰਨ ਵਾਲੇ ਪ੍ਰੋਜੈਕਟਾਂ ਲਈ ਸਿਖਲਾਈ ਤੇ ਭ੍ਰਿਸ਼ਟਾਚਾਰ ਮੁਕਤ ਬੈਂਕਿੰਗ ਸੇਵਾਵਾਂ ਦੇ ਕੇ ਆਪਣੇ ਹੁਨਰ ਨੂੰ ਆਪਣੇ ਮੁਲਕ ਤੇ ਮਿੱਟੀ ਲਈ ਵਰਤਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਆਪਣੇ ਹੁਨਰ ਤੇ ਲਿਆਕਤ ਨੂੰ ਆਪਣੇ ਦੇਸ਼ ਦੇ ਲੇਖੇ ਲਾਉਣ ਵਾਲੇ ਪੜਾਕੂ ਨੌਜਵਾਨਾਂ ਲਈ ਮੁਕਾਬਲੇ ਦੀ ਪ੍ਰੀਖਿਆ ਲਈ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਵਿੱਦਿਅਕ ਅਦਾਰਿਆਂ 'ਚ ਵਧੀਆ 'ਕੋਚਿੰਗ ਸੈਂਟਰ' ਸਥਾਪਤ ਹੋਣੇ ਚਾਹੀਦੇ ਹਨ, ਜਿੱਥੇ ਤੀਖਣ ਬੁੱਧੀ ਦੇ ਮਾਲਕ ਨੌਜਵਾਨਾਂ ਨੂੰ ਪ੍ਰਸ਼ਾਸਨਿਕ ਖੇਤਰਾਂ ਵਿਚ ਜਾਣ ਲਈ ਉਚਿਤ ਮਾਰਗ ਦਰਸ਼ਨ ਕੀਤਾ ਜਾ ਸਕੇ। ਦੁਨੀਆ ਨੂੰ ਕਿਰਤ ਕਰਨ, ਨਾਮ ਜਪਣ ਤੇ ਸਰਬੱਤ ਦੇ ਭਲੇ ਦੀ ਸਿੱਖਿਆ ਦੇਣ ਵਾਲੇ ਬਾਬੇ ਨਾਨਕ ਨੇ ਇਸ ਧਰਤੀ 'ਤੇ ਬਾਬਰ ਵਰਗੇ ਜਾਬਰਾਂ ਨੂੰ ਵੰਗਾਰ ਦਿੱਤੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਤੀ 'ਤੇ ਹੱਕ, ਸੱਚ, ਇਨਸਾਫ਼, ਮਨੁੱਖੀ ਆਜ਼ਾਦੀ ਵਾਲੇ ਧਰਮੀ ਰਾਹ ਦੀ ਸਥਾਪਤੀ ਤੇ ਜ਼ੁਲਮੀ ਵਤੀਰੇ ਦਾ ਨਾਸ਼ ਕਰਨਾ ਆਪਣੇ ਜੀਵਨ ਦਾ ਉਦੇਸ਼ ਮਿੱਥਿਆ ਸੀ।

ਇੱਥੇ ਦੱਸਣਾ ਬਣਦਾ ਹੈ ਕਿ ਪੱਛਮੀ ਮੁਲਕਾਂ ਦੀ ਖ਼ੁਸ਼ਹਾਲੀ ਤੇ ਆਰਥਿਕ, ਰਾਜਸੀ ਪੱਖੋਂ ਸੰਤੁਲਿਤ ਸਮਾਜ ਦਾ ਮਾਡਲ ਜਿਹੜਾ ਚੰਗੇਰੀ ਜ਼ਿੰਦਗੀ ਦਾ ਸੁਪਨਾ ਲੈਣ ਵਾਲੇ ਹਰ ਸ਼ਖ਼ਸ ਨੂੰ ਆਪਣੇ ਵੱਲ ਖਿੱਚਦਾ ਹੈ, ਅਸਲ ਵਿਚ ਇਹ ਮਾਡਲ ਉਥੋਂ ਦੇ ਸਥਾਨਕ ਬਾਸ਼ਿੰਦਿਆਂ ਨੇ ਹੀ ਆਪਣੇ ਮੁਲਕ ਲਈ ਸਮਰਪਣ ਭਾਵਨਾ, ਕੰਮ ਕਰਨ ਨੂੰ ਤਰਜੀਹ, ਵਕਤ ਦੀ ਕਦਰ, ਵਤਨਪ੍ਰਸਤੀ ਤੇ ਸਮਾਜ ਦੀ ਬਿਹਤਰੀ ਲਈ ਬਣੇ ਨਿਯਮਾਂ ਦੀ ਪਾਲਣਾ ਕਰਕੇ ਹੀ ਸਿਰਜਿਆ ਹੈ ਤੇ ਇਹ ਚੰਗੇ ਅਸੂਲ ਕਿਸੇ ਵੀ ਦੇਸ਼, ਸਮਾਜ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਕੇ ਜਾ ਸਕਦੇ ਹਨ। ਪੰਜਾਬ ਦੀ ਭੂਗੋਲਿਕ, ਰਾਜਸੀ, ਇਤਿਹਾਸਕ, ਸੱਭਿਆਚਾਰਕ ਤੇ ਖੇਡ ਸਮਰੱਥਾ ਨੂੰ ਧਿਆਨ ਵਿਚ ਰੱਖ ਕੇ ਚੰਗੀਆਂ ਨੀਤੀਆਂ ਤੇ ਪ੍ਰੋਗਰਾਮ ਲਾਗੂ ਕਰਕੇ ਹੀ ਆਪਣੀ ਮਿੱਟੀ ਨੂੰ ਤਿਲਾਂਜਲੀ ਦੇ ਰਹੀ ਜਵਾਨੀ ਨੂੰ ਆਪਣੇ ਸੂਬੇ ਤੇ ਦੇਸ਼ ਦੇ ਨਕਸ਼ ਸੁਆਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।




# ‘ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀਂ ਮਾਏ’

**ਅਮਨ ਕੁਦਰਤ**
**ਪਿੰਡ ਦੰਦਰਾਲਾ ਖਰੌੜ**

ਮਾਵਾਂ ਦਾ ਧੀਆਂ ਦੀ ਜ਼ਿੰਦਗੀ ਵਿੱਚ ਹਮੇਸ਼ਾ ਅਹਿਮ ਰੋਲ ਰਿਹਾ ਹੈ। ਉਂਜ ਤਾਂ ਧੀਆਂ ਨੂੰ ਜ਼ਿਆਦਾ ਪਿਤਾ ਦੇ ਕਰੀਬ ਮੰਨਿਆ ਜਾਂਦਾ ਹੈ। ਬੇਸ਼ੱਕ ਉਹ ਹੁੰਦੀਆਂ ਵੀ ਹਨ, ਪਰ ਮਾਂ ਨਾਲ ਵੀ ਉਨ੍ਹਾਂ ਦਾ ਰਿਸ਼ਤਾ ਕੋਈ ਘੱਟ ਅਹਿਮੀਅਤ ਨਹੀਂ ਰੱਖਦਾ। ਕਹਿੰਦੇ ਹਨ ਕਿ ਮਾਂ-ਧੀ ਦਾ ਢਿੱਡ ਦਾ ਰਿਸ਼ਤਾ ਹੁੰਦਾ ਹੈ। ਮਾਂ ਆਪਣੀ ਧੀ ਨਾਲ ਢਿੱਡ ਫੋਲ ਕੇ ਆਪਣਾ ਦੁੱਖ ਦਰਦ ਬਿਆਨ ਕਰਦੀ ਹੈ ਅਤੇ ਆਪਣੇ ਆਪ ਨੂੰ ਹੌਲਾ ਮਹਿਸੂਸ ਕਰਦੀ ਹੈ। ਮਾਵਾਂ ਧੀਆਂ ਦੇ ਰਾਜ਼ ਸਾਂਝੇ ਹੁੰਦੇ ਹਨ। ਮਾਂ ਤੋਂ ਵੱਧ ਧੀ ਦਾ ਦੁੱਖ ਹੋਰ ਕੋਈ ਨਹੀਂ ਸਮਝ ਸਕਦਾ। ਪੰਜਾਬੀ ਦਾ ਇੱਕ ਲੋਕ ਗੀਤ ਵੀ ਹੈ...

ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ..
ਕੋਈ ਕਰਦੀਆਂ ਗੱਲੜੀਆਂ...।
ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀਂ ਮਾਏ।

ਮਾਵਾਂ ਹਮੇਸ਼ਾਂ ਚਾਹੁੰਦੀਆਂ ਹਨ ਕਿ ਉਨ੍ਹਾਂ ਦੀਆਂ ਧੀਆਂ ਖੁਸ਼ ਰਹਿਣ ਅਤੇ ਸੁਖੀ ਵਸਣ। ਇਸ ਲਈ ਉਨ੍ਹਾਂ ਦੀ ਚਾਹਤ ਆਪਣੀਆਂ ਧੀਆਂ ਨੂੰ ਸੁਚੱਜੀ, ਕੰਮ-ਕਾਰ ਵਿੱਚ ਨਿਪੁੰਨ ਕਰਨ ਅਤੇ ਆਦਰਸ਼ਕ ਧੀ ਬਣਾਉਣ ਦੀ ਹੁੰਦੀ ਹੈ। ਹਰ ਪੰਜਾਬੀ ਮਾਂ ਆਪਣੀ ਕੁੜੀ ਨੂੰ ਵੱਧ ਤੋਂ ਵੱਧ ਸਾਊ ਬਣਾਉਣਾ ਤੇ ਦਿਖਾਉਣਾ ਲੋਚਦੀ ਹੈ। ਇਸ ਦੀ ਸਿਖਲਾਈ ਕੁੜੀਆਂ ਦੇ ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਪੰਜਾਬੀ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਵੀ ਇਸ ਬਾਰੇ ਲਿਖਦੀ ਹੈ:

ਹਰ ਯੁੱਗ ਵਿੱਚ/ਮਾਵਾਂ ਆਪਣੀਆਂ ਧੀਆਂ ਨੂੰ...।
ਕੁਝ ਨਾ ਕੁਝ ਜ਼ਰੂਰ ਆਖਦੀਆਂ ਨੇ
ਜੋ ਜ਼ਿੰਦਗੀ ਵਿੱਚ ਉਹਨਾਂ ਦੇ ਕੰਮ ਆਵੇ
ਉਹਨਾਂ ਦਾ ਰਾਹ ਰੁਸ਼ਨਾਵੇ/ਮੇਰੀ ਮਾਂ ਨੇ ਮੈਨੂੰ ਆਖਿਆ ਸੀ :
ਸਿਆਣੀਆਂ ਕੁੜੀਆਂ/ਲੁਕ ਲੁਕ ਕੇ ਰਹਿੰਦੀਆਂ
ਧੁਖ ਧੁਖ ਕੇ ਜਿਉਂਦੀਆਂ/ਝੁਕ ਝੁਕ ਕੇ ਤੁਰਦੀਆਂ
ਨਾ ਉੱਚਾ ਬੋਲਦੀਆਂ/ਨਾ ਉੱਚਾ ਹੱਸਦੀਆਂ



ਕੁੜੀਆਂ ਆਪਣਾ ਦੁੱਖ ਕਿਸੇ ਨੂੰ ਨਹੀਂ ਦੱਸਦੀਆਂ
ਬਸ ਧੂੰਏਂ ਦੇ ਪੱਜ ਰੋਂਦੀਆਂ
ਤੇ ਕੰਧਾਂ ਦੇ ਓਹਲੇ ਘੁੱਗ ਵਸਦੀਆਂ
ਕੁੜੀਆਂ ਤਾਂ ਸ਼ਰਮ ਹਯਾ ਦੀਆਂ ਪੁਤਲੀਆਂ ਹੁੰਦੀਆਂ
ਸਿਰ ਢਕ ਕੇ ਰੱਖਦੀਆਂ/ਅੱਖ ਉੱਤੇ ਨਹੀਂ ਚੱਕਦੀਆਂ
ਕਿ ਕੁੜੀਆਂ ਤਾਂ ਨਿਰੀਆਂ ਗਊਆਂ ਹੁੰਦੀਆਂ
ਜਿਹੜੇ ਕਿੱਲੇ ਨਾਲ ਬੰਨ ਦੇਵੋ/ਬੱਝੀਆਂ ਰਹਿੰਦੀਆਂ
ਇਹ ਬੇਜ਼ੁਬਾਨ ਕਿਸੇ ਨੂੰ ਕੁਝ ਨਹੀਂ ਕਹਿੰਦੀਆਂ...।

ਪਰ ਇਸ ਸਭ ਵਰਤਾਰੇ ਦੇ ਦਰਮਿਆਨ ਜੋ ਵੱਡੀ ਅਤੇ ਜ਼ਰੂਰੀ ਗੱਲ ਮਾਵਾਂ ਆਪਣੀਆਂ ਧੀਆਂ ਨਾਲ ਸਾਂਝੀ ਕਰਨੀ ਭੁੱਲ ਜਾਂਦੀਆਂ ਹਨ, ਉਹ ਹੈ ਉਨ੍ਹਾਂ ਦੀ ਖ਼ੁਦ ਦੀ ਜ਼ਿੰਦਗੀ ਦਾ ਤਜਰਬਾ। ਧੀਆਂ ਨੂੰ ਆਦਰਸ਼ਕ ਬਣਾਉਣ, ਸਮਾਜ ਵਿੱਚ ਫਿਟ ਕਰਨ ਦੀ ਹੋੜ ’ਚ ਉਹ ਆਪਣੇ ਚੰਗੇ ਪੱਖਾਂ, ਆਪਣੀ ਕਾਬਲੀਅਤ, ਆਪਣੇ ਹਰ ਪੱਖ ਤੋਂ ਨਿਪੁੰਨ ਹੋਣ ਦਾ ਗੁਣਗਾਨ ਕਰਦੀਆਂ ਹਨ। ਧੀਆਂ ਨੂੰ ਆਪਣੀ ਸ਼ਖ਼ਸੀਅਤ ਦੇ ਗੁਣਾਂ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਦਿਨ-ਰਾਤ ਚੱਲਦੀ ਰਹਿੰਦੀ ਹੈ। ਪਰ ਇਸ ਦਰਮਿਆਨ ਉਹ ਆਪਣੀ ਜ਼ਿੰਦਗੀ ਵਿੱਚ ਵਾਪਰੇ ਜ਼ਰੂਰੀ ਵਾਕਿਆ ਆਪਣੀਆਂ ਧੀਆਂ ਨਾਲ ਸਾਂਝਾ ਕਰਨ ਤੋਂ ਖੁੰਝ ਜਾਂਦੀਆਂ ਹਨ। ਕੁਝ ਲੋਕ ਸੋਚਣਗੇ ਕਿ ਮਾਵਾਂ ਦੇ ਅਜਿਹੇ ਕਿਹੜੇ ਜ਼ਰੂਰੀ ਵਾਕਿਆ ਹੁੰਦੇ ਹਨ। ਸਹੀ ਵੀ ਹੈ। ਕਿਉਂਕਿ ਜਦੋਂ ਮਾਂ ਲਫ਼ਜ਼ ਆਉਂਦਾ ਹੈ ਤਾਂ ਸਾਡੇ ਜ਼ਹਿਨ ਵਿੱਚ ਮਮਤਾ ਦੀ ਮੂਰਤ, ਦਇਆ ਦੀ ਦੇਵੀ, ਪਿਆਰ ਦਾ ਭੰਡਾਰ ਜਿਹੇ ਚਿੱਤਰ ਉੱਭਰਨੇ ਸ਼ੁਰੂ ਹੋ ਜਾਂਦੇ ਹਨ। ਸਾਡੇ ਸਮਾਜ ਵਿੱਚ ਮਾਂ ਦੇ ਰੂਪ ਨੂੰ ਇਸ ਕਦਰ ਵਡਿਆਇਆ ਜਾਂਦਾ ਹੈ ਕਿ ਖ਼ੁਦ ਔਰਤ ਨੂੰ ਆਪਣੇ ਇਸ ਰੂਪ ਤੋਂ ਬਿਨਾਂ ਬਾਕੀ ਸਾਰੇ ਰੂਪ ਨਿਗੂਣੇ ਅਤੇ ਅਧੂਰਨ ਲੱਗਣੇ ਸ਼ੁਰੂ ਹੋ ਜਾਂਦੇ ਹਨ। ਪਰ ਇਨ੍ਹਾਂ ਚਿੱਤਰਾਂ ਨੂੰ ਉਭਾਰਨ ਤੋਂ ਪਹਿਲਾਂ ਜ਼ਰਾ ਇੱਕ ਮਿੰਟ ਰੁਕੋ ਤੇ ਸੋਚੋ ਕਿ ਕੀ ਮਾਂ ਸ਼ੁਰੂ ਤੋਂ ਹੀ ਮਾਂ ਸੀ ? ਕੀ ਮਾਵਾਂ ਸਿੱਧੇ ਹੀ ਮਾਂ ਦੇ ਲਿਬਾਸ ਨੂੰ ਧਾਰਨ ਕਰਨ ਜਾਂਦੀਆਂ ਹਨ ? ਬਿਲਕੁਲ ਨਹੀਂ। ਮਾਂ ਵੀ ਇੱਕ ਧੀ ਸੀ ਜੋ ਵੱਡੀ ਹੋਈ, ਆਪਣੀਆਂ ਸਹੇਲੀਆਂ ਨਾਲ ਹੱਸੀ-ਟੱਪੀ ਹੋਵੇਗੀ, ਉਸ ਨੇ ਵੀ ਆਪਣਾ ਅੱਲੜ ਉਮਰ ਦਾ ਦੁਪਹਿਰਾ ਹੰਢਾਇਆ ਹੋਣਾ, ਦਿਲ ’ਚ ਅਰਮਾਨ ਪਾਲੇ ਹੋਏ ਹੋਣਗੇ। ਇੱਕ ਉਮਰ ’ਤੇ ਫੇਰ ਉਸ ਦਾ ਵੀ ਵਿਆਹ ਹੋਇਆ ਹੋਣਾ ਤੇ ਉਹ ਆਪਣੇ ਰੀਝਾਂ-ਸੁਪਨੇ ਸਮੇਟ ਸਹੁਰੇ ਘਰ ਤੁਰ ਗਈ ਹੋਵੇਗੀ। ਸਮੇਂ ਨੇ ਉਸ ਨੂੰ ਘਰ ਦੀਆਂ ਜ਼ਿੰਮੇਵਾਰੀਆਂ ਸਮਝਣ ਲਾਇਆ ਹੋਣਾ ਅਤੇ ਫੇਰ ਨੰਨੀ ਚਿੜੀ ਦੇ ਕਿਲਕਾਰੀ ਮਾਰਨ ਨਾਲ ਉਹ ਮਾਂ ਬਣੀ ਹੋਵੇਗੀ। ਇਸ ਤਰ੍ਹਾਂ ਮਾਂ ਨੇ ਆਪਣੀ ਧੀ ਨੂੰ ਇਸ ਸਮਾਜ ਲਈ ਆਦਰਸ਼ਕ ਸਾਊ ਤੇ ਸਿਆਣੀ ਕੁੜੀ, ਚੰਗੀ ਨੂੰਹ ਦੇ ਰੂਪ ਵਿੱਚ ਤਿਆਰ ਕਰਦੇ ਸਮੇਂ ਆਪਣੀ ਅੱਲੜ੍ਹ ਉਮਰ ਦੀਆਂ ਯਾਦਾਂ, ਕਹਾਣੀਆਂ, ਸੁਪਨਿਆਂ ’ਤੇ ਪੋਚਾ ਫੇਰਿਆ ਹੋਵੇਗਾ। ਜ਼ਰੂਰੀ ਨਹੀਂ ਕਿ ਸਿਰਫ਼ ਇਸ਼ਕ ਦੀਆਂ ਕਹਾਣੀਆਂ ਹੀ ਹੋਣ। ਹੋਰ ਬਹੁਤ ਸਾਰੇ ਤਜਰਬੇ ਹੋ ਸਕਦੇ ਹਨ ਜਿਨ੍ਹਾਂ ਤੋਂ ਦਿਸ਼ਾ ਲਈ ਜਾ ਸਕਦੀ ਹੋਵੇਗੀ, ਪਰ ਗੱਲ ਇਹ ਹੈ ਕਿ ਮਾਵਾਂ ਇਹ ਸਭ ਬਿਲਕੁਲ ਸਾਂਝਾ ਨਹੀਂ ਕਰਦੀਆਂ ਜਿਸ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਜਦੋਂ ਧੀ ਦੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਦਾ ਕੁਝ ਵੀ ਵਾਪਰੇ ਜਾਂ ਵਾਪਰਨ ਦੀ ਸੰਭਾਵਨਾ ਹੋਵੇ ਤਾਂ ਉਸ ਕੋਲ ਕੋਈ ਨਾ ਕੋਈ ਕਹਾਣੀ ਮੌਜੂਦ ਹੋਵੇ ਜਿਸ ਨਾਲ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਵਾਪਰੀ ਘਟਨਾ ਅਲੋਕਾਰ ਨਾ ਲੱਗੇ ਅਤੇ ਭਾਵੁਕ ਹੋ ਕੇ ਉਹ ਆਪਣੀ ਜ਼ਿੰਦਗੀ ਦਾ ਕੋਈ ਨੁਕਸਾਨ ਨਾ ਕਰ ਬੈਠੇ।

ਮੇਰੀ ਇੱਕ ਸਹੇਲੀ ਸੀ। ਉਸ ਦੀ ਮੰਮੀ ਮੇਰੀ ਮੰਮੀ ਦੀ ਦੂਰ ਦੀ ਰਿਸ਼ਤੇਦਾਰੀ ’ਚੋਂ ਸੀ। ਉਸ ਦੀ ਮੰਮੀ ਦਾ ਰਿਸ਼ਤਾ ਮੇਰੇ ਨਾਨਾ ਜੀ ਨੇ ਕਰਵਾਇਆ ਸੀ, ਇਸ ਲਈ ਸਾਡਾ ਉਨ੍ਹਾਂ ਨਾਲ ਵਧੀਆ ਮਿਲਵਰਤਨ ਸੀ। ਉਸ ਕੁੜੀ ਦੀ ਮੰਗਣੀ ਹੋ ਗਈ। ਉਹ ਬਹੁਤ ਖੁਸ਼ ਸੀ, ਪਰ ਥੋੜੀ ਦੇਰ ਬਾਅਦ ਪਤਾ ਲੱਗਾ ਕਿ ਕਿਸੇ ਕਾਰਨ ਉਹ ਮੰਗਣੀ ਟੁੱਟ ਗਈ। ਬਾਕੀ ਸਫ਼ਾ 31 ’ਤੇ

# ਸਮਾਜਿਕ ਪਰਿਪੇਖ ’ਚ ‘ਔਰਤ’ ਦੀ ਇੱਛਾ

**ਗੌਰਵੀ ਸ਼ਰਮਾ**

ਇਤਿਹਾਸ ਵਿੱਚ ਅਜਿਹੇ ਪਲ ਨਾਂ-ਮਾਤਰ ਹੀ ਮਿਲਦੇ ਹਨ, ਜਦੋਂ ਔਰਤ ਦੇ ਵਜੂਦ ਦੀ ਲੜਾਈ ਕਿਸੇ ਨੇਸ਼ਨ ਦਾ ਏਜੰਡਾ ਰਿਹਾ ਹੋਵੇ। ਫਿਰ ਵੀ ਇਤਿਹਾਸ ਅਜਿਹੀਆਂ ਔਰਤਾਂ ਦੀ ਗਵਾਹੀ ਭਰਦਾ ਹੈ ਜਿਨ੍ਹਾਂ ਦੇ ਰੂਹ ਦੀ ਭਟਕਣ ਅਤੇ ਜ਼ਿੰਦਗੀ ਜਿਉਣ ਦੀ ਸ਼ਿੱਦਤ ਲਈ ਕੀਤੀ ‘ਚੋਣ’ ਨੇ ਨਾ ਸਿਰਫ਼ ਔਰਤ ਸਗੋਂ ਮਨੁੱਖੀ ਹੋਂਦ ਦੀ ਵੀ ਨਵੀਂ ਕਹਾਣੀ ਲਿਖੀ। ਇਨ੍ਹਾਂ ਔਰਤਾਂ ਦੀ ਖ਼ੂਬਸੂਰਤੀ ਦੇ ਹਰ ਪੱਖ ਨੂੰ ਸਮਝਣ ਲਈ ਸਾਡੇ ਸਮਾਜ ਨੂੰ ਲੰਬਾ ਪੈਂਡਾ ਤੈਅ ਕਰਨਾ ਪੈਣਾ ਹੈ। ਫਰੈਡਰਿਕ ਨਿਤਸ਼ੇ ਅਨੁਸਾਰ ਮਨੁੱਖ ਆਪਣੀਆਂ ਚੋਣਾਂ ਦਾ ਨਤੀਜਾ ਹੈ। ਪ੍ਰਸਿੱਧ ਨਾਰੀਵਾਦੀ ਚਿੰਤਕ ਸਿਮੋਂ ਦਿ ਬੁਆ ਨੇ ਵੀ ਆਖਿਆ ਹੈ ਕਿ ‘ਔਰਤ ਲਈ ਸਵਾਲ ਮਹਿਜ਼ ਔਰਤ ਹੋਣ ਦਾ ਦਾਅਵਾ ਕਰਨਾ ਨਹੀਂ ਸਗੋਂ ਸੰਪੂਰਨ ਮਨੁੱਖ ਹੋਣ ਦਾ ਹੈ।’ ਪਰ ਕੋਈ ਵੀ ਚੋਣ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੁੰਦੀ ਸਗੋਂ ਸਮਾਜਿਕ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਅਤੇ ਧਾਰਮਿਕ ਸੰਦਰਭ ਹੀ ਚੋਣ ਅਤੇ ਹਾਲਾਤ ਨੂੰ ਪ੍ਰਭਾਵਿਤ/ਨਿਰਧਾਰਿਤ ਕਰਦੇ ਹਨ। ਇਨ੍ਹਾਂ ਪੱਖਾਂ ਦੀਆਂ ਸੀਮਾਵਾਂ ਦੇ ਬਾਵਜੂਦ ਚੋਣ ਦਾ ਸੁਆਲ ਬਹੁਤ ਅਹਿਮ ਹੈ ਜਿਸ ਵਿੱਚ ਕੋਈ ਵੀ ਕੀਤੀ ਚੋਣ, ਚੋਣ ਵਜੋਂ ਉੱਭਰਦੀ ਹੈ।

ਸਿਮਰਨ ਕੌਰ ਢਾਡਲੀ ਦੇ ਗੀਤ ‘ਲਹੂ ਦੀ ਅਵਾਜ਼’ ਵਿੱਚ ਔਰਤ ਦੀ ਪੇਸ਼ਕਾਰੀ ਬਹੁਤ ਹੀ ਗ਼ੈਰ-ਮਨੁੱਖੀ ਅਤੇ ਸੀਮਿਤ ਢੰਗ ਨਾਲ ਦਿਖਾਈ ਗਈ ਹੈ। ਇਸ ਗੀਤ ਵਿੱਚ ਔਰਤਾਂ ਨੂੰ ਸਿੱਧੇ ਰੂਪ ਵਿੱਚ ਦੋ ਸ਼੍ਰੇਣੀਆਂ ਵਿੱਚ ਵੰਡਿਆ ਦਿਖਾਇਆ ਗਿਆ ਹੈ। ਇਸ ਅਨੁਸਾਰ ਆਦਰਸ਼ ਔਰਤ ਉਹ ਹੈ ਜੋ ਪਿਉ ਅਤੇ ਭਰਾ ਸਾਹਮਣੇ ਨੀਵੀਂ ਪਾਈ ਚੁੱਪ ਵੱਟੀ ਖੜੀ ਹੈ। ਕੁੱਖੋਂ ਯੋਧੇ ਜੰਮਣਾ ਅਤੇ ਮਰਦਾਂ ਦੀ ਸੇਵਾ ਜਿਸ ਦਾ ਮੁੱਢਲਾ ਧਰਮ ਹੈ। ਦੂਜੀ ਧਿਰ ਵਿੱਚ ਉਹ ਔਰਤਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਸੋਸ਼ਲ ਮੀਡੀਆ ਉੱਤੇ ਦੇਹ ਦੀ ਨੁਮਾਇਸ਼ ਤੋਂ ਇਤਰਾਜ਼ ਨਹੀਂ। ਗੀਤ ਦੇ ਬੋਲਾਂ ਅਨੁਸਾਰ ਅਜਿਹੀਆਂ ਔਰਤਾਂ ਪ੍ਰੰਪਰਾਗਤ ਅਣਖ ਅਤੇ ਇੱਜ਼ਤ ਨੂੰ ਰੋਲਦੀਆਂ ਹਨ। ਇਹ ਔਰਤਾਂ ਫੈਮੀਨਿਸਟ (ਨਾਰੀਵਾਦੀ) ਕਹਾਉਂਦੀਆਂ ਹਨ ਜਿਨ੍ਹਾਂ ਨੂੰ ਦੇਹ ਦੀ ਪੇਸ਼ਕਾਰੀ ਤੋਂ ਗੁਰੇਜ ਨਹੀਂ। ਔਰਤਾਂ ਦੀ ਕੱਪੜਿਆਂ, ਸ਼ਰਾਬ ਦਾ ਸੇਵਨ, ਆਪਣੀ ਦੇਹ ਆਦਿ ਲਈ ਕੀਤੀਆਂ ਨਿੱਜੀ ਚੋਣਾਂ ਨੂੰ ‘ਚੋਣਵੇਂ ਨਾਰੀਵਾਦ’ ਦਾ ਠੱਪਾ ਲਗਾ ਕੇ ਉਦਾਰਵਾਦੀ ਖੇਮੇ ਵੱਲੋਂ ਵੀ ਨਕਾਰ ਦਿੱਤਾ ਜਾਂਦਾ ਹੈ। ਵਿਚਾਰਨਯੋਗ ਗੱਲ ਇਹ ਹੈ ਕਿ ਅਜੋਕੇ ਸਮੇਂ ਵਿੱਚ ਔਰਤ ਦੇ ਸਰੋਕਾਰਾਂ ਜਾਂ ਨਾਰੀਵਾਦ ਦੇ ਸੰਕਲਪ ਨੂੰ ਇੱਥੇ ਦਰਸਾਈਆਂ ਦੋਹਾਂ ਕਿਸਮਾਂ ਦੀਆਂ ਚੋਣਾਂ (ਮੱਧਯੁਗੀ ਆਦਰਸ਼ ਔਰਤ ਅਤੇ ਔਰਤਾਂ ਦੀ ਉਹ ਸ਼੍ਰੇਣੀ ਜੋ ਮਹਿਜ਼ ਜੀਵਨ-ਸ਼ੈਲੀ ਦੇ ਬਦਲਾਅ ਚਾਹੁੰਦੀ ਹੈ) ਤੱਕ ਸੀਮਿਤ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਹ ਸਿਰਫ਼ ਨਵ-ਉਦਾਰਵਾਦੀ ਨੀਤੀਆਂ ਤਹਿਤ ਚੋਣ ਸ਼ਬਦ ਦੀ ਸਿਆਸਤ ਹੇਠ ਔਰਤਾਂ ਦੀ ਕਿਰਤ ਅਤੇ ਕਿਰਦਾਰ ਨੂੰ ਵਰਤਣ ਦਾ ਸਾਧਨ ਮਾਤਰ ਹਨ ਜੋ ਕਿ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਿਸਟਮ ਵਿੱਚ ਪਈਆਂ ਊਣਤਾਈਆਂ ਦੀ ਹਮਾਇਤ ਕਰਦੀਆਂ ਹਨ।

ਇਸ ਦੇ ਨਾਲ ਹੀ ਇਹ ਵੀ ਦੇਖਣਾ ਲਾਜ਼ਮੀ ਹੈ ਕਿ ਕੀ ਸਾਡੇ ਸਮਾਜ ਵਿੱਚ ਵਾਕਈ ਕਿਸੇ ਵੀ ਵਰਗ ਦੀ ਔਰਤ ਕੋਈ ਚੋਣ ਕਰਨ ਲਈ ਸੁਤੰਤਰ ਹੈ ? ਜੇਕਰ ਔਰਤ ਕੁਝ ਕੁ ਨਿੱਜੀ ਚੋਣਾਂ ਨੂੰ ਹੀ ਆਜ਼ਾਦੀ ਦਾ ਭਰਮ ਸਮਝਦੀ ਹੋਵੇ, ਕੀ ਚੋਣ ਅਤੇ ਆਜ਼ਾਦੀ ਵਰਗੇ ਸ਼ਬਦ ਇਸ ਸੰਦਰਭ ਵਿੱਚ ਵਰਤੇ ਜਾ ਸਕਦੇ ਹਨ ? 21ਵੀਂ ਸਦੀ ਦੀ ਔਰਤ ਚੋਣਵੇਂ ਨਾਰੀਵਾਦ ਅਤੇ ਮੱਧਯੁਗੀ ਔਰਤ ਦੇ ਅਕਸ ਵਿਚਕਾਰ ਖੜੀ ਹੈ ਜੋ ਕਿ ਹਰੇਕ ਪੱਧਰ ’ਤੇ ਆਪਣੇ ਕਿਰਦਾਰ ਦੀ ਹੋਂਦ ਅਤੇ ਕੀਤੇ ਫ਼ੈਸਲਿਆਂ ਲਈ ਲੜ ਰਹੀ ਹੈ। ਔਰਤ ਦੀ ਜ਼ਿੰਦਗੀ ਨੂੰ ਮਰਦ ਦੀ ਹੋਂਦ ਤੋਂ ਬਿਨਾ ਸਮਾਜਿਕ ਪ੍ਰਵਾਨਗੀ ਨਹੀਂ ਹੈ। ਔਰਤ ਭਾਵੇਂ ਯੂਨੀਵਰਸਿਟੀ ਤੱਕ ਪਹੁੰਚ ਗਈ ਹੈ, ਪਰ ਉਸ ਦੀ ਪੜਾਈ ਮੈਟਰੀਮੋਨੀਅਲ ਪ੍ਰੋਫਾਈਲ ਪੁਖ਼ਤਾ ਕਰਨ ਤੱਕ ਸੀਮਿਤ ਹੈ। ਕੁੜੀਆਂ ਦੀ ਪੜਾਈ-ਲਿਖਾਈ ਤਾਂ ਹੀ ਸਫ਼ਲ ਮੰਨੀ ਜਾਂਦੀ ਹੈ ਜੇ ਉਸ ਨੂੰ ਵਿਆਹ ਲਈ ਚੰਗਾ ਘਰ, ਪਰਿਵਾਰ (ਜ਼ਮੀਨ-ਜਾਇਦਾਦ ਆਦਿ) ਨਿਰਧਾਰਿਤ ਸਮੇਂ ਤੱਕ ਮਿਲ ਜਾਵੇ। ਕੁਝ ਸਾਲ ਪਹਿਲਾਂ ਆਈ ‘ਕੁਈਨ’ ਫਿਲਮ ਕਾਫ਼ੀ ਚਰਚਿਤ ਰਹੀ। ਇਹ ਫਿਲਮ ਇਸ ਲਈ ਵੀ ਅਗਾਂਹਵਧੂ ਮੰਨੀ ਗਈ ਕਿਉਂਕਿ ਇਹ ਫਿਲਮ ਉਨ੍ਹਾਂ 5 ਫ਼ੀਸਦੀ ਫਿਲਮਾਂ ਵਿੱਚੋਂ ਹੈ ਜੋ ਔਰਤ ਕਿਰਦਾਰ ’ਤੇ ਕੇਂਦਰਿਤ ਹਨ ਜਦੋਂਕਿ 95 ਫ਼ੀਸਦੀ ਸਿਨਮਾ ਜਾਂ ਤਾਂ ਮਰਦ ਕੇਂਦਰਿਤ ਹੈ ਜਾਂ ਮਰਦਾਵੇਂ ਨਜ਼ਰੀਏ ਤੋਂ ਦੇਖਿਆ ਜਾਂ ਬਣਾਇਆ ਜਾਂਦਾ ਹੈ। ਇਹ ਫਿਲਮ ਔਰਤਾਂ ਦੇ ਕਿਸੇ ਖ਼ਾਸ ਜਾਂ ਮੁੱਢਲੇ ਮੁੱਦਿਆਂ ਨੂੰ ਮੁਖ਼ਾਤਬ ਨਹੀਂ ਹੁੰਦੀ ਸਗੋਂ ਮੱਧਵਰਗੀ ਪਰਿਵਾਰ ਦੀ ਭੋਲੀ ਜਿਹੀ ਕੁੜੀ ਦੇ ਉਸ



ਸਫ਼ਰ ਦੁਆਲੇ ਘੁੰਮਦੀ ਹੈ ਜਦੋਂ ਵਿਆਹ ਟੁੱਟਣ ਤੋਂ ਬਾਅਦ ਉਹ ਆਪਣੇ ਪਤੀ ਤੋਂ ਬਗੈਰ ਇਕੱਲਿਆਂ ਹੀ ਹਨੀਮੂਨ ’ਤੇ ਜਾਣ ਦਾ ਫ਼ੈਸਲਾ ਕਰ ਲੈਂਦੀ ਹੈ। ਭਾਵੇਂ ਇਸ ਕਿਰਦਾਰ ਦੀ ਚੋਣ ਕੋਈ ਅਸਾਧਾਰਨ ਚੋਣ ਨਹੀਂ, ਪਰ ਉਹ ਇਸ ਅਧੂਰੇ ਸਫ਼ਰ ਵਿੱਚ ਵੀ ਆਪਣੇ ਸਵੈ, ਵਜੂਦ ਅਤੇ ਸ਼ਖ਼ਸੀਅਤ (ਪਛਾਣ) ਨਾਲ ਦੋ-ਚਾਰ ਹੁੰਦਿਆਂ ਦੁਨੀਆ ’ਚ ਵਿਚਰਦੀ ਹੈ। ਉਸ ਦੇ ਨਿੱਕੇ-ਨਿੱਕੇ ਫ਼ੈਸਲੇ ਉਸ ਦੇ ਜ਼ਿਹਨ ਵਿੱਚ ਸਥਾਪਤ ਸਮਾਜਿਕ-ਮਨੋਵਿਗਿਆਨਕ ਰੁਕਾਵਟਾਂ ਨੂੰ ਤੋੜਦੇ ਹਨ, ਫਿਰ ਭਾਵੇਂ ਆਪਣੇ ਲਈ ਕੱਪੜਿਆਂ ਦੀ ਚੋਣ ਹੋਵੇ, ਤਿੰਨ ਮੁੰਡਿਆਂ ਨਾਲ ਹੋਸਟਲ ’ਚ ਰਹਿਣਾ ਹੋਵੇ, ਇਕੱਲੇ ਇੱਕ ਦੇਸ਼ ਜਾਂ ਸ਼ਹਿਰ ਤੋਂ ਸਫ਼ਰ ਕਰਨਾ ਹੋਵੇ ਆਦਿ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਵੀ ਸਮੇਂ ਜਾਂ ਹਾਲਾਤ ਵਿੱਚ ਕੀਤੀ ਚੋਣ ਨੂੰ ਨਤੀਜਿਆਂ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਔਰਤਾਂ ਨਾਲ ਘਰਾਂ ਵਿੱਚ ਨਿੱਤ ਹੁੰਦੀ ਹਿੰਸਾ ਦੇ ਬਾਵਜੂਦ ਮਹਿਜ਼ ਕੁਝ ਗਿਣਤੀ ਔਰਤਾਂ ਹੀ ਤਲਾਕ ਦੀ ਚੋਣ ਕਰ ਸਕਦੀਆਂ ਹਨ। ‘ਥੱਪੜ’ ਫਿਲਮ ਦੀ ਮੁੱਖ ਕਿਰਦਾਰ ਇੱਕ ਆਦਰਸ਼ ਪਤਨੀ ਅਤੇ ਨੂੰਹ ਹੈ। ਸਿਰਫ਼ ਇੱਕ ਥੱਪੜ ਉਸ ਦੇ ਸਾਰੇ ਵਜੂਦ ਨੂੰ ਝੰਜੋੜ ਕੇ ਰੱਖ ਦਿੰਦਾ ਹੈ ਅਤੇ ਸਮਾਜ ਵਿੱਚ ਸਥਾਪਤ ਰੂੜੀਵਾਦੀ ਪਤੀ ਦੀ ਭੂਮਿਕਾ ਦੇ ਹਰੇਕ ਪੱਖ ਨੂੰ ਨੰਗਾ ਕਰ ਦਿੰਦਾ ਹੈ ਜਿਸ ਦੇ ਤਹਿਤ ਪਤੀ ਨੂੰ ਪਤਨੀ ’ਤੇ ਹੱਥ ਚੁੱਕਣ ਦਾ ਹੱਕ ਸਹਿਜੇ ਹੀ ਪ੍ਰਾਪਤ ਹੈ ਫਿਰ ਭਾਵੇਂ ਸ਼ੁਰੂਆਤ ਵਿੱਚ ਇੱਕ ਥੱਪੜ ਹੀ ਕਿਉਂ ਨਾ ਹੋਵੇ। ਜਿੱਥੇ ਔਰਤ ਦਾ ਤਲਾਕ ਲੈਣਾ ਵਿਸਫੋਟਕ ਚੋਣ ਬਣ ਜਾਂਦਾ ਹੈ, ਉੱਥੇ ਮਰਦ ਦੇ ਔਰਤ ਉੱਤੇ ਹੱਥ ਚੁੱਕਣ ਦੇ ਰੁਝਾਨ ’ਤੇ ਸਾਡਾ ਸਮਾਜ ਚੁੱਪ ਕਿਉਂ ਧਾਰ ਲੈਂਦਾ ਹੈ ?

ਪਿੱਤਰਸੱਤਾਤਮਕ ਢਾਂਚੇ ਵਿੱਚ ਪਰਿਵਾਰ ਨੂੰ ਜੋੜ ਕੇ ਰੱਖਣਾ (ਭਾਵਨਾਤਮਕ ਲੇਬਰ) ਹੀ ਨਹੀਂ ਸਗੋਂ ਰਸੋਈ ਅਤੇ ਪਾਲਣ-ਪੋਸ਼ਣ ਦੀ ਮੁੱਢਲੀ ਜ਼ਿੰਮੇਵਾਰੀ ਵੀ ਔਰਤ ਦੇ ਹਿੱਸੇ ਆਉਂਦੀ ਹੈ ਜੋ ਉਸ ਤੋਂ ਅਸਾਧਾਰਨ ਸਹਿਣਸ਼ੀਲਤਾ ਦੀ ਮੰਗ ਕਰਦੀ ਹੈ। ਮਲਿਆਲਮ ਫਿਲਮ ‘ਦਿ ਗਰੇਟ ਇੰਡੀਅਨ ਕਿਚਨ’ ਵਿੱਚ ਰਸੋਈ, ਔਰਤ ਅਤੇ ਘਰਾਂ ਵਿੱਚ ਰੋਜ਼ਮੱਰਾ ਦੇ ਜੀਵਨ ਵਿੱਚ ਘੁਟਣ ਦੇ ਅੰਸ਼ਾਂ ਨੂੰ ਖ਼ੂਬਸੂਰਤ ਢੰਗ ਨਾਲ ਬਿਆਨ ਕੀਤਾ ਗਿਆ ਹੈ। ਇਸ ਫਿਲਮ ਦੇ ਪਹਿਲੇ ਦ੍ਰਿਸ਼ ਵਿੱਚ ਮੁੱਖ ਕਿਰਦਾਰ ਦੇ ਡਾਂਸ ਕਰਨ ਦੀ ਝਲਕ ਦੇ ਨਾਲ-ਨਾਲ ਉਸ ਦੇ ਵਿਆਹ ਲਈ ਰਿਸ਼ਤੇ ਦੀ ਹੁੰਦੀ ਗੱਲਬਾਤ ਦੀ ਝਲਕ ਦਿਖਾਈ ਦਿੰਦੀ ਹੈ। ਵਿਆਹ ਤੋਂ ਬਾਅਦ ਮਹਿਜ਼ ਪਤਨੀ ਦੀ ਭੂਮਿਕਾ ਵਿੱਚ ਉਸ ਦੀ ਜ਼ਿੰਦਗੀ

ਰਸੋਈ ਤੱਕ ਸਿਮਟੀ ਨਜ਼ਰ ਆਉਂਦੀ ਹੈ। ਪਤੀ ਅਤੇ ਸਹੁਰੇ ਦਾ ਪ੍ਰੰਪਰਾਗਤ ਵਿਵਹਾਰ ਸਮਾਜ ਵਿੱਚ ਪ੍ਰਚਲਿਤ ਡੂੰਘੀਆਂ ਸੱਚਾਈਆਂ ਨੂੰ ਬਿਆਨ ਕਰਦਾ ਹੈ। ਇਸ ਸਭ ਦੌਰਾਨ ਮੁੱਖ ਕਿਰਦਾਰ ਦੀ ਵਿਆਹ ਦੀ ਪਵਿੱਤਰਤਾ ਬਾਕੀ ਸਫ਼ਾ 31 ’ਤੇ

# ਮੋਦੀ ਸਰਕਾਰ ਨੇ ਲਾਲ ਕਿਲੇ ਵਿਚ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਸਮਾਗਮ

## ✪ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਸਾਡੇ ਲਈ ਪ੍ਰੇਰਨਾ ਸਰੋਤ : ਮੋਦੀ ✪ ਪ੍ਰਧਾਨ ਮੰਤਰੀ ਵਲੋਂ 400 ਰੁਪਏ ਦਾ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਰਿਲੀਜ਼

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ, ਸਿੱਖ ਗੁਰੂਆਂ ਦੇ ਆਦਰਸ਼ਾਂ ਦੀ ਪਾਲਣਾ ਕਰ ਰਿਹਾ ਹੈ। ਇੱਥੇ ਲਾਲ ਕਿਲੇ ਵਿਚ ਗੁਰੂ ਤੇਗ ਬਹਾਦਰ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਕਰਵਾਏ ਸਮਾਗਮ ਦੌਰਾਨ ਮੋਦੀ ਨੇ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਚੌਥੇ ਸ਼ਤਾਬਦੀ ਸਮਾਗਮ ਨੂੰ ਅਜ਼ਾਦੀ ਦੇ ਅੰਮ੍ਰਿਤ ਮਹੋਤਸਵ ਦਾ ਹਿੱਸਾ ਬਣਾਉਣ ਦਾ ਉਚੇਚੇ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਦੇ ਅਧਿਆਮਿਕ ਸਫ਼ਰ ਨੂੰ ਦੇਸ਼ ਦੀ ਅਜ਼ਾਦੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਲਈ ਇਸ ਸਮਾਗਮ ਨੂੰ ਅੰਮ੍ਰਿਤ ਮਹੋਤਸਵ (ਜੋ ਕਿ ਅਜ਼ਾਦੀ ਦੇ 75ਵੇਂ ਸਾਲ ਨੂੰ ਸਮਰਪਿਤ ਪ੍ਰੋਗਰਾਮ ਹੈ) ਦੇ ਹਿੱਸੇ ਵਜੋਂ ਮਨਾਇਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਅਤੇ ਸਮਾਪਤੀ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਕਰਦਿਆਂ ਕਿਹਾ ਕਿ ਅੱਜ ਦੇਸ਼ ਪੂਰੀ ਸ਼ਰਧਾ ਦੇ ਨਾਲ ਗੁਰੂਆਂ ਦੇ ਵਿਖਾਏ ਰਸਤੇ 'ਤੇ ਅੱਗੇ ਵਧ ਰਿਹਾ ਹੈ। ਲਾਲ ਕਿਲੇ ਨੇੜੇ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਗੁਰੂ ਤੇਗ ਬਹਾਦਰ ਦੀ ਅਦੁੱਤੀ ਕੁਰਬਾਨੀ ਦਾ ਪ੍ਰਤੀਕ ਹੈ। ਉਨਾਂ ਕਿਹਾ ਕਿ ਉਸ ਸਮੇਂ ਮੁਲਕ ਵਿੱਚ ਧਾਰਮਿਕ ਕੱਟੜਤਾ ਦੀ ਹਨੇਰੀ ਝੁੱਲ ਰਹੀ ਸੀ। ਉਸ ਸਮੇਂ ਭਾਰਤ ਲਈ ਆਪਣੀ ਪਛਾਣ ਦੀ ਰਾਖੀ ਕਰਨ ਦੀ ਸਭ ਤੋਂ ਵੱਡੀ ਉਮੀਦ ਗੁਰੂ ਤੇਗ ਬਹਾਦਰ ਬਣੇ। ਉਨਾਂ ਨੂੰ ਮੁਗਲ ਬਾਦਸ਼ਾਹ ਔਰੰਗਜੇਬ ਦੇ ਹੁਕਮ 'ਤੇ ਕਸ਼ਮੀਰੀ ਪੰਡਤਾਂ ਦੀ ਧਾਰਮਿਕ ਅਜ਼ਾਦੀ ਦਾ ਸਮਰਥਨ ਕਰਨ ਲਈ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੇ ਭਾਰਤ ਦੀਆਂ ਨਵੀਆਂ ਪੀੜੀਆਂ ਨੂੰ ਆਪਣੇ ਸੱਭਿਆਚਾਰ, ਆਪਣੇ ਸਵੈਮਾਣ ਤੇ ਇੱਜ਼ਤ ਦੀ ਰਾਖੀ ਲਈ ਜਿਊਣ ਤੇ ਮਰ ਮਿਟਣ ਦੀ ਪ੍ਰੇਰਨਾ ਦਿੱਤੀ ਹੈ। ਉਨਾਂ ਕਿਹਾ ਕਿ ਭਾਰਤ ਆਪਣੇ ਫ਼ੈਸਲੇ ਖ਼ੁਦ ਕਰਦਾ ਹੈ। ਸਾਨੂੰ ਇੱਕ ਅਜਿਹਾ ਭਾਰਤ ਬਣਾਉਣਾ ਪਵੇਗਾ ਜਿਸਦੀ ਤਾਕਤ ਨੂੰ ਪੂਰਾ ਵਿਸ਼ਵ ਵੇਖੇ ਤੇ ਜੋ ਸੰਸਾਰ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਜਾਵੇ।

### ਨਾਗਰਿਕਤਾ ਸੋਧ ਕਾਨੂੰਨ ਦਾ ਵੀ ਕੀਤਾ ਜ਼ਿਕਰ

ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿਚ ਨਾਗਰਿਕਤਾ ਸੋਧ ਕਾਨੂੰਨ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਸੀ. ਏ. ਏ. ਦੇ ਕਾਰਨ ਹੀ ਸੰਕਟ ਵਿਚ ਘਿਰੇ ਅਫ਼ਗਾਨਿਸਤਾਨ ਦੇ ਸਿੱਖਾਂ ਨੂੰ ਦੇਸ਼ ਦੀ ਨਾਗਰਿਕਤਾ ਮਿਲਣ ਦਾ ਰਸਤਾ ਸੁਖਾਲਾ ਹੋ ਪਾਇਆ ਹੈ। ਮੋਦੀ ਨੇ ਆਪਣੇ ਭਾਸ਼ਨ ਵਿਚ ਅਫ਼ਗਾਨਿਸਤਾਨ ਤੋਂ ਆਏ ਸਿੱਖਾਂ ਤੇ ਉਥੋਂ ਲਿਆਂਦੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਲਿਆਉਣ ਵਿਚ ਸਰਕਾਰ ਵਲੋਂ ਕੀਤੀ ਮਦਦ ਦਾ ਵੀ ਜ਼ਿਕਰ ਕੀਤਾ। ਮੋਦੀ ਨੇ ਕੇਂਦਰ ਸਰਕਾਰ ਵਲੋਂ ਚੁੱਕੇ ਸਿੱਖਾਂ ਪੱਖੀ ਕਦਮਾਂ ਦਾ ਜ਼ਿਕਰ ਕਰਦਿਆਂ ਗੁਰੂ ਗੋਬਿੰਦ ਸਿੰਘ ਦੇ




ਸਾਹਿਬਜ਼ਾਦਿਆਂ ਦੀ ਯਾਦ ਵਿਚ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ, ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ, ਸਵਦੇਸ਼ ਦਰਸ਼ਨ ਯੋਜਨਾ ਅਤੇ ਹੇਮਕੁੰਟ ਸਾਹਿਬ ਯਾਤਰਾ ਲਈ ਸ਼ੁਰੂ ਕੀਤੇ ਰੋਪ ਵੇਅ ਪ੍ਰੋਜੈਕਟ ਦਾ ਵੀ ਹਵਾਲਾ ਦਿੱਤਾ। ਇਸ ਮੌਕੇ 400 ਰਾਗੀਆਂ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਮੌਕੇ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਹਾਜ਼ਰ ਸੀ, ਉੱਥੇ ਕਈ ਸੂਬਿਆਂ ਦੇ ਮੁੱਖ ਮੰਤਰੀਆਂ ਤੇ ਕਈ ਹੋਰ ਅਹਿਮ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਲਵਾਈ। ਇਸ ਮੌਕੇ ਗੁਰੂ ਤੇਗ ਬਹਾਦਰ ਦੇ ਜੀਵਨ ਨੂੰ ਦਰਸਾਉਣ ਵਾਲਾ ਇੱਕ ਲਾਈਟ ਐਂਡ ਸਾਊਂਡ ਸ਼ੋਅ ਵੀ ਪੇਸ਼ ਕੀਤਾ ਗਿਆ। ਇਹ ਪ੍ਰੋਗਰਾਮ ਸੱਭਿਆਚਾਰ ਤੇ ਸੈਰ ਸਪਾਟਾ ਮੰਤਰਾਲੇ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਸਮਾਗਮ ਮੌਕੇ 'ਤੇ ਨੌਵੇਂ ਪਾਤਸ਼ਾਹ ਨੂੰ ਸਮਰਪਿਤ ਇਕ ਯਾਦਗਾਰੀ ਸਿੱਕਾ ਜਾਰੀ ਕੀਤਾ ਜਿਸ ਦੇ ਇਕ ਪਾਸੇ ਭਾਰਤ ਅਤੇ ਇੰਡੀਆ ਉਕਰਿਆ ਹੋਇਆ ਹੈ, ਇਸ ਤੋਂ ਇਲਾਵਾ ਦੇਸ਼ ਦੇ ਰਾਸ਼ਟਰੀ ਚਿੰਨ ਅਤੇ ਸਤਯਮੇਵ ਜਯਤੇ ਦੇ ਨਾਲ ਸਿੱਕੇ ਦੀ ਕੀਮਤ 400 ਰੁਪਏ ਅੰਕਿਤ ਕੀਤੀ ਗਈ ਹੈ।ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਦੀ 400ਵੀਂ ਜੈਅੰਤੀ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿਚ ਲਿਖਿਆ ਹੋਇਆ ਹੈ। ਨਾਲ ਹੀ ਇਸ ਦੌਰ ਨੂੰ ਦਰਸਾਉਂਦਿਆਂ 1621ਈ: ਤੋਂ 2021ਈ: ਤੱਕ ਦਾ ਸਮਾਂ ਵੀ ਅੰਕਿਤ ਕੀਤਾ ਗਿਆ। ਪ੍ਰਧਾਨ ਮੰਤਰੀ ਵਲੋਂ ਸਿੱਕੇ ਤੋਂ ਇਲਾਵਾ ਇਕ ਡਾਕ ਟਿਕਟ ਵੀ ਜਾਰੀ ਕੀਤੀ ਗਈ ਜਿਸ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਦੀ ਤਸਵੀਰ ਲਾਈ ਹੋਈ ਸੀ।

### ਮੋਦੀ ਦਾ ਕੀਤਾ ਸਨਮਾਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਸਿਰਪਾਓ ਅਤੇ ਸਿਰੀ ਸਾਹਿਬ ਭੇਟ ਕੀਤੀ। ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸੂਬੇ ਦੇ ਸੱਭਿਆਚਾਰ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਬਾ ਸਰਕਾਰ ਵਲੋਂ ਦਰਬਾਰ ਸਾਹਿਬ ਦਾ ਮਾਡਲ ਅਤੇ ਫੁਲਕਾਰੀ ਭੇਟ ਕੀਤੀ। ਸਮਾਗਮ ਦੌਰਾਨ ਸਟੇਜ ਸੰਭਾਲਣ ਦੀ ਜ਼ਿੰਮੇਵਾਰੀ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸੰਭਾਲੀ ਸੀ। ਜਦਕਿ ਸ਼ਾਮਿਲ ਹੋਈਆਂ ਹੋਰ ਸ਼ਖ਼ਸੀਅਤਾਂ ਵਿਚ ਕੇਂਦਰੀ ਮੰਤਰੀ ਜੀ. ਕਿਸ਼ਨ ਰੈਡੀ, ਹਰਦੀਪ ਸਿੰਘ ਪੁਰੀ, ਮੀਨਾਕਸ਼ੀ ਲੇਖੀ, ਅਰਜੁਨ ਮੇਘਵਾਲ ਤੇ ਘੱਟ ਗਿਣਤੀ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ,ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਆਦਿ ਸ਼ਾਮਿਲ ਸਨ।

# ਸ਼੍ਰੋਮਣੀ ਕਮੇਟੀ ਨੇ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਉਤਸਵ ਮੰਜੀ ਸਾਹਿਬ ਵਿਖੇ ਮਨਾਇਆ

## ✪ ਸਿੰਘ ਸਾਹਿਬਾਨ ਵਲੋਂ ਸਿੱਖ ਮਸਲਿਆਂ ਦਾ ਹੱਲ ਕਰਨ ਤੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨ ਦੀ ਕੀਤੀ ਮੰਗ ✪ ਸਿੱਖ ਫ਼ਲਸਫ਼ੇ ਨੂੰ ਦੁਨੀਆਂ ਵਿੱਚ ਠੀਕ ਢੰਗ ਨਾਲ ਨਹੀਂ ਪ੍ਰਚਾਰ ਸਕੇ: ਜਥੇਦਾਰ ✪ ਪ੍ਰਧਾਨ ਮੰਤਰੀ ਸਿੱਖ ਮਸਲਿਆਂ ਦਾ ਤੁਰੰਤ ਹੱਲ ਕਰਨ: ਧਾਮੀ

ਅੰਮ੍ਰਿਤਸਰ:- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਵਰੇ ਦੀ ਸੰਪੂਰਨਤਾ ਅਤੇ 401ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਜਾਏ ਵਿਸ਼ਾਲ ਗੁਰਮਤਿ ਸਮਾਗਮ ਵਿਚ ਸ਼ਾਮਿਲ ਸਿੰਘ ਸਾਹਿਬਾਨ ਤੇ ਪੰਥਕ ਸ਼ਖ਼ਸੀਅਤਾਂ ਵਲੋਂ ਭਾਰਤ ਸਰਕਾਰ ਨੂੰ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ ਦਾ ਤੁਰੰਤ ਹੱਲ ਕਰਨ ਲਈ ਸੰਜੀਦਾ ਹੋਣ ਤੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਸਮਾਗਮ ਵਿਚ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰ ਸਿੰਘ, ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂਵੇਲਾਂ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਬਾਬਾ ਤੇਜਾ ਸਿੰਘ ਖੁੱਡਾ ਕਲਾਂ ਆਦਿ ਸਮੇਤ ਹੋਰ ਧਾਰਮਿਕ ਸ਼ਖ਼ਸੀਅਤਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹਾਦਤ ਧਰਮ ਦੀ ਰੱਖਿਆ ਤੇ ਧਾਰਮਿਕ ਅਜ਼ਾਦੀ ਲਈ ਦਿੱਤੀ ਸੀ ਤੇ ਉਨਾਂ ਦੀ ਸ਼ਹਾਦਤ ਦਾ ਮੰਤਵ ਹਰ ਇਕ ਵਿਅਕਤੀ ਨੂੰ ਧਾਰਮਿਕ ਅਜ਼ਾਦੀ ਦਾ ਅਧਿਕਾਰ ਦਿਵਾਉਣਾ ਸੀ, ਪਰ ਅੱਜ ਭਾਰਤ ਅੰਦਰ ਗੁਰੂ ਸਾਹਿਬ ਦੀ ਸੋਚ ਤੋਂ ਉਲਟ ਜਾ ਕੇ ਘੱਟਗਿਣਤੀਆਂ ਨੂੰ ਦਬਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਅਸੀਂ ਗੁਰੂ ਸਾਹਿਬ ਦੀਆਂ ਮਹਾਨ ਸਿੱਖਿਆਵਾਂ ਨੂੰ ਦੁਨੀਆਂ ਵਿਚ ਠੀਕ ਤਰਾਂ ਪ੍ਰਚਾਰ ਨਹੀਂ ਸਕੇ। ਉਨਾਂ ਸਿੱਖਾਂ ਦੇ ਵੱਡੀ ਗਿਣਤੀ ਵਿਚ ਪਰਵਾਸ ਕਰਨ ਦੇ ਰੁਝਾਨ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਵਿਦੇਸ਼ ਵੱਸਦੇ ਸਿੱਖਾਂ ਨੂੰ ਆਪਣੇ ਵਿਦੇਸ਼ੀ ਧਰਤੀਆਂ 'ਤੇ ਜਨਮੇ ਬੱਚਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਪੰਜਾਬ ਨਾਲ ਸਦੀਵੀ ਨਾਤਾ ਜੋੜਣ ਤੇ ਸਨੇਹ ਪੈਦਾ ਕਰਨ ਲਈ ਸਮੇਂ ਸਮੇ ਪੰਜਾਬ ਜ਼ਰੂਰ ਲਿਆਉਂਦੇ ਰਹਿਣਾ ਚਾਹੀਦਾ ਹੈ। **ਬਾਕੀ ਸਫ਼ਾ 30 'ਤੇ**

# ਸੱਤਾ ਦੇ ਫਾਸ਼ੀਵਾਦ ਵੱਲ ਵਧਦੇ ਕਦਮਾਂ ਦੀ ਆਹਟ



**ਬਘੇਲ ਸਿੰਘ ਪੱਤਰਕਾਰ**
**99142-58142**

ਪੰਜਾਬੀ ਲੋਕ ਸਿਆਸਤ ਦੀ ਸ਼ਤਰੰਜ ਨੂੰ ਸਮਝਣ ਵਿੱਚ ਹਮੇਸ਼ਾ ਹੀ ਅਸਫਲ ਰਹੇ ਹਨ। ਪੰਜਾਬੀਆਂ ਨੇ ਅਜ਼ਾਦੀ ਤੋਂ ਬਾਅਦ ਸਿਆਸਤ ਤੋਂ ਲਗਾਤਾਰ ਧੋਖੇ ਖਾਧੇ ਹਨ। ਪੰਜਾਬ ਦੇ ਸਿਆਸਤਦਾਨ ਵੋਟਾਂ ਲੈਣ ਖਾਤਰ ਤਾਂ ਪੰਜਾਬ ਦੀ ਗੱਲ ਕਰਦੇ ਹਨ, ਪੰਜਾਬ ਦੇ ਹਿਤਾਂ ਦੀ ਗੱਲ ਕਰਦੇ ਹਨ, ਪਰ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਅਕਸਰ ਹੀ ਪੰਜਾਬ ਦੇ ਮਸਲਿਆਂ ਨੂੰ ਵਿਸਾਰ ਦਿੰਦੇ ਰਹੇ ਹਨ। ਸੂਬਿਆਂ ਨੂੰ ਵੱਧ ਅਧਿਕਾਰਾਂ ਸਮੇਤ ਪੰਜਾਬ ਦੇ ਹੱਕਾਂ ਹਕੂਕਾਂ ਦੀ ਗੱਲ ਕਰਨ ਵਾਲੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਜਿਸ ਤਰਾਂ ਪੰਜਾਬ ਦੀ ਅਕਾਲੀ ਸਿਆਸਤ ਨੇ ਵਰਤਿਆ ਤੇ ਬਾਅਦ ਵਿਚ ਵਿਸਾਰਿਆ, ਇਹ ਕੋਈ ਪਰਦੇ ਜਾਂ ਭੁਲੇਖੇ ਦੀ ਗੱਲ ਨਹੀ ਰਹੀ, ਬਲਕਿ ਆਮ ਵਰਤਾਰਾ ਰਿਹਾ ਹੈ। ਪੰਥਕ ਮਸਲਿਆਂ ਨੂੰ ਉਭਾਰਨਾ ਤੇ ਰਾਜਸੱਤਾ ਪਰਾਪਤ ਕਰਨ ਉਪਰੰਤ ਪੰਜਾਬ, ਪੰਜਾਬੀਆਂ ਅਤੇ ਪੰਥ ਪਵੇ ਢੱਠੇ ਖੂਹ ਵਿਚ,ਇਹ ਅਕਾਲੀਆਂ ਦੀ ਨੀਤੀ ਰਹੀ ਹੈ। ਮੁਢਲੇ ਸਮੇਂ ਵਿੱਚ ਜ਼ਿਆਦਾ ਸਮਾਂ ਪੰਜਾਬ ਦੀ ਸੱਤਾ ਤੇ ਕਾਂਗਰਸ ਹੀ ਕਾਬਜ ਰਹੀ ਹੈ, ਜਿਸ 'ਤੇ ਅਕਾਲੀਆਂ ਵੱਲੋਂ ਹਮੇਸ਼ਾ ਇਹ ਦੋਸ਼ ਲਾਏ ਜਾਂਦੇ ਰਹੇ ਹਨ ਕਿ ਕਾਂਗਰਸੀ ਨੇਤਾਵਾਂ ਨੇ ਆਪਣੇ ਕੇਂਦਰੀ ਆਕਾਵਾਂ ਨੂੰ ਖੁਸ਼ ਕਰਨ ਲਈ ਪੰਜਾਬ ਦੇ ਹਿਤਾਂ ਦਾ ਸੌਦਾ ਕੀਤਾ, ਪਰ ਸਚਾਈ ਇਹ ਰਹੀ ਹੈ ਕਿ ਪੰਜਾਬ ਦਾ ਜੋ ਨੁਕਸਾਨ ਅਕਾਲੀ ਸਰਕਾਰ ਸਮੇਂ ਹੋਇਆ, ਉਨਾ ਸ਼ਾਇਦ ਕਾਂਗਰਸੀ ਵੀ ਕਰ ਨਹੀਂ ਸਕੇ। ਇਹੋ ਕਾਰਨ ਹੈ ਕਿ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਹੁੰਦਿਆਂ ਵੀ ਸੂਬੇ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਦੀ ਤੇ ਕਾਮਯਾਬੀ ਨਾਲ ਰਾਜਭਾਗ ਚਲਾਉਂਦੀ ਰਹੀ ਹੈ, ਕਿਉਂਕਿ ਸ.ਪ੍ਰਕਾਸ਼ ਸਿੰਘ ਬਾਦਲ ਕੇਂਦਰੀ ਤਾਕਤਾਂ ਦੇ ਮਾਪਦੰਡਾਂ ਮੁਤਾਵਿਕ ਫਿੱਟ ਬੈਠਦਾ ਸੀ। ਕਾਂਗਰਸ ਦੀ ਤਤਕਾਲੀ ਇੰਦਰਾ ਗਾਂਧੀ ਸਰਕਾਰ ਸਮੇਂ ਜੋ ਦਰਦ ਪੰਜਾਬ ਨੂੰ ਝੱਲਣੇ ਪਏ ਹਨ, ਉਹ ਸਾਰਾ ਮੰਜਰ ਇਤਿਹਾਸ ਦੇ ਕਾਲੇ ਪੰਨਿਆਂ ਵਿੱਚ ਅੰਕਿਤ ਹੋ ਚੁੱਕਾ ਹੈ, ਜਦੋਂ ਆਪਣੇ ਹੀ ਦੇਸ਼ ਦੀ ਫੌਜ ਨੇ ਸਿੱਖਾਂ ਦੇ ਜਾਨ ਤੋਂ ਪਿਆਰੇ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਸੰਤ ਜਰਨੈਲ ਸਿੰਘ ਖਾਲਸਾ ਦੇ ਮੁੱਠੀਭਰ ਸਿਰਲੱਥ ਸੂਰਮਿਆਂ ਸਮੇਤ ਲੱਖਾਂ ਨਿਰਦੋਸ਼ ਤੇ ਨਿਹੱਥੇ ਸ਼ਰਧਾਲੂਆਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ, ਤੋਪਾਂ ਟੈਂਕਾਂ ਤੇ ਅਧੁਨਿਕ ਹਥਿਆਰਾਂ ਨਾਲ ਪਵਿੱਤਰ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਤਿੰਨ ਦਰਜਨ ਤੋ ਵੱਧ ਗੁਰਧਾਮਾਂ ਨੂੰ ਢਹਿ-ਢੇਰੀ ਕਰਕੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰਿਆ ਅਤੇ ਹਮੇਸ਼ਾ ਲਈ ਉਨਾਂ ਦੇ ਦਿਲਾਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕਰ ਦਿੱਤੀ। ਇੱਥੇ ਇਹ ਯਾਦ ਰੱਖਣਾ ਹੋਵੇਗਾ ਕਿ ਜੇਕਰ ਜੂਨ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਵਾਇਆ, ਤਾਂ ਫਿਰ ਉਸ ਤੋਂ ਘੱਟ ਗੁਨਾਹਗਾਰ ਤਤਕਾਲੀ ਅਕਾਲੀ ਸਰਕਾਰ ਵੀ ਨਹੀ, ਜਿਸ ਨੇ ਅਪ੍ਰੈਲ 1978 ਦਾ ਨਿਰੰਕਾਰੀ ਕਾਰਾ ਕਰਵਾਇਆ ਤੇ 13 ਸਿੱਖਾਂ ਨੂੰ ਸਹੀਦ ਕਰਨ ਅਤੇ ਦਰਜਨਾਂ ਨੂੰ ਗੰਭੀਰ ਜ਼ਖਮੀ ਕਰਨ ਵਾਲੇ ਨਿਰੰਕਾਰੀ ਮੁਖੀ ਨੂੰ ਸੁਰਖਿਆ ਛਤਰੀ ਪ੍ਰਦਾਨ ਕੀਤੀ ਤੇ ਪੰਜਾਬ ਵਿਚੋਂ ਸੁਰਖਿਅਤ ਦਿੱਲੀ ਭੇਜਣ ਦੀ ਜਿੰਮੇਵਾਰੀ ਨਿਭਾਈ। ਸੋ ਬਹੁਤ ਧੋਖੇ ਕਾਂਗਰਸੀ ਮੁੱਖ ਮੰਤਰੀਆਂ ਨੇ ਪੰਜਾਬ ਨਾਲ ਕੀਤੇ, ਪਰ ਉਨਾਂ ਦੇ ਧੋਖਿਆਂ ਨੂੰ ਬਾਦਲ ਸਰਕਾਰ ਦੇ ਧੋਖੇ ਅਤੇ ਜਬਰ ਬੌਨੇ ਕਰਦੇ ਰਹੇ ਹਨ। ਜੇਕਰ ਬੇਅੰਤ ਸਿੰਘ ਨੇ ਪੁਲਿਸ ਮੁਖੀ ਕੇਪੀ ਐਸ ਨਾਲ ਮਿਲ ਕੇ ਪੰਜਾਬ ਦੀ ਸਿੱਖ ਜੁਆਨੀ ਨੂੰ ਖਤਮ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ,ਤਾਂ ਸੱਚ ਇਹ ਵੀ ਹੈ ਕਿ ਬਾਦਲ ਦੇ ਰਾਜਭਾਗ ਦਾ ਕੋਈ ਕਾਰਜਕਾਲ ਅਜਿਹਾ ਨਹੀਂ ਜਦੋਂ ਉਸਦੀ ਪੁਲਿਸ ਨੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਨਾ ਖੇਡਿਆ ਹੋਵੇ, ਭਾਵ ਪੰਜਾਬ ਦੀ ਹਕੂਮਤ ਜਿਸਦੇ ਵੀ ਹੱਥ ਆਈ, ਉਨਾਂ ਨੇ ਪੰਜਾਬ ਨਾਲ ਦਗਾ ਹੀ ਕਮਾਇਆ ਤੇ ਸਿੱਖਾਂ ਤੇ ਜਬਰ ਢਾਹ ਕੇ ਕੇਂਦਰ ਨੂੰ ਖੁਸ਼ ਕਰਕੇ ਸੱਤਾ ਸਲਾਮਤੀ ਨੂੰ ਪਹਿਲ ਦਿੱਤੀ ਹੈ। ਕਾਂਗਰਸੀ ਅਤੇ ਅਕਾਲੀ, ਵਾਰੀ ਨਾਲ ਪੰਜਾਬ ਦੀ ਸੱਤਾ ਦਾ ਅਨੰਦ ਮਾਣਦੇ ਰਹੇ ਹਨ, ਪਰ 2022 ਦੀ ਵਿਧਾਨ ਸਭਾ ਚੋਣਾਂ ਨੇ ਬਦਲਾਅ ਦੀ ਨਵੀਂ ਰਾਜਨੀਤੀ ਨੂੰ ਸਵੀਕਾਰਿਆ ਤੇ ਸੱਤਾ ਭਾਰੀ ਬਹੁਮੱਤ ਨਾਲ ਆਮ ਆਦਮੀ ਪਾਰਟੀ ਦੇ ਹੱਥ ਦੇ ਦਿੱਤੀ ਹੈ। ਸੱਤਾ ਤਬਦੀਲੀ ਤੋਂ ਬਾਅਦ ਪੰਜਾਬੀਆਂ ਨੇ ਵੱਡੀ ਰਾਹਤ ਮਹਿਸੂਸ ਕੀਤੀ, ਕਿਉਂਕਿ ਲੋਕ ਸਮਝਦੇ ਸਨ ਕਿ ਇਹ ਤਬਦੀਲੀ ਉਨਾਂ ਵੱਲੋਂ ਬਦਲਾਅ ਲਈ ਵੋਟ ਕਰਨ ਕਰਕੇ ਸੰਭਵ ਹੋ ਸਕੀ ਹੈ, ਜਦੋਕਿ ਸੱਤਾ ਤਬਦੀਲੀ ਵਾਲੇ ਕ੍ਰਿਸ਼ਮੇ ਦਾ ਅਸਲ ਸੱਚ ਆਮ ਆਦਮੀ ਦੀ ਸਮਝ ਦੇ ਪੱਧਰ ਤੋਂ ਦੂਰ ਹੈ। ਵਿਦੇਸੀ ਕੰਪਨੀਆਂ ਦੇ ਵੱਖੋ ਵੱਖਰੇ ਸਾਈਕਾਲੋਜੀਕਲ ਵਾਰ ਯੁਨਿਟਾਂ ਦੀ ਪੰਜਾਬ ਸਮੇਤ ਭਾਰਤ ਦੀਆਂ ਆਮ ਚੋਣਾਂ ਵਿਚ ਭੂਮਿਕਾ ਵੀ ਦੂਜੇ ਵਿਸਵ ਯੁੱਧ ਵਾਲੀ ਭੂਮਿਕਾ ਤੋਂ ਵੱਖਰੀ ਨਹੀ ਹੈ, ਜਦੋਂਕਿ ਅੱਜ ਦੇ ਜੁੱਗ ਅੰਦਰ 19ਵੀ ਸਦੀ ਦੇ ਮੁਕਾਬਲੇ ਸੰਚਾਰ ਸਾਧਨਾਂ ਵਿੱਚ ਚਮਤਕਾਰੀ ਵਾਧਾ ਹੋਇਆ ਹੈ, ਲਿਹਾਜਾ ਨਤੀਜੇ ਵੀ ਚਮਤਕਾਰੀ ਆ ਰਹੇ ਹਨ। ਪੰਜਾਬ ਵਿਚ ਚੋਣਾਂ ਤੋਂ ਪਹਿਲਾਂ ਭਾਵੇਂ ਸਾਈਕਾਲੋਜੀਕਲ ਵਾਰ ਯੂਨਿਟਾਂ ਵੱਲੋਂ ਛੱਡੇ ਗਏ ਬਦਲਾਅ ਨਾਮ ਤੇ ਚਲਾਏ ਪ੍ਰਾਪੇਗੰਡਾ ਨੇ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਤੇ ਅਜਿਹਾ ਗਹਿਰਾ ਅਸਰ ਕੀਤਾ ਸੀ ਕਿ ਲੋਕ ਨਾ ਚਾਹੁੰਦੇ ਹੋਏ ਵੀ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਭੁਗਤਣ ਲਈ ਉਤਾਵਲੇ ਹੋ ਗਏ, ਪਰ ਇਸ ਦੇ ਬਾਵਜੂਦ ਵੀ ਆਪ ਪਾਰਟੀ ਨੇ ਲੋਕਾਂ ਨਾਲ ਬਹੁਤ ਸਾਰੇ ਅਜਿਹੇ ਵਾਅਦੇ ਕਰ ਲਏ ਜਿਹੜੇ ਪੂਰੇ ਕਰਨੇ ਸੰਭਵ ਨਹੀ ਸਨ, ਕਿਉਂਕਿ ਆਪ ਦੀ ਆਹਲਾਕਮਾਂਨ ਕਿਸੇ ਵੀ ਕੀਮਤ 'ਤੇ ਪੰਜਾਬ ਦੀ ਸੱਤਾ 'ਤੇ ਕਾਬਜ ਹੋਣ ਦਾ ਇਹ ਮੌਕਾ ਗੁਆਉਣਾ ਨਹੀਂ ਸੀ ਚਾਹੁੰਦੀ। ਇਸ ਲਈ ਉਨਾਂ ਨੇ ਬਹੁਤ ਸਾਰੇ ਨਾ ਪੂਰੇ ਹੋ ਸਕਣ ਵਾਲੇ ਵਾਅਦੇ ਲੋਕਾਂ ਨਾਲ ਕੀਤੇ, ਪਰ ਸਰਕਾਰ ਬਨਣ ਤੋਂ ਬਾਅਦ ਜੋ ਕੁੱਝ ਸਾਹਮਣੇ ਆ ਰਿਹਾ ਹੈ, ਉਹ ਉਨਾਂ ਲੋਕਾਂ ਲਈ ਬੇਹੱਦ ਅਸਹਿ ਹੋਣ ਵਾਲਾ ਹੈ, ਜਿਹੜੇ ਇਸ ਵਾਰ ਦੇ ਬਦਲਾਅ ਵਿਚੋਂ ਸਿਸਟਮ ਦੇ ਸੁਧਾਰ ਦੀ ਆਸ ਲਾਈ ਬੈਠੇ ਸਨ। ਭਗਵੰਤ ਮਾਨ ਸਰਕਾਰ ਵੱਲੋਂ ਘਰੇਲੂ ਖਪਤਕਾਰਾਂ ਨੂੰ ਦਿੱਤੀ ਗਈ 600 ਯੂਨਿਟ ਮੁਫਤ ਬਿਜਲੀ ਵਿੱਚ ਜੋ ਸ਼ਰਤਾਂ ਲਾਈਆਂ ਗਈਆਂ ਹਨ, ਉਸਦੇ ਤੋਂ ਪੰਜਾਬ ਦੇ ਵੱਡੇ ਹਿੱਸੇ ਦੇ ਪੱਲੇ ਨਿਰਾਸ਼ਤਾ ਹੀ ਪਈ ਹੈ। ਇਸ ਤੋਂ ਇਲਾਵਾ ਜੇਕਰ ਬੇਅਦਬੀਆਂ ਦੇ ਮੁੱਦੇ ਦੀ ਗੱਲ ਕੀਤੀ ਜਾਵੇ ਤਾਂ 24 ਘੰਟਿਆਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਗੱਲ ਕਰਨ ਵਾਲੇ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਸਿੱਖ ਨੌਜਵਾਨਾਂ ਦੇ ਕਾਤਲ ਸੁਮੇਧ ਸੈਣੀ ਦੀ ਗ੍ਰਿਫਤਾਰੀ ਦੇ ਮਾਮਲੇ ਵਿਚ ਪੰਜਾਬ ਦੇ ਏ ਜੀ ਨੇ **ਬਾਕੀ ਸਫ਼ਾ 30 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੀਆਂ ਪ੍ਰਚਾਰ ਯਾਤਰਾਵਾਂ



**ਡਾ. ਆਤਮਾ ਸਿੰਘ**
ਮੋ. ੯੮੭੮੮੮੩੬੮੦

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈ. (5 ਵਿਸਾਖ 1678 ਬਿਕਰਮੀ) ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਵਿਚ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਆਪ ਦੇ ਦਾਦਾ ਜੀ ਸਨ। ਆਪ ਦਾ ਬਚਪਨ ਵਿਚ ਨਾਮ ਤਿਆਗ ਮੱਲ ਸੀ। ਛੋਟੇ ਹੁੰਦਿਆਂ ਤੋਂ ਹੀ ਤਿਆਗ ਮੱਲ ਜੀ ਈਸ਼ਵਰ ਦੀ ਭਗਤੀ ਵਿਚ ਦਿਲਚਸਪੀ ਰੱਖਦੇ ਸਨ।ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਦੀ ਸੁਪੁੱਤਰੀ ਗੁਜਰੀ ਨਾਲ ਸੰਨ 1632 ਈ. (15 ਅਸੂ, 1689ਬਿ.) ਵਿਚ ਹੋਇਆ। ਸੰਨ 1644 ਈ. ਵਿਚ ਆਪ ਆਪਣੀ ਪਤਨੀ ਅਤੇ ਮਾਤਾ ਸਹਿਤ ਬਕਾਲਾ ਪਿੰਡ ਵਿਚ ਆ ਵਸੇ। ਆਪ 20 ਮਾਰਚ 1665 ਈ. ਨੂੰ 43 ਵਰਿਆਂ ਦੀ ਉਮਰ ਵਿਚ ਗੁਰੂ-ਗੱਦੀ ਉਤੇ ਬੈਠੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਮਿਲਣ ਤੋਂ ਬਾਅਦ ਪ੍ਰਚਾਰ ਯਾਤਰਾਵਾਂ ਆਰੰਭ ਕੀਤੀਆਂ ਅਤੇ ਪ੍ਰਚਾਰ ਦੌਰਾਨ ਭੁੱਲੇ-ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕਰਨ ਦੇ ਨਾਲ-ਨਾਲ ਸਮਾਜਕ ਤੇ ਲੋਕ-ਭਲਾਈ ਦੇ ਕਾਰਜਾਂ ਨੂੰ ਵੀ ਨੇਪਰੇ ਚਾੜ੍ਹਿਆ।

ਪੰਜਾਬ ਦੀ ਯਾਤਰਾ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੀ ਯਾਤਰਾ ਆਰੰਭ ਕੀਤੀ। ਬਾਬੇ ਬਕਾਲੇ ਤੋਂ ਸਿੱਧਾ ਆਪ ਕਾਲੇਕੇ ਪਹੁੰਚੇ। ਗੋਇੰਦਵਾਲ ਤੋਂ ਹੁੰਦੇ ਹੋਏ ਤਰਨ ਤਾਰਨ ਦੀ ਯਾਤਰਾ ਕਰਕੇ ਆਪ ਸ੍ਰੀ ਅੰਮ੍ਰਿਤਸਰ ਪਹੁੰਚੇ। ਇਥੇ ਆ ਕੇ ਇਸ਼ਨਾਨ ਕੀਤਾ ਪਰ ਪੁਜਾਰੀਆਂ ਨੇ ਆਪ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਨਾ ਜਾਣ ਦਿੱਤਾ ਤੇ ਦਰਵਾਜ਼ੇ ਬੰਦ ਕਰ ਦਿੱਤੇ। ਉਸ ਵੇਲੇ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਦੀ ਪੀੜੀ ਦਾ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਸੀ। ਗੁਰੂ ਜੀ ਕੁਝ ਸਮਾਂ ਅਕਾਲ ਤਖਤ ਦੇ ਨਜ਼ਦੀਕ ਠਹਿਰੇ, ਭੋਰਾ ਸਾਹਿਬ ਬਣਾਇਆ ਤੇ ਬਾਅਦ ਵਿਚ ਵੱਲਾ ਪਿੰਡ ਆ ਗਏ। ਜਦੋਂ ਅੰਮ੍ਰਿਤਸਰ ਦੀਆਂ ਸੰਗਤਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨਾਂ ਵੱਲਾ ਪਿੰਡ ਪਹੁੰਚ ਕੇ ਗੁਰੂ ਜੀ ਤੋਂ ਭੁੱਲ ਬਖਸ਼ਾਈ। ਵੱਲਾ ਪਿੰਡ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਘੁੱਕੇਵਾਲੀ ਪਹੁੰਚੇ। ਗੁਰੂ ਜੀ ਦੀ ਕ੍ਰਿਪਾ ਨਾਲ ਇਸ ਪਿੰਡ ਦਾ ਨਾਮ ਗੁਰੂ ਕਾ ਬਾਗ ਪ੍ਰਚਲਿਤ ਹੋਇਆ।

ਬਾਬਾ ਬਕਾਲਾ ਤੋਂ ਹੁੰਦੇ ਹੋਏ ਗੁਰੂ ਜੀ ਕੀਰਤਪੁਰ ਨੂੰ ਚੱਲ ਪਏ। ਰਸਤੇ ਵਿਚ ਆਪ ਕਰਤਾਰਪੁਰ ਠਹਿਰੇ। ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਲਾਲ ਚੰਦ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ। ਚੱਕ ਗੁਰੂ (ਬੰਗਾ), ਨਵਾਂ ਸ਼ਹਿਰ, ਦੁਰਗਾਪੁਰ ਤੋਂ ਹੁੰਦੇ ਹੋਏ ਆਪ ਕੀਰਤਪੁਰ ਸਾਹਿਬ ਪਹੁੰਚੇ। ਕੀਰਤਪੁਰ ਸਾਹਿਬ ਰਹਿੰਦਿਆਂ ਆਪ ਨੇ ਨਜ਼ਦੀਕ ਹੀ ਮਾਖੋਵਾਲ ਵਿਖੇ ਜਗਾ ਦੀ ਚੋਣ ਕਰਕੇ 19 ਜੂਨ 1665 ਈ. ਨੂੰ 'ਚੱਕ ਨਾਨਕੀ' ਨਗਰ ਦੀ ਸਥਾਪਨਾ ਕੀਤੀ।

ਬਾਅਦ ਵਿਚ ਇਸ ਨਗਰ ਦਾ ਨਾਮ ਸ੍ਰੀ ਆਨੰਦਪੁਰ ਸਾਹਿਬ ਪ੍ਰਸਿੱਧ ਹੋਇਆ। ਇਥੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਭੋਰਾ ਸਾਹਿਬ ਅਤੇ ਗੁਰਦੁਆਰਾ ਮੰਜੀ ਸਾਹਿਬ ਸ਼ੁਸ਼ੋਭਿਤ ਹਨ।

ਮਾਲਵੇ ਦੀ ਯਾਤਰਾ

ਅਨੰਦਪੁਰ ਸਾਹਿਬ ਤੋਂ ਧਮਤਾਣ ਤੱਕ ਗੁਰੂ ਜੀ ਇਨਾਂ ਪਿੰਡਾਂ ਸ਼ਹਿਰਾਂ ਵਿੱਚੋਂ ਦੀ ਗੁਜ਼ਰੇ। ਅਨੰਦਪੁਰ ਸਾਹਿਬ, ਕੀਰਤਪੁਰ, ਭਰਤਪੁਰ, ਘਨੌਲੀ, ਰੋਪੜ, ਭੱਠਾ ਸਾਹਬਿ, ਮੋਰਿੰਡਾ, ਟਹਲਿਪੁਰਾ, ਸਰਹੰਦ, ਹਰਪਾਲਪੁਰ, ਆਕੜ, ਨਥਾਣਾ, ਮਕਾਰੋਂਪੁਰ, ਅਨੰਦਪੁਰ, ਉਗਾਣੀ, ਧਰਮਗੜ, ਮੰਗਵਾਲ, ਉਡਨੀ, ਮਨੀਮਾਜਰਾ, ਹਸਨਪੁਰ, ਲੰਘ, ਭਗੜਾਣਾ, ਨੌਲਖਾ, ਸੈਫਾਬਾਦ, ਧਰਮਗੜ, ਨਰੜੂ, ਮੋਤੀਬਾਗ ਪਟਿਆਲਾ, ਸੀਂਭੜੋਂ, ਅਗੋਲ, ਰੋਹਟਾ, ਰਾਮਗੜ, ਗੁਣੀਕੇ, ਦੋਦੜਾ, ਆਲੋਹਰਖ, ਭਵਾਨੀਗੜ, ਢੋਡੇ, ਫਗੂਵਾਲਾ, ਨਾਗਰਾ, ਕਰਹਾਲੀ, ਦੜਿਬਾ, ਘਨੌੜ ਜੱਟਾਂ, ਬਾਉੜ ਹਾਈ, ਰਾਜੋਮਾਜਰਾ, ਮੂਲੋਵਾਲ, ਸੇਖਾ, ਕਟੂ, ਫਰਵਾਹੀ, ਹੰਢਿਆਇਆ, ਗੁਰੂਸਰ, ਧੌਲਾ, ਜੋਗਾ ਅਲੀਸ਼ਰ, ਜੋਧੇਕੋ, ਭੰਦੇਰ, ਭੋਪਾਲੀ, ਮੌੜ ਕਲਾਂ, ਭੈਣੀ ਬਾਘੇ ਕੀ, ਘੁੰਮਣ ਸਾਬੋ ਕੇ ਮੋੜ, ਡਿੱਖ, ਕੁੱਬੇ, ਟਾਹਲਾ ਸਾਹਿਬ, ਕੋਟ ਗੁਰੂ ਬਾਜਲ, ਜੱਸੀ, ਤਲਵੰਡੀ ਸਾਬੋ ਕੀ, ਮਈਸਰਖਾਨਾ, ਬਠਿੰਡਾ, ਖੀਵਾ ਕਲਾਂ, ਸਮਾਓ, ਭੀਖੀ, ਦਲੇਓ, ਕਣਕਵਾਲ ਕਲਾਂ, ਕੋਟ ਧਰਮੂ, ਸੂਲੀਸਰ, ਬਰਾ ਬਛੋਆਣਾ, ਗੋਬਿੰਦਗੜ, ਗੰਢੂ, ਗਾਗ ਮੂਣਕ, ਗੁਰਨੇ ਕਲਾਂ, ਲਲ ਕਲਾਂ, ਸ਼ਾਹਪੁਰ ਤੇ ਫਿਰ ਧਮਤਾਣ ਜਿੱਥੇ ਆਪ ਜੀ ਨੂੰ ਕੈਦ ਕੀਤਾ ਗਿਆ।

ਹਰਿਆਣੇ ਦੀ ਯਾਤਰਾ

ਇਸ ਤੋਂ ਇਲਾਵਾ ਗੁਰੂ ਜੀ ਨੇ ਬਾਂਗਰ ਦੇ ਹੇਠ ਲਿਖੇ ਥਾਵਾਂ ਦੀ ਯਾਤਰਾ ਕੀਤੀ : ਬਸੀ ਪਠਾਣਾ, ਚੰਨਣਾ, ਸੋਢਲ-ਸੋਢੈਲ, ਤੰਦੋਵਾਲ, ਲਖਨੌਰ, ਮਕਾਰਪੁਰ, ਕਬੂਲਪੁਰ, ਨਨਹੇੜੀ, ਲਹਲਿ, ਦੁਖ ਨਿਵਾਰਨ, ਗੜੀ ਗੁਹਲਾ, ਭਾਗਲ, ਕਰਹਾਲੀ, ਚੀਕਾ, ਬੁੱਧਪੁਰ, ਸਿਆਣਾ ਸੱਯਦਾਂ, ਸਮਾਣਾ, ਕਰਾ, ਬੀਬੀਪੁਰ, ਪਹੋਆ, ਖਾਰਕ, ਖਟਕੜ, ਜੀਂਦ, ਲਾਖਣ ਮਾਜਰਾ, ਰੋਹਤਕ, ਮਕਰੋੜ, ਖਨੌਰ, ਬਹਰ ਜੱਖ, ਕੈਂਥਲ, ਬਾਰਨਾ, ਥਾਨੇਸਰ, ਝੀਉਰਹੇੜੀ, ਬਨੀ, ਬਦਰਪੁਰ, ਕਰਨਾਲ, ਕੜਾ ਮਾਨਕਪੁਰ, ਗੜੀ ਨਜ਼ੀਰ, ਰਾਇਪੁਰ ਹੇੜੀ, ਤਰਾਉੜੀ, ਖੜਕਪੁਰਾ, ਆਦਿ।

ਪੂਰਬ ਦੀ ਯਾਤਰਾ

ਗੁਰੂ ਤੇਗ ਬਹਾਦਰ ਜੀ ਦੀ ਪਰਚਾਰ ਯਾਤਰਾ ਸਮੇਂ ਗੁਰੂ ਜੀ ਨੂੰ 8 ਨਵੰਬਰ, 1665 ਨੂੰ ਬੰਦੀ ਬਣਾ ਕੇ ਦਿਲੀ ਲਿਆਂਦਾ ਗਿਆ ਤਾਂ ਰਾਜਾ ਮਾਨ ਸਿੰਘ ਨੇ ਗੁਰੂ ਜੀ ਨੂੰ ਰਿਹਾ ਕਰਵਾ ਲਿਆ ਜਿਸ ਪਿੱਛੋਂ ਗੁਰੂ ਜੀ ਰਾਜਾ ਮਾਨ ਸਿੰਘ ਦੀ ਹਵੇਲੀ ਵਿੱਚ ਹੀ ਬਿਰਾਜਮਾਨ ਹੋਏ ਤੇ ਕੁਝ ਦਿਨ ਇੱਥੇ ਰਹਿਣ ਪਿੱਛੋਂ ਆਪ ਮਥੁਰਾ, ਆਗਰਾ, ਇਟਾਵਾ, ਕਾਨਪੁਰ, ਲਖਨਊ, ਫਤਿਹਪੁਰ ਆਦਿ ਸ਼ਹਿਰਾਂ ਵਿੱਚੋਂ ਦੀ ਹੁੰਦੇ ਹੋਏ ਅਲਾਹਾਬਾਦ ਦਸੰਬਰ 1665 ਵਿੱਚ ਪਹੁੰਚ ਕੇ ਅਜੋਕੇ ਗੁ: ਪੱਕੀ ਸੰਗਤ ਵਾਲੀ ਥਾਂ ਤੇ ਦਸੰਬਰ 1665 ਤੋਂ ਮਾਰਚ 1666 ਤੱਕ ਚਾਰ ਮਹੀਨੇ ਰਹੇ। ਅਲਾਹਾਬਾਦ ਦੇ ਪਿੱਛੋਂ ਮਿਰਜ਼ਾਪੁਰ ਹੁੰਦੇ ਹੋਏ ਬਨਾਰਸ ਪਹੁੰਚੇ ਜਿੱਥੇ ਦੋ ਹਫਤੇ ਰਹੇ। ਬਨਾਰਸ ਤੋਂ ਸਾਸਾਰਾਮ ਤੇ ਬੋਧ ਗਯਾ ਹੁੰਦੇ ਹੋਏ ਮਈ 1666 ਵਿੱਚ ਪਟਨਾ ਪਹੁੰਚੇ। ਆਪ ਅਕਤੂਬਰ 1666 ਵਿੱਚ ਢਾਕੇ ਪਹੁੰਚੇ। 22 ਦਸੰਬਰ 1666 ਨੂੰ ਜਦ ਬਾਲ ਗੋਬਿੰਦ ਦਾ ਜਨਮ ਹੋਇਆ ਤਾਂ ਗੁਰੂ ਜੀ ਨੂੰ ਭਾਈ ਮਿਹਰ ਚੰਦ ਤੇ ਭਾਈ ਕਲਿਆਣ ਦਾਸ ਰਾਹੀਂ ਇਹ ਸੂਚਨਾ ਢਾਕੇ ਹੀ ਮਿਲੀ। ਪਟਨੇ ਤੋਂ ਢਾਕੇ ਆਪ ਮੁੰਘੇਰ, ਭਾਗਲਪੁਰ, ਕੋਲਗਾਂਵ, ਰਾਜ ਮਹਿਲ, ਸੰਤ ਨਗਰ, ਮਾਲਦਾ, ਰਾਜਧਾਨੀ ਤੇ ਪਬਨਾ ਆਦਿ ਹੁੰਦੇ ਹੋਏ ਪਹੁੰਚੇ। ਨਾਮ ਪ੍ਰਚਾਰ ਹਿੱਤ ਢਾਕਾ ਤੋਂ ਗੁਰੂ ਜੀ ਸਿਲਹਟ ਗਏ ਜਿੱਥੇ ਚੌਮਾਸਾ ਕੱਟਿਆ। ਇਸ ਪਿੱਛੋਂ ਆਪ ਚਿੱਟਾਗਾਉਂ ਪਹੁੰਚੇ ਜਿੱਥੇ 1667 ਦੇ ਅਖੀਰ ਤੱਕ ਠਹਿਰੇ। ਸੰਨ 1668 ਦੀ ਜਨਵਰੀ ਨੂੰ ਆਪ ਫਿਰ ਢਾਕਾ ਪਰਤੇ ਜਿਥੇ ਟਿਕ ਕੇ ਨਾਮ ਪਰਚਾਰ ਕੀਤਾ।

ਢਾਕਾ ਤੋਂ ਦਸੰਬਰ 1668 ਵਿੱਚ ਰਾਜਾ ਰਾਮ ਸਿੰਘ ਨਾਲ ਆਸਾਮ ਗਏ ਤੇ ਫਰਵਰੀ 1669 ਨੂੰ ਢੁੱਬਰੀ ਪਹੁੰਚੇ। ਰਾਜਾ ਚਕਰਧਵਜ ਸਿੰਘ ਦੇ ਸੱਦੇ ਤੇ ਗੁਰੂ ਜੀ ਗੋਹਾਟੀ ਹਜੋ ਤੇ ਤੇਜ਼ਪੁਰ ਗਏ। ਗੁਰੂ ਜੀ ਅਜੇ ਆਸਾਮ ਵਿੱਚ ਹੀ ਸਨ ਜਦ 9 ਅਪ੍ਰੈਲ 1669 ਨੂੰ ਔਰੰਗ.ਗੇਬ ਦਾ ਫੁਰਮਾਨ ਜਾਰੀ ਹੋਇਆਕਿ ਗੈਰ ਮੁਸਲਮਾਨਾਂ ਦੇ ਮੰਦਰ ਢਾਹ ਦਿੱਤੇ ਜਾਣ। ਗੁਰੂ ਜੀ ਵਾਪਿਸ ਪਰਤੇ ਤੇ ਢਾਕੇ ਕਲਕੱਤੇ, ਮਿਦਨਾਪੁਰ, ਬਾਲੇਸ਼ਵਰ, ਰੂਪਸਾ, ਕਟਕ, ਭੁਵਨੇਸ਼ਵਰ, ਜਗਨਨਾਥ ਪੁਰੀ, ਵਿਸ਼ਨੂੰਪੁਰ, ਬਾਂਕੁਰਾ, ਗੋਮੋਹ ਤੋਂ ਗਯਾ ਰਾਹੀਂ ਦੁਬਾਰਾ ਪਟਨਾ ਪਹੁੰਚੇ। ਪਰਿਵਾਰ ਨੂੰ ਪੰਜਾਬ ਪਰਤਣ ਲਈ ਆਖ ਆਪ ਗੰਗਾ ਦੇ ਉੱਤਰੀ ਕੰਢੇ ਵਲੋਂ ਦੀ ਜੌਨਪੁਰ, ਅਯੁਧਿਆ, ਲਖਨਊ, ਸ਼ਾਹਜਾਨਪੁਰ, ਮੁਰਾਦਾਬਾਦ ਹੁੰਦੇ ਹੋਏ ਸੰਨ 1670 ਈ: ਨੂੰ ਦਿੱਲੀ ਪਹੁੰਚੇ। ਜਿੱਥੇ ਆਪ ਕੜਾਮਾਨਕਪੁਰ, ਸਢੋਲ, ਬਾਨਿਕਪੁਰ, ਰੋਹਤਕ, ਤਰਾਵੜੀ, ਬਣੀ ਬਦਰਪੁਰ, ਮੁਨੀਰਪੁਰ, ਅਜਰਾਣਾ ਕਲਾਂ, ਰਾਇਪੁਰ ਹੋੜੀ, ਝੀਉਰ ਹੇੜੀ, ਰੋਹੜਾ, ਥਾਨ ਤੀਰਥ, ਡੱਢੀ, ਬੁੱਧਪੁਰ, ਸਿਆਣਾ ਸਯਦਾਂ, ਥਾਨੇਸਰ, ਕੁਰਖੇਤਰ, ਬਰਨਾ, ਸਰਸਵਤੀ, ਕੈਥਲ, ਪਹੋਆ, ਕਰਾ ਸਾਹਿਬ, ਚੀਕਾ, ਭਾਗਲ, ਗੂਲਾ, ਗੜੀ ਨਜ਼ੀਰ, ਸਮਾਣਾ ਆਦਿ ਹੁੰਦੇ ਹੋਏ ਸੈਫਾਬਾਦ ਰਾਹੀਂ ਵਾਪਿਸ ਅਨੰਦਪੁਰ ਮਾਰਚ 1671 ਵਿੱਚ ਪਹੁੰਚੇ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਦੀਆਂ ਸਭ ਤੋਂ ਵਧੇਰੇ ਪ੍ਰਚਾਰ ਯਾਤਰਾਵਾਂ ਦੇਖਣ ਨੂੰ ਮਿਲਦੀਆਂ ਹਨ ਜਿਹੜੀਆਂ ਕਿ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤੱਕ ਫੈਲੀਆਂ ਹੋਈਆਂ ਹਨ। ਇਨਾਂ ਅਸਥਾਨਾਂ 'ਤੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ ਜਿਹੜੇ ਕਿ ਉਨਾਂ ਦੀ ਦੈਵੀ ਹਸਤੀ ਅਤੇ ਪਰਉਪਕਾਰ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਜੀ ਦੀਆਂ ਇਨਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਸਮਾਧਾਨ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਛੱਪੜ ਸਾ.ਫ ਕਰਾਉਣ ਅਤੇ ਖੂਹ ਲਵਾਉਣ ਵਿਚ ਵਿਸ਼ੇਸ਼ ਰੁਚੀ ਲੈਂਦੇ ਸਨ। ਪਾਣੀ ਦੀ ਪੂਰਤੀ ਲਈ ਖੂਹ ਲਵਾਉਣਾ ਇਕ ਵੱਡਾ ਕੰਮ ਸੀ ਜਿਹੜਾ ਕਿ ਕੋਈ ਹਾਰ-ਸਾਰੀ ਨਹੀਂ ਕਰ ਸਕਦਾ ਸੀ। ਆਮ ਲੋਕਾਂ ਲਈ ਪਾਣੀ ਦੀ ਪੂਰਤੀ ਇਹਨਾਂ ਖੂਹਾਂ ਤੋਂ ਹੀ ਹੁੰਦੀ ਸੀ ਇਸ ਲਈ ਜਿਹੜੇ ਪਿੰਡ ਵਿਚ ਜਿਹੜਾ ਵੀ ਵਿਅਕਤੀ ਖੂਹ ਲਵਾਉਣ ਦੀ ਇੱਛਾ ਰੱਖਦਾ ਸੀ, ਗੁਰੂ ਜੀ ਉਸ ਨੂੰ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਦੇ ਸਨ। ਨਵੇਂ ਖੂਹ ਲਵਾਉਣ ਦੇ ਨਾਲ-ਨਾਲ ਪੁਰਾਤਨ ਖੂਹਾਂ ਦੇ ਪਾਣੀ ਨੂੰ ਵਰਤੋਂ ਯੋਗ ਬਣਾਉਣ ਵਿਚ ਗੁਰੂ ਜੀ ਦਾ ਵਿਸ਼ੇਸ਼ ਯੋਗਦਾਨ ਸੀ।

ਗੁਰੂ ਜੀ ਦੀਆਂ ਜੀਵਨ ਯਾਤਰਾਵਾਂ ਵਿਚੋਂ ਮਾਫ ਕਰਨ ਦਾ ਗੁਣ ਬਹੁਤ ਉਭਰ ਕੇ ਸਾਹਮਣੇ ਆਉਂਦਾ ਹੈ। ਜਦੋਂ ਕਿਸੇ ਪਿੰਡ ਵਿਚ ਗੁਰੂ ਜੀ ਦਾ ਸਤਿਕਾਰ ਨਹੀਂ ਹੁੰਦਾ ਜਾਂ ਹਉਮੈ ਵੱਸ ਕੋਈ ਨਿਰਾਦਰ ਕਰ ਦਿੰਦਾ ਹੈ ਤਾਂ ਉਹ ਕਿਸੇ ਨੂੰ ਕੁਝ ਕਹੇ ਬ.ਗੈਰ ਅੱਗੇ ਚਲੇ ਜਾਂਦੇ ਹਨ। ਜਦੋਂ ਪਿੰਡ ਵਾਸੀਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਗੁਰੂ ਜੀ ਤੋਂ ਮਾਫੀ ਮੰਗਣ ਲਈ ਉਨਾਂ ਦੇ ਪਿੱਛੇ ਅਗਲੇ ਪਿੰਡ ਚਲੇ ਜਾਂਦੇ ਹਨ। ਪਿੰਡ ਵਾਸੀਆਂ ਨੂੰ ਉਨਾਂ ਦੀ ਗਲਤੀ ਦਾ ਅਹਿਸਾਸ ਹੋਇਆ ਦੇਖ ਕੇ ਗੁਰੂ ਜੀ ਉਨਾਂ ਨੂੰ ਮਾਫ ਕਰ ਦਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਸ਼ਾਂਤੀ, ਸਾਂਝ, ਸਦਭਾਵਨਾ, ਸੇਵਾ ਅਤੇ ਸਰਬੱਤ ਦੇ ਭਲੇ ਵਾਲਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਮਨੁੱਖ ਦੇ ਬਣਾਏ ਧਰਮ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਦਇਆ, ਅਮਨ ਅਤੇ ਅਖੰਡਤਾ ਦੇ ਰਸਤੇ ਉੱਪਰ ਤੁਰਨ ਦਾ ਸੰਦੇਸ਼ ਦਿੱਤਾ।

# ਜ਼ਿੰਦਗੀ ਦਾ ਅਸਲ ਮੰਤਵ ਸ਼ਬਦ ਗਿਆਨ



**ਸੰਜੀਵ ਸਿੰਘ ਸੈਣੀ, ਮੋਹਾਲੀ**
ਮੋ. ੭੮੮੮੯੬੬੧੬੮

ਜ਼ਿੰਦਗੀ ਖ਼ੂਬਸੂਰਤ ਹੈ।ਅਸੀਂ ਸਾਰੇ ਇਸ ਸੰਸਾਰ ਵਿਚ ਵਿਚਰਦੇ ਹਾਂ। ਹਰ ਇਕ ਇਨਸਾਨ ਦਾ ਜਿੰਦਗੀ ਵਿੱਚ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਸਾਨੂੰ ਨਿਰੰਕਾਰ ਪ੍ਰਭੂ ਪ੍ਰਮਾਤਮਾ ਨੇ ਇਸ ਧਰਤੀ ਤੇ ਭੇਜਿਆ ਹੈ। ਇਸ ਧਰਤੀ ਤੇ ਆਉਣ ਦਾ ਸਾਡਾ ਵੀ ਕੋਈ ਉਦੇਸ਼ ਹੈ। ਅਸੀਂ ਇੱਥੇ ਕੋਈ ਸਦਾ ਲਈ ਨਹੀਂ ਆਏ ਹਾਂ। ਅਸੀਂ ਕੋਈ ਸਦਾ ਇਥੇ ਰਹਿਣ ਲਈ ਰਜਿਸਟਰੀ ਨਹੀਂ ਕਰਵਾ ਲਈ ਐ। ਅਸੀਂ ਇੱਕ ਨਾ ਇੱਕ ਦਿਨ ਇਸ ਸੰਸਾਰ ਤੋਂ ਰੁਖ਼ਸਤ ਹੋਣਾ ਹੈ। ਜੋ ਅਸੀਂ ਇੱਥੇ ਮਹਿਲ ਮਾੜੀਆਂ ਬਣਾ ਰਹੇ ਹਨ, ਇਕ ਨਾ ਇਕ ਦਿਨ ਅਸੀਂ ਇਸ ਸੰਸਾਰ ਤੋਂ ਸਾਰਿਆਂ ਨੂੰ ਛੱਡ ਕੇ ਚਲੇ ਜਾਣਾ ਹੈ। ਪਰ ਜੋ ਅੱਜ ਦਾ ਇਨਸਾਨ ਹੈ, ਉਹ ਜ਼ਿੰਦਗੀ ਦਾ ਮਕਸਦ ਭੁੱਲ ਚੁੱਕਾ ਹੈ। ਨਿਰੰਕਾਰ ਪ੍ਰਭੂ ਨੇ ਉਸਨੂੰ ਧਰਤੀ ਤੇ ਕੀ ਕਰਨ ਲਈ ਭੇਜਿਆ ਸੀ ਤੇ ਉਹ ਅੱਜ ਕੀ ਕਰ ਰਿਹਾ ਹੈ। ਉਸਨੇ ਜ਼ਿੰਦਗੀ ਦਾ ਅਸਲੀ ਉਦੇਸ਼ ਭੁਲਾ ਦਿੱਤਾ ਹੈ।

2005 ਵਿਚ ਸੁਨਾਮੀ ਨੇ ਜੋ ਕਹਿਰ ਮਚਾਇਆ ਸੀ, ਅਸੀਂ ਭੁੱਲ ਨਹੀਂ ਸਕਦੇ। ਫਿਰ 2012 ਵਿੱਚ ਉਤਰਾਖੰਡ ਵਿੱਚ ਹੜ ਦੀ ਮਾਰ ਕਾਰਨ ਜੋ ਤਬਾਹੀ ਮਚੀ, ਦਿਲ ਕੰਬਾਉਣ ਵਾਲੀ ਸੀ। ਹੜਾਂ ਵਿਚ ਗੱਡੀਆਂ ਦੀਆਂ ਗੱਡੀਆਂ ਰੁੜ ਗਈਆਂ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ। ਫਿਰ ਵੀ ਇਨਸਾਨ ਨਹੀਂ ਸੁਧਰਿਆ। 2003 ਵਿਚ ਗੁਜਰਾਤ ਵਿਖੇ ਭੂਚਾਲ ਕਾਰਨ ਹਜ਼ਾਰਾਂ ਹੀ ਲੋਕ ਮਰ ਗਏ। ਕੁਦਰਤ ਇਨਸਾਨ ਨੂੰ ਲਗਾਤਾਰ ਇਸ਼ਾਰੇ ਕਰ ਰਹੀ ਹੈ। ਪਰ ਅੱਜ ਕੱਲ ਦਾ ਇਨਸਾਨ ਬਿਲਕੁਲ ਵੀ ਨਹੀਂ ਸੁਧਰਿਆ। 2020 ਵਿੱਚ ਕਰੋਨਾ ਨੇ ਭਾਰਤ ਵਿੱਚ ਦਸਤਕ ਦਿੱਤੀ ਸੀ। ਜ਼ਿੰਦਗੀ ਥੰਮ ਚੁੱਕੀ ਸੀ। ਕੁਦਰਤ ਨਵ-ਨਵੇਲੀ ਵਹੁਟੀ ਦੀ ਤਰਾਂ ਸੱਜ ਗਈ ਸੀ। ਸਿਰਫ ਜੀਵ-ਜੰਤੂ ਅਜ਼ਾਦ ਸੀ। ਇਨਸਾਨ ਘਰ ਦੇ ਅੰਦਰ ਬੈਠਾ ਸੀ। ਦਰਿਆ ਤੱਕ ਸਾ.ਫ ਹੋ ਗਏ ਸਨ। ਪੰਛੀ ਅਠਖੇਲੀਆਂ ਕਰਦੇ ਹੋਏ ਨਜ਼ਰ ਆ ਰਹੇ ਸਨ। ਵਿਚਾਰਨ ਵਾਲੀ ਗੱਲ ਹੈ ਫਿਰ ਵੀ ਇਨਸਾਨ ਕਿਉਂ ਨਹੀਂ ਸੁਧਰਿਆ? ਕਿਉਂ ਲਗਾਤਾਰ ਕੁਦਰਤ ਇਨਸਾਨ ਨੂੰ ਇਸ਼ਾਰੇ ਕਰ ਰਹੀ ਹੈ? ਅੱਜ ਦਾ ਇਨਸਾਨ ਆਪਣੇ ਅਸਲੀ ਉਦੇਸ਼ ਨੂੰ ਭੁੱਲ ਚੁੱਕਾ ਹੈ। ਸਾਨੂੰ ਸਾਰਿਆਂ ਨੂੰ ਹੀ ਚੰਗੇ ਕਰਮ ਕਰਨੇ ਚਾਹੀਦੇ ਹਨ। ਇਹੀ ਭਗਤੀ ਹੈ। ਜੇਕਰ ਅਸੀਂ ਚੰਗੇ ਕਰਮ ਕਰਾਂਗੇ ਤਾਂ ਸਾਡੀ ਸਮਾਜ ਵਿਚ ਵੀ ਇੱਜ਼ਤ ਹੋਏਗੀ।

ਜਦੋਂ ਅਪ੍ਰੈਲ-ਮਈ ਮਹੀਨੇ ਕਰੋਨਾ ਦੀ ਦੂਜੀ ਲਹਿਰ ਚੱਲ ਰਹੀ ਸੀ ਤਾਂ ਇਨਸਾਨੀਅਤ ਸ਼ਰਮਸ਼ਾਰ ਹੋ ਚੁੱਕੀ ਸੀ। ਆਕਸੀਜਨ ਦੀ ਕਮੀ ਹੋ ਗਈ ਸੀ। ਕਈ ਮੈਡੀਕਲ ਵਾਲੀ ਦੁਕਾਨਾਂ ਨੇ ਜਿਹੜੇ ਮੈਡੀਕਲ ਉਪਕਰਨਾਂ ਜਿਵੇਂ ਥਰਮਾਮੀਟਰ ਜਿਸਦੀ ਕੀਮਤ 50 ਰੁਪਏ ਜਾਂ ਰੈਮੇਡੀਸਿਵਰ ਦਵਾਈ ਜਿਸ ਦੀ ਕੀਮਤ ਸਿਰਫ 4000 ਦੇ ਆਸ ਪਾਸ ਹੈ। ਅਜਿਹੇ ਗਿਰੇ ਹੋਏ ਲੋਕਾਂ ਨੇ ਉਹ ਦਵਾਈ ਚਾਰ ਗੁਣਾ ਮਹਿੰਗੇ ਰੇਟਾਂ 'ਤੇ ਵੇਚੀ। ਮਜਬੂਰੀ ਨੂੰ ਲੋਕਾਂ ਨੇ ਆਪਣੇ ਗਹਿਣੇ ਵੇਚ ਕੇ ਇਹ ਦਵਾਈ ਲਈ। ਸੋਚਣ ਵਾਲੀ ਗੱਲ ਹੈ ਭਲਾ ਇਸ ਕਮਾਈ ਨਾਲ ਕਿੰਨੇ ਕੁ ਉਹ ਮਹਿਲ ਖੜੇ ਕਰ ਲੈਣਗੇ? ਐਂਬੂਲੈਂਸਾਂ ਵਾਲਿਆਂ ਦਾ ਤਾਂ ਪੁੱਛੋ ਹੀ ਨਾ। ਉਨਾਂ ਨੇ ਵੀ ਕੋਈ ਕਸਰ ਨਹੀਂ ਛੱਡੀ ਸੀ। ਦੱਸ ਕੁ ਕਿਲੋਮੀਟਰ ਦਾ ਪੈਂਡਾ ਤੈਅ ਕਰਨ ਲਈ ਹਜ਼ਾਰਾਂ ਰੁਪਏ ਮਰੀਜ਼ਾਂ ਦੇ ਘਰਵਾਲਿਆਂ ਤੋਂ ਵਸੂਲੇ। ਕੀ ਇਹ ਅਸੀਂ ਚੰਗੇ ਕਰਮ ਕਰ ਰਹੇ ਹਾਂ? ਅਸੀਂ ਇਨਸਾਨ ਦੀ ਜ਼ਰੂਰਤ ਕਿਉਂ ਨਹੀਂ ਬਣਦੇ? ਕਿਉਂ ਅਸੀਂ ਮੁਸੀਬਤ ਵੇਲੇ ਕਿਸੇ ਦਾ ਸਾਥ ਨਹੀਂ ਦੇ ਪਾਉਂਦੇ। ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਜੇ ਅਸੀਂ ਕਿਸੇ ਦੀ ਮਦਦ ਕਰ ਦਿੰਦੇ ਹਾਂ ਤਾਂ ਉਹ ਬੰਦਾ ਸਾਰੀ ਉਮਰ ਸਾਡਾ ਅਹਿਸਾਨ ਨਹੀਂ ਭੁੱਲਦਾ ਕਿ ਤੂੰ ਭਾਈ ਮੁਸ਼ਕਿਲ ਵੇਲੇ ਸਾਡੇ ਨਾਲ ਖੜਾ ਸੀ।

ਅਸੀਂ ਇਸ ਧਰਤੀ ਤੇ ਕੀ ਕਰਨ ਲਈ ਆਏ ਹਾਂ ਤੇ ਕੀ ਕਰ ਰਹੇ ਹਾਂ? ਸਾਨੂੰ ਗੁਰੂ ਨਾਨਕ ਦੇਵ ਜੀ ਨੇ ਦੱਸ ਨਹੁੰਆਂ ਦੀ ਕਿਰਤ ਕਰਨ ਲਈ ਕਿਹਾ ਸੀ। ਮਿਹਨਤ ਕਰਨ ਲਈ ਪ੍ਰੇਰਿਆ ਸੀ। ਨਾ ਕਿ ਕਿਸੇ ਨੂੰ ਸ਼ਰਮਿੰਦਾ ਕਰਨ ਲਈ। ਨਿੱਜੀ ਸਵਾਰਥਾਂ ਖਾਤਰ ਅਸੀਂ ਕੁਦਰਤ ਨਾਲ ਵੀ ਖਿਲਵਾੜ ਕਰ ਰਹੇ ਹਾਂ। ਪੈਸੇ ਦੀ ਹੋੜ ਲੱਗੀ ਹੋਈ ਹੈ। ਮਾਇਆ, ਪੈਸਾ ਤਾਂ ਸਾਨੂੰ ਗੁਜ਼ਰਾਨ ਲਈ ਹੈ। ਇਨਸਾਨ ਗਲਤ ਕੰਮ ਕਰ ਕੇ ਆਪਣੇ ਬੈਂਕਾਂ ਵਿੱਚ ਮਾਇਆ ਇਕੱਠੀ ਕਰ ਰਿਹਾ ਹੈ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਪੈਸੇ ਦੀ ਹੋੜ ਕਾਰਨ ਭਰਾ-ਭਰਾ ਦਾ ਦੁਸ਼ਮਣ ਬਣ ਗਿਆ ਹੈ। ਇਨਸਾਨ ਨੂੰ 'ਨਿਰੰਕਾਰ' ਪ੍ਰਭੂ ਦਾ ਬਿਲਕੁਲ ਵੀ ਡਰ ਨਹੀਂ ਰਿਹਾ ਹੈ। ਵਿਚਾਰਨ ਵਾਲੀ ਗੱਲ ਹੈ ਕਿ ਨਿਰੰਕਾਰ ਨੇ ਸਾਨੂੰ ਇਸ ਧਰਤੀ ਤੇ ਮਾਇਆ ਇਕੱਠੀ ਕਰਨ ਲਈ ਭੇਜਿਆ ਹੈ? ਜੋ ਸਾਡਾ ਜ਼ਿੰਦਗੀ ਦਾ ਅਸਲੀ ਮਕਸਦ ਹੈ, ਉਹ ਅਸੀਂ ਭੁੱਲ ਗਏ ਹਾਂ। ਜ਼ਿੰਦਗੀ ਦਾ ਅਸਲੀ ਮਕਸਦ ਹੈ 'ਭਗਤੀ'। ਜਦੋਂ ਅਸੀਂ ਇਸ ਸੰਸਾਰ ਤੋਂ ਰੁਖ਼ਸਤ ਹੋਵਾਂਗੇ ਤਾਂ ਨਿਰੰਕਾਰ ਦੀ ਦਰਗਾਹ ਵਿੱਚ ਸਾਡੇ ਕਰਮਾਂ ਦਾ ਲੇਖਾ ਜੋਖਾ ਹੋਵੇਗਾ। ਜਦੋਂ ਅਸੀਂ ਗਲਤ ਕੰਮ ਕਰ ਰਹੇ ਹੁੰਦੇ ਹਾਂ ਤਾਂ ਨਿਰੰਕਾਰ ਹਰ ਜਗਾ ਹਾਜ਼ਰ ਹੈ। ਸਾਨੂੰ ਹਰ ਸਾਹ ਨਿਰੰਕਾਰ ਦਾ ਸਿਮਰਨ ਕਰਨਾ ਚਾਹੀਦਾ ਹੈ।

ਗੁਰਬਾਣੀ ਵਿਚ ਵੀ .ਫਰਮਾਇਆ ਗਿਆ ਹੈ

'ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥ ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥ ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ ਅਗਨਿ ਸਾਗਰੁ ਤਰਹੁ ॥ ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥'

ਨਿਰੰਕਾਰ ਦੀ ਕਚਹਿਰੀ ਵਿੱਚ ਸਾਨੂੰ ਸਾਰਿਆਂ ਨੂੰ ਹੀ ਆਪਣੇ ਕਰਮਾਂ ਦਾ ਹਿਸਾਬ ਦੇਣਾ ਹੋਵੇਗਾ। ਜ਼ਿੰਦਗੀ ਬਹੁਤ ਛੋਟੀ ਹੈ। ਅੱਜ ਕੱਲ ਤਾਂ ਪਤਾ ਹੀ ਨਹੀਂ ਲੱਗਦਾ, ਕਦੋਂ ਨਿਰੰਕਾਰ ਦਾ ਸੱਦਾ ਆ ਜਾਣਾ ਹੈ। ਬਿਨਾਂ ਭਗਤੀ ਤੋਂ ਇਹ ਜੀਵਨ ਬੇਕਾਰ ਹੈ। ਸਮਾਂ ਰਹਿੰਦਿਆਂ ਸਾਨੂੰ ਨਿਰੰਕਾਰ ਪ੍ਰਭੂ ਪ੍ਰਮਾਤਮਾ ਨੂੰ ਜਾਣ ਕੇ ਭਗਤੀ ਕਰਨੀ ਚਾਹੀਦੀ ਹੈ। ਅਕਸਰ ਕਿਹਾ ਵੀ ਜਾਂਦਾ ਹੈ ਕਿ ਜੇ ਸਾਡਾ ਲੋਕ ਸੁਖੀ ਹੋਵੇਗਾ ਤਾਂ ਪ੍ਰਲੋਕ ਆਪਣੇ ਆਪ ਸੁਹੇਲਾ ਹੋ ਜਾਵੇਗਾ।

# ਖ਼ਾਲਿਸਤਾਨ ਐਲਾਨਨਾਮਾ: ਪੰਥ ਦਾ ਸਿਆਸੀ ਨਿਸ਼ਾਨਾ

## 29 ਅਪ੍ਰੈਲ 1986 ਖ਼ਾਲਿਸਤਾਨ ਐਲਾਨਨਾਮੇ ਦੀ ਵਰੇਗੰਢ ਨੂੰ ਸਮਰਪਤ



ਐਡਵੋਕੇਟ ਜਸਪਾਲ ਸਿੰਘ ਮੰਝਪੁਰ

ਗੁਰੂ ਨਾਨਕ ਪਾਤਸ਼ਾਹ ਦੇ ਧਰਤੀ ਉੱਤੇ ਪ੍ਰਕਾਸ਼ਮਾਨ ਹੋਣ ਦੇ ਵਰਤਾਰੇ ਨੂੰ ਭਾਈ ਗੁਰਦਾਸ ਜੀ ਨੇ ਇਸ ਤਰਾਂ ਚਿਤਵਿਆ ਹੈ ਕਿ :

**ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥**
**(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)**

ਭਾਵ ਕਿ ਜਿਉਂ ਹੀ ਸੂਰਜ ਨਿਕਲ ਆਇਆ ਤਾਂ ਤਾਰੇ (ਰੋਸ਼ਨੀ ਦੇ ਛੋਟੇ ਸੋਮੇ) ਵੀ ਛਿਪ ਗਏ ਤੇ ਹਨੇਰਾ ਵੀ ਪੂਰੀ ਤਰਾਂ ਖਤਮ ਹੋ ਗਿਆ।

ਸੂਰਜ ਸਾਰੀ ਦੁਨੀਆਂ ਨੂੰ ਬਿਨਾਂ ਕਿਸੇ ਭਿੰਨ-ਭੇਦ ਦੇ ਰੋਸ਼ਨੀ ਤੇ ਨਿੱਘ ਦਿੰਦਾ ਹੈ। ਉਸਦੀਆਂ ਕਿਰਨਾਂ ਬ੍ਰਹਿਮੰਡ ਦੀ ਹਰ ਉਸ ਨੁੱਕਰ ਤੱਕ ਪੁੱਜਣ ਦਾ ਯਤਨ ਕਰਦੀਆਂ ਹਨ ਜਿੱਥੇ ਪੁੱਜਣ ਦੀ ਸੱਤਿਆ ਉਸ ਕੋਲ ਹੁੰਦੀ ਹੈ ਜਾਂ ਜੋ ਵੀ ਉਸਦੇ ਸਨਮੁੱਖ ਆ ਜਾਂਦਾ ਹੈ ਉਹ ਉਸਦੀ ਰੌਸ਼ਨੀ ਦਾ ਪਾਤਰ ਬਣ ਜਾਂਦਾ ਹੈ। ਦੇਖਣ ਵਾਲੀ ਗੱਲ ਹੈ ਕਿ ਸੂਰਜ ਨੂੰ ਰੋਸ਼ਨੀ ਦੇਣ ਲਈ ਆਪ ਇਕ ਧੁਰੇ 'ਤੇ ਕਾਇਮ ਰਹਿਣਾ ਪੈਂਦਾ ਹੈ ਭਾਵੇਂ ਕਿ ਉਹ ਆਪਣੇ-ਆਪ ਦੇ ਦੁਆਲੇ ਘੁੰਮਦਾ ਰਹਿੰਦਾ ਹੈ ਭਾਵ ਕਿ ਉਹ ਗਤੀਸ਼ੀਲ ਰਹਿੰਦਾ ਵੀ ਹੈ ਪਰ ਆਪਣੇ ਅਕੀਦੇ ਤੋਂ ਡੋਲਦਾ ਵੀ ਨਹੀਂ।

ਗੁਰੂ ਨਾਨਕ ਸਾਹਿਬ ਨੇ ਦੁਨਿਆਂਈ ਨੂੰ ਸੁਚੱਜੀ ਜੀਵਨ ਜਾਚ ਦਰਸਾਓਣ ਲਈ ਦਸਾਂ ਜਾਮਿਆਂ ਵਿਚ ਵੱਖ-ਵੱਖ ਤਰੀਕਿਆਂ ਨਾਲ ਸਮਝਾਉਣਾ ਕੀਤਾ ਤੇ ਅਕਾਲ ਪੁਰਖ ਦਾ ਮਨੁੱਖਤਾ ਪ੍ਰਤੀ ਸੁਨੇਹਾ ਸਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ ਤੇ ਨਾਲ ਹੀ ਇਕ ਅਜਿਹੇ ਮਨੁੱਖ ਨੂੰ ਪਰਗਟਾਇਆ ਜਿਸ ਨੂੰ ਖਾਲਸਾ ਕਿਹਾ ਜਾਂਦਾ ਹੈ, ਜੋ ਜਿੱਥੇ ਅਕਾਲ ਪੁਰਖ ਦੇ ਬਖਸ਼ੇ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਪਹਿਰੇਦਾਰ ਹੈ ਉੱਥੇ ਸਬਦ ਗੁਰੂ ਦੁਆਰਾ ਦਰਸਾਈ ਜੀਵਨ-ਜਾਚ ਨੂੰ ਇਕ ਨਮੂਨੇ ਵਜੋਂ ਦੁਨੀਆਂ ਸਾਹਮਣੇ ਪੇਸ਼ ਕਰਨ ਲਈ ਜਿੰਮੇਵਾਰ ਵੀ ਹੈ। ਖਾਲਸੇ ਨੂੰ ਨਾ ਤਾਂ ਕਿਸੇ ਭੂਗੋਲਿਕ ਖਿੱਤੇ ਵਿਚ ਸੀਮਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਦੁਆਲੇ ਕੰਧਾਂ ਕੀਤੀਆਂ ਜਾ ਸਕਦੀਆਂ ਹਨ। ਇਹ ਤਾਂ ਦਰਿਆ ਦੀ ਤਰਾਂ ਵਹਿੰਦਾ ਹੈ, ਬੇ-ਮੁਹਾਰਾ, ਬੇ-ਪਰਵਾਹ, ਅਕਾਲੀ ਮੌਜ ਵਿਚ।

ਖਾਲਸਾ ਪੰਥ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ 'ਰਾਜ ਕਰੇਗਾ ਖ਼ਾਲਸਾ' ਦਾ ਨਾਅਰਾ ਬੁਲੰਦ ਕੀਤਾ। ਇਸ ਦਾ ਮਤਲਬ ਇਹ ਨਹੀਂ ਕਿ ਖ਼ਾਲਸੇ ਦਾ ਕਦੇ ਰਾਜ ਨਹੀਂ ਹੋਇਆ ਜਾਂ ਫਿਰ ਉਹ ਕਿਸੇ ਦਾ ਗੁਲਾਮ ਹੈ, ਨਹੀਂ ਅਜਿਹਾ ਨਹੀਂ, ਕਿਉਂਕਿ ਖ਼ਾਲਸਾ ਤਾਂ ਅਕਾਲ ਪੁਰਖ ਦੀ ਸੱਤਾ ਵਿਚ ਹਮੇਸ਼ਾ ਸਰੀਰਕ, ਮਾਨਸਿਕ ਤੇ ਰੂਹਾਨੀ ਤੌਰ 'ਤੇ ਅਜ਼ਾਦ ਹੈ, ਉਸਨੂੰ ਕਦੇ ਵੀ ਗੁਲਾਮ ਨਹੀਂ ਬਣਾਇਆ ਜਾ ਸਕਦਾ।ਅਸਲ ਵਿਚ 'ਰਾਜ ਕਰੇਗਾ ਖ਼ਾਲਸਾ' ਸਦੀਵੀ ਸੰਘਰਸ਼ ਦਾ ਲਖਾਇਕ ਹੈ, ਬਦੀ ਦੇ ਖਿਲਾਫ ਨੇਕੀ ਦੀ ਜੰਗ ਦਾ ਐਲਾਨ ਹੈ 'ਰਾਜ ਕਰੇਗਾ ਖ਼ਾਲਸਾ'। ਧਰਤੀ ਦੇ ਕਿਸੇ ਖਿੱਤੇ ਵਿਚ ਖਾਲਸਈ ਸਿਧਾਤਾਂ ਨੂੰ ਪ੍ਰਣਾਏ ਲੋਕਾਂ ਦੁਆਰਾ ਦੁਨਿਆਵੀ ਸੱਤਾ ਸਥਾਪਤ ਕਰਨ ਤੋਂ ਬਾਅਦ ਵੀ ਰਾਜ ਕਰੇਗਾ ਖ਼ਾਲਸਾ ਦਾ ਨਾਅਰਾ ਬੁਲੰਦ ਕੀਤਾ ਜਾਵੇਗਾ।

'ਰਾਜ ਕਰੇਗਾ ਖ਼ਾਲਸਾ' ਦੀ ਪ੍ਰਾਪਤੀ ਲਈ ਪੰਥ ਦਾ ਸੰਘਰਸ਼ ਵੱਖ-ਵੱਖ ਰੂਪਾਂ-ਵੇਸਾਂ ਵਿਚ ਚੱਲਦਾ ਰਹਿੰਦਾ ਹੈ, ਕਦੇ ਤਲੀ ਉੱਤੇ ਸੀਸ ਧਰਕੇ ਅਤੇ ਕਦੇ ਤਲੀ ਉੱਤੇ ਸੋਚ ਧਰਕੇ।ਕਦੇ ਗੁਰੂ ਅਰਜਨ ਪਾਤਸ਼ਾਹ ਸ਼ਾਤਮਈ ਸ਼ਹਾਦਤ ਦਾ ਜਾਮ ਪੀਂਦੇ ਹਨ ਅਤੇ ਕਦੇ ਗੁਰੂ ਹਰਗੋਬਿੰਦ ਸਾਹਿਬ ਜੀ ਬਾਜ਼ ਦਾ ਕਾਰਨ ਬਣਾ ਕੇ ਸਿੱਖਾਂ ਨੂੰ ਜੰਗ ਦਾ ਰੂਹਾਨੀ ਤਜਰਬਾ ਦਿਵਾਉਂਦੇ ਹਨ। ਕਦੇ ਗੁਰੂ ਤੇਗ ਬਹਾਦਰ ਜੀ ਆਪਣਾ ਸੀਸ ਭੇਟ ਕਰਦੇ ਹਨ ਅਤੇ ਕਦੇ ਗੁਰੂ ਗੋਬਿੰਦ ਸਿੰਘ ਜੀ ਕਿਰਪਾਨ ਨਾਲ ਆਪਣੇ ਸਿੱਖਾਂ ਦੇ ਸੀਸ ਲੈ ਕੇ ਉਨਾਂ ਨੂੰ ਪੰਜਾਂ ਪਿਆਰਿਆਂ ਦਾ ਖਿਤਾਬ ਦਿੰਦੇ ਹਨ। ਕਦੇ ਤਾਂ ਗੁਰੂ ਦਾ ਲਾਡਲਾ ਪੁੱਤਰ ਬੰਦਾ ਸਿੰਘ ਆਪ ਕਿਰਪਾਨ ਨਾਲ ਦੁਸ਼ਟਾਂ ਨੂੰ ਸੰਘਾਰਦਾ ਹੈ ਅਤੇ ਕਦੇ ਆਪ ਹੀ ਗੁਰੂ-ਪਿਆਰ ਵਿਚ ਜ਼ਾਲਮ ਦੀ ਤਲਵਾਰ ਨੂੰ ਸਿੱਖ ਦੇ ਖ਼ੂਨ ਦਾ ਸੁਆਦ ਚਖਣ ਦਿੰਦਾ ਹੋਇਆ ਸ਼ਹਾਦਤ ਦਾ ਜਾਮ ਪੀਂਦਾ ਹੈ। ਕਦੇ ਗੁਰਧਾਮਾਂ ਦੇ ਪ੍ਰਬੰਧ ਨੂੰ ਸੁਧਾਰਨ ਲਈ ਸਿੱਖ ਰੇਲਗੱਡੀਆਂ ਥੱਲੇ ਸੀਸ ਭੇਟ ਕਰਦੇ ਤੇ ਜੰਡਾਂ ਨਾਲ ਬੰਨ ਕੇ ਸਾੜੇ ਜਾਂਦੇ ਹਨ ਅਤੇ ਕਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਣ ਮਰਿਯਾਦਾ ਲਈ ਦੁਸ਼ਟ ਫੌਜੀਆਂ ਨੂੰ ਲੋਹੇ ਦੇ ਚਣੇ ਚਬਾਏ ਜਾਂਦੇ ਹਨ।

1947 ਤੋਂ ਬਾਅਦ ਗੋਰੇ ਅੰਗਰੇਜ਼ਾਂ ਤੋਂ ਬਾਦ ਕਾਲੇ ਅੰਗਰੇਜ਼ਾਂ ਦਾ ਰਾਜ ਆ ਗਿਆ ਤੇ ਦਿੱਲੀ ਤਖ਼ਤ ਦੀ ਫੁੱਟ ਪਾਊ ਨੀਤੀ ਨੇ ਗੁਰੂ ਵਰੋਸਾਈ ਧਰਤ ਪੰਜਾਬ ਨੂੰ ਕਈ ਟੁਕੜਿਆਂ ਵਿਚ ਵੰਡ ਦਿੱਤਾ ਤੇ ਹੁਣ ਹੌਲੀ ਹੌਲੀ ਇਸ ਦੇ ਸਿਧਾਂਤਾਂ ਨੂੰ ਵੀ ਸੱਟਾਂ ਮਾਰੀਆਂ ਜਾ ਰਹੀਆਂ ਹਨ।



20ਵੀਂ ਸਦੀ ਦੇ ਚੌਥੇ ਦਹਾਕੇ ਤੋਂ ਦੁਨੀਆਂ ਦੇ ਵੱਖ-ਵੱਖ ਸੱਭਿਆਚਾਰਾਂ ਨੇ ਅਪਾਣੀ ਹੋਂਦ-ਹਸਤੀ ਬਚਾਈ ਰੱਖਣ ਲਈ ਪੱਛਮੀ ਤਰਜ਼ ਉੱਤੇ ਰਾਜ ਸਥਾਪਤ ਕਰਨੇ ਸ਼ੁਰੂ ਕੀਤੇ ਅਤੇ ਉਸ ਸਮੇਂ ਕੌਮਾਂਤਰੀ ਹਲਾਤ ਅਜਿਹੇ ਬਣੇ ਕਿ ਵੱਡੀਆਂ ਸ਼ਕਤੀਆਂ ਨੂੰ ਆਪਣੇ ਅਧੀਨ ਮੁਲਕਾਂ ਨੂੰ ਛੱਡ ਕੇ ਜਾਣਾ ਪਿਆ ਜਿਸ ਤਹਿਤ ਹੀ ਬ੍ਰਿਟਿਸ਼ ਰਾਜ ਪ੍ਰਬੰਧ ਨੇ ਭਾਰਤੀ ਉਪਮਹਾਂਦੀਪ ਨੂੰ ਛੱਡ ਕੇ ਜਾਣ ਦਾ ਮਨ ਬਣਾਇਆ ਪਰ ਉਹ ਇਸ ਖਿੱਤੇ ਨੂੰ ਉਸ ਰੂਪ ਵਿਚ ਛੱਡ ਕੇ ਨਾ ਗਏ ਜਿਸ ਰੂਪ ਵਿਚ ਉਨਾਂ ਇਸ ਨੂੰ ਪ੍ਰਾਪਤ ਕੀਤਾ ਸੀ ਸਗੋਂ ਉਨਾਂ ਨੇ ਆਪਣੇ ਰਾਜ-ਕਾਲ ਦੌਰਾਨ ਇਹਨਾਂ ਵੱਖ-ਵੱਖ ਸੱਭਿਆਚਾਰਾਂ ਨੂੰ ਇਕ ਹੀ ਕਾਨੂੰਨ ਦੇ ਰੱਸੇ ਵਿਚ ਨੂੜ ਦਿੱਤਾ ਸੀ ਤੇ ਭਾਵੇਂ ਕਿ ਅੰਗਰੇਜ਼ ਤਾਂ ਚਲੇ ਗਏ ਪਰ ਉਹ ਇਸ ਖਿੱਤੇ ਦੀ ਵਾਗਡੋਰ ਆਪਣੇ ਉਪਾਸ਼ਕ ਲੋਕਾਂ ਦੇ ਹੱਥਾਂ ਵਿਚ ਫੜਾ ਗਏ ਤਾਂ ਹੀ ਤਾਂ ਅਜੇ ਤੱਕ ਇਸ ਖਿੱਤੇ ਵਿਚ ਕੋਈ ਨਾ ਕੋਈ ਸਮੱਸਿਆ ਖੜੀ ਹੀ ਰਹਿੰਦੀ ਹੈ ਤੇ ਮੌਜੂਦਾ ਰਾਜ ਪ੍ਰਬੰਧ ਤੋਂ ਦੁਖੀ ਲੋਕ ਇਸ ਖਿਲਾਫ ਕਿਸੇ ਨਾ ਕਿਸੇ ਰੂਪ ਵਿਚ ਵਿਦਰੋਹ ਜਾਰੀ ਰੱਖਦੇ ਹਨ।

1849 ਵਿਚ ਅੰਗਰੇਜ਼ਾਂ ਨੇ ਸਿੱਖਾਂ ਦੇ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲਿਆ ਪਰ 1947 ਵਿਚ ਸਿੱਖਾਂ ਨੇ ਆਪਣੀ ਕਿਸਮਤ ਬ੍ਰਾਹਮਣਵਾਦੀਆਂ ਦੇ ਨਾਲ ਜੋੜ ਲਈ ਤੇ ਇਕ ਨਵੀਂ ਗ਼ੁਲਾਮੀ ਦਾ ਸਫਰ ਸ਼ੁਰੂ ਹੋ ਗਿਆ ਤੇ ਸਿੱਖਾਂ ਨਾਲ ਦਿੱਲੀ ਨੇ ਹਰੇਕ ਪੱਖ ਤੋਂ ਵਿਤਕਰਾ ਕੀਤਾ, ਉਨਾਂ ਦੀ ਬੋਲੀ, ਸੱਭਿਆਚਾਰ, ਧਾਰਮਿਕ ਰਹੁ-ਰੀਤਾਂ, ਪਰੰਪਰਾਵਾਂ ਨੂੰ ਸਿੱਧੀ ਚੁਣੌਤੀ ਦਿੱਤੀ ਗਈ ਤੇ ਬ੍ਰਾਹਮਣ ਦੀ ਕੁਟਲ ਨੀਤੀ ਦਾ ਸਿਖਰ ਉਦੋਂ ਹੋ ਨਿਬੜਿਆ ਜਦੋਂ ਜੂਨ 1984 ਵਿਚ ਸਿੱਖਾਂ ਦੇ ਧੁਰੇ ਤੇ ਮਨੁੱਖਤਾ ਦੇ ਮਾਰਗ ਦਰਸ਼ਕ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ 37 ਹੋਰ ਗੁਰਧਾਮਾਂ ਉੱਤੇ ਸਿੱਧਾ ਫੌਜੀ ਹਮਲਾ ਕਰਕੇ ਸਿੱਖ ਨਸਲਕੁਸ਼ੀ ਦੀ ਐਲਾਨੀਆ ਸ਼ੁਰੂਆਤ ਕੀਤੀ ਗਈ ਤਾਂ ਸਿੱਖਾਂ ਨੇ 20ਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਬਚਨ ਕਿ 'ਜਦੋਂ ਦਿੱਲੀ ਸਰਕਾਰ ਸ੍ਰੀ ਦਰਬਾਰ ਸਹਿਬ ਉੱਤੇ ਹਮਲਾ ਕਰੇਗੀ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ' ਨੂੰ ਪੂਰਾ ਕਰਨ ਹਿੱਤ 29 ਅਪ੍ਰੈਲ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਾਰਤ ਤੋਂ ਵੱਖਰੇ ਪ੍ਰਭੂਸੱਤਾ ਸੰਪੰਨ ਮੁਲਕ ਖ਼ਾਲਿਸਤਾਨ ਦਾ ਐਲਾਨ ਕਰ ਦਿੱਤਾ।

ਸਿੱਖਾਂ ਨੇ ਆਪਣੀਆਂ ਪ੍ਰੰਪਰਾਵਾਂ ਅਧੀਨ ਹਥਿਆਰਬੰਦ ਸੰਘਰਸ਼ ਦੇ ਉਹ ਜੌਹਰ ਦਿਖਾਏ ਕਿ ਦੁਸ਼ਮਣ ਦੇ ਦੰਦਾਂ ਵਿਚ ਜੀਭ ਆ ਗਈ ਤਾਂ ਫਿਰ ਦੁਸ਼ਮਣ ਨੇ ਜਿਵੇਂ ਬਾਜਾਂ ਨੂੰ ਫੜਨ ਲਈ ਇਕ ਬਾਜ਼ ਨੂੰ ਸਿਖਾ ਕੇ ਹੀ ਵਰਤਿਆ ਜਾਂਦਾ ਹੈ ਤੇ ਹਿਰਨਾਂ ਨੂੰ ਫੜਨ ਲਈ ਇਕ ਹਿਰਨ ਨੂੰ ਹੀ ਸਿਖਾ ਕੇ ਵਰਤਿਆ ਜਾਂਦਾ ਹੈ ਉਸੇ ਤਰਾਂ ਹੀ ਸਿੱਖਾਂ ਨੂੰ ਫੜਨ ਲਈ ਕੁਝ ਸਿੱਖਾਂ ਨੂੰ ਹੀ ਸਿਖਾ ਕੇ ਵਰਤਿਆ ਅਤੇ ਅੱਜ ਇਹੀ ਲੋਕ ਗੁਰੂ-ਘਰਾਂ ਅਤੇ ਸਿੱਖ ਸੰਸਥਾਵਾਂ ਉੱਤੇ ਕਾਬਜ ਹਨ। ਗੁਰਬਾਣੀ ਦਾ ਫੁਰਮਾਣ ਹੈ :

ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
(ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੨੮੮)

1984 ਤੋਂ ਬਾਅਦ ਜਿੱਥੇ ਸਿੱਖਾਂ ਨੂੰ ਸਰੀਰਿਕ ਰੂਪ ਵਿਚ ਖਤਮ ਕਰਨ ਦੀਆਂ ਨੀਤੀਆਂ ਅਪਣਾਈਆਂ ਗਈਆਂ ਉੱਥੇ ਨਾਲ ਹੀ ਅਗਲੀਆਂ ਨਸਲਾਂ ਨੂੰ ਅਪਾਣੇ ਵਿਰਸੇ ਨਾਲੋਂ ਤੋੜ ਕੇ ਨਸ਼ਿਆਂ, ਅਨੈਤਿਕਤਾ ਦੇ ਗੁਲਾਮ ਤੇ ਪੰਥਕ ਪਰੰਪਰਾਵਾਂ ਉੱਤੇ ਕਿੰਤੂ-ਪਰੰਤੂ ਕਰਨ ਦੀ ਸੋਚ ਪ੍ਰਸਾਰੀ ਜਾ ਰਹੀ ਹੈ। ਉਨਾਂ ਨੂੰ ਆਪਣੀ ਬੋਲੀ, ਸੱਭਿਆਚਾਰ, ਵਿੱਲਖਣ ਪਛਾਣ ਤੋਂ ਇਕ ਸਾਜ਼ਿਸ਼ ਤਹਿਤ ਦੂਰ ਕੀਤਾ ਜਾ ਰਿਹਾ ਹੈ ਤਾਂ ਜੋ ਉਨਾਂ ਦਾ ਆਪਣੇ ਸਿੱਖ ਹੋਣ ਦਾ ਮਾਣ ਗਵਾਚ ਜਾਵੇ ਤੇ ਉਹ ਦਿੱਲੀ ਦੀ ਝੋਲੀ ਵਿਚ ਪੈ ਜਾਣ। ਇਨਾਂ ਨੀਤੀਆਂ ਨੂੰ ਸਾਡਾ ਦੁਸ਼ਮਣ ਬੜੀ ਤੇਜੀ ਨਾਲ ਲਾਗੂ ਕਰ ਰਿਹਾ ਹੈ ਤੇ ਪੰਥਕ ਕਹਾਉਂਦੇ ਕੁਝ ਆਗੂ ਵੀ ਪੰਥ ਨੂੰ ਕੋਈ ਨਿਰੋਈ ਸੇਧ ਦੇਣ ਦੀ ਥਾਂ ਦੁਸ਼ਮਣ ਦੀਆਂ ਚਾਲਾਂ ਵਿਚ ਅਣਭੋਲ ਹੀ ਫਸ ਕੇ ਆਪਣਿਆ ਖਿਲਾਫ ਹੀ ਮੋਰਚਾ ਖੋਲੀ ਬੈਠੇ ਹਨ ਤੇ ਵਿਆਹ ਵਿਚ ਬੀ ਦਾ ਲੇਖਾ ਪਾ ਕੇ ਪੰਥ ਦੀ ਸ਼ਕਤੀ ਅਜਾਂਈ ਗਵਾ ਰਹੇ ਹਨ ਜਿਸ ਨਾਲ ਪੰਥ ਦਾ ਤਾਂ ਕੋਈ ਭਲਾ ਹੋਣ ਨਹੀਂ ਵਾਲਾ ਸਗੋਂ ਦੁਸ਼ਮਣ ਹੋਰ ਤਕੜਾ ਹੋਵੇਗਾ।

ਸੋ ਇਹ ਗੱਲ ਤਾਂ ਪੂਰੀ ਤਰਾਂ ਸਪੱਸ਼ਟ ਹੈ ਕਿ ਦਿੱਲੀ ਦੇ ਮੌਜੂਦਾ ਪ੍ਰਬੰਧ ਵਿਚ ਸਿੱਖ ਸੱਭਿਆਚਾਰ ਵਿਗਸ ਨਹੀਂ ਸਕਦਾ ਸਗੋਂ ਦਿੱਲੀ ਵਲੋਂ ਸਾਜ਼ਿਸ ਤਹਿਤ ਸਿੱਖ ਸੱਭਿਆਚਾਰ ਨੂੰ ਖਤਮ ਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਅਤੇ ਸਿੱਖ ਨਸਲਕੁਸ਼ੀ ਨੂੰ ਲਗਾਤਾਰ ਵੱਖ-ਵੱਖ ਰੂਪਾਂ-ਵੇਸਾਂ ਵਿਚ ਜਾਰੀ ਰੱਖਿਆ ਜਾ ਰਿਹਾ ਹੈ।

ਸਰਬੱਤ ਖ਼ਾਲਸੇ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ 29 ਅਪ੍ਰੈਲ 1986 ਨੂੰ ਪੰਥਕ ਕਮੇਟੀ ਵਲੋਂ ਖ਼ਾਲਿਸਤਾਨ ਦਾ ਐਲਾਨ ਕਰਕੇ ਕੀਤੀ ਗਈ ਤੇ ਪੰਥ ਨੇ ਐਲਾਨੀਆ ਰੂਪ ਵਿਚ ਦਿੱਲੀ ਤਖ਼ਤ ਦੇ ਖਿਲਾਫ ਹਥਿਆਰਬੰਦ ਸੰਘਰਸ਼ ਦਾ ਬਿਗਲ ਵਜਾਇਆ। ਖ਼ਾਲਿਸਤਾਨ ਤੋਂ ਭਾਵ ਇਕ ਅਜਿਹੇ ਖਿੱਤੇ ਤੋਂ ਹੈ ਜਿੱਥੇ ਦਸਵੇਂ ਨਾਨਕ ਵਲੋਂ ਪਰਗਟ ਕੀਤੇ ਖ਼ਾਲਸੇ ਦੀ ਤਰਜ਼ੇ-ਜਿੰਦਗੀ ਨੂੰ ਮਾਨਤਾ ਮਿਲੀ ਹੋਵੇ ਤੇ ਜਿੱਥੋਂ ਉੱਠ ਕੇ ਖ਼ਾਲਸਾ ਦੁਨੀਆਂ ਦੇ ਤਮਾਮ ਲੋਕਾਂ ਦੀ ਰੂਹਾਨੀ, ਸਮਾਜਿਕ ਤੇ ਆਰਥਿਕ ਤਰੱਕੀ ਲਈ ਸੂਰਜ ਦੀਆਂ ਕਿਰਨਾਂ ਵਾਂਗ ਪਹੁੰਚੇ।

ਅਸਲ ਵਿਚ ਖਾਲਿਸਤਾਨ 'ਰਾਜ ਕਰੇਗਾ ਖ਼ਾਲਸਾ' ਸੰਕਲਪ ਦੀ ਪੂਰਤੀ ਲਈ ਇਕ ਪੜਾਅ ਹੈ ਕਿਉਂਕਿ ਖਾਲਿਸਤਾਨ ਤਾਂ ਅੱਜ ਜਾਂ ਭਲਕੇ ਬਣ ਜਾਵੇਗਾ ਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਨੂੰ ਜੇਤੂ ਐਲਾਨਿਆ ਜਾਵੇਗਾ ਪਰ 'ਰਾਜ ਕਰੇਗਾ ਖ਼ਾਲਸਾ' ਦਾ ਨਾਅਰਾ ਪੰਥ ਲਗਾਤਾਰ ਜਾਰੀ ਰੱਖੇਗਾ। ਖਾਲਿਸਤਾਨ ਭੁਗੋਲਿਕ ਤੇ ਸਿਆਸੀ ਹੱਦਾਂ ਵਿਚ ਬੰਨਿਆ ਜਾਵੇਗਾ ਪਰ ਰਾਜ ਕਰੇਗਾ ਖ਼ਾਲਸਾ ਦਰਿਆ ਦੀ ਮੌਜ ਵਾਂਗ ਬੇ-ਪਰਵਾਹੀ ਦੇ ਆਲਮ ਵਿਚ ਵਿਚਰੇਗਾ।ਜਿਸ ਤਰਾਂ ਨਿਰੰਕਾਰ ਦੇ ਵਿਚ ਕਈ ਆਕਾਰ ਹਨ ਉਸੇ ਤਰਾਂ ਹੀ ਰਾਜ ਕਰੇਗਾ ਖ਼ਾਲਸਾ ਵਿਚ ਹੀ ਖਾਲਿਸਤਾਨ ਹੈ।

ਖ਼ਾਲਿਸਤਾਨ ਐਲਾਨਨਾਮਾ ਦਿੱਲੀ ਤਖ਼ਤ ਦੇ ਬ੍ਰਾਹਮਣਵਾਦੀ ਰਾਜ ਪ੍ਰਬੰਧ ਦੇ ਖਿਲਾਫ ਹੈ ਅਤੇ ਸਿੱਖਾਂ ਵਲੋਂ ਉਦੋਂ ਉਲੀਕਆ ਗਿਆ ਜਦੋਂ ਦਿੱਲੀ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਸਿੱਖਾਂ ਨੂੰ ਨਾਲ ਨਾ ਰੱਖਣ ਦਾ ਐਲਾਨ ਕਰ ਦਿੱਤਾ।ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਕਹਿਣ ਮੁਤਾਬਕ ਕਿ 'ਅਸੀਂ ਇਸ ਮੁਲਕ ਵਿਚ ਰਹਿਣਾ ਚਾਹੁੰਦੇ ਹਾਂ, ਇਹ ਦਿੱਲੀ ਦੱਸੇ ਕਿ ਸਾਨੂੰ ਨਾਲ ਰੱਖਣਾ ਹੈ ਜਾਂ ਨਹੀਂ, ਪਰ ਅਸੀਂ ਰਹਿਣਾ ਚਾਹੁੰਦੇ ਹਾਂ ਬਰਾਬਰ ਦੇ ਸ਼ਹਿਰੀ ਬਣ ਕੇ, ਦੂਜੇ ਦਰਜ਼ੇ ਦੇ ਸ਼ਹਿਰੀ ਬਣ ਕੇ ਅਸੀਂ ਨਹੀਂ ਰਹਿਣਾ।'

ਖ਼ਾਲਿਸਤਾਨ ਦੀ ਸਥਾਪਨਾ ਦੀ ਅਸਲ ਭੁਗੋਲਿਕ ਥਾਂ ਪੰਜ ਦਰਿਆਵਾਂ ਦੀ ਧਰਤੀ ਹੀ ਹੈ ਇਸ ਤੋਂ ਲਾਂਭੇ ਕਿਤੇ ਖ਼ਾਲਿਸਤਾਨ ਦੀ ਸਥਾਪਨਾ ਨਹੀਂ ਹੋ ਸਕਦੀ।ਖ਼ਾਲਿਸਤਾਨ ਦੀ ਲੋੜ ਅਮਰੀਕਾ ਵਿਚ ਨਹੀਂ, ਕੈਨੇਡਾ ਵਿਚ ਨਹੀਂ, ਯੂਰਪ ਵਿਚ ਨਹੀਂ ਤੇ ਨਾ ਹੀ ਕਿਸੇ ਹੋਰ ਜਗਾ ਉੱਪਰ। ਗੁਰੂ ਵਰੋਸਾਈ ਧਰਤ ਪੰਜਾਬ ਦਾ ਨਾਮ ਬਦਲ ਕੇ ਖ਼ਾਲਿਸਤਾਨ ਰੱਖ ਲੈਣਾ ਵੀ ਖ਼ਾਲਿਸਤਾਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਖ਼ਾਲਿਸਤਾਨ ਦੀ ਪ੍ਰਾਪਤੀ ਲਈ ਅਜਿਹੇ ਢੰਗ ਤਰੀਕੇ ਅਪਣਾਏ ਜਾਣ ਤਾਂ ਜੋ ਜਿੱਥੇ ਸਿੱਖ ਸੱਭਿਆਚਾਰ ਨੂੰ ਆਪਣਾ ਘਰ ਮਿਲ ਸਕੇ ਉੱਥੇ ਗੁਰੂ-ਵਰੋਸਾਈ ਧਰਤ ਪੰਜਾਬ ਨੂੰ ਪਿਆਰ ਤੇ ਦੁਨੀਆਂ ਦੇ ਲੋਕਾਂ ਨੂੰ ਨਰੋਈ ਜੀਵਨ-ਜਾਚ ਮਿਲੇ।

ਖ਼ਾਲਿਸਤਾਨ ਦੀ ਪ੍ਰਾਪਤੀ ਦਾ ਸੰਘਰਸ਼ ਕਈ ਪੜਾਵਾਂ ਤੇ ਕਈ ਪੱਖਾਂ ਤੋਂ ਲੜਿਆ ਜਾਣਾ ਹੈ ਅਤੇ ਇਹਨਾਂ ਸਾਰੇ ਪੜਾਵਾਂ ਤੇ ਪੱਖਾਂ ਵਿਚ ਆਪਸੀ ਤਾਲਮੇਲ ਤੇ ਇਤਫਾਕ ਇਸਦੀ ਪਹਿਲੀ ਲੋੜ ਹੈ, ਤਾਂ ਹੀ ਗੁਰੂ ਦੀ ਪਰਤੀਤ ਮਿਲ ਸਕਦੀ ਹੈ।

ਜੇ ਵਿਆਪਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਦਿੱਲੀ ਦੇ ਪ੍ਰਬੰਧ ਅਧੀਨ ਨੂੜੇ ਵੱਖ-ਵੱਖ ਸੱਭਿਆਚਾਰ ਲੰਮੇ ਸਮੇਂ ਤੋਂ ਆਪਣੇ ਹੱਕਾਂ ਲਈ ਜੂਝ ਰਹੇ ਹਨ ਪਰ ਉਹ ਦਿੱਲੀ ਤਖ਼ਤ ਦੇ ਖਿਲਾਫ ਉਸ ਜਿੰਦਾ ਦਿਲੀ ਨਾਲ ਨਹੀਂ ਸੰਘਰਸ਼ ਕਰ ਸਕਦੇ ਜਿੰਨੀ ਦਲੇਰੀ ਸਿੱਖਾਂ ਕੋਲ ਹੈ ਜਿਸਦੀ ਉਦਾਹਰਨ ਸਪੱਸ਼ਟ ਹੈ ਜਦੋਂ 1975 ਵਿਚ ਭਾਰਤ ਵਿਚ ਐਮਰਜੈਂਸੀ ਲੱਗੀ ਸੀ ਤਾਂ ਕੇਵਲ ਸਿੱਖਾਂ ਨੇ ਹੀ ਇਸਦਾ ਵਿਰੋਧ ਕੀਤਾ ਸੀ ਤੇ ਭਾਰਤ ਭਰ ਵਿਚੋਂ ਵੱਖ-ਵੱਖ ਸੱਭਿਆਚਾਰਾਂ ਦੇ ਨੁਮਾਇੰਦਿਆਂ ਨੇ ਮਨੁੱਖਤਾ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਵਿਖੇ ਆ ਕੇ ਸ਼ਰਣ ਲਈ ਸੀ। ਅਤੇ ਜਦੋਂ ਪੰਥ ਵਲੋਂ 1982 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਪ੍ਰਸਤੀ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਧਰਮ ਯੁੱਧ ਮੋਰਚਾ ਲਾਇਆ ਗਿਆ ਸੀ ਤਾਂ ਭਾਰਤੀ ਉਪ-ਮਹਾਂਦੀਪ ਵਿਚ ਵਸਦੇ ਵੱਖ-ਵੱਖ ਸੱਭਿਆਚਾਰਾਂ ਦੇ ਨੁਮਾਇੰਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨ ਸੁਣਨ ਲਈ ਦਰੀ ਉੱਤੇ ਆ ਕੇ ਬੈਠਦੇ ਸਨ, ਉਹਨਾਂ ਨੂੰ ਆਸ ਸੀ ਕਿ ਖ਼ਾਲਸਾ ਆਪ ਵੀ ਦਿੱਲੀ ਤੋਂ ਆਪਣੇ ਹੱਕ ਲੈ ਲਵੇਗਾ ਅਤੇ ਸਾਨੂੰ ਵੀ ਕੁਝ ਮਿਲ ਜਾਵੇਗਾ।ਇਸ ਪੱਖ ਤੋਂ ਵੀ ਦੁਬਾਰਾ ਲਾਮਬੱਧੀ ਕਰਨ ਦੀ ਲੋੜ ਹੈ। ਵਿਚਾਰਨ ਦੀ ਗੱਲ ਹੈ ਕਿ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਵੱਖ-ਵੱਖ ਸੰਘਰਸ਼ਸ਼ੀਲ਼ ਧਿਰਾਂ ਨਾਲ ਰਾਬਤਾ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਹੀ ਕੀਤਾ ਜਾ ਸਕਦਾ ਹੈ, ਇਸ ਤਰਾਂ ਅਨੰਦਪੁਰ ਸਾਹਿਬ ਦਾ ਮਤਾ ਖ਼ਾਲਿਸਤਾਨ ਐਲਾਨਨਾਮੇ ਦੀ ਪ੍ਰਾਪਤੀ ਲਈ ਇਕ ਅਹਿਮ ਪੜਾਅ ਹੈ।

80ਵਿਆਂ ਵਿਚ ਸਿੱਖਾਂ ਵਲੋਂ ਸ਼ੁਰੂ ਕੀਤੇ ਹਥਿਆਰਬੰਦ ਸੰਘਰਸ਼ ਦੀ ਤਰਜ਼ ਉੱਤੇ ਹੋਰਨਾਂ ਕੌਮਾਂ ਨੇ ਵੀ ਇਹ ਰਾਹ ਅਪਣਾਇਆ ਪਰ ਤਰਾਸਦੀ ਹੈ ਕਿ ਇਨਾਂ ਸਾਰਿਆਂ ਵਿਚ ਤਾਲਮੇਲ ਪੈਦਾ ਨਾ ਹੋਣ ਕਾਰਨ ਲਗਾਤਾਰ ਚੱਲਦੇ ਹਥਿਆਰਬੰਦ ਸੰਘਰਸ਼ ਵਿਚ ਵੀ ਕੁਝ ਆਪਣੀਆਂ ਕਮਜ਼ੋਰੀਆਂ ਤੇ ਬਹੁਤੀਆਂ ਦਿੱਲੀ ਦੀ ਮੱਕਾਰੀਆਂ ਨੇ ਬਹੁਤਾ ਕੁਝ ਹੱਥ-ਪੱਲੇ ਨਾ ਪੈਣ ਦਿੱਤਾ।

20ਵੀਂ ਸਦੀ ਦੇ ਪੰਜਵੇਂ ਦਹਾਕੇ ਤੋਂ ਬਾਅਦ ਚੱਲੇ ਕਿਸੇ ਸੰਘਰਸ਼ ਨੇ ਵੀ ਹਥਿਆਰਬੰਦ ਸੰਘਰਸ਼ ਨੂੰ ਏਨੀ ਉਚਾਈ ਤੱਕ ਨਹੀਂ ਪਹੁੰਚਾਇਆ ਜਿੰਨਾ ਉੱਚਾ ਸਿੱਖਾਂ ਨੇ ਹਥਿਆਰਬੰਦ ਸੰਘਰਸ਼ ਨੂੰ ਲਿਜਾਇਆ। ਸ਼ਸ਼ਤਰ ਖ਼ਾਲਸਾ ਤਰਜ਼ੇ ਜਿੰਦਗੀ ਵਿਚ ਇਕ ਰੂਹਾਨੀ ਤਜਰਬਾ ਹੈ, ਸ਼ਸ਼ਤਰ ਤੋਂ ਬਿਨਾਂ ਖ਼ਾਲਸੇ ਦੀ ਸੰਪੂਰਨਤਾ ਨਹੀਂ ਕਿਆਸੀ ਜਾ ਸਕਦੀ। ਸ਼ਸ਼ਤਰ ਤੋਂ ਬਿਨਾਂ ਖ਼ਾਲਸਾ ਖ਼ਾਲਸਾ ਕਹਾਉਂਣ ਦਾ ਹੱਕ ਹੀ ਨਹੀਂ ਲੈ ਸਕਦਾ।

ਬਾਕੀ ਸਫ਼ਾ 30 'ਤੇ

# ਸ਼ਹਾਦਤ : ਗੌਰਵਸ਼ੀਲ ਇਤਿਹਾਸਕ ਦਖ਼ਲ

**ਡਾ. ਗੁਰਭਗਤ ਸਿੰਘ**

ਕੁਰਬਾਨੀ ਸ਼ਹਾਦਤ ਉਦੋਂ ਹੀ ਬਣਦੀ ਹੈ ਜਦੋਂ ਉਸ ਵਿਚ ਇੰਨੀ ਸ਼ਕਤੀ ਹੋਵੇ ਕਿ ਉਹ ਚੱਲ ਰਹੇ ਇਤਿਹਾਸ ਦੀ ਦਿਸ਼ਾ ਬਦਲ ਦੇਵੇ। ਉਸ ਵਿਚ ਰੋਸ਼ਨੀ ਦੇ ਅੰਬਾਰ ਸੁੱਟ ਦੇਵੇ। ਇਸ ਲਈ ਸ਼ਹਾਦਤ ਦੇਣ ਵਾਲੇ ਮਹਾਂਪੁਰਖ ਅਤਿਅੰਤ ਗਿਆਨਵਾਨ ਹੁੰਦੇ ਹਨ। ਘੱਟੋ-ਘੱਟ ਉਨਾਂ ਨੂੰ ਇਤਿਹਾਸ ਦੀ ਉਸ ਊਣ ਦਾ ਪਤਾ ਹੁੰਦਾ ਹੈ ਜਿਸ ਨਾਲ ਉਹ ਮਨੁੱਖ ਜਾਤੀ ਦੇ ਕੁਝ ਹਿੱਸੇ ਲਈ ਗੌਰਵ ਗੁਆ ਚੁੱਕਾ ਹੈ। ਸ਼ਹਾਦਤ ਇਤਿਹਾਸ ਵਿੱਚ ਵੱਡੀ ਤਬਦੀਲੀ ਲਿਆਉਣ ਲਈ ਦਿੱਤਾ ਚੇਤਨ ਦਖਲ ਹੈ।

ਇੱਕ ਕ੍ਰਾਂਤੀਕਾਰੀ ਮਨੁੱਖ ਅਤੇ ਸ਼ਹੀਦ ਵਿਚ ਅੰਤਰ ਕੇਵਲ ਮਾਧਿਅਮ ਦਾ ਹੀ ਹੈ। ਕ੍ਰਾਂਤੀਕਾਰੀ ਇੱਕ ਲਹਿਰ ਦਾ ਹਿੱਸਾ ਹੋ ਕੇ ਇਤਿਹਾਸ ਨੂੰ ਬਦਲਣਾ ਚਾਹੁੰਦਾ ਹੈ ਅਤੇ ਸ਼ਹੀਦ ਸਾਰਾ ਭਾਰ ਆਪਣੇ ਆਪ ਉੱਤੇ ਚੁੱਕ ਲੈਂਦਾ ਹੈ। ਜਦੋਂ ਕ੍ਰਾਂਤੀਕਾਰੀ ਨੂੰ ਇਹ ਮਹਿਸੂਸ ਹੋਵੇ ਕਿ ਲੋਕਾਂ ਦਾ ਸੰਗਠਨ ਬਣਨਾ ਅਜੇ ਅਸੰਭਵ ਹੈ, ਪਰ ਇਤਿਹਾਸ ਅਤੇ ਜੀਵਨ ਦਾ ਗੁਆਚ ਰਿਹਾ ਗੌਰਵ ਛੇਤੀ ਸੁਰਜੀਤ ਕਰਨ ਦੀ ਲੋੜ ਹੈ, ਉਹ ਸ਼ਹਾਦਤ ਦਾ ਰਾਹ ਵੀ ਚੁਣ ਸਕਦਾ ਹੈ।ਉਸ ਵਿਚ ਕ੍ਰਾਂਤੀ ਅਤੇ ਸ਼ਹਾਦਤ ਮਿਲ ਜਾਂਦੇ ਹਨ। ਇੱਕ ਸ਼ਹੀਦ ਵਿੱਚ ਵੱਧ ਅਤੇ ਵਿਸ਼ੇਸ਼ ਗੱਲ ਇਹ ਹੈ ਕਿ ਉਹ ਇਤਿਹਾਸ ਅਤੇ ਮਨੁੱਖ ਨੂੰ ਨਿਰਗੌਰਵ ਬਣਾਉਣ ਵਾਲੇ ਵਿਅਕਤੀਆਂ ਪ੍ਰਤੀ ਵੀ ਹਮਦਰਦੀ ਰੱਖਦਾ ਹੈ- ਬੋਧੀ ਅਰਥਾਂ ਵਿਚ ਕਰੁਣਾ ਭਾਵ, 'ਨਦਰ' ਦੀ ਆਸ ਨਾਲ ਕਿ ਕਦੇ ਉਹ ਵੀ ਬਦਲ ਜਾਣਗੇ।

ਕਿਸੇ ਵੀ ਮਨੁੱਖ ਹਿਤੈਸ਼ੀ ਲਖਸ਼ ਲਈ ਦਿੱਤੀ ਕੁਰਬਾਨੀ ਸ਼ਹਾਦਤ ਹੈ, ਪਰ ਜਿਸ ਕੁਰਬਾਨੀ ਪਿੱਛੇ ਕੰਮ ਕਰ ਰਹੀ ਚੇਤੰਨਤਾ ਇੰਨੀ ਵਿਸ਼ਾਲ ਹੋਵੇ ਕਿ ਉਹ ਸਮੁੱਚੇ ਬ੍ਰਹਮੰਡ ਦੇ ਜੀਵਨ ਨੂੰ ਕਲਾਵੇ ਵਿਚ ਲੈ ਲਵੇ, ਜੋ ਕੁਝ ਸਿਰਜਨਾ ਵਿਚ ਹੈ, ਸਭ ਨੂੰ ਇੱਕ ਭਰਾਤਰੀਅਤਾ ਜਾਣੇ, ਉਹ ਉੱਦਾਤ ਸ਼ਹਾਦਤ ਹੈ ਅੰਗ੍ਰੇਜ਼ੀ ਵਿਚ ਇਸ ਨੂੰ 'ਸਬਲਾਈਮ ਮਾਰਟਿਡਮ' ਆਖਾਂਗੇ।

ਸਿੱਖ ਸ਼ਹਾਦਤ ਦੇ ਇਤਿਹਾਸ ਵਿਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ, ਉੱਦਾਤ ਸ਼ਹਾਦਤਾਂ ਹਨ। ਇਨਾਂ ਨੂੰ ਇਤਿਹਾਸ ਦੇ ਕੇਵਲ ਕੁਝ ਸੀਮਿਤ ਤੱਥਾਂ ਨਾਲ ਨਹੀਂ ਜੋੜਿਆ ਜਾ ਸਕਦਾ। ਜਿਵੇਂ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਪ੍ਰਿਥੀ ਚੰਦ ਦੀ ਬਦਲਾ ਭਾਵਨਾ ਨਾਲ ਜਾਂ ਇਸਲਾਮੀ ਉਤਸ਼ਾਹੀ ਸ਼ੈਖ ਅਹਿਮਦ ਸਰਹੰਦੀ ਦੀਆਂ ਵਿਉਂਤਾਂ ਨਾਲ ਜੋੜਿਆ ਜਾਂਦਾ ਹੈ। ਉਹ ਵੀ ਕੁਝ ਛੋਟੇ ਕਾਰਣ ਸਨ, ਪਰ ਅਸਲ ਕਾਰਣ ਗੁਰੂ ਸਾਹਿਬਾਨ ਦਾ ਉਹ ਬ੍ਰਹਮੰਡੀ ਅਤੇ ਵਿਸ਼ਾਲ ਮਨੁੱਖਵਾਦੀ ਜੀਵਨ ਮਾਰਗ ਅਤੇ ਫਲਸਫਾ ਸੀ ਜੋ ਉਸ ਸਮੇਂ ਦੀ ਮੁਗ਼ਲਈ ਸਲਤਨਤ ਅਤੇ ਉਸਦੇ ਧਰਮ ਅਭਿਆਸ ਦੇ ਵਿਰੋਧ ਵਿੱਚ ਖੜਾ ਸੀ। ਅਕਬਰ ਨੇ ਇਸ ਵਿਸ਼ਾਲਤਾ ਦੀ ਕਦਰ ਕੀਤੀ ਸੀ, ਪਰ ਛੇਤੀ ਹੀ ਉਸ ਦੇ ਉਤਰਅਧਿਕਾਰੀ ਜਹਾਂਗੀਰ ਨੇ ਇਸਲਾਮੀ ਇੱਕਵਾਦ ਵੱਲ ਮੋੜ ਕੱਟ ਲਿਆ। ਇਸ ਇੱਕਵਾਦ ਨਾਲ ਹੀ ਉਸ ਨੂੰ ਅਤੇ ਉਸ ਦੀਆਂ ਸਹਾਇਕ ਇਸਲਾਮੀ ਸੰਸਥਾਵਾਂ ਨੂੰ ਨਜ਼ਰ ਆਉਂਦਾ ਸੀ, ਮੁਗਲ ਸਲਤਨਤ ਪੱਕੇ ਪੈਰਾਂ ਉੱਤੇ ਖੜੀ ਰਹਿ ਸਕਦੀ ਹੈ।

ਜਿਸ ਜੀਵਨ ਮਾਰਗ ਅਤੇ ਦਰਸ਼ਨ ਦੇ ਮੁਜੱਸਮਾ, ਸਾਕਾਰ ਚਿਤਰ, ਗੁਰੂ ਅਰਜਨ ਦੇਵ ਜੀ ਸਨ, ਉਹ ਕਰਤਾ ਪੁਰਖ ਦੇ 'ਏਕ' ਅਤੇ 'ਅਨੇਕ' ਰੂਪ ਦਾ ਵਿਸਥਾਰ ਸੀ। ਇਸ ਵਿਚ ਇਸਲਾਮੀ/ ਮੁਗ਼ਲਈ/ਬ੍ਰਾਹਮਣੀ ਇੱਕਵਾਦ ਦੀ ਕੋਈ ਥਾਂ ਨਹੀਂ ਸੀ। ਜਿਸ ਅਨਹਦਨਾਦ, ਜਿਸ ਬ੍ਰਹਮੰਡੀ ਸੰਗੀਤ ਨੂੰ ਉਹ ਹਰ ਦਿਲ ਵਿੱਚ ਵਜਾਉਣਾ ਚਾਹੁੰਦੇ ਸਨ, ਉਸ ਲਈ ਵੱਖ-ਵੱਖ ਸੁਰਾਂ ਵਿਭਿੰਨ ਤਾਨਾਂ ਦੀ ਵੀ ਅਤਿਅੰਤ ਲੋੜ ਸੀ। ਨਾਦ ਦੀ ਨਿਰੰਤਰਤਾ ਅਤੇ ਸ਼ਿੱਦਤ ਲਈ ਅਨੇਕ ਰਾਗਾਂ ਅਤੇ ਉਪ-ਰਾਗਾਂ/ਰਾਗਣੀਆਂ ਦਾ ਵੀ ਪੂਰਾ ਮਹੱਤਵ ਸੀ। ਭਾਈ ਗੁਰਦਾਸ ਨੇ ਵਾਰ 24 ਵਿਚ ਇਹ ਸਾਖੀ ਭਰੀ ਹੈ ਕਿ ਗੁਰੂ ਅਰਜੁਨ ਦੇਵ 'ਬ੍ਰਹਮ ਪਰਮ ਪਦ' ਵਿਚ ਰਹਿੰਦੇ ਸਨ, ਗੁਰੂ ਹਰਗੋਬਿੰਦ ਦਾ ਆਉਣਾ ਵੀ 'ਵਿਸਮਾਦੈ ਵਿਸਮਾਦ ਮਿਲੰਦਾ' ਆਖਿਆ ਗਿਆ ਹੈ।

ਸਿਰਜਨਾ ਅਤੇ ਸਿਰਜਨਹਾਰ ਦੀ ਵਿਸ਼ਾਲਤਾ ਸੁੰਦਰਤਾ ਅਤੇ ਸੰਗੀਤ ਨਾਲ ਅਭੇਦ ਹੋਣਾ ਹੀ ਵਿਸਮਾਦੀ ਜੀਵਨ ਜਿਊਣਾ ਹੈ, ਇਹੀ ਜੋੜ ਹੋਣਾ ਹੈ। ਇਸ ਲਈ ਗੁਰੂ ਅਰਜੁਨ ਦੇਵ ਦੇ ਸ਼ਹਾਦਤ ਖਿਣ ਨੂੰ ਵੀ ਭਾਈ ਗੁਰਦਾਸ ਜੀ ਨੇ 'ਜੋਤੀ ਅੰਦਰਿ ਜੋਤਿ ਸਮਾਣੀ' ਆਖਿਆ ਹੈ। ਪਤੰਗੇ ਦੇ ਰੌਸ਼ਨੀ ਵਿਚ ਮਿਲ ਜਾਣ ਅਤੇ ਕੁਰਬਾਨ ਹੋ ਜਾਣ ਨਾਲ ਤਸ਼ਬੀਹ ਦਿੱਤੀ ਹੈ।

ਵਿਸਮਾਦ ਵਿੱਚ ਜੋਤ ਹੋਣਾ ਹੀ ਉੱਦਾਤ ਜੀਵਨ ਜਿਊਣਾ ਹੈ। ਵਕਤ ਦੀ ਰਾਜਨੀਤੀ ਅਤੇ ਇਸ ਦੇ ਰੁਝਾਨ ਇਸ ਵਿਸਮਾਦ ਨਾਲ ਟਕਰਾਉਂਦੇ ਸਨ, ਇਸ ਲਈ ਉਨਾਂ ਨੂੰ ਬਦਲਣ ਲਈ ਗੁਰੂ ਅਰਜੁਨ ਦੇਵ ਜੀ ਸ਼ਹੀਦ ਹੋ ਗਏ। ਇਹ ਉੱਦਾਤ ਸ਼ਹਾਦਤ ਹੈ। ਇਸ ਵਿੱਚ ਮਨ ਅਤੇ ਦੇਹ ਇਕਸੁਰ ਹਨ। ਆਖਰੀ ਵਕਤ ਤੱਕ ਸ਼ਹੀਦ ਦੇ ਸਮੁੱਚੇ ਅਸਤਿਤਵ(ਬਿਅੰਗ) ਵਿਚੋਂ ਵਿਸਮਾਦੀ ਸੰਗੀਤ ਝਰਦਾ ਹੈ, ਰੌਸ਼ਨੀ ਫੁੱਟਦੀ ਹੈ। ਜੋੜ ਹੋ ਕੇ ਸ਼ਹੀਦ ਹੋਣਾ, ਸਿੱਖ ਸ਼ਹਾਦਤ ਦਾ ਨਵੇਕਲਾਪਣ ਹੈ, ਇੱਕ ਮਿਸਾਲ ਹੈ ਜਿਸ ਵਿਚ ਸ਼ਹਾਦਤ ਅਤੇ ਕ੍ਰਾਂਤੀ ਘੁਲ ਮਿਲ ਜਾਂਦੇ ਹਨ।

ਵਿਸਮਾਦੀ ਜੋੜ ਹੋ ਕੇ ਇਤਿਹਾਸ ਨੂੰ ਮੋੜ ਦੇਣਾ ਕੇਵਲ ਆਰਥਿਕ-ਸਮਾਜਿਕ ਸੰਸਥਾਵਾਂ ਨੂੰ ਉਲਟਾਉਣ ਅਤੇ ਗਿਆਨਵਾਨ ਅਤੇ ਕ੍ਰਿਆਵੰਤ ਹੋਣ ਵਿੱਚ ਕਾਫੀ ਫਰਕ ਹੈ। ਕੇਵਲ ਆਰਥਿਕ ਸਮਾਜਿਕ ਮੁੱਦਿਆਂ ਤੱਕ ਸੀਮਤ ਕ੍ਰਾਂਤੀਕਾਰੀ ਵਿਚ ਬ੍ਰਹਮੰਡੀ ਪਸਾਰ/ਡੂੰਘਿਆਈ ਨਹੀਂ ਹੋ ਸਕਦੀ। ਵਿਸ਼ਾਲ ਸਿਰਜਨਾ ਦੀ ਸੁੰਦਰਤਾ, ਵਿਭਿੰਨਤਾ ਅਤੇ ਉਸ ਲਈ ਅਥਾਹ ਪ੍ਰੇਮ ਨਹੀਂ ਹੋ ਸਕਦਾ। ਇਸ ਲਈ ਸਵੀਕ੍ਰਿਤ ਅਰਥਾਂ ਵਿਚ ਕ੍ਰਾਂਤੀਕਾਰੀ ਜੋੜ ਨਹੀਂ ਹੋ ਸਕਦਾ, ਉਹ ਹੋਣ ਲਈ ਇੱਕ ਵੱਖਰੀ ਅਤੇ ਵਡੇਰੀ ਸ਼ਕਤੀ ਦੀ ਲੋੜ ਹੈ। ਉਸ ਬ੍ਰਹਮੰਡੀ ਸ਼ਕਤੀ ਨੂੰ ਅਨੁਭਵ ਬਣਾਉਣ ਦੀ ਜ਼ਰੂਰਤ ਹੈ। ਪਾਬਲੋ ਨੈਰੂਦਾ ਵਰਗਾ ਕ੍ਰਾਂਤੀਕਾਰੀ ਸ਼ਾਇਰ ਉਸ ਦੇ ਨੇੜੇ-ਤੇੜੇ ਅੱਪੜਦਾ ਹੈ। ਸਾਡੇ ਸਮਿਆਂ ਵਿੱਚ ਹਰਬਰਟ ਮਾਰਕੂਜ਼ੇ ਨੇ ਇਹ ਗੱਲ ਸਮਝੀ ਹੈ ਕਿ ਕ੍ਰਾਂਤੀਕਾਰੀ ਲਈ ਜ਼ਰੂਰੀ ਹੈ ਕਿ ਉਹ ਆਪਣੀਆਂ ਊਣਾਂ ਭਰੇ। ਆਪਣੇ ਆਪ ਨੂੰ ਉਸ ਸੌਂਦਰਯ ਵਿਚ ਲਬਰੇਜ਼ ਕਰ ਲਵੇ ਜਿਸ ਨੂੰ ਲਿਆਉਣ ਅਤੇ ਸਥਾਪਿਤ ਕਰਨ ਲਈ ਉਹ ਲੜ ਰਿਹਾ ਹੈ। ਮਾਰਕਸੀ ਕ੍ਰਾਂਤੀ ਵੀ ਆਖਰ ਜੀਵਨ ਦੇ ਲੁੱਟੇ ਜਾ ਰਹੇ ਸੌਂਦਰਯ ਨੂੰ ਬਚਾਉਣ ਅਤੇ ਇਸ ਦੇ ਹੋਰ ਪਸਾਰ ਲੱਭਣ ਲਈ ਹੀ ਹੈ। ਉਨਾਂ ਸਭ ਇੰਦਰੀਆਂ ਨੂੰ ਕ੍ਰਿਆਵੰਤ ਕਰਨ ਲਈ ਹੈ ਜੋ ਸ਼ੋਸ਼ਣ ਗ੍ਰਸਤ ਸਮਾਜ ਵਿਚ ਸਿੱਥਲ ਕਰ ਦਿੱਤੀਆਂ ਜਾਂਦੀਆਂ ਹਨ।

ਪਰ ਮਾਰਕਸੀ ਕ੍ਰਾਂਤੀ, ਕ੍ਰਾਂਤੀਕਾਰੀ ਦੇ ਵਿਸਮਾਸਦੀ ਜੋਤ ਹੋਣ ਤੱਕ ਨਹੀਂ ਪਹੁੰਚਦੀ। ਇਸ ਲਖਸ਼ ਉਸ ਨੂੰ ਨਹੀਂ ਦਿੰਦੀ। ਇਸ ਲਈ ਮਾਰਕਸੀ ਕ੍ਰਾਂਤੀ ਦੇ ਕੁਰਾਹੇ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਜਿਵੇਂ ਰੂਸ ਵਿਚ ਵਾਪਰਿਆ। ਵਿਸ਼ੇਸ਼ ਤੌਰ 'ਤੇ ਰੂਸੀਆਂ ਨੇ ਜੋ ਵਰਤਾਰਾ ਹੰਗਰੀ ਅਤੇ ਚੈਕੋਸਲਵਾਕੀਆ ਵਿੱਚ ਦਿਖਾਇਆ, ਉਹ ਕ੍ਰਾਂਤੀਕਾਰੀ ਨਹੀਂ ਸੀ, ਸ਼ੋਸ਼ਣ ਵਿਸਤਾਰ ਹੀ ਸੀ। ਰੂਸੀ ਇਨਕਲਾਬ ਦਾ ਇਹ ਪਤਨ ਵਾਪਰਿਆ ਕਿਉਂਕਿ ਉਸ ਵਿੱਚ ਚੇਤੰਨਤਾ ਅਤੇ ਵਿਅੰਗ ਨੂੰ ਵਿਸਮਾਦੀ ਜੋਤ ਬਣਨ ਤੀਕ ਨਹੀਂ ਪਹੁੰਚਾਇਆ ਜਾ ਸਕਿਆ ਸੀ। ਉਂਜ ਯੂਨਾਨੀ ਸ੍ਰੋਤ ਤੋਂ 'ਮਾਰਟਾਇਰ' ਜਾਂ 'ਮਾਰਟਿਡਮ' ਦੇ ਅਰਥ ਅਤੇ ਫਾਰਸੀ ਸ੍ਰੋਤ ਤੋਂ ਆਏ ਸ਼ਹੀਦ ਦੇ ਅਰਥ ਵੀ ਸਾਖੀ ਹੋਣਾ ਹੀ ਹਨ। ਸਾਖੀ ਨੂੰ ਅੰਗ੍ਰੇਜ਼ੀ ਵਿੱਚ ਵਿਟਨੈਸ ਆਖਦੇ ਹਾਂ।

ਜੋਤ ਹੋਣਾ ਅਤੇ ਜੋਤ ਦਾ ਸਾਖੀ ਬਚਨਾ ਪਰਮ ਰੌਸ਼ਨੀ ਦੇ ਹੀ ਦੋ ਪੱਖ ਹਨ। ਸਿੱਖ ਸ਼ਹਾਦਤ ਦੀ ਇਹ ਵਿਸ਼ੇਸ਼ਤਾ ਹੈ ਅਤੇ ਵਿਸ਼ਵ ਸ਼ਹਾਦਤ ਦੇ ਅਭਿਆਸ ਅਤੇ ਇਤਿਹਾਸ ਨੂੰ ਇਹ ਦੇਣ ਹੈ। ਕੇਵਲ ਵਿਅਕਤੀਤਵ ਮਿਟਾਉਣਤ ਜਾਂ ਫੱਨਾਹ ਹੋਣਾ ਇੱਥੇ ਕਾਫੀ ਨਹੀਂ। ਪਰਮ ਰੌਸ਼ਨੀ ਦੇ ਇਨਾਂ ਦੋਹਾਂ ਪੱਖਾਂ ਨੂੰ ਸਾਕਾਰ ਕਰਨਾ, ਸਫੋਦਿਤ ਕਰਨਾ, ਇਨਾਂ ਨਾਲ ਇਤਿਹਾਸ ਨੂੰ ਮੋੜਨਾ ਇਸ ਦੇ ਖਾਲੀਪਣ ਨੂੰ ਭਰਪੂਰ ਕਰਨਾ ਹੀ ਸਿੱਖ ਸ਼ਹਾਦਤ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵੀ ਇਨਾਂ ਵੱਡੇ ਅਰਥਾਂ ਵਿਚ ਹੀ ਸਮਝਣੀ ਚਾਹੀਦੀ ਹੈ। ਇਹ ਕੇਵਲ ਇਤਿਹਾਸਕ ਤੌਰ 'ਤੇ ਤੱਥ ਹੀ ਹੈ ਕਿ ਉਨਾਂ ਕੋਲ ਪ੍ਰਤਿਸ਼ਟ ਬ੍ਰਾਹਮਣ ਆਏ ਜਿਨਾਂ ਨੇ ਗੁਰੂ ਸਾਹਿਬ ਕੋਲ ਹਿੰਦੂ ਧਰਮ ਦੇ ਵਿਰੁੱਧ ਮੁਗ਼ਲਈ ਸਿਤਮ ਨਾਲ ਟਕਰਾਉਣ ਲਈ ਬੇਨਤੀ ਕੀਤੀ। ਕੈਲੀਫੋਰਨੀਆ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਨੋਇਲ ਕਿੰਗ ਇਹ ਕਿਹਾ ਕਰਦੇ ਹਨ ਕਿ ਮਨੁੱਖਤਾ ਦੇ ਇਤਿਹਾਸ ਵਿਚ ਮਨੁੱਖੀ ਅਧਿਕਾਰਾਂ ਲਈ ਦਿੱਤੀ ਪਹਿਲੀ ਸ਼ਹਾਦਤ ਸੀ। ਪਰ ਜੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ-ਅਭਿਵਾਨ ਅਤੇ ਦਰਸ਼ਨ ਨੂੰ ਜਾਣਿਆ ਜਾਵੇ ਤਾਂ ਉਨਾਂ ਦੀ ਸ਼ਹਾਦਤ ਵੀ ਕੋਈ ਜਨੇਊ ਬਚਾਉਣ ਅਤੇ ਹਿੰਦੂ ਧਰਮ ਦੀ ਰੱਖਿਆ ਤੱਕ ਹੀ ਸੀਮਿਤ ਨਹੀਂ। ਅਸਲ ਮੰਤਵ ਵਿਸ਼ਾਲ ਅਤੇ ਵਿਸਮਾਦੀ ਹੀ ਹੈ। ਜੋ ਲਖਸ਼ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਦੁਹਰਾਇਆ ਹੈ, ਉਹ 'ਜੀਵਨ ਮੁਕਤਿ' ਹੋਣ ਦਾ ਹੈ ਜਿਸ ਲਈ 'ਮਾਨ ਅਤੇ ਮੋਹ' ਤਿਆਗ ਕੇ ਗੋਬਿੰਦ ਦੇ ਗੁਣ ਗਾਉਣੇ ਮਹੱਤਵ ਰੱਖਦੇ ਹਨ। 'ਗਾਵੈ' ਉਨਾਂ ਅਰਥਾਂ ਵਿਚ ਹੀ ਹੈ ਜਿਨਾਂ ਵਿੱਚ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਵਰਤਿਆ ਹੈ। ਜਗਤ ਜ਼ਰੂਰ 'ਸੁਪਨਾ' ਹੈ ਪਰ ਕੇਵਲ ਰਾਮ ਦੇ ਪ੍ਰਸੰਗ ਵਿੱਚ। ਰਾਗ ਗਉੜੀ ਵਿੱਚ ਰਚਨਾ ਦੀ ਵਿਚਿੱਤਰਤਾ ਅਤੇ ਰਾਮ ਦੇ 'ਅਚਰਜ' ਹੋਣ ਬਾਰੇ ਉਨਾਂ ਦਾ ਅਨੁਭਵ ਅਤੇ ਪ੍ਰਕਾਸ਼ ਦੂਜੇ ਗੁਰੂ ਸਾਹਿਬਾਨ ਵਾਂਗ ਹੀ ਵਿਸਮਾਦੀ ਹਨ :

ਸਾਧੋ ਰਚਨਾ ਰਾਮ ਬਨਾਈ॥
ਇਕਿ ਬਿਨਸੈ ਇਕ ਅਸਥਿਰੁ ਲਖਿਓ ਨਾ ਜਾਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੯)

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਕ-ਭਾਵੀ ਨਹੀਂ। ਉਨਾਂ ਦੇ ਪ੍ਰਮੁੱਖ ਥੀਮ ਵੀ ਕਈ ਹਨ, ਜਿਵੇਂ ਦੁੱਖ, ਸੁੱਖ, ਮਨੋ ਚਕਿਤਸਾ, ਨਾਮ, ਗੋਬਿੰਦ, ਥਿਰਤਾ, ਅਥਿਰਤਾ ਆਦਿ। ਪਰ ਇਨਾਂ ਦਾ ਪ੍ਰਕਾਸ਼ ਅਨੇਕ ਮੁਖੀ ਹੈ, ਭਾਵਾਂ ਦੀ ਵਿਚਿੱਤਰਤਾ ਅਤੇ ਜੀਵਨ ਦੇ ਵਿਸਮਾਦ ਨਾਲ ਜੁੜਿਆ ਹੋਇਆ ਹੈ ਜਿਸ ਕਾਰਨ ਉਨਾਂ ਦੀ ਬਾਣੀ ਨੂੰ ਹੇਠ ਲਿਖੇ ਰਾਗਾਂ ਵਿਚ ਗਾਉਣ ਦਾ ਆਦੇਸ਼ ਹੈ : ਗਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਜੈਤਸਰੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ।

ਇਸ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਮਾਰਗ ਅਤੇ ਦਰਸ਼ਨ ਵੀ ਓਨਾ ਹੀ ਵਿਸ਼ਾਲ ਸੀ ਅਤੇ ਉਹੀ ਵਿਸਮਾਦ ਕੇਂਦਰਿਤ ਸੀ ਜੋ ਦੂਜੇ ਗੁਰੂ ਸਾਹਿਬਾਨ ਦਾ। ਉਨਾਂ ਦੀ ਸ਼ਹਾਦਤ ਕੇਵਲ ਇੱਕ ਧਰਮ ਲਈ ਨਹੀਂ ਸੀ, ਸਗੋਂ ਉਸ ਵਿਚਿੱਤਰਤਾ ਭਰਪੂਰ ਭਿੰਨਤਾ ਮੁਖੀ ਜੀਵਨ ਯਥਾਰਥ ਨੂੰ ਸੁਰੱਖਿਅਤ ਬਣਾਉਣ ਲਈ ਸੀ ਜਿਸ ਵਿਚ ਇੱਕ ਧਰਮ ਦਾ ਦਮਨ ਬ੍ਰਹਮੰਡੀ ਜੀਵਨ ਦੀ ਅਵੱਗਿਆ ਸੀ। ਮਨੁੱਖੀ ਅਧਿਕਾਰ, ਗੁਰੂ ਸਾਹਿਬ ਲਈ, ਵਿਸ਼ਾਲ ਜੀਵਨ-ਪ੍ਰਵਾਹ ਨਾਲੋਂ ਤੋੜ ਕੇ ਨਹੀਂ ਵੇਖੇ ਜਾ ਸਕਦੇ। ਉਨਾਂ ਦੀ ਦ੍ਰਿਸ਼ਟੀ ਤੋਂ ਕੋਈ ਵੀ ਅਧਿਕਾਰ ਬ੍ਰਹਮਤਾ ਤੋਂ ਅਲੱਗ ਨਹੀਂ ਹੋ ਸਕਦਾ।

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ, ਉੱਦਾਤ ਸ਼ਹਾਦਤ ਦਾ ਇੱਕ ਰੂਪ ਹੈ। ਦੂਜਾ ਰੂਪ ਗੁਰੂ ਗੋਬਿੰਦ ਸਿੰਘ ਜੀ ਦੀਆਂ ਦਸਮ ਗ੍ਰੰਥ ਵਿਚ ਸੰਕਲਿਤ ਰਚਨਾਵਾਂ ਉਜਾਗਰ ਕਰਦੀਆਂ ਹਨ। ਖੜਗਧਾਰੀ ਹੋ ਕੇ ਵੀ ਉੱਦਾਤ ਸ਼ਹਾਦਤ ਦਿੱਤੀ ਜਾ ਸਕਦੀ ਹੈ ਇਸ ਲਈ ਖੜਗ ਨੂੰ ਅਕਾਲ ਪੁਰਖ ਦਾ ਰੂਪ ਸਵੀਕਾਰ ਕਰਨਾ ਪਵੇਗਾ ਅਤੇ ਅਕਾਲ ਪੁਰਖ ਸਿੱਖ ਸਿਧਾਂਤ ਅਤੇ ਅਨੁਭਵ ਅਨੁਸਾਰ ਵਿਸਮਾਦੀ ਹੈ, ਕਾਇਨਾਤ ਦੀ ਕੁੱਲ ਜੀਵਿਤ ਅਤੇ ਪਦਾਰਥਕ ਅਸਲੀਅਤ ਦਾ ਸਿਰਜਨਹਾਰ ਹੈ, ਵਿਚਿੱਤਰਤਾ ਦਾ ਕਰਤਾ ਹੈ। ਅਜਿਹੀ ਖੜਗ ਜਲਾਲਧਾਰੀ ਹੈ, 'ਭਾਨੁ ਪ੍ਰਭੰ' ਹੈ। ਇਹ ਸੂਰਜੀ ਜਲਾਲ ਅਕਾਲਪੁਰਖ ਦੀ ਜੋਤ ਹੈ। ਖੜਗ ਧਾਰਨਾ, ਇਨਾਂ ਅਰਥਾਂ ਵਿੱਚ ਜੋਤ ਨਾਲ ਮਿਲਣਾ ਹੀ ਹੈ। ਇਸੇ ਕਾਰਨ ਖੜਗ ਦੇ ਚੱਲਣ ਨੂੰ 'ਸ੍ਰਿਸ਼ਟਿ ਉਬਾਰ' ਲਈ ਗਤੀਸ਼ੀਲ ਖੜਗ ਆਖਿਆ ਗਿਆ ਹੈ। ਇਹ ਜੋਤ ਵਰਤਾਰਾ ਹੀ ਹੈ।

**ਬਾਕੀ ਸਫ਼ਾ 30 'ਤੇ**

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-2**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

ਇਤਿਹਾਸ ਲੜੀ ਨੰਬਰ-3

ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ
ਤਿਆਰ ਕਰਤਾ -
ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

ਪ੍ਰਸ਼ਨ-1. ਪੰਜਾਬ ਕਿਹੜੀ ਭਾਸ਼ਾ ਦੇ ਦੋ ਪੰਜ ਅਤੇ ਆਬ ਸ਼ਬਦਾਂ ਦਾ ਮੇਲ ਹੈ ?
(ੳ) ਹਿੰਦੀ (ਅ) ਫ਼ਾਰਸੀ (ੲ) ਉਰਦੂ (ਸ) ਉਪਰੋਕਤ ਸਾਰੇ

ਪ੍ਰਸ਼ਨ-2. ਪੰਜਾਬ ਸ਼ਬਦ ਤੋਂ ਕੀ ਭਾਵ ਹੈ ?
(ੳ) ਦੋ ਦਰਿਆਵਾਂ ਦੀ ਧਰਤੀ (ਅ) ਤਿੰਨ ਦਰਿਆਵਾਂ ਦੀ ਧਰਤੀ
(ੲ) ਚਾਰ ਦਰਿਆਵਾਂ ਦੀ ਧਰਤੀ (ਸ) ਪੰਜ ਦਰਿਆਵਾਂ ਦੀ ਧਰਤੀ

ਪ੍ਰਸ਼ਨ-3. ਆਬ ਦਾ ਕੀ ਅਰਥ ਹੈ ?

(ੳ) ਪਾਣੀ (ਅ) ਦਰਿਆ (ੲ) ਉਪਰੋਕਤ ਦੋਵੇਂ (ਸ) ਸਿਰਫ ਪਾਣੀ

ਪ੍ਰਸ਼ਨ -4. ਰਿਗਵੈਦਿਕ ਕਾਲ ਵਿੱਚ ਪੰਜਾਬ ਨੂੰ ਕਿਸ ਨਾਮ ਨਾਲ ਜਾਣਿਆਂ ਜਾਂਦਾ ਸੀ ?

(ੳ) ਸਪਤ ਸਿੰਧੂ (ਅ) ਪੰਚਨਦ (ੲ) ਲਾਹੌਰ ਰਾਜ (ਸ) ਟੱਕ ਦੇਸ਼

ਪ੍ਰਸ਼ਨ-5. ਮੱਧਕਾਲ ਵਿੱਚ ਪੰਜਾਬ ਨੂੰ ਕੀ ਨਾਮ ਦਿੱਤਾ ਸੀ ?
(ੳ)ਸਪਤ ਸਿੰਧੂ (ਅ) ਪੰਚਨਦ (ੲ)ਲਾਹੌਰ ਸੂਬਾ ( ਸ) ਟੱਕ ਦੇਸ਼

ਪ੍ਰਸ਼ਨ -6. ਅੰਗਰੇਜਾਂ ਨੇ ਪੰਜਾਬ ਨੂੰ ਕੀ ਨਾਮ ਦਿੱਤਾ ?

(ੳ) ਸਪਤ ਸਿੰਧੂ (ਅ) ਪੰਜਾਬ ਪ੍ਰਾਂਤ (ੲ) ਲਾਹੌਰ ਸੂਬਾ ( ਸ) ਟੱਕ ਦੇਸ਼

ਪ੍ਰਸ਼ਨ-7. ਰਣਜੀਤ ਸਿੰਘ ਦੇ ਸਮੇਂ ਪੰਜਾਬ ਨੂੰ ਕੀ ਨਾਮ ਦਿੱਤਾ ਗਿਆ ਸੀ ?
(ੳ) ਸਪਤ ਸਿੰਧੂ (ਅ) ਲਾਹੌਰ ਪ੍ਰਾਂਤ (ੲ) ਲਾਹੌਰ ਸੂਬਾ ( ਸ) ਲਾਹੌਰ ਰਾਜ

ਪ੍ਰਸ਼ਨ-8. ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਮ ਦਿੱਤਾ ?
(ੳ) ਸਪਤ ਸਿੰਧੂ (ਅ) ਪੈਟਾਪੋਟਾਮੀਆਂ (ੲ) ਲਾਹੌਰ ਸੂਬਾ (ਸ) ਟੱਕ ਦੇਸ਼

ਪ੍ਰਸ਼ਨ -9. ਵਿਤਸਤਾ ਕਿਸ ਦਰਿਆ ਦਾ ਪ੍ਰਾਚੀਨ ਨਾਂ ਹੈ ?
(ੳ) ਜੇਹਲਮ (ਅ) ਸਤਲੁਜ ੲ) ਚਨਾਬ (ਸ) ਸਤੁਦਰੀ

ਪ੍ਰਸ਼ਨ -10. ਰਾਵੀ ਦਾ ਪ੍ਰਾਚੀਨ ਨਾਂ ਕੀ ਹੈ ?
(ੳ) ਵਿਆਸ (ਅ) ਪਰੁਸ਼ਨੀ (ੲ) ਸਤੁਦਰੀ
(ਸ) ਅਧਿਕਨੀ

ਪ੍ਰਸ਼ਨ-11. ਮਹਾਂਭਾਰਤ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ ਕੀ ਨਾਮ ਦਿੱਤਾ ਗਿਆ ?

(ੳ) ਸਪਤ ਸਿੰਧੂ (ਅ) ਪੰਚਨਦ (ੲ) ਲਾਹੌਰ ਰਾਜ (ਸ) ਟੱਕ ਦੇਸ਼

ਪ੍ਰਸ਼ਨ-12. ਪੰਜਾਬ ਨੂੰ ਬ੍ਰਿਟਿਸ਼ ਰਾਜ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ ਸੀ ?
(ੳ) 1848 (ਅ) 1849 (ੲ) 1850 (ਸ) 1853

ਪ੍ਰਸ਼ਨ -13. ਪੰਜਾਬ ਦਾ ਵਿਘਟਨ ਕਦੋਂ ਸ਼ੁਰੂ ਹੋਇਆ ਸੀ ?
(ੳ) 1848 (ਅ) 1849 (ੲ) 1901 (ਸ) 1911

ਪ੍ਰਸ਼ਨ-14. ਦਿੱਲੀ ਨੂੰ ਪੰਜਾਬ ਤੋਂ ਵੱਖ ਕਰਕੇ ਭਾਰਤ ਦੀ ਰਾਜਧਾਨੀ ਕਦੋਂ ਬਣਾਇਆ ਗਿਆ ?
(ੳ) 1901 (ਅ) 1911 (ੲ) 1935 (ਸ) 1947

ਪ੍ਰਸ਼ਨ-15. ਭਾਸ਼ਾ ਦੇ ਅਧਾਰ 'ਤੇ ਪੰਜਾਬ ਦੀ ਵੰਡ ਕਦੋਂ ਕੀਤੀ ਗਈ ਸੀ ?
(ੳ) 1945 (ਅ) 1947 (ੲ) 1965 (ਸ) 1966

ਪ੍ਰਸ਼ਨ-16. ਨਵਾਂ ਸ਼ਹਿਰ ਦਾ ਨਾਂ ਸ਼ਹੀਦ ਭਗਤ ਸਿੰਘ ਨਗਰ ਕਦੋਂ ਰੱਖ ਦਿੱਤਾ ਗਿਆ ਸੀ ?

(ੳ) 2001 (ਅ) 2005 (ੲ) 2008 (ਸ) 2014

ਪ੍ਰਸ਼ਨ-17. 2006 ਵਿੱਚ ਬਰਨਾਲਾ ਜ਼ਿਲਾ ਨੂੰ ਕਿੰਨਵਾਂ ਜ਼ਿਲਾ ਘੋਸ਼ਿਤ ਕੀਤਾ ਗਿਆ ਸੀ ?
(ੳ)12ਵਾਂ (ਅ) 15ਵਾਂ (ੲ) 18ਵਾਂ (ਸ) 20ਵਾਂ

ਪ੍ਰਸ਼ਨ -18. ਪੰਜਾਬ ਦੇ ਉੱਤਰ-ਪੱਛਮ ਵਿੱਚ ਸਥਿਤ ਸਭ ਤੋਂ ਪ੍ਰਸਿੱਧ ਦੱਰਾ ਕਿਹੜਾ ਹੈ ?
(ੳ) ਖ਼ੈਬਰ (ਅ) ਟੋਚੀ (ੲ)ਕੁਰਮ (ਸ) ਬੋਲਾਨ

ਪ੍ਰਸ਼ਨ-19. ਹਿਮਾਲਿਆ ਪਰਬਤ ਦੀ ਉੱਚੀ ਚੋਟੀ ਦਾ ਨਾਂ ਕੀ ਹੈ ?
(ੳ) ਨੰਦਾ ਦੇਵੀ (ਅ) ਮਾਊਂਟ ਐਵਰੇਸਟ (ੲ) ਕੇ. 2 (ਸ) ਕੰਚਨ ਜੰਗਾ

ਪ੍ਰਸ਼ਨ-20. ਹਿਮਾਲਿਆ ਤੋਂ ਕੀ ਭਾਵ ਹੈ ?

(ੳ) ਬਰਫ਼ ਦਾ ਘਰ (ੲ) ਸਮੁੰਦਰ ਦਾ ਘਰ (ੲ) ਘਾਹ ਦਾ ਘਰ (ਸ) ਉਪਰੋਕਤ ਸਾਰੇ

ਪ੍ਰਸ਼ਨ.21. ਪੰਚਨਦ ਤੋਂ ਕੀ ਭਾਵ ਹੈ ?

ੳ) ਦੋ ਨਦੀਆਂ (ਅ) ਤਿੰਨ ਨਦੀਆਂ (ੲ) ਚਾਰ ਨਦੀਆਂ (ਸ) ਪੰਜ ਨਦੀਆਂ

ਪ੍ਰਸ਼ਨ 22. ਪੈਟਾਪੋਟਾਮੀਆਂ ਤੋਂ ਕੀ ਭਾਵ ਹੈ ?
ੳ) ਇੱਕ ਦਰਿਆ (ਅ) ਤਿੰਨ ਨਦੀਆਂ (ੲ)ਪੰਜ ਦਰਿਆ (ਸ) ਛੇ ਦਰਿਆ

ਪ੍ਰਸ਼ਨ-23. ਭਾਰਤ ਦਾ ਪ੍ਰਵੇਸ਼ ਦੁਆਰ ਕਿਸ ਨੂੰ ਕਿਹਾ ਜਾਂਦਾ ਹੈ ?

ੳ) ਦਿੱਲੀ (ਅ) ਪੰਜਾਬ (ੲ) ਮੱਧ ਪ੍ਰਦੇਸ਼ (ਸ) ਉੱਤਰ ਪ੍ਰਦੇਸ਼

ਪ੍ਰਸ਼ਨ-24. ਸਭ ਤੋਂ ਜ਼ਿਆਦਾ ਵਿਦੇਸ਼ੀ ਹਮਲੇ ਕਿਸ ਦੱਰੇ ਰਾਹੀਂ ਹੋਏ ?
(ੳ)ਖ਼ੈਬਰ (ਅ) ਟੋਚੀ (ੲ)ਕੁਰਮ (ਸ) ਬੋਲਾਨ

ਪ੍ਰਸ਼ਨ-25. ਤਰਾਈ ਪ੍ਰਦੇਸ਼ ਕਿਸਨੂੰ ਕਿਹਾ ਜਾਂਦਾ ਹੈ ?
(ੳ) ਦੋ ਦਰਿਆਵਾਂ ਵਿਚਕਾਰਲਾ ਇਲਾਕੇ ਨੂੰ (ਅ) ਪਹਾੜੀਆਂ ਅਤੇ ਮੈਦਾਨੀ ਭਾਗ ਵਿਚਕਾਰਲੇ ਇਲਾਕੇ ਨੂੰ (ੲ) ਰਾਵੀ ਤੇ ਬਿਆਸ ਵਿਚਕਾਰਲਾ ਇਲਾਕੇ ਨੂੰ (ਸ) ਉਪਰੋਕਤ ਸਾਰੇ

**ਉੱਤਰ ਮਾਲਾ** -1. ਅ 2. ਸ 3. ੲ 4. ੳ 5. ੲ 6. ਅ 7. ਸ 8.ਅ 9.ੳ 10.ਅ 11. ਅ 12. ਅ 13. ੲ 14.ਅ 15.ਸ 16.ੲ, 17.ਸ 18.ੳ 19.ਅ 20.ੳ 21.ਸ 22.ੲ 23.ਅ 24.ੳ 25.ਅ

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ : 25**

ਅਹਿਮਦ ਸ਼ਾਹ ਅਬਦਾਲੀ ਸਰਹਿੰਦ ਹੁੰਦਾ ਹੋਇਆ 3 ਮਾਰਚ ਨੂੰ ਲਾਹੌਰ ਪਹੁੰਚਿਆ। ਇਹ ਪਹਿਲਾ ਮੌਕਾ ਸੀ ਜਦੋਂ ਉਸਨੇ ਸਤਿਲੁਜ ਤੇ ਬਿਆਸ ਆਰਾਮ ਨਾਲ ਪਾਰ ਕੀਤੇ। ਸਿੱਖਾਂ ਨੇ ਉਸਨੂੰ ਕਿਤੇ ਵੀ ਪ੍ਰੇਸ਼ਾਨ ਨਹੀਂ ਕੀਤਾ ਤੇ ਉਸਦਾ ਪਿੱਛਾ ਨਹੀਂ ਲੁੱਟਿਆ। ਉਹ ਖ਼ੁਸ਼ ਸੀ ਤੇ ਉਸਨੇ ਆਪਣੇ ਵਜ਼ੀਰ ਵਲੀ ਖ਼ਾਂ ਨੂੰ ਕਿਹਾ, 'ਪਤਾ ਨਹੀਂ ਕਿਹੜੀਆਂ ਖੁੱਡਾਂ ਵਿਚ ਜਾ ਲੁਕੇ ਨੇ। ਕਿਤੇ ਇਕ ਵੀ ਸਿੱਖ ਨਜ਼ਰ ਨਹੀਂ ਆਇਆ।' ਉਹ ਇਕ ਛਿਣ ਰੁਕਿਆ ਤੇ ਫੇਰ ਸੁਰ ਬਦਲ ਕੇ ਅੱਗੇ ਕਹਿਣ ਲੱਗਾ, 'ਫੇਰ ਵੀ, ਇਹ ਫਤਹਿ ਉਹ ਫਤਹਿ ਨਹੀਂ ਜਿਸਦੀ ਮੈਨੂੰ ਤਮੰਨਾ ਸੀ। ਮੈਂ ਚਾਹੁੰਦਾ ਸਾਂ ਕਿ ਇਹਨਾਂ ਸਿੱਖ ਸਰਦਾਰਾਂ ਦੀਆਂ ਲਾਸ਼ਾਂ ਮੈਦਾਨ ਵਿਚ ਤੜਫਦੀਆਂ ਦਿਖਾਈ ਦੇਂਦੀਆਂ ਜਾਂ ਫੇਰ ਜੰਜੀਰਾਂ ਵਿਚ ਜਕੜੇ ਹੋਏ ਉਹ ਮੇਰੇ ਸਾਹਮਣੇ ਖੜੇ ਹੁੰਦੇ। ਅੱਗਿਓਂ ਘੇਰਿਆ ਨਹੀਂ ਜਾ ਸਕਿਆ ਤੇ ਨਿਕਲ ਗਏ।'

'ਜਹਾਂਪਨਾਹ! ਉਨਾਂ ਦੀ ਬਹਾਦੁਰੀ ਤੇ ਹੌਸਲੇ ਦੀ ਦਾਦ ਦੇਣੀ ਪਏਗੀ। ਲੜਦੇ-ਲੜਦੇ ਭੱਜਣਾ ਤੇ ਭੱਜਦੇ-ਭੱਜਦੇ ਪਲਟ-ਪਲਟ ਕੇ ਲੜਨਾ, ਇਸਦਾ ਵੀ ਜਵਾਬ ਨਹੀਂ।' ਵਜ਼ੀਰ ਨੇ ਜਿਹੜਾ ਖ਼ੁਦ ਇਕ ਬਹਾਦੁਰ ਜਰਨੈਲ ਸੀ, ਗੱਲ ਨਾਲ ਗੱਲ ਮੇਲੀ।

'ਬੇਸ਼ੱਕ, ਬੇਸ਼ੱਕ।' ਅਬਦਾਲੀ ਨੇ ਉਦਾਰ ਭਾਵ ਨਾਲ ਮੁਸਕਰਾ ਕੇ ਸਮਰਥਨ ਕੀਤਾ ਤੇ ਸਿਰ ਹਿਲਾਇਆ। 'ਪਰ ਹੁਣ ਅਸੀਂ ਜਵਾਬ ਪੈਦਾ ਕਰਨਾ ਏਂ ਤੇ ਸਿੱਖਾਂ ਨੂੰ ਦੱਸ ਦੇਣਾ ਏਂ ਕਿ ਹੁਣ ਉਨਾਂ ਦਾ ਵਾਸਤਾ ਮੁਗਲਾਂ ਨਾਲ ਨਹੀਂ, ਦੁਰਾਨੀ ਨਾਲ ਏ। ਮੈਂ ਜਦ ਤਕ ਜਵਾਬ ਪੈਦਾ ਨਹੀਂ ਕਰ ਲੈਂਦਾ ਤੇ ਇਨਾਂ ਜ਼ਹਿਰੀਲੇ ਸੱਪਾਂ ਦਾ ਸਿਰ ਨਹੀ ਫੇਹ ਦੇਂਦਾ, ਇੱਥੋਂ ਵਾਪਸ ਨਹੀਂ ਜਾਵਾਂਗਾ।' ਉਸਨੇ ਤਲਵਾਰ ਦੀ ਮੁੱਠ ਉੱਤੇ ਹੱਥ ਰੱਖਿਆ ਜਿਵੇਂ ਇਰਾਦੇ ਨੂੰ ਅਮਲ ਵਿਚ ਲਿਆਉਣ ਦੀ ਸੌਂ ਖਾ ਰਿਹਾ ਹੋਏ।

ਵਜ਼ੀਰ ਵਲੀ ਖ਼ਾਂ ਕੁਝ ਚਿਰ ਚੁੱਪ ਬੈਠਾ ਆਪਣੇ ਬਾਦਸ਼ਾਹ ਦੇ ਮੂੰਹ ਵੱਲ ਦੇਖਦਾ ਰਿਹਾ ਤੇ ਫੇਰ ਹੌਲੀ ਜਿਹੀ ਬੋਲਿਆ, 'ਪਰ ਉਧਰ ਬਾਲਾ ਹਿਸਾਰ ਵਿਚ ਵੀ ਤੁਹਾਡਾ ਮੌਜੂਦ ਰਹਿਣਾ ਲਾਜ਼ਮੀਂ ਹੈ। ਤੁਹਾਡੀ ਗੈਰ ਮੌਜੂਦਗੀ ਵਿਚ ਕੌਣ ਜਾਣੇ ਉੱਥੇ ਕੀ ਹੋ ਜਾਏ।'

'ਕੋਈ ਫ਼ਿਕਰ ਨਹੀਂ। ਤੁਸੀਂ ਖ਼ਬਰਾਂ ਦਾ ਸਿਲਸਿਲਾ ਮਜ਼ਬੂਤ ਤੇ ਦਰੁਸਤ ਬਣਾਈ ਰੱਖੋ। ਉਧਰ ਜੋ ਹੋਏਗਾ ਦੇਖ ਲਵਾਂਗੇ। ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਸਾਡੇ ਹੱਥ ਵਿਚ ਹੈ। ਇੱਥੋਂ ਦਿੱਲੀ ਤਕ ਇਕ ਬਹੁਤ ਵੱਡੀ ਬਿਸਾਤ ਸਾਡੇ ਸਾਹਮਣੇ ਵਿਛੀ ਹੋਈ ਏ ਤੇ ਸਾਨੂੰ ਇਸ ਉਪਰ ਆਪਣੇ ਮੋਹਰੇ ਇੰਜ ਫਿੱਟ ਕਰਨੇ ਪੈਣੇ ਨੇ ਕਿ ਸੋਨੇ ਦੇ ਆਂਡੇ ਦੇਣ ਵਾਲੀ ਇਸ ਮੁਰਗੀ ਉੱਤੇ ਸਾਡੀ ਪਕੜ ਮਜ਼ਬੂਤ ਬਣੀ ਰਹੇ...ਤੇ ਆਂਡੇ ਕਾਬੁਲ ਪਹੁੰਚਦੇ ਰਹਿਣ। ਬਾਲਾ ਹਿਸਾਰ ਦੀ ਸ਼ਾਨ ਨੂੰ ਚਾਰ ਚੰਦ ਤਦ ਈ ਲੱਗਣਗੇ, ਜਦ ਸਾਡੀ ਜਨਤਾ ਨੂੰ ਐਸ਼ੋ-ਆਰਾਮ ਦਾ ਜੀਵਨ ਮਿਲੇਗਾ, ਤੇ ਫੇਰ ਹੀ ਅਸੀਂ ਬਾਦਸ਼ਾਹ ਅਖਵਾਉਣ ਦੇ ਹੱਕਦਾਰ ਹੋਵਾਂਗੇ।'

ਵਜ਼ੀਰ ਚੁੱਪ ਰਿਹਾ ਤੇ ਅਬਦਾਲੀ ਨੇ ਬਿਸਾਤ ਉਪਰ ਮੋਹਰੇ ਬਿਠਾਉਣ ਦਾ ਕੰਮ ਵਿੱਢ ਦਿੱਤਾ। ਹਿੰਦੁਸਤਾਨ ਵਿਚ ਉਸਦੇ ਜਿੰਨੇ ਬਗਲੀ-ਬੱਚੇ ਸਨ, ਉਹਨਾਂ ਸਾਰਿਆਂ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਆਪਣੇ ਪ੍ਰਤੀਨਿੱਧ ਲਾਹੌਰ ਭੇਜਣ ਤਾਂ ਕਿ ਪ੍ਰਸ਼ਾਸਨੀ ਪ੍ਰਬੰਧ ਨੂੰ ਇਕ ਨਿਯਮਬੱਧ ਰੂਪ ਦਿੱਤਾ ਜਾਏ ਤੇ ਆਰਥਿਕ ਸਾਧਨਾ ਨੂੰ ਮੁੜ ਕੜੀ-ਬੱਧ ਕੀਤਾ ਜਾਏ। ਜੈਨ ਖ਼ਾਂ ਨੂੰ ਪਹਿਲਾਂ ਹੀ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ ਸੀ। ਦਿੱਲੀ ਦੇ ਨੁਮਾਇੰਦੇ ਨਜੀਬੁਦੌਲਾ ਤੇ ਯਾਕੂਬ ਅਲੀ ਖ਼ਾਂ ਨੂੰ ਜਿਹੜੇ ਉਸਦੇ ਨਾਲ ਆਏ ਸਨ, ਉਨਾਂ ਨਾਲ ਗੱਲਬਾਤ ਕਰਕੇ ਆਲਮਗੀਰ ਦੂਜੇ ਨੂੰ ਬਾਦਸ਼ਾਹ ਦੀ ਸਨਦ ਦੇ ਦਿੱਤੀ ਗਈ ਤੇ ਸ਼ੁਜਾਉਦੌਲਾ ਨੂੰ ਵਜ਼ੀਰ ਨਿਯੁਕਤ ਕਰ ਦਿੱਤਾ ਗਿਆ। ਤੈਅ ਹੋਇਆ ਕਿ ਦਿੱਲੀ ਕਾਬੁਲ ਨੂੰ ਚਾਲੀ ਲੱਖ ਰੁਪਏ ਸਾਲਾਨਾ ਰਾਜਸਵ ਦਿਆ ਕਰੇਗੀ। ਫੇਰ ਪੰਜਾਬ ਦੇ ਸਾਰੇ ਰਾਜਿਆਂ, ਨਵਾਬਾਂ ਤੇ ਜਾਗੀਰਦਾਰਾਂ ਨੂੰ ਲਾਹੌਰ ਬੁਲਾਇਆ ਗਿਆ ਤੇ ਉਨਾਂ ਨਾਲ ਸਲਾਹ ਮਸ਼ਵਰਾ ਕਰਕੇ ਸਿੱਖਾਂ ਨੂੰ ਕੁਚਲ ਦੇਣ ਦੀ ਯੋਜਨਾ ਤਿਆਰ ਕੀਤੀ ਗਈ।

'ਹਜ਼ੂਰ ਮੇਰੀ ਇਕ ਰਾਏ ਹੈ।' ਯੋਜਨਾ ਬਣ ਜਾਣ ਪਿੱਛੋਂ ਵਜ਼ੀਰ ਵਲੀ ਖ਼ਾਂ ਨੇ ਕਿਹਾ।

'ਕੀ?'

'ਕਿ ਮਰਾਠਿਆਂ ਵੱਲ ਦੀ ਦੋਸਤੀ ਦਾ ਹੱਥ ਵਧਾਇਆ ਜਾਏ, ਵਰਨਾ ਉਹ ਸਿੱਖਾਂ ਦੀ ਮਦਦ ਕਰ ਸਕਦੇ ਨੇ।'

'ਦਰੁਸਤ ਫਰਮਾਇਆ।' ਦੁਰਾਨੀ ਨੇ, ਜਿਹੜਾ ਇਕ ਕੁਸ਼ਲ ਕੂਟਨੀਤਕ ਸੀ ਤੇ ਦੁਸ਼ਮਣ ਨੂੰ ਵੀ ਦੋਸਤ ਬਣਾਉਣਾ ਜਾਣਦਾ ਸੀ, ਵਜ਼ੀਰ ਦਾ ਸਮਰਥਨ ਕੀਤਾ।

ਬਾਦਸ਼ਾਹ ਨੇ ਆਪਣੇ ਵਜ਼ੀਰ ਦੀ ਸਲਾਹ ਨਾਲ ਖਿਲਅਤ, ਹੀਰੇ-ਜਵਾਹਰ, ਕੁਝ ਘੋੜੇ ਤੇ ਇਕ ਹਾਥੀ ਦੇ ਕੇ ਪੇਸ਼ਵਾ ਕੋਲ ਆਪਣਾ ਦੂਤ ਭੇਜ ਦਿੱਤਾ ਤੇ ਉਸਦੇ ਹੱਥ ਵਿਚ ਪਰਵਾਨਾ ਵੀ ਭੇਜਿਆ, ਜਿਸ ਉਪਰ ਕੇਸਰ ਨਾਲ ਪੰਜੇ ਦਾ ਨਿਸ਼ਾਨ ਲਾ ਕੇ ਮਰਾਠਿਆਂ ਦੀ ਰਾਜਸੱਤਾ ਨੂੰ ਪ੍ਰਵਾਨ ਕੀਤਾ ਗਿਆ ਸੀ। ਸਿੱਟਾ ਇਹ ਕਿ ਦੋਸਤਾਨਾਂ ਸੰਬੰਧ ਕਾਇਮ ਹੋ ਗਏ ਤੇ ਮਰਾਠਿਆਂ ਦਾ ਰਾਜਦੂਤ ਲਾਹੌਰ ਵਿਚ ਰਹਿਣ ਲੱਗ ਪਿਆ।

ਅਬਦਾਲੀ ਦੇ ਲਾਹੌਰ ਪਹੁੰਚਣ ਤੋਂ ਸਵਾ ਮਹੀਨਾ ਬਾਅਦ 10 ਅਪ੍ਰੈਲ 1761 ਦੀ ਵਿਸਾਖੀ ਆਈ। ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਜੋੜ ਮੇਲਾ ਭਰਦਾ ਹੁੰਦਾ ਸੀ। ਅਹਿਮਦ ਸ਼ਾਹ ਮੇਲੇ ਤੋਂ ਇਕ ਦਿਨ ਪਹਿਲਾਂ ਹੀ ਬਹੁਤ ਵੱਡੀ ਫ਼ੌਜ ਲੈ ਕੇ ਉੱਥੇ ਜਾ ਪਹੁੰਚਿਆ। ਉਸਨੇ ਹਰਿਮੰਦਰ ਤੇ ਉਸ ਦੇ ਆਸੇ ਪਾਸੇ ਬਣੇ ਮਕਾਨਾ ਨੂੰ ਬਾਰੂਦ ਨਾਲ ਉਡਾ ਦਿੱਤਾ। ਹਰਿਮੰਦਰ ਤੇ ਮਕਾਨਾ ਦੇ ਮਲਬੇ ਨਾਲ ਸਰੋਵਰ ਪੂਰ ਕਰਵਾ ਕੇ ਉਸ ਉਪਰ ਹਲ ਚਲਵਾ ਦਿੱਤਾ।

ਆਪਣਾ ਇਹ ਕਰਿਸ਼ਮਾਂ ਦੇਖ ਕੇ ਅਬਦਾਲੀ ਨੇ ਸੁਖ ਦਾ ਸਾਹ ਲਿਆ ਤੇ ਵਲੀ ਖ਼ਾਂ ਵੱਲ ਦੇਖਦਿਆਂ ਹੋਇਆਂ ਸਥਿਰ ਆਵਾਜ਼ ਵਿਚ ਕਿਹਾ, 'ਮੈਂ ਸਿੱਖਾਂ ਦੇ ਈਮਾਨ ਨੂੰ ਮਿੱਟੀ ਵਿਚ ਮਿਲਾ ਦਿੱਤਾ ਏ-ਹੁਣ ਇਹ ਮੰਦਰ ਤੇ ਇਹ ਤਲਾਅ ਮੇਰੀ ਜ਼ਿੰਦਗੀ ਵਿਚ ਦੁਬਾਰਾ ਨਹੀਂ ਬਣ ਸਕਣਗੇ।'

ਕੁਪ ਦੀ ਲੜਾਈ ਵਿਚੋਂ ਜਿਹੜੇ ਸਿੱਖ ਬਚ ਨਿਕਲੇ ਸਨ, ਉਹ ਮਾਲਵੇ ਵਿਚ ਬਠਿੰਡਾ, ਕੋਟਕਪੂਰਾ ਤੇ ਫਰੀਦਕੋਟ ਵੱਲ ਚਲੇ ਗਏ ਸਨ। ਉਨਾਂ ਵਿਚ ਕੋਈ ਵੀ ਅਜਿਹਾ ਨਹੀਂ ਸੀ ਜਿਹੜਾ ਜ਼ਖ਼ਮੀ ਨਾ ਹੋਏ। ਉਹ ਟੋਲਿਆਂ ਵਿਚ ਵੰਡ ਕੇ ਆਪੋ ਆਪਣੇ ਫੱਟਾਂ ਦੀ ਦੁਆ-ਦਾਰੂ ਕਰ ਰਹੇ ਸਨ। ਜਦੋਂ ਉਨਾਂ ਨੂੰ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਬੇਅਦਬੀ ਦਾ ਸਮਾਚਾਰ ਮਿਲਿਆਂ ਤਾਂ ਉਨਾਂ ਦਾ ਖ਼ੂਨ ਉਬਾਲੇ ਖਾਣ ਲੱਗ ਪਿਆ। ਉਹ ਤਲਵਾਰਾਂ ਦੀ ਛਾਂ ਵਿਚ ਪਲੇ ਲੋਕ ਸਨ ਤੇ ਪਿੱਛਲੇ ਪੰਜਾਹ ਵਰਿਆਂ ਵਿਚ ਅਜਿਹੇ ਕਈ ਕਤਲੇਆਮ ਦੇਖ ਚੁੱਕੇ ਸਨ। ਉਨਾਂ ਨੂੰ ਆਪਣੇ ਪ੍ਰਾਣਾਂ ਦੀ ਪ੍ਰਵਾਹ ਨਹੀਂ ਸੀ, ਉਹ ਆਪਣੇ ਧਰਮ ਸਥਾਨ ਦੀ ਬੇ-ਇੱਜਤੀ ਬਰਦਾਸ਼ਤ ਨਹੀਂ ਕਰ ਸਕੇ। ਇਹ ਸਮਾਚਾਰ ਸੁਣਦਿਆਂ ਹੀ ਮੁਕਤਸਰ ਵਿਚ ਇਕੱਠੇ ਹੋਏ। ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਦੀਵਾਨ ਸਜਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਖਾਲਸਾ ਨੂੰ ਸੰਬੋਧਤ ਕਰਦਿਆਂ ਹੋਇਆਂ ਕਿਹਾ, 'ਹਰਿਮੰਦਰ ਤੇ ਸਰੋਵਰ ਦੀ ਬੇਅਦਬੀ ਕਰਨ ਵਾਲੇ ਅਹਿਮਦ ਸ਼ਾਹ ਦੁਰਾਨੀ ਨੂੰ ਅਸੀਂ ਦੱਸ ਦੇਣਾ ਏਂ ਕਿ ਜਿਸ ਨੂੰ ਉਹ ਆਪਣੀ ਜਿੱਤ ਸਮਝਦਾ ਏ, ਉਹ ਖਾਲਸੇ ਦੀ ਹਾਰ ਨਹੀਂ। ਖ਼ੂੰਖਾਰ ਦੁਸ਼ਮਣ ਦੇ ਅਚਾਨਕ ਹਮਲੇ ਤੇ ਤੋਪਾਂ ਦੇ ਮੂੰਹੋਂ ਬਚ ਕੇ ਨਿਕਲ ਜਾਣਾ ਖਾਲਸੇ ਦੀ ਹਾਰ ਨਹੀਂ, ਜਿੱਤ ਹੈ। ਦੁਸ਼ਮਣ ਤਾਦਾਦ ਵਿਚ ਵੀ ਜ਼ਿਆਦਾ ਸਨ ਤੇ ਉਨਾਂ ਕੋਲ ਹਥਿਆਰ ਵੀ ਸਾਥੋਂ ਕਿਤੇ ਵਧੀਆ ਸਨ। ਇਸ ਦੇ ਬਾਵਜੂਦ ਅਸੀਂ ਲੜੇ, ਜੀ ਤੋੜ ਕੇ ਲੜੇ ਤੇ ਦੁਸ਼ਮਣ ਦੇ ਛੱਕੇ ਛੁਡਾਅ ਦਿੱਤੇ। ਅਸੀਂ ਸਿਰਫ ਲੜਨਾ ਹੀ ਨਹੀਂ ਸੀ ਆਪਣੀ ਵਹੀਰ ਦੀ ਹਿਫ਼ਾਜਤ ਵੀ ਕਰਨੀ ਸੀ। ਜੇ ਵਹੀਰ ਨਾਲ ਨਾ ਹੁੰਦੀ ਤਾਂ ਖਾਲਸਾ ਉਹ ਹੱਥ ਦਿਖਾਉਂਦਾ ਕਿ ਦੁਰਾਨੀ ਮੈਦਾਨ ਛੱਡ ਕੇ ਭੱਜ ਖੜਾ ਹੁੰਦਾ। ਖਾਲਸੇ ਦੇ ਹੱਥ ਉਹ ਹੁਣ ਵੀ ਦੇਖੇਗਾ। ਅਸੀਂ ਉਸ ਤੋਂ ਕੁਪ ਦੇ ਕਤਲੇਆਮ ਤੇ ਦਰਬਾਰ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲਵਾਂਗੇ...ਤੇ ਅਜਿਹਾ ਬਦਲਾ ਲਵਾਂਗੇ ਕਿ ਉਹ ਕਾਬੁਲ ਵੱਲ ਦੌੜਿਆ ਜਾਂਦਾ ਨਜ਼ਰ ਆਏਗਾ।'

'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥' ਦੇ ਜਿਹੜੇ ਜੈਕਾਰੇ ਲੱਗੇ ਉਹਨਾਂ ਵਿਚ ਰੋਸਾ, ਗੁੱਸਾ ਤੇ ਨਫ਼ਰਤ ਏਨੀ ਸੀ, ਜਿੰਨਾ ਹੌਂਸਲਾ ਤੇ ਮਾਣ। ਕੁਪ ਦਾ ਘੱਲੂਘਾਰਾ ਅਜਿਹੀ ਕੁਠਾਲੀ ਸੀ, ਜਿਸ ਵਿਚੋਂ ਖਾਲਸਾ ਕੁੰਦਨ ਬਣ ਕੇ ਨਿਕਲਿਆ ਸੀ। ਇਹੀ ਗੱਲ ਇਕ ਨਿਹੰਗ ਸਿੰਘ ਆਪਣੀ ਭਾਸ਼ਾ ਤੇ ਉੱਚੇ ਸੁਰਾਂ ਵਿਚ ਇੰਜ ਕਹਿ ਰਿਹਾ ਸੀ- 'ਤੱਤ ਖਾਲਸੇ ਸੋ ਰਹਯੋ ਗਯੋ ਜੋ ਖੋਟ ਗੰਵਾਈ।'

(ਖਾਲਸ ਖਾਲਸਾ ਜਿਵੇਂ ਦੀ ਤਿਵੇਂ ਮੌਜੂਦ ਹੈ, ਮੋਹ ਮਾਇਆ ਦੀ ਜਿਹੜੀ ਨਸ਼ਵਰ ਮੂਰਤੀ ਸੀ, ਉਹ ਅਲੋਪ ਹੋ ਗਈ।)

ਘੱਲੂਘਾਰੇ ਦੇ ਤਿੰਨ ਮਹੀਨੇ ਬਾਅਦ ਹੀ ਖਾਲਸੇ ਦੀਆਂ ਗਤੀਵਿਧੀਆਂ ਮੁੜ ਚਾਲੂ ਹੋ ਗਈਆਂ। ਗੁਰਮਤਾ ਪਾਸ ਕੀਤਾ ਗਿਆ ਕਿ ਪਹਿਲਾਂ ਸਰਹਿੰਦ ਦੇ ਫ਼ੌਜਦਾਰ ਜੈਨ ਖ਼ਾਂ ਨਾਲ ਨਿਬੜਿਆ ਜਾਏ, ਕਿਉਂਕਿ ਘੱਲੂਘਾਰੇ ਵਿਚ ਉਸਨੇ ਸਿੱਖਾਂ ਨੂੰ ਬੜਾ ਨੁਕਸਾਨ ਪਹੁੰਚਾਇਆ ਸੀ ਤੇ ਉਹ ਨੇੜੇ ਵੀ ਸੀ। ਜ਼ਖ਼ਮ ਅਜੇ ਭਰੇ ਨਹੀਂ ਸਨ ਤੇ ਹੋਰ ਅਹਿਮਦ ਸ਼ਾਹ ਲਾਹੌਰ ਵਿਚ ਮੌਜੂਦ ਸੀ। ਇਸ ਦੇ ਬਾਵਜੂਦ ਸਿੱਖਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਮਈ 1762 ਨੂੰ ਸਰਹਿੰਦ ਉੱਤੇ ਅਚਾਨਕ ਹੱਲਾ ਬੋਲ ਦਿੱਤਾ। ਜੈਨ ਖ਼ਾਂ ਨੂੰ ਅਜਿਹੀ ਕਰਾਰੀ ਹਾਰ ਹੋਈ ਕਿ ਉਸਨੇ ਜਾਨ ਬਚਾਉਣ ਲਈ ਪੰਜਾਹ ਹਜ਼ਾਰ ਰੁਪਏ ਦਾ ਨਜ਼ਰਾਨਾ ਦਿੱਤਾ।

ਸਖ਼ਤ ਗਰਮੀ ਤੇ ਲੂ ਕਰਕੇ ਅਬਦਾਲੀ ਲਾਹੌਰ ਤੋਂ ਕਲਾਨੂਰ ਚਲਾ ਗਿਆ ਸੀ। ਉਹ ਜੈਨ ਖ਼ਾਂ ਦੀ ਮਦਦ ਲਈ ਨਹੀਂ ਆ ਸਕਿਆ। ਜੁਲਾਈ ਤੇ ਅਗਸਤ ਵਿਚ ਬਰਸਾਤਾਂ ਕਰਕੇ ਨਦੀਆਂ ਵਿਚ ਹੜ ਆ ਗਿਆ। ਸਿੱਖਾਂ ਨੇ ਇਸਦਾ ਲਾਭ ਉਠਾਇਆ, ਹਰ ਜਗਾ ਉਥਲ-ਪੁਥਲ ਮਚਾ ਦਿੱਤੀ। ਅਬਦਾਲੀ ਦੀ ਫੌਜ ਉਨਾਂ ਦਾ ਪਿੱਛਾ ਕਰਨ ਵਿਚ ਅਸਮਰਥ ਸੀ। ਪੰਜਾਬ ਵਿਚ ਜਿਹੜੇ ਜ਼ਿਮੀਂਦਾਰ ਸਨ...ਅਵੱਲ ਤਾਂ ਸਿੱਖਾਂ ਨਾਲ ਮੁਕਾਬਲਾ ਕਰਨ ਦਾ ਹੌਸਲਾ ਨਹੀਂ ਸਨ ਕਰਦੇ ਤੇ ਜੇ ਕਿਤੇ ਕਰਦੇ ਵੀ ਸਨ ਤਾਂ ਆਸਾਨੀ ਨਾਲ ਹਰਾ ਦਿੱਤੇ ਜਾਂਦੇ ਸਨ। ਇਧਰ ਸਿੱਖਾਂ ਦੀਆਂ ਸਰਗਰਮੀਆਂ ਵਧ ਰਹੀਆਂ ਸਨ ਉਧਰ ਅਫ਼ਗਾਨ ਸਿਪਾਹੀਆਂ ਨੇ ਲੁੱਟ ਮਚਾਈ ਹੋਈ ਸੀ। ਅਨਾਜ ਦੇ ਭਾਅ ਕਾਫੀ ਵਧ ਗਏ ਸਨ ਤੇ ਲੋਕਾਂ ਦਾ ਜਿਊਣਾ ਬੜਾ ਦੁਭਰ ਹੋ ਗਿਆ ਸੀ।

ਦੁਰਾਨੀ ਬੜਾ ਪ੍ਰੇਸ਼ਾਨ ਹੋਇਆ। ਉਸਨੇ ਆਪਣੇ ਅਫ਼ਗਾਨ ਸਰਦਾਰਾਂ ਨੂੰ ਸਿੱਖਾਂ ਪਿੱਛੇ ਦੌੜਾਇਆ। ਉਸਦੇ ਸਰਦਾਰ ਸਿੱਖਾਂ ਨੂੰ ਹਮਲੇ ਕਰਨ ਤੋਂ ਰੋਕ ਨਹੀਂ ਸਕੇ। ਜੇ ਕਦੀ ਕੋਈ ਸਿੱਖ ਇਕੱਲਾ ਦੁਕੱਲਾ ਇਹਨਾਂ ਦੇ ਹੱਥ ਲੱਗ ਜਾਂਦਾ ਤਾਂ ਉਹ ਉਸਨੂੰ ਹਥਿਆਰ ਸੁੱਟ ਦੇਣ ਲਈ ਕਹਿੰਦੇ ਤੇ ਉਹ ਨਿੱਡਰ ਭਾਵ ਨਾਲ ਉਤਰ ਦੇਂਦਾ, 'ਨਹੀਂ ਮੈਂ ਆਪਣੇ ਸ਼ਸਤਰ ਨਹੀਂ ਸੁੱਟਾਂਗਾ। ਸ਼ਸਤਰਾਂ ਸਜਿਆ ਹੋਣਾ ਹੀ ਖਾਲਸੇ ਦੀ ਪਛਾਣ ਹੈ।'

ਲਗਾਤਾਰ ਮਿਲੀਆਂ ਸਫਲਤਾਵਾਂ ਨੇ ਸਿੱਖਾਂ ਦੇ ਹੌਸਲੇ ਵਧਾ ਦਿੱਤੇ ਸਨ। ਜੱਸਾ ਸਿੰਘ ਆਹਲੂਵਾਲੀਆ ਨੇ ਸਾਰੇ ਮਿਸਲਦਾਰਾਂ ਨੂੰ ਇਕੱਠਾ ਕੀਤਾ ਤੇ ਦਲ ਖਾਲਸਾ ਦੁਬਾਰਾ ਜਲੰਧਰ ਉੱਤੇ ਟੁੱਟ ਪਿਆ। ਜਿੰਨਾਂ ਪਿੰਡਾਂ ਨੇ ਦੁਸਮਣ ਦਾ ਸਾਥ ਦਿੱਤਾ ਸੀ, ਸਿੱਖਾਂ ਨੇ ਸਿਰਫ ਉਨਾਂ ਨੂੰ ਲੁੱਟਿਆ। ਇਸ ਲੁੱਟ ਵਿਚ ਧਨ, ਘੋੜੇ, ਅਨਾਜ ਤੇ ਬਹੁਤ ਸਾਰਾ ਹੋਰ ਸਾਮਾਨ ਹੱਥ ਲੱਗਿਆ। ਉਹ ਫੇਰ ਮਾਲਵੇ ਦੇ ਟਿੱਬਿਆਂ ਵੱਲ ਨਿਕਲ ਗਏ।

ਦੀਵਾਲੀ ਨੇੜੇ ਆ ਰਹੀ ਸੀ। ਖਾਲਸੇ ਨੇ ਅੰਮ੍ਰਿਤਸਰ ਜਾ ਕੇ ਮਨਾਉਣ ਦਾ ਫੈਸਲਾ ਕੀਤਾ ਤੇ ਤਿਆਰੀਆਂ ਸ਼ੁਰੂ ਕਰ ਦਿੱਤੀ। ਉਹ ਸਤਲੁਜ ਪਾਰ ਕਰਕੇ ਕਰਨਾਲ ਤੇ ਪਾਨੀਪਤ ਦੇ ਨੇੜੇ ਜਾ ਪਹੁੰਚੇ। 25 ਅਗਸਤ ਤੋਂ 24 ਸਤੰਬਰ ਤਕ ਉੱਥੇ ਹੀ ਰਹੇ। 17 ਅਕਤੂਬਰ ਦੀ ਦੀਵਾਲੀ ਸੀ। ਹਰ ਪਾਸੇ ਸੁਨੇਹੇ ਭੇਜ ਦਿੱਤੇ ਗਏ ਕਿ ਉਸ ਦਿਨ ਸਿੱਖ ਵੱਧ ਤੋਂ ਵੱਧ ਤਾਦਾਦ ਵਿਚ ਅੰਮ੍ਰਿਤਸਰ ਪਹੁੰਚਣ ਤੇ ਸਿਰਾਂ ਉੱਤੇ ਕਫ਼ਨ ਬੰਨ ਕੇ ਆਉਣ, ਕਿਉਂਕਿ ਦੁਰਾਨੀ ਨਾਲ ਦੋ ਦੋ ਹੱਥ ਹੋਣਗੇ।

24 ਸਤੰਬਰ ਨੂੰ 60 ਹਜ਼ਾਰ ਸਿੱਖ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਉਨਾਂ ਵਿਚੋਂ ਵਧੇਰਿਆਂ ਦੇ ਸਰੀਰ ਉੱਤੇ ਕਈ ਕਈ ਜ਼ਖ਼ਮਾਂ ਦੇ ਨਿਸ਼ਾਨ ਸਨ। ਉਹ ਦੀਵਾਲੀ ਤੋਂ ਇਕ ਦਿਨ ਪਹਿਲਾਂ ਅੰਮ੍ਰਿਤਸਰ ਜਾ ਪਹੁੰਚੇ। ਹਰਿਮੰਦਰ ਦਾ ਮਲਵਾ ਤੇ ਸਰੋਵਰ ਦੀ ਬੇਅਦਬੀ ਦੇਖ ਕੇ ਉਨਾਂ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਮਨੁੱਖ ਸਥੂਲਤਾ ਤੇ ਸੂਖਮਤਾ ਦਾ, ਨੀਚਤਾ ਤੇ ਸ਼ਰੇਸਟਾ, ਬੁਜ਼ਦਿਲੀ ਤੇ ਸਾਹਸ ਦਾ ਮਿਸ਼ਰਣ ਹੈ। ਸਿੱਖਾਂ ਨੇ ਕੂਪ ਦੀ ਹਾਰ ਦਾ ਬਦਲਾ ਲੈਣਾ ਸੀ ਤੇ ਪੰਥ ਦੀ ਆਨ ਤੇ ਸ਼ਾਨ ਦੀ ਖਾਤਰ ਜਾਨ ਉਪਰ ਖੇਡ ਜਾਣਾ ਸੀ। ਦੀਵਾਲੀ ਵਾਲੇ ਦਿਨ ਪੂਰਨ ਸੂਰਜ ਗ੍ਰਹਿਣ ਵੀ ਲੱਗਣਾ ਸੀ। ਦੁਸ਼ਮਣ ਤੋਂ ਬਦਲਾ ਲੈਣ ਤੇ ਪੰਥ ਦੇ ਸਨਮਾਨ ਲਈ ਜਾਨ 'ਤੇ ਖੇਡ ਜਾਣ ਲਈ ਇਹ ਇਕ ਸ਼ੁਭ ਮੌਕਾ ਸੀ। ਖਾਲਸੇ ਨੇ ਸਹੁੰ ਚੁੱਕੀ- 'ਹੁਣ ਅਬਦਾਲੀ ਨੇ ਹਮਲਾ ਕੀਤਾ ਤਾਂ ਅਸੀਂ ਉਸਦੀ ਫੌਜ ਨੂੰ ਵੱਢ ਦਿਆਂਗੇ। ਇਕ ਅਫ਼ਗਾਨ ਨੂੰ ਜਿਉਂਦਾ ਨਹੀਂ ਰਹਿਣ ਦੇਣਾ।' ਅਹਿਮਦ ਸ਼ਾਹ ਅਬਦਾਲੀ ਇਸ ਸਮੇਂ ਲਾਹੌਰ ਵਿਚ ਸੀ। ਉਹ ਇਹ ਸਮਾਚਾਰ ਸੁਣ ਕੇ ਹੈਰਾਨ ਰਹਿ ਗਿਆ। ਉਸਨੂੰ ਉੱਕਾ ਹੀ ਉਮੀਦ ਨਹੀਂ ਸੀ ਕਿ ਕੂਪ ਦੀ ਲੜਾਈ ਵਿਚ ਸਿੱਖਾਂ ਨੂੰ ਜਿਹੜੀ ਮਾਰ ਪਈ ਹੈ, ਉਸ ਪਿੱਛੋਂ ਉਹ ਏਨੀ ਛੇਤੀ ਸੰਭਲ ਜਾਣਗੇ ਤੇ ਏਡੀ ਵੱਡੀ ਗਿਣਤੀ ਵਿਚ ਮੁਕਾਬਲੇ ਲਈ ਆ ਡਟਣਗੇ। ਉਸ ਕੋਲ ਇਸ ਸਮੇਂ ਜਿੰਨੀ ਫੌਜ ਸੀ, ਉਹ ਬੜੀ ਥੋੜੀ ਸੀ। ਕਾਰਨ ਇਹ ਕਿ ਕੂਪ ਦੀ ਲੜਾਈ ਵਿਚ ਉਸਦੇ ਵੀ ਬਹੁਤ ਸਾਰੇ ਸਿਪਾਹੀ ਮਾਰੇ ਗਏ ਸਨ। ਜਿਹੜੇ ਬਚੇ ਸਨ, ਉਨਾਂ ਵਿਚੋਂ ਕੁਝ ਤਾਂ ਪਿੰਡਾਂ ਵਿਚ ਘੁੰਮ ਰਹੇ ਸਨ ਤੇ ਫੌਜ ਦਾ ਵੱਡਾ ਹਿੱਸਾ ਕਸ਼ਮੀਰ ਦੀ ਮੁਹਿੰਮ ਤੇ ਚਲਾ ਗਿਆ ਸੀ। ਸਮਾਂ ਏਨਾ ਘੱਟ ਸੀ ਕਿ ਮੁਲਤਾਨ, ਜਲੰਧਰ ਤੇ ਸਰਹਿੰਦ ਦੇ ਫੌਜਦਾਰਾਂ ਨੂੰ ਵੀ ਮਦਦ ਲਈ ਨਹੀਂ ਸੀ ਬੁਲਾਇਆ ਜਾ ਸਕਦਾ। ਅਬਦਾਲੀ ਨੇ ਵਜ਼ੀਰ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ।

'ਇਹ ਸਿੱਖ ਤਾਂ ਬੜੇ ਸਖ਼ਤ ਜਾਨ ਨੇ ਬਈ...ਏਨੀ ਛੇਤੀ ਫੇਰ ਆ ਧਮਕੇ।' ਅਬਦਾਲੀ ਨੇ ਗੱਲ ਸ਼ੁਰੂ ਕੀਤੀ।

'ਜੀ ਇਸ ਵਿਚ ਕੋਈ ਸ਼ੱਕ ਨਹੀਂ...ਉਹ ਬੜੇ ਸਖ਼ਤ ਜਾਨ ਨੇ।' ਵਜ਼ੀਰ ਨੇ ਉਤਰ ਦਿੱਤਾ।

'ਫੇਰ ਹੁਣ ਕੀ ਕੀਤਾ ਜਾਏ? ਆਪਣੀ ਜੋ ਹਾਲਤ ਏ, ਉਹ ਤਾਂ ਤੁਸੀਂ ਦੇਖ ਈ ਰਹੇ ਓ।'

'ਕੁਝ ਵੀ ਹੋਏ, ਲੜੇ ਬਗ਼ੈਰ ਕੋਈ ਚਾਰਾ ਨਹੀਂ। ਜੇ ਅਸੀਂ ਨਹੀਂ ਲੜਾਂਗੇ ਤਾਂ ਉਨਾਂ ਦਾ ਹੌਂਸਲਾ ਹੋਰ ਵੀ ਵਧੇਗਾ ਤੇ ਉਹ ਲਾਹੌਰ ਉੱਤੇ ਚੜ੍ਹ ਆਉਣਗੇ।'

'ਮੈਂ ਸੋਚ ਰਿਹਾਂ ਕਿ ਮੌਕਾ ਸੰਭਾਲਨ ਲਈ ਆਰਜੀ ਤੌਰ 'ਤੇ ਸਮਝੌਤਾ ਕਰ ਲਿਆ ਜਾਏ।'

'ਸਮਝੌਤਾ ਵੀ ਤਾਂ ਹੀ ਹੋਏਗਾ, ਜੇ ਉਹ ਰਜ਼ਾਮੰਦ ਹੋਣਗੇ। ਇਕ ਹੱਥ ਨਾਲ ਤਾਂ ਤਾੜੀ ਨਹੀਂ ਵੱਜਣੀ।'

'ਯਕੀਨਨ ਤਾੜੀ ਦੋਹਾਂ ਹੱਥਾਂ ਨਾਲ ਹੀ ਵੱਜੇਗੀ ਤੇ ਵੱਜੇਗੀ ਵੀ ਜ਼ਰੂਰ। ਅਸੀਂ ਉਹਨਾਂ ਸਾਹਵੇਂ ਇਹ ਤਜ਼ਵੀਜ ਰੱਖਾਂਗੇ ਕਿ ਜੇ ਉਹ ਸਾਡੀ ਰਿਆਇਆ ਬਨਣਾ ਮੰਜ਼ੂਰ ਕਰ ਲੈਣ ਤੇ ਸਾਨੂੰ ਖ਼ਿਰਾਜਤ ਭੇਜਦੇ ਰਹਿਣ ਤਾਂ ਅਸੀਂ ਪੰਜਾਬ ਉਹਨਾਂ ਦੇ ਹਵਾਲੇ ਕਰ ਦੇਣ ਲਈ ਤਿਆਰ ਹਾਂ। ਇਸ ਤਰਾਂ ਉਹਨਾਂ ਦੀ ਗੱਲ ਵੀ ਰਹਿ ਜਾਏਗੀ ਤੇ ਸਾਡੀ ਵੀ। ਇਹ ਸੁਲਾਹ ਆਰਜੀ ਨਹੀਂ, ਹਮੇਸ਼ਾ ਲਈ ਪੱਕੀ ਵੀ ਹੋ ਸਕਦੀ ਹੈ।' ਅਬਦਾਲੀ ਨੇ ਇਕ ਇਕ ਸ਼ਬਦ ਉੱਤੇ ਜ਼ੋਰ ਦਿੱਤਾ ਤੇ ਵਜ਼ੀਰ ਦੀ ਰਾਏ ਜਾਨਣ ਲਈ ਨਜ਼ਰਾਂ ਉਸਦੇ ਚਿਹਰੇ ਉੱਤੇ ਗੱਡ ਦਿੱਤੀਆਂ।

ਕੁਝ ਪਲ ਮੌਨ ਵਿਚ ਬੀਤੇ। ਵਲੀ ਖ਼ਾਂ ਗੰਭੀਰ ਭਾਵ ਬੈਠਾ ਕੁਝ ਸੋਚਦਾ ਰਿਹਾ। ਅਖ਼ੀਰ ਉਸਨੇ ਹੌਲੀ ਜਿਹੀ ਸਿਰ ਹਿਲਾ ਕੇ ਕਿਹਾ- 'ਕੋਸ਼ਿਸ਼ ਕਰ ਲਓ...ਪਰ ਉਮੀਦ ਘੱਟ ਹੀ ਹੈ।' ਅਨੁਭਵੀ ਵਜ਼ੀਰ ਸਾਫ ਸਾਫ ਗੱਲ ਕਹਿ ਦੇਣ ਦਾ ਆਦੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਸੁਲਾਹ ਦੀ ਗੱਲ ਕਰਨ ਲਈ ਆਪਣਾ ਏਲਚੀ ਅੰਮ੍ਰਿਤਸਰ ਭੇਜਿਆ। ਪਰ ਸਿੱਖ ਕਿਸੇ ਵੀ ਕੀਮਤ 'ਤੇ ਸੁਲਾਹ ਕਰਨ ਲਈ ਤਿਆਰ ਨਹੀਂ ਸਨ। ਹਰਿਮੰਦਰ ਤੇ ਸਰੋਵਰ ਦੀ ਬੇਅਦਬੀ ਨੇ ਉਨਾਂ ਦੇ ਕਰੋਧ ਦੀ ਅੱਗ ਨੂੰ ਪ੍ਰਚੰਡ ਕਰ ਦਿੱਤਾ ਸੀ ਤੇ ਉਹ ਅਬਦਾਲੀ ਤੋਂ ਬਦਲਾ ਲੈਣ ਦੀ ਧਾਰੀ ਬੈਠੇ ਸਨ। ਕੁਝ ਸਿੱਖਾਂ ਨੇ ਏਲਚੀ ਤੇ ਉਸਦੇ ਸਾਥੀਆਂ ਦਾ ਮਾਲ ਸਾਮਾਨ ਖੋਹ ਕੇ ਉਨਾਂ ਨੂੰ ਉੱਥੋਂ ਭਜਾ ਦਿੱਤਾ। ਅਬਦਾਲੀ ਲਈ ਹੁਣ ਚੁੱਪ ਬਹਿਣਾ ਮੁਸ਼ਕਲ ਸੀ। ਉਸਨੇ ਤੁਰੰਤ ਅੰਮ੍ਰਿਤਸਰ ਉੱਤੇ ਚੜਾਈ ਕਰ ਦਿੱਤੀ ਤੇ ਦੀਵਾਲੀ ਤੋਂ ਇਕ ਦਿਨ ਪਹਿਲਾਂ 16 ਅਕਤੂਬਰ ਦੀ ਸ਼ਾਮ ਨੂੰ ਸ਼ਹਿਰ ਦੇ ਨੇੜੇ ਡੇਰੇ ਆ ਲਾਏ।

ਅਗਲੇ ਦਿਨ ਪਹੁ-ਫੁਟਾਲੇ ਦੇ ਨਾਲ ਹੀ ਸਿੱਖਾਂ ਨੇ ਦੁਸ਼ਮਣ ਉੱਤੇ ਹਮਲਾ ਕਰ ਦਿੱਤਾ। ਅਗੋਂ ਦੁਰਾਨੀ ਵੀ ਲੜਨ ਆਏ ਸਨ, ਘਮਾਸਾਨ ਮੱਚ ਗਿਆ। ਸਿੱਖਾਂ ਨੂੰ ਦੂਹਰਾ ਗੁੱਸਾ ਸੀ। ਇਕ ਘੱਲੂਘਾਰੇ ਦਾ ਤੇ ਦੂਜਾ ਹਰਿਮੰਦਰ ਦੀ ਬੇਅਦਬੀ ਦਾ। ਲੜਾਈ ਉਨਾਂ ਖ਼ੁਦ ਸਹੇੜੀ ਸੀ ਤੇ ਉਹ ਸ਼ਹੀਦੀਆਂ ਦੇਣ ਲਈ ਸਿਰ ਹੱਥੇਲੀਆਂ ਉੱਤੇ ਰੱਖ ਕੇ ਆਏ ਸਨ। ਅਜਿਹੇ ਜਾਨ 'ਤੇ ਖੇਡ ਜਾਣ ਵਾਲੇ ਸੂਰਿਆਂ ਨਾਲ ਦੁਰਾਨੀਆਂ ਦਾ ਪਹਿਲੀ ਵੇਰ ਟਾਕਰਾ ਹੋਇਆ ਸੀ। ਉਨਾਂ ਦੀ ਭੂਤਨੀ ਭੁੱਲ ਗਈ। ਲੜਾਈ ਚੱਲ ਹੀ ਰਹੀ ਸੀ ਕਿ ਪੂਰਣ ਸੂਰਜ ਗ੍ਰਹਿਣ ਲੱਗ ਗਿਆ ਤੇ ਏਨਾ ਹਨੇਰਾ ਹੋ ਗਿਆ ਕਿ ਦਿਨੇ ਤਾਰੇ ਨਿਕਲ ਆਏ। ਅੱਗੇ ਰਾਤ ਵੀ ਮੱਸਿਆ ਦੀ ਸੀ। ਹਨੇਰਾ ਹੋਰ ਗੂੜ੍ਹਾ ਹੋ ਗਿਆ ਤੇ ਲੜਾਈ ਬੰਦ ਹੋ ਗਈ। ਦੋਹੇਂ ਸੈਨਾਵਾਂ ਆਪੋ ਆਪਣੇ ਖ਼ੇਮਿਆਂ ਵਿਚ ਚਲੀਆਂ ਗਈਆਂ।

ਸਵੇਰ ਹੋਈ ਤਾਂ ਪਤਾ ਲੱਗਿਆ ਕਿ ਦੁਰਾਨੀ ਰਾਤ ਦੇ ਹਨੇਰੇ ਵਿਚ ਲਾਹੌਰ ਪਰਤ ਗਏ ਹਨ। ਸਿੱਖਾਂ ਨਾਲ ਦੁਬਾਰਾ ਖੁੱਲੀ ਟੱਕਰ ਨਹੀਂ ਹੋ ਸਕੀ।

ਇਸ ਪਿੱਛੋਂ ਅਬਦਾਲੀ ਦੋ ਮਹੀਨੇ ਲਾਹੌਰ ਵਿਚ ਰੁਕਿਆ ਤੇ ਪੰਜਾਬ ਵਿਚ ਆਪਣੀ ਸਥਿਤੀ ਠੀਕ ਕੀਤੀ। ਕਾਂਗੜੇ ਦੇ ਰਾਜੇ ਘੁਮੰਡ ਚੰਦ ਨੂੰ ਰਾਜੇ ਦਾ ਖ਼ਿਤਾਬ ਦਿੱਤਾ ਤੇ ਬਿਆਸ ਤੋਂ ਸਤਲੁਜ ਤਕ ਦੇ ਪਹਾੜੀ ਇਲਾਕੇ ਦਾ ਪ੍ਰਬੰਧ ਉਸਦੇ ਅਧੀਨ ਕਰ ਦਿੱਤਾ। ਸਆਦਤ ਯਾਰ ਖ਼ਾਂ ਨੂੰ ਜਲੰਧਰ ਦੁਆਬੇ ਦਾ ਤੇ ਮੁਰਾਦ ਖ਼ਾਂ ਨੂੰ ਬਾਰੀ ਦੁਆਬੇ ਦਾ ਹਾਕਮ ਥਾਪ ਦਿੱਤਾ। ਜਹਾਨ ਖ਼ਾਂ, ਜਿਹੜਾ ਪੇਸ਼ਾਵਰ ਦਾ ਹਾਕਮ ਸੀ, ਉਸਦੇ ਅਧਿਕਾਰ ਦੀ ਸੀਮਾ ਰਚਨਾ ਦੁਆਬੇ ਤੇ ਸਿੱਧ ਦੁਆਬੇ ਤਕ ਵਧਾ ਦਿੱਤੀ ਗਈ। ਲਾਹੌਰ ਦਾ ਹਾਕਮ ਕਾਬੁਲੀ ਮੱਲ ਨੂੰ ਤੇ ਕਸ਼ਮੀਰ ਦਾ ਨੂਰੁਦੀਨ ਵਾਮੇਜਈ ਨੂੰ ਬਣਾ ਦਿੱਤਾ ਗਿਆ। ਉਧਰ ਅਫ਼ਗਾਨਿਸਤਾਨ ਵਿਚ ਗੜਬੜੀ ਦੀਆਂ ਖ਼ਬਰਾਂ ਆ ਰਹੀਆਂ ਸਨ। ਬਾਲਾ ਹਿਸਾਰ ਦੀ ਸੁਰੱਖਿਆ ਖ਼ਤਰੇ ਵਿਚ ਸੀ, ਇਸ ਲਈ ਉਸਦਾ ਉੱਥੇ ਪਹੁੰਚਣਾ ਜ਼ਰੂਰੀ ਹੋ ਗਿਆ ਸੀ। ਸੋ 12 ਦਸੰਬਰ 1762 ਨੂੰ ਉਹ ਲਾਹੌਰ ਤੋਂ ਕਾਬੁਲ ਵੱਲ ਹੋ ਗਿਆ।

ਜਦੋਂ ਉਹ ਰਾਵੀ ਪਾਰ ਕਰ ਰਿਹਾ ਸੀ ਤਾਂ ਸਿੱਖਾਂ ਨੇ ਉਸ ਉੱਤੇ ਏਨੇ ਨੇੜੇ ਹੋ ਹੋ ਕੇ ਹਮਲੇ ਕੀਤੇ ਕਿ ਉਸਨੂੰ ਆਪਣੀ ਮਜ਼ਬੂਰੀ ਉੱਤੇ ਗੁੱਸਾ ਚੜਨ ਲੱਗ ਪਿਆ। ਪਿਸ਼ਾਵਰ ਤੋਂ ਦਿੱਲੀ ਤਕ ਪੱਕੇ ਇੰਤਜ਼ਾਮ ਕਰਨ ਦੀ ਜਿਹੜੀ ਯੋਜਨਾ ਉਸਨੇ ਬਣਾਈ ਸੀ, ਬੋਦੀ ਪੁਰਾਣੀ ਰੱਸੀ ਵਾਂਗ ਟੁੱਟਦੀ ਹੋਈ ਨਜ਼ਰ ਆਈ।

# 'ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੋਂ ਪਿਸਤੌਲ ਦਾ ਪ੍ਰਸ਼ਾਦਿ ਮੰਗਣ ਵਾਲਾ ਮਹਾਨ ਜੁਝਾਰੂ'

## ਖਾਲਿਸਤਾਨ ਦੀ ਜੰਗੇ ਅਜ਼ਾਦੀ ਦਾ ਸੂਰਬੀਰ ਯੋਧਾ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ

**ਲਵਪ੍ਰੀਤ ਕੌਰ**
**ਸਪੁੱਤਰੀ ਸ਼ਹੀਦ ਭਾਈ ਅਵਤਾਰ ਸਿੰਘ ਕੱਥੂਨੰਗਲ**

ਭਾਈ ਅਵਤਾਰ ਸਿੰਘ ਕੱਥੂਨੰਗਲ ਦਾ ਜਨਮ 11 ਅਗਸਤ 1968 ਨੂੰ ਮਾਤਾ ਮਨਜੀਤ ਕੌਰ ਦੀ ਕੁੱਖੋਂ, ਭਾਈ ਦਲਬੀਰ ਸਿੰਘ ਦੇ ਘਰ ਪਿੰਡ ਕੱਥੂਨੰਗਲ (ਬਾਬਾ ਬੁੱਢਾ ਸਾਹਿਬ ਦੇ ਜਨਮ ਅਸਥਾਨ) ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ ਸੀ। ਆਪ ਦੇ ਪਿਤਾ ਪੰਜਾਬ ਰੋਡਵੇਜ ਵਿੱਚ ਬੱਸ ਡਰਾਈਵਰ ਸਨ ਤੇ ਹੋਰ ਕਿੱਤਾ ਖੇਤੀਬਾੜੀ ਸੀ। ਅਵਤਾਰ ਸਿੰਘ ਹੋਰੀਂ ਦੋ ਭਰਾ ਸਨ। ਭਾਈ ਸਾਬ ਦੀ ਮੁੱਢਲੀ ਸਿੱਖਿਆ ਆਪਣੇ ਪਿੰਡ ਕੱਥੂਨੰਗਲ ਦੇ ਸਰਕਾਰੀ ਸਕੂਲ ਵਿਚ ਹੋਈ ਤੇ ਦਸਵੀਂ ਜਮਾਤ ਇਨਾਂ ਆਪਣੇ ਨਾਨਕੇ ਪਿੰਡ ਔਜਲਾ ਪਾਸ ਤੋਂ ਕੀਤੀ। ਜਦੋਂ ਇਹ ਪੜਦੇ ਸਨ ਤਾਂ ਸੰਤ ਬਾਬਾ ਜਰਨੈਲ ਸਿੰਘ ਹੋਰਾਂ ਦਾ ਖਾਸਾ ਪ੍ਰਭਾਵ ਹੋਣ ਕਰਕੇ ਉਨਾਂ ਦੀ ਸੰਗਤ ਕਰਨੀ ਸ਼ੁਰੂ ਕੀਤੀ। ਇੱਕ ਵਾਰ ਜਦੋਂ ਇਹ ਅੱਠਵੀਂ ਵਿਚ ਸਨ ਤਾਂ ਸੰਤਾਂ ਨਾਲ ਬਚਨ ਹੋਏ ਤਾਂ ਇਹ ਸੰਤਾਂ ਤੋਂ ਪ੍ਰਸਾਦਿ ਦੀ ਮੰਗ ਕਰਨ ਲੱਗੇ। ਸੰਤਾਂ ਨੇ ਕੜਾਹ ਪ੍ਰਸਾਦਿ ਦਿੱਤਾ। ਇਹ ਕਹਿਣ ਲੱਗੇ ਕਿ ਦੂਜਾ ਪ੍ਰਸਾਦਿ ਦਿਓ ਬਾਬਾ ਜੀ ਦੀ ਇਹ ਨਹੀਂ ਤਾਂ ਸੰਤ ਜੀ ਨੇ ਮੁੱਠ ਭਰਕੇ ਕਾਜੂ-ਬਦਾਮ ਦੇ ਦਿੱਤੇ ਤੇ ਫੇਰ ਇਹ ਕਹਿਣ ਲੱਗੇ ਬਾਬਾ ਜੀ ਇਹ ਪ੍ਰਸਾਦ ਨਹੀਂ ਲੈਣਾ। ਸੰਤਾਂ ਨੇ ਕਿਹਾ ਭਾਈ ਪ੍ਰਸ਼ਾਦ ਤਾਂ ਏਹੀ ਨੇ ਓਹ ਤੂੰ ਮਨਾ ਕਰੀ ਜਾ ਰਿਹਾਂ ਹੈ। ਸੰਤਾਂ ਦੇ ਗਲ਼ ਵਿੱਚ ਪਾਏ ਪਿਸਟਲ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਬਾਬਾ ਜੀ ਮੈਨੂੰ ਆਹ ਪ੍ਰਸਾਦਿ ਚਾਹੀਦਾ। ਸੰਤ ਜੀ ਕਹਿਣ ਲੱਗੇ ਇਹ ਪ੍ਰਸਾਦਿ ਸੰਭਾਲ ਲਵੇਂਗਾ ? ਤਾਂ ਏਨਾ ਕਿਹਾ ਬਾਬਾ ਜੀ ਆਪ ਦੀ ਕ੍ਰਿਪਾ ਸਦਕਾ ਸਾਂਭ ਵੀ ਲਊਂਗਾ ਅਤੇ ਵਰਤ ਵੀ ਲਵਾਂਗਾ। ਸੰਤਾਂ ਨੇ ਭਾਈ ਰਾਮ ਸਿੰਘ ਜਥੇਦਾਰ ਨੂੰ ਇਸ਼ਾਰਾ ਕਰਦਿਆਂ ਇਕ ਪਿਸਟਲ ਦੇਣ ਵਾਸਤੇ ਆਖ ਦਿੱਤਾ। ਜੋ ਆਪ ਨੇ ਘਰੇ ਲਿਆ ਕੇ ਘਰਦਿਆਂ ਤੋਂ ਚੋਰੀ ਚੌਲਾਂ ਵਾਲੀ ਡਰੰਮ ਵਿਚ ਰੱਖ ਦਿੱਤਾ।ਇਸ ਪਿਸਟਲ ਦੀ ਵਰਤੋਂ ਮਗਰੋਂ ਸਕੂਲ ਪੜਦਿਆਂ ਹੀ ਉਸ ਮਾਸਟਰ ਨੂੰ ਸੋਧਕੇ ਕੀਤੀ ਜੋ ਕਿ ਮੁਖਬਰੀਆਂ ਕਰਦਾ ਸੀ ਤੇ ਸਕੂਲ ਦੀਆਂ ਕੁੜੀਆਂ ਨੂੰ ਗਲਤ ਨਿਗਾਹ ਨਾਲ ਦੇਖ, ਮਾੜੀਆਂ-ਚੰਗੀਆਂ ਟਿੱਪਣੀਆਂ ਦਿੰਦਾ ਸੀ। ਪਰ ਇਸ ਤੋਂ ਪਹਿਲਾਂ ਆਪ ਦੇ ਘਰੇ ਪਤਾ ਲੱਗ ਗਿਆ ਕਿ ਆਪ ਸਕੂਲ ਨਹੀਂ ਜਾਂਦੇ ਤੇ ਘਰੋਂ ਸਕੂਲ ਬਹਾਨੇ ਸੰਤਾਂ ਦੀ ਸਪੀਚਾਂ ਸੁਨਣ ਚਲੇ ਜਾਂਦੇ ਹੋ, ਤਾਂ ਆਪਦੀ ਮਾਤਾ ਨੇ ਆਪਦੇ ਨਾਨਕੇ ਪਿੰਡ ਭੇਜ ਦਿੱਤਾ। ਪਰ ਇਥੇ ਵੀ ਆਪ ਸਕੂਲ ਨਾ ਜਾ ਕੇ ਅੰਮ੍ਰਿਤਸਰ ਹੀ ਜਾ ਪੁੱਜਦੇ ਰਹੇ। ਜਦੋਂ ਆਪਨੇ ਮਾਸਟਰ ਸੋਧ ਦਿੱਤਾ ਤਾਂ ਪੁਲਿਸ ਨੇ ਪਹਿਲੀ ਵਾਰ ਗ੍ਰਿਫਤਾਰ ਕਰ ਲਿਆ ਤੇ ਆਪਦੀ ਜਮਾਨਤ ਆਪਦੇ ਮਾਮੇ ਨੇ ਕਰਵਾਈ ਤੇ ਫੇਰ ਆਪਨੂੰ ਮੋਟਰਾਂ ਬੰਨਣ ਦਾ ਕੰਮ ਸਿੱਖਣ ਲਾ ਦਿੱਤਾ ਕਿ ਰੁੱਝੇ ਰਹਿਣ ਕਰਕੇ ਦਰਬਾਰ ਸਾਹਿਬ ਨਾ ਜਾ ਸਕਣ। ਪਰ ਆਪਨੇ ਉਹ ਵੀ ਕੰਮ ਛੱਡਕੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਗੁਪਤ ਰੂਪ ਵਿਚ ਸੰਘਰਸ਼ ਦੀ ਸੇਵਾ ਵਿਚ ਲੱਗ ਗਏ। ਆਪਨੂੰ ਸੰਘਰਸ਼ ਦੀ ਸੇਵਾ ਕਰਦਿਆਂ ਫੇਰ ਤੋਂ 1986 ਵਿਚ ਬੀ.ਐਸ.ਐਫ ਨੇ ਫੜ ਲਿਆ ਤੇ ਪਿਸਟਲ ਪਾ ਕੇ ਘੋਰ ਤਸ਼ੱਦਦ ਕੀਤਾ। ਇਸ ਵਾਰ ਦੀ ਗ੍ਰਿਫਤਾਰੀ ਮਗਰੋਂ ਘਰਦਿਆਂ ਨੂੰ ਪੁਲਿਸ ਨੇ ਬਹੁਤ ਤੰਗ ਕੀਤਾ ਤੇ ਘਰਦਿਆਂ ਨੂੰ ਪੈਲੀ ਵੇਚਣਾ ਪਿਆ। ਇਸ ਮਗਰੋਂ ਆਪ ਨੂੰ ਦੁਸ਼ਟ ਦਮਨ ਜਥੇਬੰਦੀ ਵੱਲੋਂ ਚਿੱਠੀ ਮਿਲੀ ਜਿਸ ਵਿਚ ਆਪਨੂੰ ਸਿੱਖ ਸੰਘਰਸ਼ ਵਿਚ ਸ਼ਾਮਿਲ ਹੋਣ ਲਈ ਜਥੇਬੰਦੀ ਦੇ ਮੁਖੀ ਸ਼ਮਸ਼ੇਰ ਸਿੰਘ ਸ਼ੇਰਾ ਉਰਫ ਨਰੈਣ ਸਿੰਘ ਚੌੜਾ ਵਲੋਂ ਬੇਨਤੀ ਕੀਤੀ ਗਈ।




ਫੇਰ ਆਪ ਇਨਾਂ ਨਾਲ ਕੌਮੀ ਸੇਵਾ ਵਿੱਚ ਆਪਦੇ ਕਈ ਸਾਥੀਆਂ ਨੂੰ ਲੈ ਸ਼ਾਮਲ ਹੋ ਗਏ । ਆਪਦੀ ਜਾਣ-ਪਛਾਣ ਬੱਬਰ ਖਾਲਸਾ ਦੇ ਸਿੰਘਾਂ ਨਾਲ ਹੋਈ, ਕੁੱਝ ਉਨਾਂ ਨਾਲ ਸੇਵਾ ਕੀਤੀ। ਆਪ ਜਦੋਂ ਦੁਸ਼ਟ ਦਮਨ ਵਿਚ ਸੀ ਤਾਂ ਆਪਨੂੰ ਬਾਬਾ ਕਹਿੰਦੇ ਸੀ, ਕਿਉਂਕਿ ਆਪ ਪੰਜਾਂ ਬਾਣੀਆਂ ਤੋਂ ਇਲਾਵਾ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕਰਦੇ ਰਹਿੰਦੇ ਸੀ। ਸੰਗਰਾਂਦ ਨੂੰ ਬਾਰਾਹ ਮਾਹ ਸੁਣਾਕੇ ਸੁੱਕਾ ਪ੍ਰਸਾਦਿ ਵੰਢਦੇ ਸੀ। ਦੁਸ਼ਟ ਦਮਨ ਵਿਚ ਜਥੇਦਾਰ ਜਦੋਂ ਆਪ ਕੋਈ ਕਾਰਵਾਈ ਨਾ ਕਰਕੇ ਸਿੰਘਾਂ ਨੂੰ ਮੂਹਰੇ ਲਾਉਣ ਲੱਗੇ ਤਾਂ ਜਥੇਬੰਦੀ ਦੇ ਸਿੰਘਾਂ ਉੱਪਰ ਭਾਈ ਸਾਹਿਬ ਦੀ ਸ਼ਖਸੀਅਤ ਦਾ ਬਹੁਤ ਪ੍ਰਭਾਵ ਪੈ ਚੁੱਕਾ ਸੀ। ਸਿੰਘਾਂ ਨੇ ਗੁਰਦੁਆਰਾ ਗੁਰੂਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਦਮਦਮੀ ਟਕਸਾਲ ਦੇ ਹੈਡਕੁਆਟਰ ਵਿਖੇ ਵੱਡੀ ਮੀਟਿੰਗ ਕਰਕੇ ਨਵੀਂ ਜਥੇਬੰਦੀ ਦਾ ਐਲਾਨ ਕਰ ਦਿੱਤਾ। ਜਿਸਦੇ ਦੋ ਡਿਪਟੀ ਚੀਫ ਨਿਯੁਕਤ ਕੀਤੇ ਗਏ ਜੋ ਕਿ ਭਾਈ ਰਾਜਬੀਰ ਸਿੰਘ ਗੁਰਦਾਸਪੁਰ ਅਤੇ ਭਾਈ ਅਵਤਾਰ ਸਿੰਘ ਕੱਥੂਨੰਗਲ ਬਣਾਏ ਗਏ।

ਔਰ ਬੰਦ ਲਿਫਾਫੇ ਵਿਚ ਜਥੇਦਾਰ ਦਾ ਨਾਮ ਦਿੱਤਾ ਗਿਆ, ਕਪੂਰ ਸਿੰਘ ਜਮਰੌਦ ਉਰਫ ਨਰੈਣ ਸਿੰਘ। ਨਵੀਂ ਜਥੇਬੰਦੀ ਕਾਫੀ ਸਰਗਰਮ ਰਹੀ ਜਿਸ ਵਿਚ ਭਾਈ ਅਵਤਾਰ ਸਿੰਘ ਕੱਥੂਨੰਗਲ ਦੇ ਪੁਰਾਣੇ ਸਾਥੀ ਗੁਰਪਾਲ ਸਿੰਘ ਭੱਪੀ, ਰਣਜੀਤ ਸਿੰਘ, ਸੁਖਦੇਵ ਸਿੰਘ ਬਲੱਗਣ, ਖੜਕ ਸਿੰਘ ਘਿੱਲੀ ਆਦਿ ਸ਼ਾਮਿਲ ਸਨ। ਇਸ ਜਥੇਬੰਦੀ ਨੇ ਭਾਈ ਤਰਸਮੇ ਸਿੰਘ ਕੁਹਾੜ ਦੀ ਬਰਸੀ ਮੌਕੇ ਉਨਾਂ ਦੀ ਸਿੰਘਣੀ ਨੂੰ ਗੋਲਡ ਮੈਡਲ ਨਾਲ ਸਨਾਮਨਿਤ ਕੀਤਾ ਤੇ ਸਿੰਘਾਂ ਦੀ ਸ਼ਹਾਦਤ ਨੂੰ ਯਾਦਗਰ ਤੇ ਜਗ-ਲਾਸਾਨੀ ਬਣਾ ਦਿੱਤਾ। ਇਸ ਨਵੀਂ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਆਰਮੀ ਨੇ ਰਈਆ, ਨੌਸ਼ਹਿਰਾ ਚੌਕੀ, ਡੱਲਾ ਪਿੰਡ ਦੁਸ਼ਟਾਂ ਨੂੰ ਸੋਧ ਸਰਕਾਰ ਨਾਲ ਲੋਹਾ ਲਿਆ।

ਜ਼ਿਕਰਯੋਹ ਹੈ ਕਿ ਆਪ ਪਹਿਲਾਂ ਤਾਂ ਰੂਪੋਸ਼ ਰਹਿਕ ਸੇਵਾ ਨਿਭਾਉਂਦੇ ਸੀ ਅਤੇ ਆਪਣਾ ਵਿਆਹ ਨਾ ਕਰਵਾਉਣ ਦਾ ਫੈਸਲਾ ਲਿਆ ਹੋਇਆ ਸੀ। ਖਾੜਕੂ ਕਾਰਵਾਈਆਂ ਦੀਆਂ ਜਿੰਮੇਵਾਰੀਆਂ ਆਪਦੇ ਅਸਲ ਨਾਮ ਅਵਤਾਰ ਸਿੰਘ ਕੱਥੂਨੰਗਲ ਤੋਂ ਲੈਣੀਆਂ ਆਰੰਭ ਕਰ ਦਿੱਤੀਆਂ ਸਨ। ਸਰਕਾਰ ਨੇ ਭਾਈ ਅਵਤਾਰ ਸਿੰਘ ਦੇ ਸਿਰ ਦਾ ਇਨਾਮ 40 ਲੱਖ ਰੁਪਏ ਰੱਖਤਾ। ਭਾਈ ਅਵਤਾਰ ਸਿੰਘ ਦਾ ਆਨੰਦ ਕਾਰਜ ਬੀਬੀ ਸੁਖਵਿੰਦਰ ਕੌਰ ਪਿੰਡ ਨਵਾਂ ਵੈਰੋ ਨੰਗਲ ਦੇ ਨਾਲ ਹੋਇਆ ਜੋ ਕਿ 13 ਅਪ੍ਰੈਲ 1978 ਦੇ ਖੂਨੀ ਸਾਕੇ ਦੌਰਾਨ ਸ਼ਹੀਦ ਹੋਣ ਵਾਲੇ ਬਾਬਾ ਦਰਸ਼ਨ ਸਿੰਘ ਦੀ ਭਤੀਜੀ ਹੈ। ਗੌਰਤਲਬ ਹੈ ਕਿ ਬੀਬੀ ਸੁਖਵਿੰਦਰ ਕੌਰ ਨੇ ਆਪਦੇ ਘਰਦਿਆਂ ਨੂੰ ਖਾੜਕੂ ਸਿੰਘ ਨਾਲ ਹੀ ਵਿਆਹ ਕਰਾਉਣ ਦੀ ਸ਼ਰਤ ਰੱਖੀ ਹੋਈ ਸੀ ਤੇ ਕਈ ਰਿਸ਼ਤੇ ਠੁਕਰਾਏ ਸਨ। ਜਿਹੜੇ ਰਿਸ਼ਤੇ ਆਏ ਸਨ ਉਨਾਂ ਵਿਚ ਪੁਲਿਸ ਮੁਲਾਜ਼ਮ, ਆਰਮੀ ਤੇ ਜਿਮੀਂਦਾਰ ਸਨ। ਭਾਈ ਅਵਤਾਰ ਸਿੰਘ ਨੇ ਸਿਰਫ 3 ਮਹੀਨੇ 20 ਦਿਨ ਦਾ ਸਮਾਂ ਗਹਿਸਤ ਜੀਵਨ ਵਜੋਂ ਬਤੀਤ ਕੀਤਾ। ਗੌਰਤਲਬ ਹੈ ਕਿ ਆਪ ਰੂਪੋਸ਼ ਦੀਵਨ ਵਿਚ ਜਦੋਂ ਵਿਆਹ ਨਹੀਂ ਕਰਵਾਇਆ ਰਹੇ ਸੀ ਤਾਂ ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਜੀ ਨਾਲ ਭਾਈ ਅਵਤਾਰ ਸਿੰਘ ਕੱਥੂਨੰਗਲ ਦਾ ਬੜਾ ਪ੍ਰੇਮ ਸੀ, ਇਕ ਦਿਨ ਬਾਬਾ ਠਾਕੁਰ ਸਿੰਘ ਜੀ ਨੇ ਬੁਲਾਕੇ ਸਮਝਇਆ ਕਿ ਭਾਈ ਗਹਿਸਤ ਜੀਵਨ ਜ਼ਰੂਰੀ ਹੈ। ਵਿਆਹ ਹੋਵੇਗਾ ਤਾਂ ਹੀ ਆਪਣੀ ਕੌਮ ਦੀ ਅਗਲੀ ਪੀੜੀ ਕਾਇਮ ਹੋਵੇਗੀ ।ਇਸ ਕਰਕੇ ਅਗਰ ਕੋਈ ਰਿਸ਼ਤੇ ਆਵੇ ਤਾਂ ਇਨਕਾਰ ਨਾ ਕਰੀਂ, ਸੋ 11 ਜਨਵਰੀ 1991 ਨੂੰ ਵਿਆਹ ਹੋਣ ਮਗਰੋਂ ਆਪ ਇੱਕ ਮਹੀਨੇ ਵਾਸਤੇ ਗੁਆਂਡੀ ਦੇਸ਼ ਚਲੇ ਗਏ ਤੇ ਓਥੋਂ 19 ਅਪ੍ਰੈਲ 1991 ਨੂੰ ਵਾਪਿਸ ਆਏ ਤੇ ਕਾਲੇ ਅਫਗਾਨੇ ਰੇਤਲੀ ਬਹਿਕ ਤੇ ਠਹਿਰੇ ਸਨ। ਉਹ ਬਹਿਕ (ਠਾਹਰ) ਗੁਰਦਿਆਲ ਸਿੰਘ ਨਾਮਕ ਵਿਅਕਤੀ ਦੀ ਸੀ ਤੇ ਆਪ ਨਾਲ ਜੋ ਦੋ ਦਰਜਨ ਤੋਂ ਵੱਧ ਸਿੰਘ ਪਾਕਿਸਤਾਨ ਤੋਂ ਆਏ ਸੀ ਉਹ ਆਪੋ ਆਪਣੇ ਟਿਕਾਣੇ ਚਲੇ ਗਏ । ਪਰ ਆਪ ਓਥੇ ਖਾਸ ਮੀਟਿੰਗ ਰੱਖੀ ਹੋਣ ਕਰਕੇ ਰੁਕ ਗਏ। ਭਾਈ ਅਵਤਾਰ ਸਿੰਘ ਕੱਥੂਨੰਗਲ, ਰਣਜੀਤ ਸਿੰਘ ਰਾਣਾ, ਗੁਰਦਿਆਲ ਸਿੰਘ, ਸੁਰਜੀਤ ਸਿੰਘ ਤੇ ਮਹਿੰਦਰ ਸਿੰਘ ਮੌਜੂਦ ਸਨ ਅਤੇ 21 ਅਪ੍ਰੈਲ 1991 ਨੂੰ ਸ਼ਾਮ 4 ਕੁ ਵਜੇ ਆਪ ਸੜਕ ਓਪਰ ਬਸ ਦੀ ਉਡੀਕ ਕਰ ਰਹੇ ਸੀ ਕਿ ਪੁਲਿਸ ਦੀ ਗੱਡੀ ਆ ਰੁਕੀ। ਰਣਜੀਤ ਸਿੰਘ ਰਾਣਾ ਨੇ ਭੱਜਣ ਦੀ ਕੌਸਿਸ਼ ਕੀਤੀ ਪਰ ਪੁਲਿਸ ਨੇ ਉਸ ਉਪਰ ਫਾਈਰਿੰਗ ਕਰ ਦਿੱਤੀ। ਭਾਈ ਅਵਤਾਰ ਸਿੰਘ ਅਤੇ ਬਹਿਕ ਵਾਲੇ ਗੁਰਦਿਆਲ ਨੂੰ ਪੁਲਿਸ ਫੜਕੇ ਪਹਿਲਾਂ ਫਤਿਹਗੜ ਚੂੜੀਆਂ ਲੈ ਕੇ ਗਈ ਤੇ ਉਥੋਂ ਸੀਤਾ ਰਾਮ ਨੂੰ ਫੋਨ ਕੀਤਾ ਤੇ ਉਸ ਦੇ ਕਹਿਣ ਮੁਤਾਬਕ ਬਟਾਲੇ ਲੈ ਆਏ। ਬਟਾਲੇ ਆਪਨੂੰ ਬੀਕੋ ਨਾਮ ਦੇ ਤਸੀਹਾ ਕੇਂਦਰ ਵਿਚ ਡਾਢਾ ਤਸ਼ੱਦਦ ਕੀਤਾ ਪਰ ਆਪਨੇ ਕੋਈ ਥਹੁ ਪਤਾ ਨਹੀਂ ਦਿੱਤਾ ਤੇ ਅਖੀਰ ਬਿਜਲੀ ਦੇ ਕਰੰਟ ਲਾਕੇ ਸ਼ਹੀਦ ਕਰ ਦਿੱਤਾ ਅਤੇ 22 ਅਪ੍ਰੈਲ ਨੂੰ ਝੂਠੇ ਪੁਲਿਸ ਮੁਕਾਬਲੇ ਦੀ ਖਬਰ ਅਖਬਾਰਾਂ ਵਿਚ ਲਵਾ ਦਿੱਤੀ ਗਈ। ਜ਼ਿਕਰਯੋਗ ਹੈ ਕਿ ਗੁਰਦਿਆਲ ਨਾਮ ਦੇ ਵਿਅਕਤੀ ਨੂੰ 21 ਅਪ੍ਰੈਲ ਵਾਲੇ ਦਿਨ ਹੀ ਸ਼ਾਮ 6 ਵਜੇ ਦੇ ਕਰੀਬ ਰਿਹਾਅ ਕਰ ਦਿੱਤਾ ਸੀ । ਜੋ ਕਿ ਬਹੁਤ ਹੀ ਸ਼ੱਕੀ ਅਤੇ ਹੈਰਾਨਕੁੰਨ ਗੱਲ ਹੈ। ਇਹ ਗੁਰਦਿਆਲ ਸਿੰਘ ਨਾਮਕ ਦਾ ਵਿਅਕਤੀ ਨਰੈਣ ਸਿੰਘ ਦਾ ਭਾਣਜਾ ਹੈ। ਪੁਲਿਸ ਵਲੋ ਦਾਅਵਾ ਕੀਤਾ ਗਿਆ ਸੀ ਰਾਤ ਪੁਲਿਸ ਮੁਕਾਬਲੇ ਵਿੱਚ ਖਾਲਿਸਤਾਨ ਲਿਬਰੇਸ਼ਨ ਆਰਮੀ ਦਾ ਡਿਪਟੀ ਚੀਫ ਅਵਤਾਰ ਸਿੰਘ ਕੱਥੂਨੰਗਲ ਅਤੇ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਰਾਣਾ ਮਾਰੇ ਗਏ। ਪੁਲਿਸ ਹਲਕਿਆਂ ਵਲੋ ਪ੍ਰੈਸ ਨੂੰ ਦੱਸਿਆ ਗਿਆ ਕਿ ਮਰਨ ਵਾਲਾ ਅਵਤਾਰ ਸਿੰਘ ਕੱਥੂਨੰਗਲ ਬਹੁਤ ਖਤਰਨਾਕ ਖਾੜਕੂ ਸੀ ਅਤੇ 200 ਦੇ ਲਗਭਗ ਖਾੜਕੂ ਗਤੀਵਿਧੀਆਂ ਵਾਸਤੇ ਜਿੰਮੇਵਾਰ ਸੀ। ਭਾਈ ਅਵਤਾਰ ਸਿੰਘ ਕੱਥੂਨੰਗਲ ਦੀ ਸ਼ਹਾਦਤ ਤੋਂ ਸੱਤ ਮਹੀਨੇ ਬਾਅਦ ਬੀਬੀ ਸੁਖਵਿੰਦਰ ਕੌਰ ਨੇ ਇਕ ਧੀ ਨੂੰ ਜਨਮ ਦਿੱਤਾ ਜਿਸਦਾ ਉਸਨੇ ਨਾਮ ਲਵਪ੍ਰੀਤ ਕੌਰ ਰੱਖਿਆ। ਬੀਬੀ ਸੁਖਵਿੰਦਰ ਕੌਰ ਨੇ ਆਪਣੇ ਸ਼ਹੀਦ ਪਤੀ ਦੇ ਨਾਮ ਹੀ ਸਾਰੀ ਉਮਰ ਗੁਜਾਰਨ ਦਾ ਫੈਸਲਾ ਲਿਆ ਅਤੇ ਆਪਣੇ ਉਸ ਫੈਸਲੇ ਤੇ ਸਬਰ, ਸੰਤੋਖ ਅਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ। ਪ੍ਰਣਾਮ ਸ਼ਹੀਦਾਂ ਨੂੰ।

# ਪੁਰਾਤਨ ਵਿਰਸੇ ਨੂੰ ਸੰਭਾਲੀ ਬੈਠਾ ਨੌਜਵਾਨ 'ਬਲਵਿੰਦਰ ਸਿੰਘ'



**ਤਸਵਿੰਦਰ ਸਿੰਘ ਬੜੈਚ**
**ਮੋਬਾ-7527931887**

ਕੋਈ ਜ਼ਮਾਨਾ ਸੀ ਜਦੋਂ ਖੁਸ਼ੀ ਦਾ ਕੋਈ ਵੀ ਮੌਕਾ ਤਵਿਆਂ ਵਾਲੇ ਵਾਜੇ ਤੋਂ ਬਿਨਾਂ ਅਧੂਰਾ ਹੀ ਮੰਨਿਆ ਜਾਂਦਾ ਸੀ। ਉਨਾਂ ਵੇਲਿਆਂ ਵਿੱਚ ਬਹੁਤੀਆਂ ਸਹੂਲਤਾਂ ਤਾਂ ਨਹੀਂ ਸਨ ਪਰ ਚਾਅ ਬਹੁਤੇ ਸਨ, ਜਿਨਾਂ ਨੂੰ ਪੂਰੇ ਕਰਨ ਲਈ ਘਰ 'ਚ ਤਵਿਆਂ ਵਾਲਾ ਵਾਜਾ ਕਈ ਕਈ ਦਿਨ ਪਹਿਲਾਂ ਹੀ ਲੱਗ ਜਾਂਦਾ ਸੀ। ਗਰਾਮੋਫੋਨ 'ਤੇ ਰਿਕਾਰਡ ਕਈ ਕਈ ਦਿਨ ਘਰ ਦੇ ਵਿਹੜੇ ਵਿੱਚ ਅਤੇ ਸਪੀਕਰ ਵੀ ਕਈ ਕਈ ਦਿਨ ਘਰ ਦੀ ਛੱਤ 'ਤੇ ਵੱਜਦਾ ਰਹਿੰਦਾ ਸੀ। ਕੋਠੇ ਦੀ ਛੱਤ ਉੱਤੇ ਦੋ ਮੰਜੇ ਖੜੇ ਕਰਕੇ ਇੱਕ ਤਰਾਂ ਦੀ ਝੋਪੜੀ ਜਿਹੀ ਬਣਾ ਲਈ ਜਾਂਦੀ ਅਤੇ ਉਸ ਉੱਤੇ ਜੁੰਟ ਵਾਲਾ ਸਪੀਕਰ ਟੰਗ ਦਿੱਤਾ ਜਾਂਦਾ ਸੀ ਜੋ ਕਈ ਕਈ ਦਿਨ ਘਰ ਵਿਚਲੇ ਜਸ਼ਨਾਂ ਨੂੰ ਆਂਢ-ਗੁਆਂਢ ਦੇ ਲੋਕਾਂ ਨਾਲ ਸਾਂਝਾ ਕਰਦਾ ਰਹਿੰਦਾ। ਇਨਾਂ ਸਮਿਆਂ ਵਿਚ ਜੰਨਾਂ ਜਾਣ ਵੇਲੇ ਰਸਤੇ ਵਿਚ ਵੀ ਸਪੀਕਰ ਚਲਾਇਆ ਜਾਂਦਾ ਸੀ ਤੇ ਜਿਸ ਪਿੰਡ ਜੰਞ ਨੇ ਜਾਣਾ ਹੁੰਦਾ ਉੱਥੇ ਵੀ ਸਪੀਕਰ ਚਲਾਇਆ ਜਾਂਦਾ ਸੀ। ਜੰਨ ਉਤਾਰੇ ਵਾਲੀ ਧਰਮਸ਼ਾਲਾ 'ਤੇ ਸਪੀਕਰ ਫਿੱਟ ਕੀਤਾ ਜਾਂਦਾ ਸੀ ਤੇ ਸਪੀਕਰ ਦਾ ਮੂੰਹ ਵਿਆਹ ਵਾਲਿਆਂ ਦੇ ਘਰ ਵੱਲ ਰੱਖਿਆ ਜਾਂਦਾ ਸੀ। ਸਭ ਤੋਂ ਪਹਿਲਾਂ ਲਾਲ ਚੰਦ ਯਮਲਾ ਜੱਟ ਦਾ ਧਾਰਮਿਕ ਗੀਤ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ, ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਐ' ਲੱਗਦਾ। ਉਸਤੋਂ ਬਾਅਦ ਸਪੀਕਰ ਵਾਲਾ ਬਾਈ ਹੋਰ ਤਵੇ ਲਾਉਂਦਾ, ਜਿਨਾਂ 'ਚ ਪਾਲੀ ਪਾਣੀ ਖੂਹ ਤੋਂ ਭਰੇ, ਲੈ ਜਾ ਛੱਲੀਆਂ ਭੁੰਨਾਂ ਲਈ ਦਾਣੇ, ਟਾਂਗਾ ਚੱਲਿਆ ਏ ਸ਼ਹਿਰ ਕੁਰਾਲੀ, ਮੱਛਰਦਾਨੀ ਲੈ ਦੇ ਵੇ, ਮਿੱਤਰਾਂ ਦੀ ਲੂਣ ਦੀ ਡਲੀ, ਸੋਨੇ ਦੇ ਤਵੀਤ ਵਾਲਿਆ, ਮੇਰੀ ਡਿੱਗ ਪਈ ਚਰੀ ਦੇ ਵਿਚ ਗਾਨੀ, ਕੱਢਦੀ ਰੁਮਾਲ ਉੱਤੇ ਬਾਰਾਂ ਬੂਟੀਆਂ, ਕੁੜਤੀ ਮਲਮਲ ਦੀ ਆਦਿ ਅਜਿਹੇ ਗੀਤ ਸੁਣਾਏ ਜਾਂਦੇ। ਜਿਸ ਸਪੀਕਰ ਵਾਲੇ ਬਾਈ ਨੂੰ ਵਿਆਹ ਦੀਆਂ ਰਸਮਾਂ ਮੁਤਾਬਿਕ ਗੀਤ ਲਗਾਉਣ ਦਾ ਗਿਆਨ ਸੀ, ਉਸ ਦਾ ਵਿਆਹ ਵਾਲੇ ਘਰ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਇਸ ਅਲੋਪ ਹੋ ਰਹੇ ਵਿਰਸੇ ਨੂੰ ਅੱਜ ਵੀ ਸੰਭਾਲੀ ਬੈਠਾ ਹੈ, ਜ਼ਿਲਾ ਫਿਰੋਜਪੁਰ ਦੀ ਤਹਿਸੀਲ ਗੁਰੂ ਹਰਸਹਾਏ ਦੇ ਪਿੰਡ ਲਾਲਚੀਆਂ ਦਾ ਬਲਵਿੰਦਰ ਸਿੰਘ। ਸਰਦਾਰ ਬੱਘਾ ਸਿੰਘ ਦਾ ਲਾਡਲਾ ਤੇ 30 ਬਸੰਤਾਂ ਦੇਖ ਚੁੱਕਿਆ ਇਹ ਨੌਜਵਾਨ ਜਦੋਂ ਕਿਸੇ ਦੇ ਘਰ ਖੁਸ਼ੀ ਦੇ ਮੌਕੇ 'ਤੇ ਤਵਿਆਂ ਵਾਲੀ ਗ੍ਰਾਮੋਫੋਨ ਮਸ਼ੀਨ 'ਤੇ ਤਵਾ ਲਗਾਉਂਦਾ ਹੈ ਤਾਂ ਵਿਆਹ ਵਾਲੇ ਘਰ ਵਿਚ ਇਕ ਵੱਖਰਾ ਮਾਹੌਲ ਸਿਰਜ ਦਿੰਦਾ ਹੈ ਤੇ ਸਾਰੇ ਪਿੰਡ ਦਾ ਵੀ ਮਨੋਰੰਜਨ ਕਰਦਾ ਹੈ। ਬੀ ਐਡ ਪਾਸ ਇਹ ਨੌਜਵਾਨ ਇਸ ਅਨਮੋਲ ਖਜ਼ਾਨੇ ਨੂੰ ਜਿੱਥੇ ਲੋਕਾਂ ਦੇ ਮਨੋਰੰਜਨ ਲਈ ਲੈ ਕੇ ਜਾਂਦਾ ਹੈ ਉਥੇ ਸਾਲਾਂ ਪੁਰਾਣੇ ਗਾਣਿਆਂ ਨੂੰ ਗ੍ਰਾਮੋਫੋਨ ਮਸ਼ੀਨ 'ਤੇ ਚਲਾ ਕੇ ਪੁਰਾਣੇ ਜ਼ਮਾਨੇ ਦੀਆਂ ਯਾਦਾਂ ਨੂੰ ਤਰੋ-ਤਾਜ਼ਾ ਵੀ ਕਰਦਾ ਏ। ਬਲਵਿੰਦਰ ਸਿੰਘ ਵੱਲੋਂ ਸਾਂਭੇ ਅਨਮੋਲ ਵਿਰਾਸਤੀ ਖਜ਼ਾਨੇ ਵਿਚ ਸੁਰਿੰਦਰ ਛਿੰਦਾ, ਗੁਲਸ਼ਨ ਕੋਮਲ, ਅਮਰ ਸਿੰਘ ਚਮਕੀਲਾ, ਅਮਰਜੋਤ, ਕੇ ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਰਾਜਿੰਦਰ ਰਾਜਨ, ਕਰਮਜੀਤ ਧੂਰੀ, ਗੁਰਪਾਲ ਸਿੰਘ ਪਾਲ, ਹਜ਼ਾਰਾ ਸਿੰਘ ਰਮਤਾ, ਨਰਿੰਦਰ ਬੀਬਾ, ਲਤਾ ਮੰਗੇਸਕਰ, ਸ਼ੀਤਲ ਸਿੰਘ ਸ਼ੀਤਲ, ਫਕੀਰ ਸਿੰਘ ਫਕੀਰ, ਦੀਦਾਰ ਸੰਧੂ, ਸਨੇਹਲਤਾ, ਅਮਰ ਸਿੰਘ ਸ਼ੌਕੀ ਆਦਿ ਗਾਇਕ-ਗਾਇਕਾਵਾਂ ਦੇ ਪੱਥਰ ਅਤੇ ਲਾਖ ਤੋਂ ਬਣੇ ਸੈਂਕੜੇ ਰਿਕਾਰਡ ਸਾਂਭੇ ਪਏ ਹਨ। ਇਨਾਂ ਰਿਕਾਰਡਾਂ ਨੂੰ ਸੁਣਨ ਵਾਸਤੇ ਉਸ ਕੋਲ ਗਰਾਮੋਫੋਨਾਂ ਦੇ ਵੱਖ-ਵੱਖ ਮਾਡਲ ਵੀ ਸਾਂਭੇ ਹੋਏ ਹਨ ਜੋ ਸਾਰੇ ਚਾਲੂ ਹਾਲਤ ਵਿਚ ਹਨ। ਜਿਥੇ ਅੱਜ ਕੱਲ ਦੀ ਬਹੁਤੀ ਨੌਜਵਾਨ ਪੀੜੀ ਆਪਣੇ ਵਿਰਸੇ ਨਾਲੋਂ ਦੂਰ ਹੁੰਦੀ ਜਾ ਰਹੀ ਹੈ, ਉਥੇ ਇਹ ਨੌਜਵਾਨ ਪੁਰਾਤਨ ਸੰਗੀਤ ਇਸ ਵਿਰਾਸਤ ਨੂੰ ਅੱਜ ਵੀ ਸੰਭਾਲੀ ਬੈਠਾ ਹੈ। ਪ੍ਰਮਾਤਮਾ ਇਸ ਨੌਜਵਾਨ ਨੂੰ ਲੰਮੀਆਂ ਉਮਰਾਂ ਬਖਸ਼ੇ।



# ਲੋਕਾਂ ਲਈ ਜੂਝਣ ਵਾਲਾ ਇਨਕਲਾਬੀ ਕਵੀ ਸੰਤ ਰਾਮ ਉਦਾਸੀ



(ਡਾ. ਗੁਰਵਿੰਦਰ ਸਿੰਘ)

ਜੁਝਾਰੂ ਅਤੇ ਕ੍ਰਾਂਤੀਕਾਰੀ ਲੋਕ ਕਵੀ ਸੰਤ ਰਾਮ ਉਦਾਸੀ ਬਰਨਾਲਾ ਜ਼ਿਲੇ ਦੇ ਪਿੰਡ ਰਾਇਸਰ ਦੇ ਸ. ਮੇਹਰ ਸਿੰਘ ਦੇ ਘਰ, ਮਾਤਾ ਧੰਨ ਕੌਰ ਦੀ ਕੁੱਖੋਂ 29 ਅਪ੍ਰੈਲ 1939 ਨੂੰ ਗਰੀਬ ਦਲਿਤ ਪਰਿਵਾਰ ਵਿੱਚ ਜਨਮੇ। ਆਪ ਨੇ ਨਕਸਲਵਾਦੀ ਲਹਿਰ ਤੋਂ ਲੈ ਕੇ ਪੰਜਾਬ ਵਿਚਲੇ ਸਿੱਖ ਸੰਘਰਸ਼ ਦੇ ਦੌਰ ਤੱਕ ਦੇ ਸਮੇਂ ਨੂੰ ਆਪਣੀਆਂ ਕਵਿਤਾਵਾਂ 'ਚ ਬਿਆਨ ਕੀਤਾ। ਦੇਸ਼ ਦੀ ਵੰਡ ਮਗਰੋਂ ਸਰਕਾਰ ਨੇ ਇਨਕਲਾਬੀ ਲੋਕਾਂ ਨਾਲ ਜੋ ਧੱਕੇਸ਼ਾਹੀ ਕੀਤੀ, ਉਦਾਸੀ ਦੀ ਕਵਿਤਾ ਉਸ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਚੁਰਾਸੀ ਦੇ ਦੌਰ ਵਿੱਚ ਦਰਬਾਰ ਸਾਹਿਬ 'ਤੇ ਹਮਲੇ ਅਤੇ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ, ਉਨਾਂ ਲੋਕ ਪੱਖੀ ਮੁਹਾਵਰੇ ਵਿੱਚ ਉਭਾਰਿਆ। ਜੁਝਾਰੂ ਅਤੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਵੱਲੋਂ ਹੇਕ ਲਾ ਕੇ ਗਾਏ ਇਨਕਲਾਬੀ ਗੀਤ, ਅੱਜ ਵੀ ਲੋਕ ਮਨਾਂ ਦੀ ਤਰਜਮਾਨੀ ਕਰਦੇ ਹਨ। ਉਦਾਸੀ ਦੀਆਂ ਰਚਨਾਵਾਂ 'ਕੰਮੀਆਂ ਦਾ ਵਿਹੜਾ', 'ਲਹੂ ਭਿੱਜੇ ਬੋਲ', 'ਸੈਨਤਾਂ', 'ਚੌ-ਨੁਕਰੀਆਂ ਸੀਖਾਂ' ਅਤੇ ਬਹੁਤ ਸਾਰੀਆਂ ਅਣਛਪੀਆਂ ਰਚਨਾਵਾਂ ਨੂੰ ਰਾਜਵਿੰਦਰ ਸਿੰਘ ਰਾਹੀ ਨੇ ਸੰਪਾਦਿਤ ਕਰਕੇ, ਸਿਮਰਤੀ ਗ੍ਰੰਥ 'ਸੰਤ ਰਾਮ ਉਦਾਸੀ ਜੀਵਨ ਅਤੇ ਸਮੁੱਚੀ ਰਚਨਾ' ਤੋਂ ਇਲਾਵਾ 'ਕੰਮੀਆਂ ਦੇ ਵਿਹੜੇ ਦਾ ਸੂਰਜ ਲੋਕ ਕਵੀ ਸੰਤ ਰਾਮ ਉਦਾਸੀ' ਪੁਸਤਕਾਂ ਵਿੱਚ ਪ੍ਰਕਾਸ਼ਤ ਕੀਤਾ ਹੈ। ਅੱਜ ਅਜਿਹੇ ਮਹਾਨ ਸ਼ਾਇਰ ਨੂੰ ਯਾਦ ਕਰਦਿਆਂ, ਸਥਾਪਤੀ ਖ਼ਿਲਾਫ਼ ਮੂੰਹ ਨਾ ਖੁੱਲਣ ਵਾਲੀ ਸਰਕਾਰ -ਪੱਖੀ ਅਸਾਹਿਤਕ ਜਮਾਤ ਨੂੰ, ਸਾਹਿਤਕ ਫ਼ਰਜ਼ਾਂ ਦੀ ਕੋਤਾਹੀ ਦਾ ਅਹਿਸਾਸ ਦਬਾਉਣ ਦੀ ਲੋੜ ਹੈ। ਅੱਜ ਦਾ ਦੌਰ ਉਦਾਸੀ ਦੇ ਦੌਰ ਤੋਂ ਵੀ ਭਿਅੰਕਰ ਹੋ ਰਿਹਾ ਹੈ, ਇਸ ਕਾਰਨ ਉਨਾਂ ਦੀ ਕਵਿਤਾ ਦੀ ਅਹਿਮੀਅਤ ਅੱਜ ਹੋਰ ਵੀ ਵਧ ਗਈ ਹੈ। ਲੋਕ ਕਵੀ ਸੰਤ ਰਾਮ ਉਦਾਸੀ ਦੀ ਸੋਚ ਵਾਲੇ ਸਾਹਿਤਕਾਰਾਂ, ਚਿੰਤਕਾਂ ਅਤੇ ਬੁੱਧੀਜੀਵੀਆਂ ਨੂੰ 'ਸ਼ਹਿਰੀ ਨਕਸਲੀ' ਕਰਾਰ ਦੇ ਕੇ, ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ। ਜੁਝਾਰੂ ਕਵੀ ਸੰਤ ਰਾਮ ਉਦਾਸੀ ਦੀ ਸੋਚ ਅਨੁਸਾਰ ਅਜਿਹੇ ਫਾਸ਼ੀਵਾਦੀ ਸਟੇਟ ਨੂੰ ਵਤਨ ਕਹਿਣਾ ਨਾਮੁਮਕਿਨ ਹੈ।ਲੋਕ ਕਵੀ ਸੰਤ ਰਾਮ ਉਦਾਸੀ ਦੀਆਂ ਕੁਝ ਰਚਨਾਵਾਂ ਯਾਦਗਾਰੀ ਦਿਨ 'ਤੇ ਸਾਂਝੀਆਂ ਕਰ ਰਹੇ ਹਾਂ :-

### ਕਿਸ ਨੂੰ ਵਤਨ ਕਹਾਂ

ਹਰ ਥਾਂ ਖ਼ੂਨੋ ਖ਼ੂਨ ਹੈ ਧਰਤੀ
ਹਰ ਥਾਂ ਕਬਰਾਂ ਦੀ ਚੁੱਪ ਵਰਤੀ
ਅਮਨ ਕਿੱਥੇ ਮੈਂ ਦਫ਼ਨ ਕਰੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ
ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ
ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ
ਕਿਸ ਨੂੰ ਕਿਸ ਦਾ ਦਮਨ ਕਹੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ
ਆਹ ਜਿਸਮ ਤਾਂ ਮੇਰੀ ਧੀ ਵਰਗਾ ਹੈ
ਆਹ ਕੋਈ ਮੇਰੀ ਭੈਣ ਜਿਹਾ ਹੈ
ਕਿਸ ਕਿਸ ਦਾ ਮੈਂ ਨਗਨ ਕੱਜੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ
ਕੌਣ ਸਿਆਣ ਕਰੇ ਮਾਂ ਪਿਓ ਦੀ
ਹਰ ਇੱਕ ਦੀ ਹੈ ਲਾਸ਼ ਇਕੋ ਜੀ
ਕਿਸ ਕਿਸ ਲਈ ਮੈਂ ਕਫ਼ਨ ਲਊਂਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ
ਰੋ ਪਈਆਂ ਚਾਨਣੀਆਂ ਰਾਤਾਂ
ਮੁੱਕੀਆਂ ਦਾਦੀ ਮਾਂ ਦੀਆਂ ਬਾਤਾਂ
ਕਿੰਝ ਬੀਤੇ ਦਾ ਹਵਨ ਕਰੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ
ਜਜ਼ਬੇ ਸਾਂਭ ਮੇਰੇ ਸਰਕਾਰੇ
ਮੋੜ ਦੇ ਮੇਰੇ ਗੀਤ ਪਿਆਰੇ
ਕਿੰਝ ਚਾਵਾਂ ਦਾ ਦਮਨ ਕਰੂੰਗਾ
ਮੈਂ ਹੁਣ ਕਿਸਨੂੰ ਵਤਨ ਕਹੂੰਗਾ

### ਵਸੀਅਤ

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ ਵਿਚ ਨਾ ਰਲਾਇਓ।
ਮੇਰੀ ਵੀ ਜਿੰਦਗੀ ਕੀ ? ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫ਼ੀ, ਤੀਲੀ ਬੇਸ਼ੱਕ ਨਾ ਲਾਇਓ।
ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ,
ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ।
ਵਲਗਣ 'ਚ ਕੈਦ ਹੋਣਾ, ਮੇਰੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ।
ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ, ਓਸੇ ਹੀ ਰਾਹ ਲਿਜਾਇਓ।
ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।

### ਸੂਰਜ ਕਦੇ ਮਰਿਆ ਨਹੀਂ

ਕਾਲਖ਼ ਦੇ ਵਣਜਾਰਿਓ, ਚਾਨਣ ਕਦੇ ਹਰਿਆ ਨਹੀਂ।
ਓ ਕਿਰਨਾਂ ਦੇ ਕਾਤਲੋ, ਸੂਰਜ ਕਦੇ ਮਰਿਆ ਨਹੀਂ।
ਵਿਛੜੀਆਂ ਕੁਝ ਮਜਲਸਾਂ 'ਤੇ ਉੱਠ ਗਏ ਕੁਝ ਗਾਉਣ ਹੋ,
ਪਰ ਸਮਾਂ ਹੈ ਸਮਝਦਾ, ਸੱਦ ਸਮੇਂ ਦੀ ਲਾਉਣ ਹੋ,
ਵਿਚ ਝਨਾਂ ਦੇ ਰੂਪ ਖਰਿਆ, ਇਸ਼ਕ ਤਾਂ ਖਰਿਆ ਨਹੀਂ,
ਸੂਰਜ ਕਦੇ ਮਰਿਆ ਨਹੀਂ......।
ਰਾਤ ਨੇ ਭਾਵੇਂ ਕਸਾਈਆਂ ਦੀ ਕਰੀ ਹੈ ਰੀਸ ਹੋ,
ਉਹ ਕੀ ਜਾਣੇ ਤਲੀਆਂ 'ਤੇ ਵੀ ਉੱਗ ਖਲੋਂਦੇ ਸੀਸ ਹੋ,
ਵਰਮੀਆਂ 'ਤੇ ਵਾਸ ਜਿਸ ਦਾ ਨਾਗ ਤੋਂ ਡਰਿਆ ਨਹੀਂ,
ਸੂਰਜ ਕਦੇ ਮਰਿਆ ਨਹੀਂ.....।
ਝਾਂਬਿਆਂ ਦੇ ਨਾਲ ਬੇਸ਼ੱਕ ਝੜ ਗਏ ਕੁਝ ਗੀਤ ਹੋ,
ਸੰਗ ਸਿਰਾਂ ਦੇ ਸਿਦਕ ਦੀ ਪਰ ਓੜਕ ਨਿਬਹੀ ਪ੍ਰੀਤ ਹੋ,
ਰਾਤ ਚੰਨ ਦੀ ਮੌਤ ਜਰ ਜੇ, ਸੂਰਜ ਤਾਂ ਜਰਿਆ ਨਹੀਂ,
ਸੂਰਜ ਕਦੇ ਮਰਿਆ ਨਹੀਂ......।

### ਵਾਰਸਾਂ ਦੇ ਨਾਂ

ਸਾਡਾ ਅੰਮੀਓਂ ਜ਼ਰਾ ਨਾ ਕਰੋ ਝੋਰਾ,
ਸਾਨੂੰ ਜ਼ਿੰਦਗੀ ਸੁਰਖ਼ਰੂ ਕਰਨ ਦੇਵੋ।
ਅਸੀਂ ਜੰਮੇ ਹਾਂ ਹਾਉਕੇ ਦੀ ਲਾਟ ਵਿਚੋਂ,
ਸਾਨੂੰ ਸੇਕ ਜੁਦਾਈ ਦਾ ਜਰਨ ਦੇਵੋ।
ਸਾਡੇ ਵੀਰਾਂ ਨੂੰ ਵਰਜ ਕੇ ਘਰਾਂ ਅੰਦਰ,
ਜਿਉਂਦੀ ਮਾਰਿਓ ਨਾ ਸਾਡੀ ਆਬ ਮਾਤਾ।
ਭਗਤ ਸਿੰਘ ਦੀ ਮਾਂ ਬੇਸ਼ੱਕ ਬਣਿਉਂ,
ਹਾੜੇ ਬਣਿਉਂ ਨਾ ਕਿਤੇ ਪੰਜਾਬ ਮਾਤਾ।
ਸਾਡੇ ਸਿਰਾਂ ਉੱਤੇ ਨਿਹਚਾ ਰੱਖ ਬਾਪੂ,
ਨੰਗੀ ਹੋਣ ਨਾ ਦਿਆਂਗੇ ਕੰਡ ਤੇਰੀ।
ਤਿੱਪ ਤਿੱਪ ਜਵਾਨੀ ਦੀ ਡੋਲ ਕੇ ਵੀ,
ਹੌਲੀ ਕਰਾਂਗੇ ਗ਼ਮਾਂ ਦੀ ਪੰਡ ਤੇਰੀ।
ਅਸੀਂ ਸੜਕਾਂ ਤੇ ਡਾਂਗਾਂ ਦੀ ਅੱਗ ਸੇਕੀ,
ਐਪਰ ਹੱਕਾਂ ਨੂੰ ਠੰਡ ਲੁਆਈ ਤਾਂ ਨਹੀਂ।
ਸਾਡਾ ਕਾਤਿਲ ਹੀ ਕੱਚਾ ਨਿਸ਼ਾਨਚੀ ਸੀ,
ਅਸੀਂ ਗੋਲੀ ਤੋਂ ਕੰਡ ਭੰਵਾਈ ਤਾਂ ਨਹੀਂ।
ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।
ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,
ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।
ਨਰਮ ਦੋਧਿਆਂ ਦੇ ਸੂਹੇ ਪਿੰਡਿਆਂ ਨੂੰ,
ਅਸੀਂ ਲੁੱਟ ਦਾ ਤਾਪ ਨੀ ਚੜਨ ਦੇਣਾ।

### ਇੱਕ ਤਾਅਨਾ

ਆਜ਼ਾਦੀ ਦੇ ਨਾਂ
ਝੁਰੜੇ ਚਿਹਰਿਆਂ 'ਤੇ ਨਿੱਤ ਕਲੀ ਕਰਕੇ
ਭੁੱਖ ਢਿੱਡਾਂ ਦੀ ਨਹੀ ਲੁਕਾ ਸਕਦੇ।
ਜੇਕਰ ਹੱਕਾਂ ਦੀਆਂ ਲੱਤਾਂ ਕੰਬਦੀਆਂ ਨੇ
ਭਾਰ ਫ਼ਰਜ਼ਾਂ ਦਾ ਕਿਵੇਂ ਢੁਆ ਸਕਦੇ।
ਬਿਨਾਂ ਬਾਲਣੋਂ ਢਿੱਡਾਂ ਦੀ ਭੱਠ ਅੰਦਰ
ਨਹੀਂ ਗਾਡਰ ਅਨੁਸ਼ਾਸਨ ਦੀ ਢਲ ਸਕਦੀ।
ਗੱਡੀ ਦਿੱਲੀ ਦੀ ਪਿੰਡਾਂ ਦੇ ਪਹੇ ਅੰਦਰ,
ਬਿਨਾਂ ਰੋਟੀ ਦੇ ਪਹੀਏ ਨਾ ਚੱਲ ਸਕਦੀ।
ਛੋਟੇ ਕਿਰਤੀ, ਮੁਲਾਜ਼ਮ, ਕਿਸਾਨ ਤਾਈਂ,
ਹੱਥ ਪਾੜਦੇ ਨੇ ਬੰਦੇ ਕੱਬਿਆਂ ਦੇ।
ਜਿਵੇਂ ਬਿਨਾਂ ਸਿਫ਼ਾਰਸ਼ੋਂ ਕੋਈ ਅਰਜ਼ੀ
ਰੱਦੀ ਕਾਗਜ਼ ਜਿਉਂ ਵੋਟਾਂ ਦੇ ਡੱਬਿਆਂ ਦੇ।
ਹਾਏ ਨੀ, ਹੀਰ ਅਜ਼ਾਦੀਏ ਬਹਿਲ, ਰੰਨੇ,
ਸਾਨੂੰ ਖੰਧੇ ਚਰਾਇਆਂ ਦਾ ਕੀ ਫਾਇਦਾ।
ਜੇ ਤੂੰ ਖੇੜੇ ਸਰਦਾਰ ਦੀ ਸੇਜ ਸੌਣਾ
ਸਾਨੂੰ ਕੰਨ ਪੜਵਾਇਆਂ ਦਾ ਕੀ ਫਾਇਦਾ।




CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਮੁੰਡਾ ਆਪਣੇ ਵਿਆਹ ਦੇ ਵਿੱਚ ਨੱਚਦਾ ਫਿਰੇ ਵਾਲਾ ਗੀਤਕਾਰ ਅਲਬੇਲ ਬਰਾੜ

**ਮੇਜਰ ਸਿੰਘ ਜਖੇਪਲ**

ਗੀਤ ਸੰਗੀਤ

ਉਹ ਬੜਾ ਸਪੱਸ਼ਟਵਾਦੀ ਬੰਦਾ ਹੈ। ਉਸ ਕੋਲ ਸ਼ਬਦਾਂ ਦਾ ਬੇਸ਼ੁਮਾਰ ਭੰਡਾਰ ਹੈ। ਉਹ ਹਰ ਗੱਲ ਬੜੀ ਸਹਿਜਤਾ, ਸਪੱਸ਼ਟਤਾ, ਸਲੀਕੇ ਤੇ ਤਰਕ ਨਾਲ ਕਰਦਾ ਹੈ। ਦੂਜਿਆਂ ਦੀ ਨਿੰਦਾ ਕਰਨਾ ਉਸ ਦੇ ਸੁਭਾਅ ਵਿੱਚ ਸ਼ਾਮਲ ਨਹੀਂ। ਭਾਵੇਂ ਉਹ ਟੀਸੀ ’ਤੇ ਬੈਠਾ ਹੈ, ਪਰ ਉਸ ਦੇ ਪੈਰ ਜ਼ਮੀਨ ’ਤੇ ਟਿਕੇ ਹੋਏ ਹਨ। ਉਸ ਦੇ ਲਿਖੇ ਸਾਰੇ ਗੀਤ ਯਥਾਰਥ ਨਾਲ ਜੁੜੇ ਹੋਏ ਹਨ। ਇਸੇ ਕਰਕੇ ਇਨਾਂ ਗੀਤਾਂ ਵਿੱਚੋਂ ਪੰਜਾਬੀ ਤੇ ਪੰਜਾਬੀ ਸੱਭਿਆਚਾਰ ਦੀ ਸੁਗੰਧ ਡੁੱਲ-ਡੁੱਲ ਪੈਂਦੀ ਹੈ। ਸੈਂਕੜੇ ਗੀਤਾਂ ਨੂੰ ਜਨਮ ਦੇਣ ਵਾਲੀ ਇਸ ਖ਼ੂਬਸੂਰਤ ਕਲਮ ਦਾ ਨਾਂ ਅਲਬੇਲ ਬਰਾੜ ਉਰਫ਼ ਦਿਓਣ ਵਾਲਾ ਅਲਬੇਲਾ ਹੈ।

ਬਠਿੰਡਾ ਤੋਂ 12 ਕਿਲੋਮੀਟਰ ਦੂਰ ਉਹਦਾ ਪਿੰਡ ਦਿਓਣ ਹੈ, ਜਿੱਥੇ 4 ਮਈ 1961 ਨੂੰ ਪਿਤਾ ਫਰਨੈਲ ਸਿੰਘ ਤੇ ਮਾਤਾ ਬਸੰਤ ਕੌਰ ਦੇ ਘਰ ਉਸ ਦਾ ਜਨਮ ਹੋਇਆ। ਉਸ ਨੇ ਮੁੱਢਲੀ ਪੜਾਈ ਪਿੰਡ ਤੇ ਕਾਲਜ ਦੀ ਪੜਾਈ ਡੀ.ਏ.ਵੀ. ਕਾਲਜ ਬਠਿੰਡਾ ਤੋਂ ਪ੍ਰਾਪਤ ਕੀਤੀ।

ਉਸ ਨੂੰ ਗੀਤ ਲਿਖਣ ਦਾ ਸ਼ੌਕ ਸਕੂਲ ਵਿੱਚ ਸ਼ਨਿਚਰਵਾਰ ਨੂੰ ਹੋਣ ਵਾਲੀਆਂ ਬਾਲ ਸਭਾਵਾਂ ਤੋਂ ਪਿਆ। ਉਹ ਇਨਾਂ ਸਭਾਵਾਂ ਵਿੱਚ ਸੁਰਿੰਦਰ ਕੌਰ, ਨਰਿੰਦਰ ਬੀਬਾ ਤੇ ਜਗਮੋਹਣ ਕੌਰ ਦੇ ਗਾਏ ਗੀਤ ਸੁਣਾਉਂਦਾ ਹੁੰਦਾ ਸੀ। ਮਾਣਕ ਦੇ ਗੀਤਾਂ ਵਿੱਚ ਵੱਜਦੇ ‘ਦੇਵ ਥਰੀਕੇ’ ਵਾਲੇ ਦੇ ਨਾਂ ਨੇ, ਉਹਨੂੰ ਗੀਤਾਂ ਦੀ ਤੁਕਬੰਦੀ ਕਰਨ ਲਾਇਆ। ਗੀਤ ਲਿਖਣੇ ਜਾਂ ਗਾਉਣੇ ਉਸ ਦੇ ਪਰਿਵਾਰ ਨੂੰ ਪਸੰਦ ਨਹੀਂ ਸਨ, ਪਰ ਉਹ ਘਰਦਿਆਂ ਤੋਂ ਡਰਦਾ ਆਪਣੀ ਗੀਤਾਂ ਵਾਲੀ ਕਾਪੀ ਨੂੰ ਲੁਕਾ ਕੇ ਰੱਖਦਾ ਸੀ।

ਜਦੋਂ ਇੱਕ ਦਿਨ ਉਸ ਨੇ ਆਪਣੇ ਗੀਤ, ਆਪਣੀ ਮਾਸੀ ਦੇ ਮੁੰਡੇ ਨਿਰਭੈ ਸਿੰਘ ਨੂੰ ਵਿਖਾਏ ਤਾਂ ਉਸ ਨੇ ਗੀਤਾਂ ਦੀ ਤਾਰੀਫ਼ ਕਰਦਿਆਂ ਕੁਲਦੀਪ ਮਾਣਕ ਕੋਲ ਜਾਣ ਦੀ ਸਲਾਹ ਦਿੱਤੀ। ਉਹ ਅਗਲੇ ਦਿਨ ਬੱਸ ਚੜ ਕੇ ਲੁਧਿਆਣਾ ਮਾਣਕ ਨੂੰ ਜਾ ਮਿਲਿਆ। ਮਾਣਕ ਨੇ ਗੀਤ ਵੇਖ ਕੇ ਸ਼ਾਬਾਸ਼ ਦਿੱਤੀ। ਜਦੋਂ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਉਸ ਦਾ ਪਲੇਠਾ ਗੀਤ ‘ਅੱਖਾਂ ਮੂਹਰੇ ਦੀਹਦਾ ਰਹਿੰਦਾ ਹੈ ਰੜਕਦਾ-ਛੱਡੀਏ ਨਾ ਵੈਰੀ’ ਨੂੰ ਰਿਕਾਰਡ ਕਰਵਾਇਆ ਤਾਂ ਇਹ ਗੀਤ ਲੋਕਾਂ ਦੇ ਸਿਰ ਚੜ ਬੋਲਿਆ ਤੇ ਅਲਬੇਲ ਬਰਾੜ ਲਈ ਗੀਤਕਾਰੀ ਦੇ ਦਰਵਾਜ਼ੇ ਖੋਲ ਦਿੱਤੇ। ਆਪਣੇ ਪੁੱਤ ਦਾ ਪਹਿਲਾ ਗੀਤ ਸੁਣਕੇ ਪਿਉ ਨੇ ਉਸ ਨੂੰ ਘੁੱਟ ਕੇ ਗਲ ਨਾਲ ਲਾ ਲਿਆ ਤੇ ਕਿਹਾ, ‘ਪੁੱਤਰਾ ਜੇ ਲਿਖਣਾ ਹੈ ਤਾਂ ਅਜਿਹਾ ਹੀ ਲਿਖੀਂ। ਅਸੀਂ ਨਹੀਂ ਰੋਕਦੇ।’ ਪਿਉ ਦੇ ਥਾਪੜੇ ਨੇ ਉਸ ਦੇ ਅੰਦਰ ਹੋਰ ਜੋਸ਼ ਭਰ ਦਿੱਤਾ।

ਇਸ ਗੀਤ ਤੋਂ ਬਾਅਦ ਤਾਂ ਚੱਲ ਸੋ ਚੱਲ-ਕੁਲਦੀਪ ਮਾਣਕ ਨੇ ਅਲਬੇਲ ਬਰਾੜ ਦੇ ਲਿਖੇ 114 ਗੀਤ ਰਿਕਾਰਡ ਕਰਵਾਏ, ਜਿਨਾਂ ਵਿੱਚ ‘ਹੋਇਆ ਕੀ ਜੇ ਧੀ ਜੰਮ ਪਈ’, ‘ਨਖਰੇ ਬਿਨ ਸੋਹਣੀ ਤੀਵੀਂ’, ‘ਤੇਰੇ ਨੱਕ ਦਾ ਨੀਂ ਕੋਕਾ’, ‘ਮਣਾਂ ਮੂੰਹੀਂ ਰੂਪ ਦਾ ਗੁਮਾਨ ਕਰਦੀ’, ‘ਦਫਾ ਹੋਜਾ ਨੀਂ ਅੱਖਾਂ ਤੋਂ ਉਹਲੇ’, ‘ਸੱਚੀ ਗੱਲ ਜ਼ੁਬਾਨ ’ਤੇ ਆਇਆਂ ਨਹੀਂ ਰੁਕਦੀ’, ‘ਪਿਉ-ਪੁੱਤ ਦੀ ਯਾਰੀ’, ‘ਉਹ ਕੀ ਬੰਦੇ ਜਿਹੜੇ ਖਾਣ ਕਮਾਈ ਰੰਨਾਂ ਦੀ’, ‘ਖੁਦਾ ਤੋਂ ਤੇਰੀ ਖੈਰ ਮੰਗਦੀ’ ਤੇ ਹੋਰ ਅਨੇਕਾਂ ਗੀਤ ਸ਼ਾਮਲ ਹਨ।

‘ਮੁੰਡਾ ਆਪਣੇ ਵਿਆਹ ਦੇ ਵਿੱਚ ਨੱਚਦਾ ਫਿਰੇ’ (ਬਲਕਾਰ ਸਿੱਧੂ), ‘ਅੱਜ ਨਿਕਲੀ ਸਰੋਂ ਦਾ ਫੁੱਲ ਬਣਕੇ’ (ਰੌਸ਼ਨ ਪ੍ਰਿੰਸ), ‘ਬਾਰਾਂ ਡੱਬੇ ਲੱਗੇ ਨੀਂ ਬਠਿੰਡੇ ਵਾਲੀ ਰੇਲ ਨੂੰ’ (ਜਸਵਿੰਦਰ ਬਰਾੜ) ਗੀਤਾਂ ਨੂੰ ਵੀ ਅਲਬੇਲ ਬਰਾੜ ਨੇ ਹੀ ਲਿਖਿਆ ਹੈ। ਇਨਾਂ ਤੋਂ ਬਿਨਾਂ ਜੈਜ਼ੀ ਬੀ, ਸੁਰਜੀਤ ਬਿੰਦਰਖੀਆ, ਜਗਮੋਹਣ ਕੌਰ, ਸੁਰਿੰਦਰ ਛਿੰਦਾ, ਕਰਤਾਰ ਰਮਲਾ, ਅੰਗਰੇਜ਼ ਅਲੀ, ਯੁੱਧਵੀਰ ਮਾਣਕ, ਮੇਜਰ ਰਾਜਸਥਾਨੀ, ਦਿਲਸ਼ਾਦ ਅਖ਼ਤਰ, ਪਰਗਟ ਭਾਗੂ, ਪਾਲੀ ਦੇਤਵਾਲੀਆ,



ਰਣਜੀਤ ਮਣੀ, ਸ਼ੰਕਰ ਸਾਹਨੀ, ਸੁਚੇਤ ਬਾਲਾ, ਹਰਦੇਵ ਮਾਹੀਨੰਗਲ, ਧਰਮਪ੍ਰੀਤ, ਫਕੀਰ ਚੰਦ ਪਤੰਗਾ, ਬਲਵੀਰ ਚੋਟੀਆਂ ਸਮੇਤ ਸੌ ਦੇ ਕਰੀਬ ਕਲਾਕਾਰਾਂ ਨੇ ਅਲਬੇਲ ਬਰਾੜ ਦੇ ਗੀਤ ਰਿਕਾਰਡ ਕਰਵਾਏ ਹਨ। ਉਸ ਦੇ ਰਿਕਾਰਡ ਗੀਤਾਂ ਦੀ ਗਿਣਤੀ 450 ਤੋਂ ਉੱਪਰ ਹੈ ਤੇ ਉਸ ਦੀ ਕਲਮ ਹਜ਼ਾਰ ਤੋਂ ਵਧੇਰੇ ਗੀਤਾਂ ਦੀ ਸਿਰਜਣਾ ਕਰ ਚੁੱਕੀ ਹੈ। ਅਲਬੇਲ ਬਰਾੜ ਨੇ ਕਿਹਾ, ‘ਮੇਰਾ ਕੋਈ ਵੀ ਗੀਤ ਕਲਪਨਾ ’ਤੇ ਆਧਾਰਿਤ ਨਹੀਂ ਹੈ, ਸਾਰੇ ਹੀ ਗੀਤ ਯਥਾਰਥ ਦੀ ਤਰਜ਼ਮਾਨੀ ਕਰਦੇ ਹਨ।’ ਉਸ ਦੇ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਰਿਕਾਰਡ ਹੋਏ ਗੀਤ, ‘ਹੋਇਆ ਕੀ ਜੇ ਧੀ ਜੰਮ ਪਈ’ ਨੇ ਲੋਕਾਂ ਦੀ ਸੋਚ ਨੂੰ ਬਦਲ ਕੇ ਰੱਖ ਦਿੱਤਾ ਸੀ ਅਤੇ ਲੋਕ ਧੀਆਂ ਦੀ ਲੋਹੜੀ ਮਨਾਉਣ ਲੱਗ ਪਏ ਸਨ। ਇਹ ਗੀਤ ਅਲਬੇਲ ਬਰਾੜ ਨੇ ਆਪਣੀ ਇਕਲੌਤੀ ਧੀ ਦੇ ਜਨਮ ਵੇਲੇ ਲਿਖਿਆ ਸੀ।

ਕੁਲਦੀਪ ਮਾਣਕ ਦੀ ਗੱਲ ਤੁਰਦਿਆਂ ਉਹ ਆਖਦਾ ਹੈ, ‘ਮਾਣਕ ਦਿਲ ਦਾ ਸੱਚਾ ਬੰਦਾ ਸੀ। ਕਲਾਕਾਰੀ ਦਾ ਅਥਾਹ ਸਮੁੰਦਰ। ਉਹ ਇੱਕ ਸੰਸਥਾ ਦਾ ਨਾਂ ਹੈ। ਜੇ ਮਾਣਕ ਨਾ ਹੁੰਦਾ ਤਾਂ ਅਲਬੇਲ ਬਰਾੜ ਨਾ ਹੁੰਦਾ।’ ਉਸ ਨੂੰ ਮਾਣਕ ਦੀ ਦੋਸਤੀ ’ਤੇ ਮਾਣ ਹੈ। ਉਸ ਦਾ ਮੰਨਣਾ ਹੈ ਕਿ ਕੁਲਦੀਪ ਮਾਣਕ ਦੇ ਤੁਰ ਜਾਣ ਨਾਲ ਲੋਕ-ਗਾਥਾਵਾਂ ਗਾਉਣ ਦਾ ਯੁੱਗ ਵੀ ਖਤਮ ਹੋ ਗਿਆ ਹੈ। ਗੀਤਕਾਰੀ ਵਿੱਚ ਅਨੇਕਾਂ ਮਾਣ-ਸਨਮਾਨ ਉਸ ਦੀ ਝੋਲੀ ਪਏ ਹਨ। ਪ੍ਰੋ. ਮੋਹਣ ਸਿੰਘ ਮੇਲਾ ਲੁਧਿਆਣਾ 2017, ਪੰਜਾਬੀ ਸਾਹਿਤ ਸਭਾ ਬ੍ਰਿਸਬੇਨ (ਆਸਟਰੇਲੀਆ), ਸੱਭਿਆਚਾਰ ਚੇਤਨਾ ਮੰਚ ਮਾਨਸਾ, ਗੁਰੂ ਗੋਬਿੰਦ ਸਿੰਘ ਗਰੁੱਪ ਆਫ ਇੰਸਟੀਚਿਊਟ, ਤਲਬੰਡੀ ਸਾਬੋ, ਸੁਰ ਸਾਗਰ ਕਲਾ ਮੰਚ, ਬਠਿੰਡਾ, ਮਾਲਵਾ ਸੱਭਿਆਚਾਰਕ ਸੱਥ, ਬਰਨਾਲਾ ਤੋਂ ਇਲਾਵਾ ਚਾਰ ਸੌ ਦੇ ਕਰੀਬ ਹੋਰ ਸਨਮਾਨ ਵੀ ਮਿਲੇ ਹਨ। ਉਂਜ ਉਸ ਦਾ ਕਹਿਣ ਹੈ ਕਿ ਸਭ ਤੋਂ ਵੱਡਾ ਸਨਮਾਨ ਤਾਂ ਸਰੋਤੇ ਹੀ ਹੁੰਦੇ ਹਨ।

ਅਜੋਕੀ ਅਤੇ ਪੁਰਾਤਨ ਗਾਇਕੀ ਤੇ ਗੀਤਕਾਰੀ ਬਾਰੇ ਉਸ ਦਾ ਕਹਿਣਾ ਹੈ, ‘ਦੋਵਾਂ ਵਿੱਚ ਜ਼ਮੀਨ- ਅਸਮਾਨ ਦਾ ਫਰਕ ਹੈ। ਅੱਜ ਦਾ ਸਮਾਂ ਵੀ ਮਾੜਾ ਨਹੀਂ ਹੈ। ਤਕਨੀਕ ਦੇ ਜ਼ਰੀਏ ਇਹ ਗੱਲਾਂ ਲੋਕਾਂ ਦੇ ਹੋਰ ਨੇੜੇ ਆ ਗਈਆਂ ਹਨ। ਲੰਬਾ ਸਮਾਂ ਪਾਵਰਕਾਮ ਵਿੱਚ ਸੇਵਾਵਾਂ ਨਿਭਾਉਣ ਵਾਲਾ ਇਹ ਅਲਬੇਲਾ ਗੀਤਕਾਰ ਮਈ 2019 ਵਿੱਚ ਸੁਪਰਡੈਂਟ ਦੇ ਅਹੁਦੇ ਤੋਂ ਸੇਵਾਮੁਕਤ ਹੋ ਕੇ ਹੁਣ ਬਠਿੰਡਾ ਵਿਖੇ ਆਪਣੀ ਪਤਨੀ ਤੇ ਬੇਟੀ ਨਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ।

---

ਕਾਵਿ ਸੰਸਾਰ



## ਸੰਤ ਰਾਮ ਉਦਾਸੀ

**1. ਵਸੀਅਤ**

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ ’ਚ ਨਾ ਰਲਾਇਓ।
ਮੇਰੀ ਵੀ ਜ਼ਿੰਦਗੀ ਕੀ ? ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫ਼ੀ, ਤੀਲੀ ਬੇਸ਼ੱਕ ਨਾ ਲਾਇਓ।
ਹੋਣਾ ਨਹੀਂ ਮੈ ਚਾਹੁੰਦਾ, ਸੜ ਕੇ ਸੁਆਹ ਇਕੇਰਾਂ,
ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ।
ਵਲਗਣ ’ਚ ਕੈਦ ਹੋਣਾ, ਮੇਰੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ ’ਤੇ ਹੀ ਜਲਾਇਓ।
ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ, ਓਸੇ ਹੀ ਰਾਹ ਲਿਜਾਇਓ।
ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ ’ਚ ਨਾ ਰਲਾਇਓ।

## 2. ਆਸੀ ਖ਼ਾਨਪੁਰੀ

1. ਨਜ਼ਮਾਂ, ਗ਼ਜ਼ਲਾਂ ਦੇ ਪਰਦੇ ਵਿਚ ਅਪਨਾ ਦਰਦ ਲਕੋਵੀਂ
ਨਜ਼ਮਾਂ, ਗ਼ਜ਼ਲਾਂ ਦੇ ਪਰਦੇ ਵਿਚ ਅਪਨਾ ਦਰਦ ਲਕੋਵੀਂ।
ਕੁਝ ਵੀ ਹੋਵੇ ਜਿੰਦੇ ਮੇਰੀਏ ਬੇਆਸੀ ਨਾ ਹੋਵੀਂ।
ਜਗ ਦੇ ਸਾਵੇਂ ਕਤਲ ਮੇਰੇ ਦੀ ਫੇਰ ਕਰੀਂ ਇਨਕਾਰੀ,
ਪਹਿਲੋਂ ਅਪਣੇ ਦਾਮਨ ਉੱਤੋਂ ਦਾਗ਼ ਲਹੂ ਦੇ ਧੋਵੀਂ।
ਫੁੱਲ ਖਿੜਨ ਦਾ ਖੜਕਾ ਉਸਦੀ ਨੀਂਦ ਉਖਾੜ ਨਾ ਦੇਵੇ,
ਪਿਆਰ ਵਫ਼ਾ ਦੇ ਰੋਜ਼ੇ ਉੱਤੇ ਚੁਪ ਦਾ ਬੂਹਾ ਢੋਵੀਂ।
ਮੈਂ ਸਮਝਾਂ ਪਈ ਜੋ ਕੁਝ ਲੱਭਿਆ ਜੁੜਿਆ ਪੇਸ਼ ਕਰਾਂਗਾ,
ਲੋਕੀ ਆਖਣ ਮੁੰਜ ਦੀ ਰੱਸੀ ਵਿਚ ਨਾ ਫੁੱਲ ਪਰੋਵੀਂ।
ਜੀਉਂਦੇ ਜੀ ਤੇ ਲੋਕਾ ਖਿੜਦੇ ਮੱਥੇ ਮਿਲੀਂ ਅਸਾਨੂੰ,
ਮਰ ਗਏ ਤੇ ਮੁੜ ਤੇਰੀ ਮਰਜ਼ੀ ਹੱਸੀਂ ਭਾਵੇਂ ਰੋਵੀਂ।

## 3. ਅਬਦੀ ਕਾਦਰੀ ਕੈਸਰਸ਼ਾਹੀ

**ਸੀਹਰ਼ਫ਼ੀ**

(1) ਅਲਫ਼ ਅੰਤ ਨਾ ਰਬ ਦਾ ਆਂਵਦਾ ਏ
ਪਾਏ ਰਬ ਦੇ ਭੇਤ ਨੂੰ ਕੌਣ ਯਾਰਾ
ਰੱਬ ਆਪ ਮੌਜੂਦ ਹੈ ਕੋਲ ਸਾਡੇ
ਪੱਖੇ ਵਿਚ ਜਿਉਂ ਹੋਂਦੀ ਏ ਪੌਣ ਯਾਰਾ
ਬਾਝ ਆਪਣਾ ਆਪ ਪਛਾਨਣੇ ਦੇ
ਜਾਏ ਉਮਰ ਸਾਰੀ ਆਵਾਗੌਣ ਯਾਰਾ
ਅਬਦੀ ਰੱਬ ਨੂੰ ਭਾਲਿਆ ਜਿਨਾਂ ਬਾਹਰ
ਦੇਂਦਾ ਉਨਾਂ ਨੂੰ ਹਿਜਰ ਨਾ ਸੌਣ ਯਾਰਾ
(2) ਮੀਮ ਮੌਲਾ ਨੂੰ ਜਦੋਂ ਪਛਾਣ ਬੰਦਾ
ਹੋਇਆ ਸਾਫ਼ ਸਫ਼ਾ ਮਲੰਗ ਯਾਰਾ
ਇਕਸੇ ਡੀਕ ਹੀ ਸਾਰਿਆਂ ਮਜ਼ਹਬਾਂ ਨੂੰ
ਪੀਤਾ ਘੋਲ ਕੇ ਓਸ ਨਿਸ਼ੰਗ ਯਾਰਾ
ਹੋਇਆ ਓਸ ਦਾ ਰੰਗ ਜਾਂ ਸਿਬਗ਼ਾ ਤੁੱਲਾ
ਚੜੇ ਓਸ ਤੇ ਹੋਰ ਨਾ ਰੰਗ ਯਾਰਾ
‘ਅਬਦੀ’ ਪਰਤ ਕੇ ਫੇਰ ਨਾ ਮੂਲ ਆਵਣ
ਗਈਆਂ ਹੱਡੀਆਂ ਵਿਚ ਜੇ ਗੰਗ ਯਾਰਾ
(3) ਨੂਨ ਨੂਰ ਖ਼ੁਦਾ ਮਨਸੂਰ ਆਸ਼ਕ
ਵੇਖੇ ਇਕ ਨਾ ਜਾਂਵਦਾ ਗ਼ੈਰ ਯਾਰਾ
ਨਾਹਰਾ ਮਾਰਿਆ ਅਨਲਹਕ ਪੁਗਿਆ ਓਹ
ਕੀਤਾ ਸੂਲੀ ਦਾ ਓਸ ਨੇ ਸੈਰ ਯਾਰਾ
ਪਾੜੇ ਅੜਤਣੇ ਪੜਤਣੇ ਓਸ ਸਾਰੇ
ਆਓ ਚੁੰਮੀਏਂ ਓਸ ਦੇ ਪੈਰ ਯਾਰਾ
‘ਅਬਦੀ’ ਏਹੋ ਏ ਹੱਕ ਦਾ ਰਾਹ ਸੱਚਾ
ਲੋਕਾਂ ਏਸਦੇ ਨਾਲ ਕਿਉਂ ਵੈਰ ਯਾਰਾ
(4) ਵਾਓ ਵਾਹ ਏ ਸ਼ੈਖ਼ ਅੱਤਾਰ ਪੂਰਾ
ਜਿਹੜਾ ਆਸ਼ਕਾਂ ਵਿੱਚ ਪਰਵਾਨ ਯਾਰਾ
ਆਲਮ ਇਲਮ ਤੌਹੀਦ ਦਾ ਓਹ ਕਾਮਲ
ਹਾਦੀ ਰਾਹ ਈਮਾਨ ਇਰਫ਼ਾਨ ਯਾਰਾ
ਬੋਲ ਉੱਠਿਆ ਓਹ ਮਿਨ ਖ਼ੁਦਾ ਓੜਕ
ਭਾਂਡਾ ਭੰਨਿਆ ਵਿੱਚ ਮਦਾਨ ਯਾਰਾ
‘ਅਬਦੀ’ ਵਾਂਗ ਸੁਣਾਈ ਏ ਓਸ ਸੱਚੀ
ਓਹਦੀ ਗੱਲ ਤੋਂ ਵਾਰੀਏ ਜਾਨ ਯਾਰਾ
(5) ਹੇ ਹੋਰ ਨਾ ਰੱਬ ਦੇ ਬਾਝ ਕੋਈ
ਓਹਾ ਸਾਡੜੀ ਜਿੰਦੜੀ ਜਾਨ ਯਾਰਾ
ਜਦੋਂ ਆਖਦੇ ਅਸੀਂ ਸੁਬਹਾਨ ਅੱਲਾ
ਓਹ ਭੀ ਆਖਦਾ ਨਾਲ ਸੁਬਹਾਨ ਯਾਰਾ
ਵੱਸੇ ਵਿਚ ਤੇ ਪਤਾ ਨ ਦੇਇ ਜ਼ਾਹਰ
ਛਪਣ ਛੋਤੀਆਂ ਓਸਦੀ ਬਾਨ ਯਾਰਾ
ਅਬਦੀ ਜਾਨ ਦਿਲ ਅੱਖੀਆਂ ਆਪ ਓਹਾ
ਦੱਸੇ ਪੁੱਛਿਆਂ ਲਾ ਮਕਾਨ ਯਾਰਾ
(6) ਅਲਫ਼ ਓਸਨੂੰ ਪਾਉਂਦਾ ਕੋਈ ਚਾਤਰ
ਗੁਰੂ ਪੀਰ ਵਾਲਾ ਇਸ਼ਕ ਬਾਜ਼ ਯਾਰਾ
ਕਰਦਾ ਆਪ ਓਹ ਨਾਜ਼ ਮਾਸ਼ੂਕ ਵਾਲੇ
ਆਪੇ ਆਸ਼ਕੀ ਵਾਂਗ ਨਿਆਜ਼ ਯਾਰਾ
ਆਪੋ ਆਪਣੀ ਨਹਾਇ ਕੇ ਕਰੇ ਪੂਜਾ
ਆਪੇ ਆਪਣੀ ਪੜੇ ਨਮਾਜ਼ ਯਾਰਾ
‘ਅਬਦੀ’ ਆਪ ਨੂੰ ਆਪ ਛਪਾਂਵਦਾ ਓਹ
ਆਪੇ ਆਪਣਾ ਖੋਹਲਦਾ ਰਾਜ਼ ਯਾਰਾ

## 4. ਅਬਦੁਲ ਕੁੱਦੂਸ ‘ਕੈਫ਼ੀ’

**ਦਿਲ ਦੇ ਕੋਲੋਂ ਵੱਖਰਾ ਹੋ ਕੇ**

ਦਿਲ ਦੇ ਕੋਲੋਂ ਵੱਖਰਾ ਹੋ ਕੇ, ਦਰਦ ਵੀ ਭਰਦੇ ਹਾਵਾਂ ਨੇ।
ਇਕਲਾਪੇ ਦੇ ਦੁਖ ਇੰਜ ਵਿੰਨਿਆ, ਔਖੀਆਂ ਹੋਈਆਂ ਸਾਹਵਾਂ ਨੇ।
ਯਾਦ ਮਾਹੀ ਦੀ ਹਾਅ ਨੂੰ ਠਾਰੇ, ਦਿਲ ਦੇ ਰੋਗ ਮਿਟਾਉਂਦੀ ਏ,
ਜਮ-ਜਮ ਆਵੇ ਸ਼ਾਮ-ਸਵੇਰੇ ਅੱਖੀਆਂ ਤੱਕਦੀਆਂ ਰਾਹਵਾਂ ਨੇ।
ਫ਼ਿਕਰਾਂ, ਉਮਰਾਂ ਨਾਲ ਹੰਢਾਈਆਂ, ਬਚਪਨ ਦੀਆਂ ਸੌਗ਼ਾਤਾਂ ਨੇ,
ਕਮਲੀ ਅੱਖ ਅੱਜ ਵੈਣ ਕਰੇਂਦੀ, ਕਸੀਆ ਸੋਚ ਤਨਾਵਾਂ ਨੇ।
ਵਿਛੜੇ ਮਿਲਦੇ ਨਾਲ ਨਸੀਬਾਂ, ਹੋਣੀ ਨੂੰ ਕੋਈ ਰੋਕੇ ਨਾ,
ਸੰਝ-ਸਵੇਰੇ ਪਲਕ ਬਨੇਰੇ, ਸੁਫ਼ਨੇ ਭਰਦੇ ਹਾਵਾਂ ਨੇ।
ਇਕ ਇਕ ਪਲ ਨੂੰ ਕੱਠਿਆਂ ਕਰਕੇ, ਪਿਆਰ ਦੀ ਕੁੱਲੀ ਪਾਈ ਸੀ,
ਤੀਲਾ-ਤੀਲਾ ਕਰ ਛੱਡਿਆ ਇੰਜ ਚੱਲੀਆਂ ਹਿਰਸ ਹਵਾਵਾਂ ਨੇ।
ਕੱਚੀਆਂ ਪਿੱਲੀਆਂ ਘਰ ਦੀਆਂ ਕੰਧਾਂ, ਖ਼ੌਫ਼ ਦੀ ਸੂਲੀ ਟੰਗੀਆਂ ਨੇ,
ਸਾਵਣ ਆਇਆ, ਘੁੰਗਰੂ ਬੰਨ ਕੇ, ਚੜੀਆਂ ਘੋਰ ਘਟਾਵਾਂ ਨੇ।
ਝੂਠਿਆਂ ਦੀ ਇਸ ਮਹਿਫ਼ਲ ਦੇ ਵਿਚ, ਸੱਚੀਆਂ ਗੱਲਾਂ ਕਰਦਾ ਹਾਂ,
ਡਰ ਨਹੀ ‘ਕੈਫ਼ੀ’ ਜਗ ਦਾ ਕੋਈ, ਮਾਂ ਦੀਆਂ ਨਾਲ ਦੁਆਵਾਂ ਨੇ ।

## 7. ਲਾਲਾ ਧਨੀ ਰਾਮ ਚਾਤ੍ਰਿਕ

**ਅਰਦਾਸ**

ਕਰਤਾਰ, ਜਗਤ-ਅਧਾਰ ਪਿਤਾ।
ਮੈਂ ਨੀਚ ਅਧਮ ਇਕ ਬਾਲ ਤਿਰਾ,
ਕਰ ਸਕਾਂ ਕਥਨ ਇਕਬਾਲ ਕਿਵੇਂ,
ਇਸ ਅਲਪ ਅਕਲ ਦੇ ਨਾਲ ਤਿਰਾ।
ਜਦ ਸੁਰਤ ਨਿਗਾਹ ਦੌੜਾਂਦੀ ਹੈ,
ਚੁੰਧਿਆ ਕੇ ਚੁਪ ਰਹਿ ਜਾਂਦੀ ਹੈ,
ਤਕ ਤਣਿਆ ਕੁਦਰਤ ਜਾਲ ਤਿਰਾ,
ਵੈਰਾਟ ਸਰੂਪ ਵਿਸ਼ਾਲ ਤਿਰਾ।
ਇਕ ਬੀਜੋਂ ਬਿਰਛ ਨਿਕਲਦੇ ਨੂੰ,
ਪੁੰਗਰਦੇ, ਫੁਲਦੇ, ਫਲਦੇ ਨੂੰ,
ਰਗ ਰਗ ਵਿਚ ਖ਼ੂਨ ਉਛਲਦੇ ਨੂੰ,
ਤਕ ਪਾਵੇ ਨਜ਼ਰ ਜਮਾਲ ਤਿਰਾ।
ਗ੍ਰਹ, ਤਾਰੇ, ਬਿਜਲੀ, ਸੂਰਜ, ਚੰਨ,
ਨਦ, ਸਾਗਰ, ਪਰਬਤ, ਬਨ ਉਪਬਨ,
ਬ੍ਰਹਮੰਡ ਤਿਰੇ, ਭੂ-ਖੰਡ ਤਿਰੇ,
ਆਕਾਸ਼ ਤਰਾ, ਪਾਤਾਲ ਤਿਰਾ।
ਤੂੰ ਆਦਿ ਅੰਤ ਬਿਨ, ਅਜਰ, ਅਟਲ,
ਤੂੰ ਅਗਮ, ਅਗੋਚਰ, ਅਤੁਲ, ਅਚਲ,
ਅਜ, ਅਮਰ, ਅਰੂਪ, ਅਨਾਮ, ਅਕਲ,
ਅਨਵਰਤ, ਅਖੰਡ ਜਲਾਲ ਤਿਰਾ।
ਵਿਧਿ, ਨਾਰਦ, ਸ਼ੇਸ਼ ਵਿਆਸ ਜਿਹੇ,
ਅੰਗਿਰਾ ਆਦਿ ਲਿਖ ਹਾਰ ਗਏ,
ਕੁਝ ਹਾਲ ਤਿਰਾ ਜਦ ਕਹਿਣ ਲਗੇ,
ਕਰ ਸਕੇ ਨਾ ਹੱਲ ਸਵਾਲ ਤਿਰਾ।
ਤੂੰ ਝਲਕੇਂ ਹਰ ਆਈਨੇ ਵਿਚ,
ਜ਼ੱਰੇ ਜ਼ੱਰੇ ਦੇ ਸੀਨੇ ਵਿਚ,
ਸੀਨੇ ਦੇ ਗੁਪਤ ਖਜ਼ੀਨੇ ਵਿਚ,
ਧਨ ਮਾਲ, ਅਮੋਲਕ ਲਾਲ ਤਿਰਾ।
ਕਲੀਆਂ ਵਿਚ ਲੁਕ ਲੁਕ ਵਸਦਾ ਹੈਂ,
ਫੁਲ ਦੇ ਚਿਹਰੇ ਪਰ ਹਸਦਾ ਹੈਂ,
ਚੜ ਵਾ ਦੇ ਘੋੜੇ ਨਸਦਾ ਹੈਂ,
ਵਾਹ ਰੰਗ-ਬਰੰਗ ਖਿਆਲ ਤਿਰਾ।
ਸਬਜ਼ ਦੇ ਨਾਦ ਨਿਹਾਨੀ ਵਿਚ,
ਪੰਛੀ ਦੀ ਲੈ ਮਸਤਾਨੀ ਵਿਚ,
ਨਦੀਆਂ ਦੇ ਸ਼ੋਰ ਰਵਾਨੀ ਵਿਚ,
ਹੈ ਗੂੰਜ ਰਿਹਾ ਸੁਰ ਤਾਲ ਤਿਰਾ।
ਸ੍ਰਿਸ਼ਟੀ ਰਚ ਦੇਵੇਂ ਮੌਜ ਲਿਆ,
ਅਰ ਪਰਲੈ ਕਰੇਂ ਇਕ ਨਿਗਾਹ
ਫਿਰਾ, ਰੇਤਾ ਦਰਯਾ, ਦਰਯਾ ਰੇਤਾ,
ਵਾਹ ਨਦਰ-ਨਿਹਾਲ, ਕਮਾਲ ਤਿਰਾ।
ਹਰ ਮੰਦਰ ਜੈਜੈਕਾਰ ਤਿਰਾ,
ਹਰ ਸੂਰਤ ਪਰ ਝਲਕਾਰ ਤਿਰਾ,
ਮਹਿਕਾਰ ਤਿਰੀ, ਸ਼ਿੰਗਾਰ ਤਿਰਾ,
ਪਰਤਾਪ ਤਿਰਾ, ਇਕਬਾਲ ਤਿਰਾ।

# ਦੁਖੀ ਹੋਣ ਦੇ ਕਾਰਨ...

ਪਰਵੀਨ ਕੌਰ ਸਿੱਧੂ
ਮੋ. ੮੧੪੬੫੩੬੨੦੦

ਜ਼ਿੰਦਗੀ ਵਿਚ ਵਿਚਰਦਿਆਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਕੋਈ ਕਰੀਬੀ, ਦੋਸਤ, ਜਾਂ ਰਿਸ਼ਤੇਦਾਰ ਤੁਹਾਨੂੰ ਬੇਧਿਆਨ ਕਰ ਰਿਹਾ ਹੈ ਤਾਂ ਉਸ ਕੋਲੋਂ ਥੋੜੀ ਦੂਰੀ ਬਣਾ ਲਉ। ਸਮਾਂ ਲੰਘਣ 'ਤੇ ਜੇਕਰ ਇਹੀ ਵਤੀਰਾ ਜਾਰੀ ਰਹਿੰਦਾ ਹੈ ਤਾਂ ਬਿਨਾਂ ਕੁਝ ਕਹੇ ਆਪਣੀ ਜ਼ਿੰਦਗੀ ਦੀ ਤੋਰ ਵਿਚ ਮਸਤ ਹੋ ਜਾਉ।

ਤੁਹਾਨੂੰ ਹਰ ਕੋਈ ਪਸੰਦ ਨਹੀਂ ਕਰ ਸਕਦਾ ਅਤੇ ਹਰ ਇੱਕ ਨਫ਼ਰਤ ਨਹੀਂ ਕਰਦਾ। ਕਈਆਂ ਦਾ ਸੁਭਾਅ ਹੀ ਹੁੰਦਾ ਹੈ ਕਿ ਹਰ ਇੱਕ ਦੀ ਸਿਫਤ ਕਰੀ ਜਾਣਾ। ਕਈ ਗੁਣ ਨਾ ਹੋਣ ਦੇ ਬਾਵਜੂਦ ਵੀ ਅਗਲਾ ਜੇਕਰ ਤੁਹਾਡੀ ਝੂਠੀ ਤਾਰੀਫ਼ ਕਰ ਰਿਹਾ ਹੈ ਤਾਂ ਸਤਰਕ ਹੋ ਜਾਉ। ਤੁਹਾਨੂੰ ਆਪਣੀਆਂ ਕਮੀਆਂ ਅਤੇ ਗੁਣਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਤਾਂ ਹੀ ਤੁਸੀਂ ਆਪਣੇ ਬਾਰੇ ਸਹੀ ਰਾਇ ਰੱਖਣ ਵਾਲੇ ਲੋਕਾਂ ਬਾਰੇ ਜਾਣ ਸਕਦੇ ਹੋ।

ਅਸੀਂ ਬਹੁਤੇ ਦੁੱਖੀ ਆਪਣੇ ਆਪ ਕਰਕੇ ਹੀ ਹੁੰਦੇ ਹਾਂ। ਆਪਣੀ ਲੋੜ ਤੋਂ ਜ਼ਿਆਦੀਆਂ ਪਾਲੀਆਂ ਖਾਹਿਸ਼ਾਂ ਕਰਕੇ। ਕਈ ਵਾਰ ਅਸੀਂ ਕਿਸੇ ਦਾ ਬਹੁਤ ਤੇਹ ਕਰਦੇ ਹਾਂ, ਪਰ ਅਗਲਾ ਸਾਡੇ ਨਾਲ ਉਨਾਂ ਨਹੀਂ ਕਰਦਾ ਜਿਨਾਂ ਅਸੀਂ ਅਗਲੇ ਦਾ ਕਰਦੇ ਹਾਂ। ਇਹੀ ਕਾਰਨ ਹੁੰਦਾ ਹੈ ਕਿ ਅਸੀਂ ਦੁਖੀ ਹੁੰਦੇ ਹਾਂ। ਸੋਚਿਆਂ ਜਾਵੇ ਤਾਂ ਪਿਆਰ ਜ਼ਿਆਦਾਤਰ ਇਕਤਰਫ਼ਾ ਹੀ ਹੁੰਦਾ ਹੈ।

ਕਿਸੇ ਨਾਲ ਅਸੀਂ ਦਿਲੋਂ ਕਰਦੇ ਹਾਂ, ਜ਼ਰੂਰੀ ਨਹੀ ਅਗਲਾ ਵੀ ਸਾਡੇ ਨਾਲ ਦਿਲੋਂ ਹੀ ਕਰੇ, ਇਹ ਅਗਲੇ ਦੀ ਨਿੱਜੀ ਜ਼ਿੰਦਗੀ ਦਾ ਸਵਾਲ ਹੈ। ਕੋਈ ਕਿਸੇ ਨੂੰ ਬੰਦਿਸ਼ ਨਹੀਂ ਲਗਾ ਸਕਦਾ। ਪਿਆਰ ਅਤੇ ਆਪਣੇਪਨ ਵਿਚ ਸੌਦੇਬਾਜ਼ੀ ਨਹੀਂ ਚਲਦੀ ਹੈ। ਇਹ ਤੁਹਾਡੇ ਮਨ ਅਤੇ ਦਿਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸੇ ਨੂੰ ਕਿੰਨਾ ਚਾਹੁੰਦੇ ਹੋ ?

ਹਰ ਮਨੁੱਖ ਦਾ ਸੁਭਾਅ ਅਤੇ ਆਦਤਾਂ ਵੱਖੋਂ-ਵੱਖ ਹੁੰਦੇ ਹਨ। ਅਸੀਂ ਕਈਆਂ ਦੇ ਸੁਭਾਅ ਤੋਂ ਪ੍ਰਭਾਵਿਤ ਹੁੰਦੇ ਹਾਂ ਅਤੇ ਕਈਆਂ ਦੀਆਂ ਆਦਤਾਂ ਬਹੁਤ ਪਸੰਦ ਕਰਦੇ ਹਾਂ। ਇਹ


ਹਰਫਾਂ ਦੇ ਨੂਰ

ਪਸੰਦ-ਨਾਪਸੰਦ ਸਾਡਾ ਨਿੱਜੀ ਮਸਲਾ ਹੈ। ਇਵੇਂ ਹੀ ਅਗਲੇ ਵਿਅਕਤੀ ਦਾ ਵੀ ਨਿੱਜੀ ਮਸਲਾ ਹੈ ਕਿ ਉਹ ਤੁਹਾਡੇ ਪਿਆਰ ਅਤੇ ਵਿਸ਼ਵਾਸ਼ 'ਤੇ ਖਰਾ ਉਤਰਦਾ ਹੈ ਕਿ ਨਹੀਂ ਜਾਂ ਤੁਸੀਂ ਉਸ ਦੇ ਪਿਆਰ 'ਤੇ ਖਰੇ ਉਤਰਦੇ ਹੋ ਕਿ ਨਹੀਂ ?

ਇਹ ਸਭ ਆਪੋ ਆਪਣੇ ਵਿਚਾਰ ਅਤੇ ਸਮਝ ਹੁੰਦੀ ਹੈ।ਇਸ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਘਰਾਂ ਵਿੱਚ ਵੀ ਕਲੇਸ਼ ਲੈਣ ਦੇਣ ਕਰਕੇ ਹੀ ਹੁੰਦਾ ਹੈ। ਕਦੀ ਕੁਝ ਵਾਧੇ ਘਾਟੇ ਕਰਕੇ ਹੁੰਦਾ ਹੈ। ਆਪਣੇ ਮਨ ਨੂੰ ਸਮਝਾਉਣਾ ਪੈਂਦਾ ਹੈ। ਮਸਲੇ ਆਪੇ ਘੱਟ ਹੋ ਜਾਂਦੇ ਹਨ। ਜੇ ਮੈਂ ਇਹ ਸੋਚਾਂ ਕਿ ਅਗਲੇ ਨੇ ਆਪਣੇ ਕੰਮ ਕਰਨ ਸਮੇਂ ਮੈਨੂੰ ਪੁੱਛਿਆ ਤੱਕ ਨਹੀਂ। ਮੈਂ ਤਾਂ ਹਮੇਸ਼ਾ ਪੁੱਛ ਕੇ ਹੀ ਕੰਮ ਕਰਦੀ ਹਾਂ, ਇੰਝ ਕਰਨ ਨਾਲ ਮੈਂ ਆਪਣੀਆਂ ਪ੍ਰੇਸ਼ਾਨੀਆਂ ਆਪ ਵਧਾਏਗੀ। ਤੁਹਾਨੂੰ ਦੂਸਰੇ ਵਿਅਕਤੀ ਦੀ ਲੋੜ ਮਹਿਸੂਸ ਹੋਈ ਹੈ, ਜ਼ਰੂਰੀ ਨਹੀ ਕਿ ਅਗਲੇ ਇਨਸਾਨ ਨੂੰ ਵੀ ਤੁਹਾਡੀ ਹੀ ਲੋੜ ਮਹਿਸੂਸ ਹੋਵੇਗੀ। ਲੋੜਾਂ ਅਤੇ ਜ਼ਰੂਰਤਾਂ ਸਭ ਦੀਆਂ ਵੱਖੋ-ਵੱਖਰੀਆਂ ਹੁੰਦੀਆਂ ਹਨ।

ਤੁਸੀਂ ਰਿਸ਼ਤੇ ਖੁਸ਼ ਹੋ ਕੇ ਨਿਭਾਅ ਕੇ ਵੇਖੋ ਤਾਂ ਸਹੀ, ਰੂਹ ਵਿੱਚ ਖੇੜਾ ਆਵੇਗਾ। ਚਿਹਰੇ ਦੀ ਚਮਕ ਦੁਗਣੀ ਹੋ ਜਾਵੇਗੀ। ਵੈਰ ਵਿਰੋਧ ਮਿਟੇਗਾ। ਆਪਸੀ ਪਿਆਰ ਦੀਆਂ ਸਾਂਝਾਂ ਪੱਕੀਆਂ ਹੋਣਗੀਆਂ, ਦੁੱਖ ਅਤੇ ਮਾਨਸਿਕ ਪ੍ਰੇਸ਼ਾਨੀਆਂ ਘੱਟਣਗੀਆਂ। ਜ਼ਿੰਦਗੀ ਵਿਚ ਵਿਚਰਦਿਆਂ ਵਿਚਾਰਾਂ ਦਾ ਆਦਾਨ-ਪ੍ਰਦਾਨ ਵੀ ਹੁੰਦਾ ਹੈ। ਵਿਚਾਰ ਸਭ ਦੇ ਸੁਣੋ, ਪਰ ਮਰਜ਼ੀ ਆਪਣੀ ਹੀ ਕਰੋ।

ਜੋ ਤੁਹਾਨੂੰ ਚੰਗਾ ਲੱਗੇ ਉਹੀ ਕਰੋ। ਬਾਅਦ ਵਿੱਚ ਦੂਸਰਿਆਂ ਨੂੰ ਕਹਿੰਦੇ ਫਿਰਨਾ ਕਿ ਮੈਂ ਤੇਰੀ ਮੰਨ ਕੇ ਇਹ ਕੰਮ ਕੀਤਾ ਸੀ। ਇਸ ਤਰਾਂ ਝੂਰਨ ਦਾ ਕੋਈ ਫਾਇਦਾ ਨਹੀਂ ਹੁੰਦਾ। ਤੁਸੀਂ ਵੀ ਦੁਨੀਆਂ ਵਿੱਚ ਵਿਚਰ ਰਹੇ ਹੋ। ਆਪ ਵੀ ਕੋਸ਼ਿਸ਼ ਜਾਰੀ ਰੱਖੋ। ਕਿਸੇ ਦੂਸਰੇ 'ਤੇ ਪੂਰੇ ਨਿਰਭਰ ਹੋਣ ਦੀ ਥਾਂ ਆਪ ਵੀ ਸੁਚੇਤ ਰਹੋ।

# ਸਕੂਨ ਤੇ ਦੁੱਖ


ਕਲਮਾਂ ਦੇ ਜਜ਼ਬਾਤ

ਮੈਂ ਅੰਮ੍ਰਿਤ ਵੇਲੇ ਗੁਰੂਘਰ ਦਰਬਾਰ ਸਾਹਿਬ ਬੈਠ ਸੰਤ ਬਾਬਾ ਅਤਰ ਸਿੰਘ ਦੀ ਬਰਸੀ ਮੌਕੇ ਨਗਰ ਵੱਲੋਂ ਲਗਾਏ ਗੁਰੂ ਦੇ ਲੰਗਰ ਲਈ ਸੰਗਤਾਂ ਵੱਲੋਂ ਅਰਦਾਸ ਕਰਵਾਈ ਮਾਇਆ ਅਤੇ ਸਮੱਗਰੀ ਇਕੱਤਰ ਕਰਨ ਦੀ ਸੇਵਾ ਨਿਭਾਅ ਰਿਹਾ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋ ਦਰਬਾਰ ਸਾਹਿਬ ਵਿੱਚ ਮੇਰੇ ਕੋਲ ਆ ਬੈਠਿਆ। ਉਸ ਨੇ ਹੌਲੀ ਜਿਹੀ ਜੇਬ ਵਿੱਚੋਂ ਪੰਜ ਪੰਜ ਸੋ ਦੇ ਪੰਜ ਨੋਟ ਕੱਢ ਮੇਰੇ ਵੱਲ ਨੂੰ ਵਧਾਏ। ਮੈਂ ਉਸ ਵੱਲ ਸਵਾਲੀਆ ਤੱਕਣੀ ਨਾਲ ਵੇਖਿਆ (ਉਸ ਨੂੰ ਉੱਚਾ ਵੀ ਸੁਣਦਾ ਹੈ) ਕਿਉਂਕਿ ਉਹ ਦੋ ਦਿਨ ਪਹਿਲਾਂ ਹੀ ਲੰਗਰਾਂ ਲਈ ਮਾਇਆ ਅਰਦਾਸ ਕਰਵਾਕੇ ਗਿਆ ਸੀ ਅਤੇ ਉਸ ਦੀ ਆਰਥਿਕ ਹਾਲਾਤ ਵੀ ਮੈਂ ਜਾਣਦਾ ਸੀ। ਉਹ ਵੀ ਸਮਝ ਗਿਆ ਕਿ ਮੈਂ ਕੀ ਪੁੱਛਣਾ ਚਾਹੁੰਦਾ ਹਾਂ।ਉਸ ਨੇ ਹੌਲੀ ਜਿਹੇ ਕਿਹਾ ਕਿ ਪੋਤੇ ਨੇ ਅਪਣੀ ਕਮਾਈ ਵਿੱਚੋਂ ਕਨੇਡਾ ਤੋਂ ਲੰਗਰਾਂ ਲਈ 2500/- ਭੇਜੇ ਹਨ।ਮੈਂ ਉਸ ਨੂੰ ਕਿਹਾ ਵੀ ਸੀ ਕਿ ਪੁੱਤ ਲੰਗਰਾਂ ਲਈ ਮੈਂ ਮਾਇਆ ਅਰਦਾਸ ਕਰਵਾ ਆਇਆ ਹਾਂ। ਪਰ ਪੋਤਾ ਕਹਿੰਦਾ ਕਿ ਮੈਂ ਆਪਣਾ ਵੀ ਹਿੱਸਾ ਪਾਉਣਾ ਹੈ। ਏਨਾ ਸੁਣਦਿਆਂ ਹੀ ਮੇਰੇ ਅੱਖਾਂ ਅੱਗੇ ਬਹੁਤ ਕੁੱਝ ਘੁੰਮ ਗਿਆ ਜਦੋਂ ਕੁੱਝ ਸਾਲ ਹੋਏ ਉਸ ਦੇ ਛੋਟੇ ਪੁੱਤਰ ਦੀ ਇੱਕ ਐਕਸੀਡੈਂਟ ਵਿੱਚ ਮੌਤ ਹੋ ਗਈ ਸੀ।ਥੋੜੀ ਪੂੰਜੀ ਹੋਣ ਦੇ ਬਾਵਜੂਦ ਸਵਰਗਵਾਸੀ ਪੁੱਤ ਦੇ ਪਰਿਵਾਰ ਨੂੰ ਸੰਭਾਲਿਆ।ਫੇਰ ਉਸ ਪੂੰਜੀ ਵਿੱਚੋਂ ਹੀ ਕੁੱਝ ਪੂੰਜੀ ਖੋਰ ਕੇ ਅਪਣੇ ਪੋਤੇ ਨੂੰ ਕੈਨੇਡਾ ਤੋਰਿਆ ਸੀ।

ਉਸ ਦੇ ਪੋਤੇ ਵੱਲੋਂ ਹੀ ਭੇਜੀ ਮਾਇਆ ਕਾਰਨ ਮੇਰੇ ਦਿਲ ਨੂੰ ਬਹੁਤ ਸਕੂਨ ਮਿਲਿਆ ਕਿ ਪਰਦੇਸਾਂ ਵਿੱਚ ਕਿੰਨੀਆਂ ਤੰਗੀਆਂ ਤਰੁਸ਼ੀਆਂ ਦੇ ਕੱਟਦਿਆਂ ਵੀ ਸਾਡੀ ਇਹ ਪੀੜੀ ਆਪਣੇ ਵਿਰਸੇ ਤੇ ਸਭਿਆਚਾਰ ਨਾਲ ਜੁੜੀ ਹੋਈ ਹੈ।ਪਰ ਅਗਲੇ ਪਲ ਹੀ ਸੋਚਾਂ ਵਿੱਚ ਆਏ ਮੋੜ ਕਰਕੇ ਮੇਰੇ ਸਕੂਨ ਨੂੰ ਦਰਕਿਨਾਰ ਕਰ ਇੱਕ ਕੌੜਾ ਸੱਚ ਭਾਰੂ ਹੋ ਗਿਆ ਕਿ ਇਹ ਪੀੜੀ ਦੀ ਅਗਲੀ ਪੀੜੀ ਜੋ ਸਾਡੀ ਕੌਮ ਦਾ ਸਰਮਾਇਆ ਹੈ, ਕੀ ਉਹ ਵੀ ਅਪਣੇ ਵਿਰਸੇ ਨਾਲ ਜੁੜੀ ਰਹੇਗੀ ? ਪਰ ਮੇਰੀ ਆਤਮਾ ਵੱਲੋਂ ਮਿਲੇ ਜਵਾਬ ਨੇ ਮੈਨੂੰ ਅਫ਼ਸੋਸ ਦੇ ਸਾਗਰਾਂ ਵਿੱਚ ਧੱਕਾ ਜੇਹਾ ਦੇ ਦਿੱਤਾ।ਵਾਹਿਗੁਰੂ ਖੈਰ ਕਰੇ।

ਭੁਪਿੰਦਰ ਸਿੰਘ 'ਸੇਖੋਂ'

# ਰੋਬੋਟਿਕ ਤਕਨੀਕ ਨਾਲ ਬਣੇ ਰੋਬੋਟ ਪਾਲਤੂ ਜਾਨਵਰ

ਅਪਰਾਜਿਤਾ

ਪਿਛਲੀ ਸਦੀ ਦੇ 90 ਦੇ ਦਹਾਕੇ ਵਿਚ ਪਹਿਲੀ ਵਾਰ ਰੋਬੋਟਿਕ ਤਕਨੀਕ ਨੇ ਰੋਬੋਟ ਪਾਲਤੂ ਜਾਨਵਰਾਂ ਨੂੰ ਬਣਾਉਣਾ ਸ਼ੁਰੂ ਕੀਤਾ ਸੀ। ਪਰ ਇਹ ਪ੍ਰਯੋਗਿਕ ਰੋਬੋਟਿਕ ਕੁੱਤੇ-ਬਿੱਲੀਆਂ ਸਨ। ਪਰ ਪੌਣੀ ਸਦੀ ਬੀਤ ਜਾਣ ਬਾਅਦ ਹੁਣ ਜਦੋਂ ਕਿ ਰੋਬੋਟਿਕ ਤਕਨੀਕ ਬਹੁਤ ਉੱਨਤ ਹੋ ਚੁੱਕੀ ਹੈ ਤਾਂ ਹੁਣ ਇਹ ਰੋਬੋਟਿਕ ਪਾਲਤੂ ਜਾਨਵਰ ਮੌਜੂਦਾ ਸਮੇਂ ਅਸਲੀ ਪਾਲਤੂ ਜਾਨਵਰਾਂ ਦੀ ਘਾਟ ਪੂਰੀ ਕਰਨ ਲੱਗੇ ਹਨ। 1990 ਦੇ ਦਹਾਕੇ ਦੇ ਅਖੀਰ ਵਿਚ ਜੋ ਰੋਬੋਟਿਕ ਪਾਲਤੂ ਜਾਨਵਰ ਸਨ, ਉਹ ਕਿਤੇ-ਕਿਤੇ ਖਿਡੌਣੇ ਦਾ ਅਹਿਸਾਸ ਕਰਾਉਂਦੇ ਸਨ ਪਰ ਅੱਜ ਦੇ ਰੋਬੋਟਿਕ ਕੁੱਤੇ ਅਤੇ ਬਿੱਲੀਆਂ ਏਨੇ ਅਸਲੀ ਲਗਦੇ ਹਨ ਕਿ ਲੋਕ ਇਨਾਂ ਦੇ ਨਾਲ ਆਪਣੀਆਂ ਭਾਵਨਾਵਾਂ ਇੰਜ ਸਾਂਝੀਆਂ ਕਰਦੇ ਹਨ ਜਿਵੇਂ ਜੀਵਤ ਪਾਲਤੂ ਜਾਨਵਰਾਂ ਦੇ ਨਾਲ ਸਾਂਝੀਆਂ ਕਰਦੇ ਸਨ। ਜਾਪਾਨ ਵਿਚ 3 ਲੱਖ ਤੋਂ ਜ਼ਿਆਦਾ ਲੋਕਾਂ ਨੇ ਸੱਚਮੁੱਚ ਹੀ ਪਾਲਤੂ ਜਾਨਵਰਾਂ ਦੀ ਥਾਂ ਇਨਾਂ ਰੋਬੋਟਿਸ ਪਾਲਤੂ ਜਾਨਵਰਾਂ ਨੂੰ ਅਪਣਾ ਲਿਆ ਹੈ।

ਇਹ ਸੋਚਣ ਵਿਚ ਸਾਨੂੰ ਕਈ ਵਾਰ ਹਾਸੋਹੀਣੀ ਗੱਲ ਲੱਗ ਸਕਦੀ ਹੈ ਕਿ ਜੀਵਤ ਪਾਲਤੂ ਜਾਨਵਰਾਂ ਨੂੰ ਇਨਾਂ ਰੋਬੋਟਿਕ ਪਾਲਤੂ ਜਾਨਵਰਾਂ ਦਾ ਹੋਣਾ ਬੁਰਾ ਲੱਗ ਸਕਦਾ ਹੈ ਪਰ ਅਜਿਹਾ ਹੈ। ਮਜ਼ਾਕ ਨਹੀਂ ਸੱਚਮੁੱਚ ਹੀ ਅਜਿਹਾ ਹੈ। ਜਾਪਾਨ ਵਿਚ ਪਸ਼ੂ ਪ੍ਰੇਮੀਆਂ ਨੇ ਹੀ ਨਹੀਂ, ਕਈ ਮਾਹਰਾਂ ਨੇ ਵੀ ਮਹਿਸੂਸ ਕੀਤਾ ਹੈ ਕਿ ਜਿਨਾਂ ਘਰਾਂ ਵਿਚ ਇਕ ਰੋਬੋਟਿਕ ਕੁੱਤਾ ਅਤੇ ਇਕ ਹੱਡ-ਮਾਸ ਦਾ ਜਿਊਂਦਾ ਕੁੱਤਾ ਹੈ, ਉਹ ਜੀਵਤ ਕੁੱਤਾ ਇਸ ਰੋਬੋਟਿਕ ਕੁੱਤੇ ਦੀ ਵਜਾ ਕਰਕੇ ਨਾ ਸਿਰਫ਼ ਤਣਾਅ ਵਿਚ ਰਹਿੰਦਾ ਹੈ, ਬਲਕਿ ਹਰ ਸਮੇਂ ਸਭ 'ਤੇ ਖ਼ਫ਼ਾ ਵੀ ਰਹਿੰਦਾ ਹੈ। ਇਸ ਲਈ ਜਾਪਾਨ ਵਿਚ ਕੁਝ ਪਸ਼ੂ ਪ੍ਰੇਮੀ ਸੰਗਠਨ ਮੁਹਿੰਮ ਚਲਾ ਰਹੇ ਹਨ ਕਿ ਦੁਨੀਆ ਲਈ ਕ੍ਰਿਪਾ ਕਰਕੇ ਰੋਬੋਟਿਕ ਪਾਲਤੂ ਜਾਨਵਰ ਨਾ ਪਾਲੋ। ਇਸ ਨਾਲ ਪਾਲਤੂ ਜਾਨਵਰਾਂ ਦੇ ਜੀਵਨ ਵਿਚ ਬਹੁਤ ਸਾਰੇ ਭਾਵਨਾਤਮਿਕ ਤਣਾਅ ਪੈਦਾ ਹੋ ਰਹੇ ਹਨ।

ਵੈਸੇ ਇਹ ਇਕ ਕਿਸਮ ਨਾਲ ਪਾਲਤੂ ਜਾਨਵਰਾਂ ਦੇ ਨਾਲ ਨੈਤਿਕ ਵਿਸ਼ਵਾਸਘਾਤ ਵੀ ਹੈ। ਪਰ ਜਦੋਂ ਕੋਈ ਚੀਜ਼ ਬਾਜ਼ਾਰ ਵਿਚ ਆ ਜਾਂਦੀ ਹੈ ਤਾਂ ਨੈਤਿਕ ਵਿਸ਼ਵਾਸਘਾਤਾਂ ਜਾਂ ਦੂਸਰੇ ਕਿਸਮ ਦੇ ਨੈਤਿਕ ਰੁਕਾਵਟਾਂ ਦਾ ਹਵਾਲਾ ਦੇ ਕੇ ਉਨਾਂ ਦੀ ਮੌਜੂਦਗੀ ਨੂੰ ਖਤਮ ਕਰਨਾ ਸੰਭਵ ਨਹੀਂ ਹੁੰਦਾ। ਅੱਜ ਦੀ ਤਾਰੀਕ ਵਿਚ ਰੋਬੋਟਿਕ ਪਾਲਤੂ ਜਾਨਵਰਾਂ ਦੇ ਸੰਬੰਧ 'ਚ ਇਹੀ ਹੋ ਰਿਹਾ ਹੈ। ਅੱਜ ਰੋਬੋਟਿਕ ਪਾਲਤੂ ਜਾਨਵਰ ਖਰੀਦਣਾ ਜਾਪਾਨ ਵਿਚ ਜਿਉਂਦੇ ਪਾਲਤੂ ਖਰੀਦਣ ਨਾਲੋਂ ਬਹੁਤ ਜ਼ਿਆਦਾ ਮਹਿੰਗਾ ਹੈ। ਇਕ ਹੱਡ-



ਮਾਸ ਦਾ ਜੀਵਤ ਪਾਲਤੂ ਜਾਨਵਰ ਖਰੀਦਣਾ ਵੀ ਬਹੁਤ ਮਹਿੰਗਾ ਹੈ, ਪਰ ਫਿਰ ਉਨਾਂ ਨੂੰ ਪਾਲਣ ਦੀ ਲਗਾਤਾਰ ਇਕ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ।

ਇਸ ਵਜਾ ਕਰਕੇ ਜਾਪਾਨ ਦੇ ਲੋਕ ਇਨੀਂ ਦਿਨੀਂ ਹੱਡ-ਮਾਸ ਦੇ ਪਾਲਤੂ ਜਾਨਵਰਾਂ ਦੀ ਜਗਾ ਬਨਾਉਟੀ ਭਾਵ ਰੋਬੋਟਿਕ ਪਾਲਤੂ ਜਾਨਵਰਾਂ ਨੂੰ ਖਰੀਦਣ ਲਈ ਤਰਜੀਹ ਦੇ ਰਹੇ ਹਨ। ਇਸ ਦਾ ਨਤੀਜਾ ਇਹ ਹੈ ਕਿ ਪਾਲਤੂ ਜਾਨਵਰਾਂ ਵਿਚ ਅਸੁਰੱਖਿਆ ਅਤੇ ਤਣਾਅ ਸਾਹਮਣੇ ਆ ਰਿਹਾ ਹੈ।

ਹਾਲਾਂਕਿ ਦੁਨੀਆ 'ਚ ਕਰੀਬ 46 ਕਿਸਮ ਦੇ ਜਾਨਵਰਾਂ ਨੂੰ ਲੋਕ ਪਾਲਤੂ ਜਾਨਵਰਾਂ ਦੀ ਤਰਾਂ ਪਾਲਦੇ ਹਨ ਪਰ ਸਹੀ ਮਾਅਨਿਆਂ ਵਿਚ ਪਾਲਤੂ ਜਾਨਵਰਾਂ ਦੇ ਰੂਪ ਵਿਚ ਇਨਸਾਨ ਨਾਲ ਜੋ ਸਭ ਤੋਂ ਜ਼ਿਆਦਾ ਘੁਲੇ-ਮਿਲੇ ਹਨ, ਉਹ ਕੁੱਤਾ ਤੇ ਬਿੱਲੀ ਹੀ ਹਨ। ਇਹ ਦੋਵੇਂ ਹੀ ਇਨਾਂ ਦਿਨੀਂ ਸਪੱਸ਼ਟ ਰੂਪ 'ਚ ਆਪਣੇ ਰੋਬੋਟਿਕ ਭਾਈ-ਬੰਧੂਆਂ ਕਾਰਨ ਕਾਫੀ ਜ਼ਿਆਦਾ ਤਣਾਅ ਵਿਚ ਰਹਿੰਦੇ ਹਨ। ਉਂਜ ਇਹ ਇਤਿਹਾਸ ਦਾ ਪਹਿਲਾ ਦੌਰ ਨਹੀਂ ਹੈ, ਜਦੋਂ ਇਨਸਾਨ ਆਪਣੀ ਜ਼ਰੂਰਤ ਲਈ ਕਿਸੇ ਪਾਲਤੂ ਜਾਨਵਰ ਨੂੰ ਛੱਡ ਕੇ ਤਕਨੀਕ ਦੇ ਪੱਖ 'ਚ ਖੜਾ ਹੋਇਆ ਹੋਵੇ। 1900 ਤੱਕ ਦੁਨੀਆ 'ਚ ਸਭ ਤੋਂ ਜ਼ਿਆਦਾ ਪਾਲਿਆ ਜਾਣ ਵਾਲਾ ਪਸ਼ੂ ਘੋੜਾ ਸੀ, ਕਿਉਂਕਿ ਉਦੋਂ ਘੋੜੇ ਦੀ ਬਹੁਤ ਲੋੜ ਹੁੰਦੀ ਸੀ। ਦੁਨੀਆ ਦੀ 70 ਫ਼ੀਸਦੀ ਤੋਂ ਜ਼ਿਆਦਾ ਆਵਾਜਾਈ ਘੋੜੇ 'ਤੇ ਨਿਰਭਰ ਹੁੰਦੀ ਸੀ ਅਤੇ ਯੁੱਧ ਦੇ ਸਮੇਂ ਇਹ ਸਭ ਤੋਂ ਤਾਕਤਵਰ ਭਾਈਵਾਲ ਸੀ। ਪਰ ਜਿਵੇਂ ਹੀ ਆਟੋ-ਮੋਬਾਈਲ ਤਕਨਾਲੋਜੀ ਪੈਦਾ ਹੋਈ, ਘੋੜਿਆਂ ਦੀ ਕੀਮਤ ਘੱਟ ਹੋਣ ਲੱਗੀ। ਅੱਜ ਦੁਨੀਆ ਵਿਚ ਘੋੜੇ ਪਾਲਤੂ ਜਾਨਵਰਾਂ ਦੀ ਸੂਚੀ ਵਿਚ ਬਹੁਤ ਪਿੱਛੇ ਰਹਿ ਗਏ ਹਨ। ਕੀ ਛੇਤੀ ਹੀ ਇਹ ਦਿਨ ਕੁੱਤੇ ਅਤੇ ਬਿੱਲੀਆਂ ਵੀ ਦੇਖਣਗੇ ?

# ਕਿਵੇਂ ਛੱਡੀਏ ਚਿੰਤਾ ਕਰਨੀ



ਹਰਕੀਰਤ ਕੌਰ
ਮੋ. ੯੭੭੯੧੧੮੦੬੬

ਕੋਈ ਵੀ ਕੰਮ ਤਾਂ ਹੀ ਸਿੱਖਿਆ ਜਾ ਸਕਦਾ ਹੈ, ਜੇਕਰ ਕਿਸੇ ਵਿੱਚ ਉਸ ਕੰਮ ਨੂੰ ਸਿੱਖਣ ਦੀ ਇੱਛਾ ਹੋਵੇਗੀ। ਬਿਨਾਂ ਇੱਛਾ ਤੋਂ ਜਬਰਦਸਤੀ ਅਸੀਂ ਕਿਸੇ ਨੂੰ ਕਿਸੇ ਵੀ ਤਰਾਂ ਦਾ ਗੁਣ ਧਾਰਨ ਨਹੀਂ ਕਰਵਾ ਸਕਦੇ। ਜਿੰਨੀ ਦੇਰ ਇੱਕ ਨਸ਼ੇੜੀ ਖੁਦ ਨਸ਼ਿਆਂ ਤੋਂ ਤੌਬਾ ਨਹੀਂ ਕਰੇਗਾ, ਉਨੀ ਦੇਰ ਕਿਸੇ ਵੀ ਤਰਾਂ ਦੀ ਪ੍ਰਕਿਰਿਆ, ਸਮਾਧਾਨ ਉਸਨੂੰ ਨਸ਼ਿਆਂ ਤੋਂ ਦੂਰ ਨਹੀਂ ਕਰ ਸਕਦਾ। ਇਸੇ ਕਰਕੇ ਬਹੁਤ ਸਾਰੇ ਨਸ਼ਿਆਂ ਦੇ ਆਦੀ ਨੌਜਵਾਨ ਨਸ਼ੇ ਛੁਡਾਊ ਕੇਂਦਰਾਂ ਵਿੱਚ ਰਹਿ ਕੇ ਵੀ ਇਸ ਕੋਹੜ ਤੋਂ ਖਹਿੜਾ ਨਹੀਂ ਛੁਡਵਾ ਸਕੇ। ਕੋਈ ਨਵੀਂ ਚੰਗੀ ਆਦਤ ਦੇ ਧਾਰਣੀ ਹੋਣਾ ਹੋਵੇ ਜਾਂ ਕੋਈ ਬੁਰੀ ਆਦਤ ਤੋਂ ਤੌਬਾ ਕਰਨਾ ਹੋਵੇ, ਉਹ ਉਨੀਂ ਦੇਰ ਸੰਭਵ ਨਹੀਂ ਜਿੰਨੀ ਦੇਰ ਸਾਹਮਣੇ ਵਾਲੇ ਵਿਅਕਤੀ ਦਾ ਮਨੋਬਲ ਉਸਦਾ ਸਾਥ ਨਹੀਂ ਦੇਵੇਗਾ।

ਜਿਸ ਸਮਾਜ ਵਿੱਚ ਅਸੀਂ ਅੱਜ ਜੀਅ ਰਹੇ ਹਾਂ, ਇਸ ਸਮਾਜ ਵਿੱਚ ਮਾਨਸਿਕ ਬਿਮਾਰੀਆਂ ਨੇ ਸਭ ਤੋਂ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਮਨ ਦੇ ਖੇੜੇ, ਚਿਹਰਿਆਂ ਦੇ ਹਾਸੇ, ਘਰਾਂ ਵਿੱਚ ਗੂੰਜਦੀਆਂ ਹਾਸੇ ਦੀਆਂ ਕਿਲਕਾਰੀਆਂ ਚਿੰਤਾਵਾਂ ਦੇ ਪਹਾੜ ਹੇਠਾਂ ਦੱਬ ਚੁੱਕੀਆਂ ਹਨ। ਜਿੱਧਰ ਵੇਖੋ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਹੋਈਆਂ, ਹਾਸਿਆਂ ਦੀ ਥਾਂ ਹੌਂਕਿਆਂ ਨੇ ਲਈ ਹੋਈ ਹੈ। ਪਿਆਰ ਹੁਲਾਰਿਆਂ, ਹਾਸਿਆਂ ਠੱਠਿਆਂ ਨੂੰ ਮਾਨਸਿਕ ਉਲਝਣਾਂ ਨੇ ਨਰੜ ਕੇ ਰੱਖਿਆ ਹੋਇਆ ਹੈ। ਅੱਜ ਦੇ ਮਨੁੱਖਾਂ ਦੀ ਸਭ ਤੋਂ ਭਿਆਨਕ ਬਿਮਾਰੀ ਚਿੰਤਾ ਹੈ ਅਤੇ ਚਿੰਤਾਂ ਹੀ ਸਾਰੇ ਮਾਨਸਿਕ ਰੋਗਾਂ ਦੀ ਜੜ ਹੈ। ਚਿੰਤਾਵਾਂ ਦੇ ਕਾਰਨ ਵੀ ਕੀ ਹਨ ? ਪੈਸਾ, ਸੁੱਖ ਸਹੂਲਤਾਂ, ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਤਾਂਘ, ਅਸੰਤੁਸ਼ਟੀ, ਹਮੇਸ਼ਾ ਆਪਣੇ ਆਪ ਨੂੰ ਦੂਸਰਿਆਂ ਤੋਂ ਘੱਟ ਸਮਝਣਾ ਅਤੇ ਪਰਾਈ ਤਾਤ ਰੱਖਣੀ। ਹਾਂ ਮੈਂ ਮੰਨਦੀ ਹਾਂ ਕਿ ਤੁਸੀਂ ਬਹੁਤ ਸਾਰੀਆਂ ਚਿੰਤਾਵਾਂ ਸਹੇੜ ਚੁੱਕੇ ਹੋ ਅਤੇ ਮਾਨਸਿਕ ਰੋਗੀਆਂ ਦੀ ਸੂਚੀ ਵਿੱਚ ਸ਼ਾਮਿਲ ਹੋ ਚੁੱਕੇ ਹੋ। ਪਰ ਹੁਣ ਸਾਨੂੰ ਇਹ ਦੇਖਣਾ ਪਵੇਗਾ ਕਿ ਇੱਕ ਮਾਨਸਿਕ ਰੋਗੀ ਜੋ ਹਮੇਸ਼ਾ ਚਿੰਤਾਵਾਂ ਵਿੱਚ ਘਿਰਿਆ ਰਹਿੰਦਾ ਹੈ, ਚਿੰਤਾ ਮੁਕਤ ਕਿਵੇਂ ਹੋ ਸਕਦਾ ਹੈ।

ਜਿਵੇਂ ਮੈਂ ਸ਼ੁਰੂਆਤ ਵਿੱਚ ਦੱਸਿਆ ਕਿ ਕੋਈ ਵੀ ਕੰਮ ਉਨੀਂ ਦੇਰ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਉਸਨੂੰ ਕਰਨ ਵਾਲਾ ਜਾਂ ਸਿੱਖਣ ਵਾਲਾ ਆਪਣੇ ਆਪ ਤਿਆਰ ਨਹੀਂ ਹੈ। ਕੋਈ ਵੀ ਕੰਮ ਅਭਿਆਸ ਨਾਲ ਸਿੱਖਿਆ ਜਾਂਦਾ ਹੈ, ਸੋ ਚਿੰਤਾਂਵਾਨ ਨੂੰ ਸਭ ਤੋਂ ਪਹਿਲਾਂ ਚਿੰਤਾ ਦਾ ਅਭਿਆਸ ਕਰਨਾ ਬੰਦ ਕਰਨਾ ਪਵੇਗਾ ਅਤੇ ਚਿੰਤਾ ਨਾ ਕਰਨ ਦਾ ਅਭਿਆਸ ਸ਼ੁਰੂ ਕਰਨਾ ਪਵੇਗਾ। ਕੋਈ ਵੀ ਕੰਮ ਜਿਸ ਨੂੰ ਅਸੀਂ ਕਰਨਾ ਛੱਡ ਦੇਵਾਂਗੇ, ਉਸ ਨੂੰ ਹੌਲੀ ਹੌਲੀ ਅਸੀਂ ਕਰਨਾ ਭੁੱਲ ਜਾਵਾਂਗੇ। ਚਿੰਤਾਵਾਨ ਜਦੋਂ ਹਰ ਵੇਲੇ ਚਿੰਤਾ ਵਿੱਚ ਡੁੱਬਿਆ ਰਹਿੰਦਾ ਹੈ ਤਾਂ ਇਹ ਨਿਸਚਿੰਤ ਹੋਣ ਦੀ ਪ੍ਰਕਿਰਿਆ ਵਿੱਚ ਸਭ ਤੋਂ ਵੱਡੀ ਰੁਕਾਵਟ ਹੁੰਦੀ ਹੈ। ਇਹ ਵੀ ਮੰਨਣਾ ਪਵੇਗਾ ਕਿ ਚਿੰਤਾਵਾਨ ਦਾ ਕਹਿਣਾ ਹੁੰਦਾ ਹੈ ਕਿ ਉਸ ਕੋਲੋਂ ਚਿੰਤਾ ਕਰਨੀ ਛੱਡ ਨਹੀਂ ਹੁੰਦੀ। ਉਹ ਯਤਨ ਕਰਦਾ ਹੈ ਪਰ ਮੁੜ ਘੁੜ ਕੇ ਉਸਦੇ ਮਨ ਵਿੱਚ ਨਕਾਰਾਤਮਕ ਖਿਆਲ ਹੀ ਆਉਂਦੇ ਹਨ, ਅਜਿਹੇ ਵਿੱਚ ਚਿੰਤਾਵਾਨ ਮਨੁੱਖ ਦੇ ਪਰਿਵਾਰਿਕ ਮੈਂਬਰ ਬਹੁਤ ਵੱਡੀ ਭੂਮਿਕਾ ਨਿਭਾ ਸਕਦੇ ਹਨ, ਉਹ ਹਮੇਸ਼ਾ ਉਸ ਮਨੁੱਖ ਕੋਲ ਚੜਦੀ ਕਲਾ, ਸਕਾਰਾਤਮਕ ਊਰਜਾ ਨਾਲ ਭਰਪੂਰ ਗੱਲਾਂ ਕਰ ਸਕਦੇ ਹਨ। ਚਿੰਤਾਵਾਨ ਮਨੁੱਖ ਨੂੰ ਵੀ ਆਪਣੇ ਅੰਦਰ ਚੰਗੀਆਂ ਗੱਲਾਂ ਲਿਆਉਣ ਦਾ ਅਭਿਆਸ ਕਰਨਾ ਚਾਹੀਦਾ ਹੈ। ਬਾਕੀ ਸਫ਼ਾ 30 'ਤੇ

# ਕਮੀਨ



## ਅੰਮ੍ਰਿਤਾ ਪ੍ਰੀਤਮ

ਵੀਰਾਂ ਦਾ ਪਿਓ ਕਰਮ ਚੰਦ ਹੁਰਾਂ ਦੇ ਖੇਤ ਵਿਚ ਕਾਮਾ ਹੁੰਦਾ ਸੀ ਤੇ ਜਦੋਂ ਉਹ ਮੋਇਆ, ਵੀਰਾਂ ਮਸੇਂ ਕੁਛੜੋਂ ਲੱਥ ਕੇ ਰਿੱੜਨ ਜੋਗੀ ਹੋਈ ਸੀ। ਵੀਰਾਂ ਦਾ ਪਿਓ ਭਰ ਜਵਾਨੀ ਦੀ ਮੌਤ ਮੋਇਆ ਸੀ, ਜਿਸ ਲਈ ਇਕ ਵਾਰੀ ਤਾਂ ਸਾਰੇ ਪਿੰਡ ਦਾ ਦਿਲ ਵੀਰਾਂ ਦੀ ਜਵਾਨ-ਜਹਾਨ ਮਾਂ ਦੇ ਦੁੱਖ ਵਿਚ ਪੰਘਰ ਉੱਠਿਆ ਸੀ। ਕਿਸੇ ਨੇ ਕਪੜਾ, ਕਿਸੇ ਨੇ ਦਾਣੇ, ਕਿਸੇ ਨੇ ਕਪਾਹ ਢੋ-ਢੋ ਕੇ ਵੀਰਾਂ ਦੀ ਮਾਂ ਨੂੰ ਆਉਂਦੇ ਸਿਆਲ ਦਾ ਬਾਨਣੂ ਬੰਨ ਦਿੱਤਾ।

ਕੋਈ ਆਂਹਦਾ ਹੈ, ਵੀਰਾਂ ਦਾ ਪਿਓ ਛੀਂਬਿਆ ਦਾ ਪੁੱਤਰ ਸੀ ਤੇ ਕੋਈ ਆਂਹਦਾ ਸੀ ਜੁਲਾਹਿਆਂ ਦਾ। ਇਕ ਵਾਰ ਜਦੋਂ ਪਿੰਡਾਂ ਵਿਚ ਭਾਰੀ ਤਾਊਨ ਪਈ ਸੀ, ਉਸਦੇ ਵੱਡਿਆਂ ਦਾ ਘਰ ਜਿਵੇਂ ਹੂੰਝਿਆ ਗਿਆ ਸੀ ਅਤੇ ਉਹ ਆਪਣੇ ਨਸੀਬਾਂ ਨੂੰ ਘਰ ਦੀ 'ਕੱਲੀ ਨਿਸ਼ਾਨੀ ਰਹਿ ਗਿਆ ਸੀ । ਤੇ ਫਿਰ ਉਹ ਜਿੰਨਾ ਚਿਰ ਜੀਵਿਆ ਕਰਮ ਚੰਦ ਦੇ ਖੇਤਾਂ ਵਿਚ ਕਾਮਾ ਬਣ ਕੇ ਰਿਹਾ। ਪਿੰਡ ਦੀਆਂ ਤੀਵੀਆਂ ਵੀਰਾਂ ਦੀ ਮਾਂ ਨੂੰ ਚੌਂਕੇ-ਚੁੱਲੇ ਦਾ ਕੰਮ ਨਹੀਂ ਸਨ ਦੱਸਦੀਆਂ, ਪਰ ਉਸ ਨੂੰ ਕਰਮ ਚੰਦ ਹੁਰਾਂ ਦੇ ਘਰ ਵਿਚ ਤੇ ਹੋਰ ਉਰਾਂ-ਪਰਾਂਹ ਦਾਣੇ ਛੜਨ ਦਾ ਚੋਖਾ ਕੰਮ ਮਿਲ ਗਿਆ ਸੀ। ਕਰਮ ਚੰਦ ਦੀ ਤੀਵੀਂ ਵੀਰਾਂ ਦੀ ਮਾਂ ਕੋਲੋਂ ਕੱਪੜਾ ਲੱਤਾ ਧੁਆ ਲੈਂਦੀ, ਚਰਖਾ ਕਤਵਾ ਲੈਂਦੀ ਤੇ ਹੋਰ ਉਸ ਨੂੰ ਕਿੰਨੇ ਨਿੱਕੇ-ਮੋਟੇ ਕੰਮ ਦੱਸ ਦੇਂਦੀ। ਕਰਮ ਚੰਦ ਦੀ ਤੀਵੀਂ ਹੱਥ ਦੀ ਘੁੱਟਵੀਂ ਨਹੀਂ ਸੀ ਜਿਸ ਲਈ ਵੀਰਾਂ ਨੂੰ ਰੋਜ਼ ਦੁੱਧ ਦਾ ਘੁੱਟ ਵੀ ਮਿਲ ਜਾਂਦਾ ਤੇ ਉਹਦੀ ਮਾਂ ਕਦੇ ਕੱਪੜੇ-ਲੱਤੇ ਤੋਂ ਵੀ ਸੌੜੀ ਨਾ ਹੁੰਦੀ।

ਕਰਮ ਚੰਦ ਨੇ ਮੰਨਤਾਂ ਮੰਨ-ਮੰਨ ਕੇ ਰੱਬ ਕੋਲੋਂ ਪਿਛਲੀ ਉਮਰੇ ਇਕ ਪੁੱਤਰ ਲੱਭਾ ਸੀ। ਡਾਢੀਆਂ ਰੀਝਾਂ ਨਾਲ ਉਸ ਨੇ ਪੁੱਤਰ ਦਾ ਨਾਂ ਰੂਪ ਚੰਦ ਰੱਖਿਆ ਸੀ। ਹੋਰ ਰੂਪ ਚੰਦ ਦੀ ਨਾਂ ਕੋਈ ਭੈਣ ਸੀ ਨਾ ਕੋਈ ਭਰਾ। ਰੂਪ ਦੀ ਮਾਂ ਰੂਪ ਨੂੰ ਲਡਿਆਂਦੀ ਆਂਹਦੀ ਹੁੰਦੀ ਸੀ, 'ਇਹੋ ਮੇਰਾ ਪਲੇਠੀ ਤੇ ਇਹੋ ਪੇਟ ਘਰੋੜਾ।'

ਵੀਰਾਂ ਰੂਪ ਚੰਦ ਤੋਂ ਕੋਈ ਸੱਤ-ਅੱਠ ਵਰੇ ਛੋਟੀ ਸੀ। ਉਹ ਖੇਡਣ ਲਈ ਉਸਦਾ ਹਾਣ ਨਹੀਂ ਸੀ ਪਰ ਕੱਲੇ-ਕਾਰੇ ਰੂਪ ਨੂੰ ਜਿਵੇਂ ਉਹ ਇਕ ਖਿਡੌਣਾ ਲੱਭ ਪਈ ਸੀ। ਰੂਪ ਰੋਟੀ ਖਾਣ ਲਗਦਾ ਵੀਰਾਂ ਨੂੰ ਆਵਾਜ਼ ਦੇ ਲੈਂਦਾ। ਕਦੇ ਸੇਵੀਆਂ ਦਾ ਬੁੱਕ ਉਸ ਦੇ ਹੱਥਾਂ ਉੱਤੇ ਪਾ ਦਿੰਦਾ, ਕਦੇ ਖੀਰ ਉਸ ਦੀ ਰੋਟੀ ਉੱਤੇ ਲੱਦ ਦੇਂਦਾ। ਤੇ ਰਾਤੀਂ ਮਾਂ ਜਦੋਂ ਕਾੜਨੀ ਦਾ ਦੁੱਧ ਮਲਾਈ ਭਰ ਕੇ ਰੂਪ ਦੇ ਅੱਗੇ ਧਰਦੀ, ਉਹ, ਜਿਵੇਂ ਇਕਲੌਤੇ ਧੀਆਂ ਪੁੱਤਰ ਕਰਦੇ ਹਨ, ਦੁੱਧ ਤੋਂ ਮੂੰਹ ਭੁਆ ਲੈਂਦਾ। ਮਾਂ ਫੇਰ ਵੀਰਾਂ ਨੂੰ ਲੱਭਦੀ, ਉਸ ਨੂੰ ਵੀ ਉਸ ਦੀ ਕਟੋਰੀ ਵਿਚ ਦੁੱਧ ਪਾ ਦੇਂਦੀ ਤੇ ਫੇਰ ਉਹ, 'ਵੇਖਾਂ ਭਲਾਂ ਕਿਹੜਾ ਡੀਕ ਲਾ ਕੇ ਪੀਂਦਾ ਏ, ਅੱਖੀਂ ਮੀਟੀ ਕੌਣ ਪੀਵੇਗਾ।' ਸੌ ਸੌ ਪੱਜ ਕਰਦੀ ਤਾਂ ਮਸਾਂ ਕੀਤੇ ਕੁਝ ਰੂਪ ਦੇ ਸੰਘੋ ਲਹਿੰਦਾ।

ਉਸ ਦੀਆਂ ਸ਼ਰੀਕਣੀਆਂ ਕਈ ਵਾਰ ਉਸ ਨੂੰ ਸੁਣਾਉਂਦੀਆਂ, 'ਤੂੰ ਏਸ ਕਮੀਣ ਕੁੜੀ ਨੂੰ ਕਿਹਾ ਹਿਲਾ ਛੱਡਿਆ ਏ। ਜੋ ਵੀ ਤੇਰਾ ਪੁੱਤਰ ਖਾਵੇ, ਬਰਾਬਰ ਉਹਦੇ ਨਾਲ ਖਾਂਦੀ ਏ। ਲੋਕ ਪੁੱਤਰਾਂ ਨੂੰ ਅੰਦਰ ਵੜ ਕੇ ਖੁਆਂਦੇ ਨੇ ਕਿ ਇੰਝ ਖਾਧਾ-ਪੀਤਾ ਨਸ਼ਰ ਕਰਦੇ ਨੇ ?'

'ਨੀ ਉਹ ਜਾਣੇ, ਮੈਂ ਏਸ ਮੂੰਹ ਜੋਗੀ ਕਿੱਥੇ ਸਾਂ.. ਕਿਸੇ ਪੰਜ ਗਰਾਹੀ ਖਾਂਦਾ ਤੇ ਹੈ ਨਾ।'

ਮਾਂ ਆਪਣੀਆਂ ਸ਼ਰੀਕਣੀਆਂ ਨੂੰ ਮੂੰਹ ਨਾ ਚੜਨ ਦੇਂਦੀ।

ਵੀਰਾਂ ਨੂੰ ਨਾਵਾਂ ਵਰਾ ਚੜ ਪਿਆ। ਹੁਣ ਉਹ ਮਾਂ ਦੇ ਕੰਮਾਂ ਵਿਚ ਬਰਾਬਰ ਹੱਥ ਵਟਾਦੀਂ ਸੀ। ਆਪਣੇ ਘਰ ਉਸ ਦੀ ਮਾਂ ਜੋ ਭਾਂਡੇ ਮਾਂਜਦੀ ਹੁੰਦੀ ਤਾਂ ਉਹ ਤੰਦੂਰ ਦੀ ਗਰਮ ਸੁਆਹ ਵਿਚ ਟਾਕੀ ਲਬੇੜ ਕੇ ਭਾਂਡਿਆਂ ਨੂੰ ਸੁੱਕਾ ਕਰਦੀ ਜਾਂਦੀ। ਤੇ ਜੇ ਸ਼ਾਹਣੀ ਦੇ ਘਰ ਉਸ ਦੀ ਮਾਂ ਕੱਪੜੇ ਧੋਂਦੀ ਹੁੰਦੀ ਤਾਂ ਉਹ ਨਿੱਕੇ ਕੱਪੜਿਆਂ ਨੂੰ ਛੱਡ-ਛੱਡ ਕੇ ਸੁੱਕਣੇ ਪਉਂਦੀ ਤੇ ਸੁੱਕਿਆਂ ਨੂੰ ਸਾਂਭਦੀ, ਅੰਦਰ ਸ਼ਾਹਣੀ ਦੀ ਮੰਜੀ ਉੱਤੇ ਤੈਹਾਂ ਲਾ ਆਉਂਦੀ। ਸ਼ਾਹਣੀ ਦੇ ਟਰੰਕਾਂ ਵਿਚ ਲੋੜ ਦੀਆਂ ਚੀਜ਼ਾਂ ਧਰ ਆਉਂਦੀ ਤੇ ਪੈਲੀਆਂ ਵਿਚੋਂ ਸਾਗ-ਪੱਤਰ ਤੋੜ ਲਿਆਉਂਦੀ।

ਪੂਰੇ ਚਾਲੀ ਕਿੱਲੇ ਕਰਮ ਚੰਦ ਦੀ ਜ਼ਮੀਨ ਸੀ, ਪਿੰਡ ਵਿਚ ਨਿੱਕੀਆਂ ਇੱਟਾਂ ਦੀ ਕਿਲੇ ਜਿੱਡੀ ਹਵੇਲੀ ਸੀ ਤੇ ਬੂਹੇ ਉੱਤੇ ਤ੍ਰੈ ਲਵੇਰੇ ਬੱਝੇ ਹੋਏ ਸਨ। ਸੋਲਾਂ-ਸਤਾਰਾਂ ਵਰਿਆਂ ਦੇ ਰੂਪ ਨੂੰ ਹੁਣ ਕੁੜਮਾਈਆਂ ਢੁੱਕ ਢੁੱਕ ਆਉਂਦੀਆਂ ਸਨ।

'ਮੈਂ ਨਹੀਂ ਜੋ ਲੋਕਾਂ ਨੂੰ ਬਹੁਤੇ ਫੇਰੇ ਪਵਾਣੇ। ਅੱਜ ਮੈਂ ਏਸ ਮੂੰਹ ਜੋਗੀ ਹੋਈ, ਤਾਂ ਲੋਕ ਮੇਰੀਆਂ ਦਲੀਜਾਂ ਤੇ ਚੜੇ। ਮਰ-ਮਰ ਕੇ ਮੈਂ ਪੁੱਤਰ ਲੱਭਾ ਏ। ਇੰਝ ਲੋਕਾਂ ਦੇ ਮੂੰਹ ਵਿਚ ਆ ਜਾਈਦਾ ਏ, ਲੋਕ ਆਂਹਦੇ ਨੇ ਇਹ ਫਿੱਟ ਗਏ ਨੇ' ਇੰਝ ਕਰਮ ਚੰਦ ਦੀ ਤੀਵੀਂ ਕਰਮ ਚੰਦ ਨੂੰ ਆਂਹਦੀ ਰਹਿੰਦੀ। ਆਖ਼ਰ ਕਰਮ ਚੰਦ ਨੇ ਨਾਲ ਦੇ ਪਿੰਡ ਦੇ ਇਕ ਸਰਦੇ-ਪੁੱਜਦੇ ਘਰੋਂ ਗੁੜ ਦੀ ਰੋੜੀ ਤੇ ਪੰਜ ਰੁਪਈਏ ਲੈ ਲਏ। ਅਜੇ ਵਿਆਹ ਦੀ ਤਾਰੀਖ ਨਹੀਂ ਸੀ ਪਈ ਜਦੋਂ ਕਰਮ ਚੰਦ ਦੇ ਘਰ ਵਿਚ ਹੋਣੀ ਵਰਤ ਗਈ। ਰੂਪ ਦੀ ਮਾਂ ਦੋ ਦਿਨਾਂ ਦੇ ਤਾਪ ਨਾਲ ਇਸ ਦੁਨੀਆਂ ਤੋਂ ਟੁਰ ਗਈ। ਤੇ ਆਪ ਕਰਮ ਚੰਦ ਦੀਆਂ ਅੱਖਾਂ ਰਹੀ ਗਈਆਂ।

ਵੀਰਾਂ ਦੀ ਮਾਂ ਨੇ ਆਪਣਾ ਅੰਗ ਪਾਲਿਆ ਤੇ ਘਰ ਨੂੰ ਇਸ ਤਰਾਂ ਸਾਂਭਦੀ-ਸਿਕਰਦੀ ਰਹੀ ਕਿ ਬੁੱਢੇ ਤੇ ਮੁਥਾਜ ਕਰਮ ਚੰਦ ਦੇ ਮੂੰਹੋਂ ਦਿਹਾੜੀ ਵਿਚ ਵੀਰਾਂ ਨੂੰ ਤੇ ਉਸਦੀ ਮਾਂ ਨੂੰ ਸੱਤ ਸੱਤ ਅਸੀਸਾਂ ਨਿਕਲਦੀਆਂ। ਰੋਟੀ ਟੁੱਕਰ ਕਰਨ ਵਾਸਤੇ ਉਨਾਂ ਨੇ ਪਿੰਡ ਦੀ ਇਕ ਮਹਿਰੀ ਨੂੰ ਲਾ ਲਿਆ ਸੀ।

'ਵੀਰਾਂ ਧੀਏ ! ਮੇਰੀ ਸੋਟੀ ਤੇ ਫੜਾ ਜਾਈਂ ਕੀ ਚਾੜਿਆ ਜੇ ਅੱਜ ਵੀਰਾਂ ਧੀਏ ਅੱਜ ਲੱਸੀ ਵਿਚ ਲੂਣ ਨਹੀਂ ਜੇ ਖੋਰਿਆ, ਮੈਂ ਨਹੀਂ ਜੇ ਦੁੱਧ ਪੀਣਾ ਜਾਗ ਲਾ ਛੱਡੋ' ਭਾਵੇਂ ਇਹ ਕੰਮ ਉਸ ਮਹਿਰੀ ਤੀਵੀਂ ਨੇ ਕਰਨੇ ਹੁੰਦੇ ਸਨ ਪਰ ਪਲੇ-ਪਲੇ ਕਰਮ ਚੰਦ ਵੀਰਾਂ ਨੂੰ ਹੀ ਆਵਾਜ਼ਾਂ ਦੇਂਦਾ। ਉਹ ਕਰਮ ਚੰਦ ਦਾ ਹੱਥ ਫੜ ਕੇ ਉਸ ਨੂੰ ਪਸਾਰ ਵਿਚ ਲਿਆਉਂਦੀ ਤੇ ਜੇ ਉੱਥੇ ਪਾਲਾ ਹੁੰਦਾ ਉਸ ਦੀ ਮੰਜੀ ਅੰਦਰ ਕਰ ਦੇਂਦੀ। ਇੰਝ ਵੀਰਾਂ ਦੀ ਤੇ ਉਸਦੀ ਮਾਂ ਦੀ ਦਿਹਾੜੀ ਬੀਤ ਜਾਂਦੀ।

ਸਾਰੇ ਲੋਕ ਆਂਹਦੇ ਸਨ ਤੇ ਕਰਮ ਚੰਦ ਆਪ ਵੀ ਆਂਹਦਾ ਸੀ, 'ਹੁਣ ਜਿਵੇਂ-ਕਿਵੇਂ ਰੂਪ ਦਾ ਵਿਆਹ ਕਰ ਛੱਡੀਏ ਸ਼ਰੀਕੇ ਵਿਚੋਂ ਰੂਪ ਚੰਦ ਦੀ ਇਕ ਤਾਈ ਸੱਤਾਂ ਹਸਾਨਾਂ ਨਾਲ ਰਹਿਣ ਵਾਸਤੇ ਆਈ ਤੇ ਘਰ ਵਿਚ ਰੂਪ ਦਾ ਵਿਆਹ ਰਚਿਆ ਗਿਆ।

ਕੰਮਾਂ ਦਾ ਗਾਹੜ ਪੈ ਗਿਆ। ਵੀਰਾਂ ਦੀ ਮਾਂ ਪਲੇ-ਪਲੇ ਸ਼ਾਹਣੀ ਨੂੰ ਯਾਦ ਕਰਦੀ ਤੇ ਅੱਖਾਂ ਭਰ ਲੈਂਦੀ। ਵੀਰਾਂ ਵਿਆਹ ਦੇ ਕੰਮਾ ਵਿਚ ਉੱਡਦੀ ਫਿਰਦੀ ਸੀ।

ਜੰਞ ਦੇ ਨਾਲ ਹੋਰ ਕੋਈ ਤੀਵੀਂ ਨਹੀਂ ਸੀ ਸਿਰਫ ਵੀਰਾਂ ਤੇ ਵੀਰਾਂ ਦੀ ਮਾਂ ਮੌਲੀ-ਮਹਿੰਦੀ ਤੇ ਹੋਰ ਸ਼ਗਨ ਦੀਆਂ ਚੀਜ਼ਾਂ ਲੈ ਕੇ ਗਈਆਂ।

ਸ਼ਿੱਬੋ, ਰੂਪ ਦੀ ਹੋਣ ਵਾਲੀ ਵਹੁਟੀ ਦਾ ਨਾਂ ਸੀ। ਵੀਰਾਂ ਨੇ ਸਹੇਲੀਆਂ ਦੇ ਵਾਕੁਰ ਸ਼ਿੱਬੋ ਨੂੰ ਮਹਿੰਦੀ ਲਾਈ। ਤੇ ਜਦੋਂ ਸ਼ਿੱਬੋ ਦੀਆਂ ਪੇੱਕੀਆਂ ਸ਼ਿੱਬੋ ਨੂੰ ਵੱਟਨਾਂ ਮਲ-ਮਲ ਨੁਹਾਂਦੀਆਂ ਰਹੀਆਂ, ਵੀਰਾਂ ਬਰਾਬਰ ਉਨਾਂ ਦੇ ਨਾਲ ਗਾਉਂਦੀ ਰਹੀ। ਤੇ ਫੇਰ ਵੀਰਾਂ ਨੇ ਉਸ ਦੇ ਵਾਲਾਂ ਵਿਚ ਸੂਹਾ ਲਾਲ ਪਰਾਂਦਾ ਗੁੰਦਿਆ।

ਸ਼ਿੱਬੋ ਦਾ ਬੁੱਕ ਭਾਰਾ ਸੀ, ਜਿਸ ਲਈ ਉਸਦਾ ਮਾਮਾ ਸਰੋਂ ਦਾ ਤੇਲ ਲਾ-ਲਾ ਕੇ ਉਸ ਨੂੰ ਚੂੜਾ ਚਾੜਦਾ ਰਿਹਾ। ਕਿੱਡੀਆਂ ਹੀ ਚੀਸਾਂ ਸ਼ਿੱਬੋ ਨਾ ਸਹੀ ਨਾ ਹੋਣ ਦਿੱਤੀਆਂ ਪਰ ਹੁਣ ਸੱਜੇ ਹੱਥ ਦੀਆਂ ਅਗਲੀਆਂ ਚੂੜੀਆਂ ਚਾੜਨ ਲਈ ਜਿਓਂ-ਜਿਓਂ ਉਸਦਾ ਮਾਮਾ ਜ਼ੋਰ ਲਾਂਦਾ ਸ਼ਿੱਬੋ ਦੇ ਹੱਥ ਉੱਤੇ ਲਾਸ ਡੂੰਘੀ ਹੁੰਦੀ ਜਾਂਦੀ ਤੇ ਮਾਸ ਉੱਭਰਦਾ ਆਉਂਦਾ।

ਸ਼ਿੱਬੋ ਦੀ ਖੱਬੀ ਬਾਂਹ ਨੂੰ ਚੂੜਾ ਚੜ ਚੁੱਕਾ ਸੀ ਤੇ ਵੀਰਾਂ ਉਸ ਦੇ ਪਾਸੇ ਨਾਲ ਅੱਟੀ ਹੋਈ ਉਸ ਦੀ ਚੂੜੇ ਵਾਲੀ ਬਾਂਹ ਆਪਣੇ ਹੱਥਾਂ ਵਿਚ ਲੈ ਕੇ ਸ਼ਿੱਬੋ ਦੇ ਵੱਲ ਇੰਝ ਤੱਕਦੀ ਪਈ ਸੀ, ਜਿਵੇਂ ਉਸ ਦੇ ਕੋਲੋਂ ਸ਼ਿੱਬੋ ਦੀ ਝਾਲ ਨਾ ਝੱਲੀ ਜਾਂਦੀ ਹੋਵੇ।



ਸ਼ਿੱਬੋ ਦਾ ਮਾਮਾ ਥੱਕ ਲੱਥਾ ਸੀ ਪਰ ਸੱਜੇ ਹੱਥ ਦੀਆਂ ਅਗਲੀਆਂ ਦੋ ਚੂੜੀਆਂ ਅਜੇ ਵੀ ਸ਼ਿੱਬੋ ਦੇ ਬੁੱਕ ਤੋਂ ਲੰਘੀਆਂ ਨਹੀਂ ਸਨ ਤੇ ਸ਼ਿੱਬੋ ਦੀਆਂ ਅੱਖਾਂ ਵਿਚ ਗ਼ਲੇਡੂ ਭਰ ਆਏ ਸਨ। ਆਖਰ ਚੂੜੀਆਂ ਨੇ ਮਾਸ ਦੇ ਉਭੱਰੇ ਵੱਟਾਂ ਨੂੰ ਪੀਚਿਆ ਤੇ ਬਾਂਹ ਵੱਲ ਨੂੰ ਤਿਲਕੀਆਂ, 'ਉਈ' ਸ਼ਿੱਬੋ ਕੋਲੋਂ ਪੀੜ ਨਾ ਜਰੀ ਗਈ, ਪਰ ਜਿਓਂ ਹੀ ਵੀਰਾਂ ਨੇ ਦੋਹਾਂ ਹੱਥਾਂ ਵਿਚ ਲੈ ਕੇ ਸ਼ਿੱਬੋ ਦੀ ਬਾਂਹ ਨੂੰ ਛਣਕਾਇਆ, ਸ਼ਿੱਬੋ ਨੂੰ ਮੱਲੋ ਮੱਲੀ ਹਾਸਾ ਆ ਗਿਆ।

ਸ਼ਿੱਬੋ ਦੀਆਂ ਬਾਂਹਵਾਂ ਨਾਲ ਗਰੀਆਂ ਤੇ ਕੌਡੀਆਂ ਨਾਲ ਪਰੁਚੇ ਹੋਏ ਕਲੀਰੇ ਬੱਝ ਗਏ। ਵੀਰਾਂ ਨੇ ਚਿੱਟੀਆਂ ਤੇ ਗੁੱਟਕਣੀਆਂ ਕੌਡੀਆਂ ਨੂੰ ਮੁੜ ਛਣਕਾ ਕੇ ਤੱਕਿਆ ।

'ਆਹ ਲੈ ਖੋਪਾ ਤੇਰੇ ਸਿਰ ਉੱਤੇ ਮਾਰਨੀ ਆਂ, ਤੇਰਾ ਵਿਆਹ ਬੱਸ ਝੱਟ ਹੀ ਹੋ ਜਾਵੇਗਾ। ਤੇ ਫੇਰ ਤੂੰ ਇਹੋ-ਜਿਹਾ ਚੂੜਾ ਪਾਵੇਂਗੀ, ਇਹੋ ਜਿਹੇ ਕਲੀਰੇ ਬੰਨੇਗੀ' ਸ਼ਿੱਬੋ ਨੇ ਹੱਸ ਹੱਸ ਕੇ ਜਿੱਥੇ ਆਪਣੀਆਂ ਹੋਰ ਕੰਵਾਰੀਆਂ ਸਹੇਲੀਆਂ ਦੇ ਸਿਰ 'ਤੇ ਵਾਰੋ ਵਾਰ ਕਲੀਰੇ ਦਾ ਖੋਪਾ ਮਾਰਿਆ ਉੱਥੇ ਵੀਰਾਂ ਦੇ ਸਿਰ ਉੱਤੇ ਦੋ ਵਾਰ ਖੋਪਾ ਧਰਿਆ।

ਵੀਰਾਂ ਰੱਜ ਕੇ ਖੁਸ਼ ਸੀ। ਜਦੋਂ ਸ਼ਿੱਬੋ ਨੇ ਮੱਥੇ ਉੱਤੇ ਦੌਣੀ ਬੱਝੀ ਵੀਰਾਂ ਦੀਆਂ ਅੱਡੀਆਂ ਭੋਏਂ 'ਤੇ ਨਹੀਂ ਸਨ ਲੱਗਦੀਆਂ। ਉਹ ਪੱਬਾਂ ਦੇ ਭਾਰ ਹੋ-ਹੋ ਕੇ ਸ਼ਿੱਬੋ ਦੇ ਮੱਥੇ ਵੱਲ ਵੇਂਹਦੀ ਰਹੀ। ਆਖਰ ਡੋਲੀ ਤੁਰਨ ਦਾ ਵੇਲਾ ਹੋ ਪਿਆ। ਵੀਰਾਂ ਨੂੰ ਖਾਣ ਦੀ ਸੁੱਧ ਸੀ ਨਾ ਪੀਣ ਦੀ। ਉਸ ਨੂੰ ਜਿਵੇਂ ਅੱਜ ਕੁਝ ਲੱਭ ਪਿਆ ਸੀ।

ਪੇਕੀਆਂ ਤੀਵੀਆਂ ਮੁੜ-ਮੁੜ ਸ਼ਿੱਬੋ ਦੇ ਗਲ ਮਿਲਦੀਆਂ। ਹੁਣ ਉਹ ਸਹੁਰਿਆਂ ਦੀ ਦੌਲਤ ਸੀ ਤੇ ਪੇਕਿਆਂ ਦੀ ਪ੍ਰਾਹੁਣੀ ਸੀ। ਨਿੱਕਿਆਂ ਅੰਜਾਣਿਆਂ ਨੂੰ ਵਹੁਟੀ ਬਣੀ ਸ਼ਿੱਬੋ ਦੇ ਕੋਲ ਢੁਕ-ਢੁਕ ਕੇ ਬਹਿਣ ਦਾ ਚਾਅ ਸੀ। ਪਰ ਵੀਰਾਂ ਨੂੰ ਜਾਪਦਾ ਸੀ ਹੁਣ ਸ਼ਿੱਬੋ ਉੱਤੇ ਉਸ ਦਾ ਸਾਰਿਆਂ ਤੋਂ ਬਹੁਤਾ ਹੱਕ ਸੀ। ਇਸ ਲਈ ਉਹ ਸ਼ਿੱਬੋ ਦੇ ਪਾਸੇ ਨਾਲ ਅੱਟੀ ਹੋਈ ਸੀ।

ਸ਼ਿੱਬੋ ਦੀਆਂ ਸਹੇਲੀਆਂ ਉਸ ਦੇ ਕੰਨਾਂ ਵਿਚ ਪਤਾ ਨਹੀਂ ਕੀ-ਕੀ ਕਹਿਣਾ ਚਾਹੁੰਦੀਆਂ ਸਨ ਤੇ ਉਹਨਾਂ ਦਾ ਜੀਅ ਕਰਦਾ ਸੀ ਉਹ ਦੋ ਮਿੰਟ ਇੱਕਲੀਆਂ ਸ਼ਿੱਬੋ ਕੋਲ ਬਹਿਣ । ਆਖਰ ਇਕ ਸਹੇਲੀ ਨੇ ਡਾਢੇ ਰੋਹ ਨਾਲ ਆਖਿਆ, 'ਇਕ ਤੇ ਅਹਿ ਕਮੀਣ ਕੁੜੀ ਨਹੀਂ ਇਹਦੇ ਪਾਸੇ ਨਾਲੋਂ ਲਹਿੰਦੀ।'

ਵੀਰਾਂ ਦਾ ਮੂੰਹ ਲਹਿ ਗਿਆ ਤੇ ਉਹ ਚੁੱਪ-ਚਪੀਤੀ ਸ਼ਿੱਬੋ ਤੋਂ ਪਰਾਂ ਹਟ ਗਈ ।

ਨਾ ਸ਼ਿੱਬੋ ਨੇ ਚਾਰ ਦਿਨ ਪੀਹੜੇ ਉਤੇ ਬਹਿ ਕੇ ਤੱਕਿਆ ਤੇ ਨਾ ਗੋਟੇ ਨਾਲ ਜੜੇ ਹੋਏ ਕੱਪੜੇ ਹੰਢਾ ਕੇ ਵੇਖੇ। ਪੇਕੇ ਵੀ ਕਦੀ ਰੱਜ ਕੇ ਸ਼ਿੱਬੋ ਨੂੰ ਜਾਣਾ ਨਾ ਮਿਲਿਆ। ਭਾਵੇਂ ਉੱਤਲਾ ਕੰਮ ਵੀਰਾਂ ਦੀ ਮਾਂ ਹੀ ਕਰਦੀ ਸੀ ਪਰ ਰੋਟੀ-ਟੁੱਕਰ ਹੁਣ ਸ਼ਿੱਬੋ ਆਪ ਕਰਦੀ ਸੀ। ਮਹਿਰੀ ਉਨਾਂ ਨੇ ਲਾਹ ਛੱਡੀ ਸੀ। ਚਾਟੀਆਂ ਕੂਚਦੀ, ਦੁੱਧ ਜਮਾਂਦੀ ਤੇ ਲੱਸੀ ਰਿੜਕਦੀ ਸ਼ਿੱਬੋ ਦੀ ਦਿਹਾੜੀ ਲੰਘ ਜਾਂਦੀ। ਦੋ ਵੇਲੇ ਰੋਟੀ ਵੀ ਕਰਦੀ। ਫੇਰ ਦੁਪਿਹਰਾਂ ਵੇਲੇ ਚਰਖੇ ਨੂੰ ਚੋਪੜਦੀ, ਮਾਹਲ ਵੱਟਦੀ, ਨਵਾਂ ਬੀੜਾ ਪਾਂਦੀ ਤੇ ਜਾਂ ਕੋਈ ਮੂਹੜਾ ਜਾਂ ਪੱਛੀ ਉਣਦੀ, ਸ਼ਿੱਬੋ ਨੂੰ ਵਾਰ ਨਹੀਂ ਸੀ ਆਉਂਦਾ।

ਕਰਮ ਚੰਦ ਗੱਲੇ-ਗੱਲੇ ਸ਼ਿੱਬੋ ਨੂੰ ਅਸੀਸਾਂ ਦੇਂਦਾ ਸੀ। ਪਰ ਵਰੇ ਉੱਤੇ ਵਰਾ ਪੈ ਚੱਲਿਆ ਸੀ ਪਤਾ ਨਹੀਂ ਸ਼ਿੱਬੋ ਨੂੰ ਕੋਈ ਅਸੀਸ ਲੱਗਦੀ ਕਿਓਂ ਨਹੀਂ ਸੀ । ਲੋਕ ਆਂਹਦੇ ਸਨ, 'ਖੁੜਾਂ ਵਾਲੇ ਘਰ ਮਾਲੂਮ ਕਿਓਂ ਹੋਣ।'

ਵਾਹ ਲੱਗਦੇ ਵੀਰਾਂ ਸਾਰਿਆਂ ਕੰਮਾਂ ਵਿਚ ਸ਼ਿੱਬੋ ਦਾ ਹੱਥ ਵਟਾਂਦੀ ਸੀ ਤੇ ਵੀਰਾਂ ਦੀ ਮਾਂ ਘਰ ਦੀ ਸੱਸ ਮਾਂ ਵਾਕੁਰ ਸ਼ਿੱਬੋ ਦਾ ਦਰਦ ਕਰਦੀ ਸੀ। ਵੀਰਾਂ ਨੂੰ ਜੁਆਨੀ ਹਾੜ ਕੇ ਚੜਦੀ ਪਈ ਸੀ। ਵੇਲਨਿਆਂ ਵਾਂਗ ਉਸਦੀਆਂ ਬਾਂਹਵਾਂ ਗੁੰਦੀਆਂ ਗਈਆਂ ਸਨ, ਕਈ ਵਾਰ ਵੀਰਾਂ ਦੀ ਮਾਂ ਸ਼ਿੱਬੋ ਦੇ ਕੋਲ ਬਹਿੰਦੀ ਤੇ ਆਂਹਦੀ, 'ਪੱਲੇ ਚਾਰ ਕੌਡਾਂ ਵੀ ਨਹੀਂ, ਤੇ ਵੀਰਾਂ ਛੱਤ ਨੂੰ ਹੱਥ ਪਾਓਣ ਲੱਗ ਪਈ ਏ।'

'ਤੂੰ ਕਾਹਨੂੰ ਝੁਰਨੀ ਏਂ ਮਾਂ! ਜਿੱਥੇ ਉਹਦੇ ਸੰਜੋਗ ਹੋਣਗੇ' ਸ਼ਿੱਬੋ ਹਮੇਸ਼ਾਂ ਉਸ ਦਾ ਦਿਲ ਰੱਖ ਲੈਂਦੀ।

ਸ਼ਿੱਬੋ ਦੇ ਵਿਆਹ ਨੂੰ ਛੇਵਾਂ ਵਰਾ ਲੱਗ ਪਿਆ। ਅਸੀਸਾਂ ਦੇ ਦੇ ਕੇ ਵਿਚਾਰੇ ਕਰਮ ਚੰਦ ਦੀ ਜੀਭ ਸੁੱਕ ਗਈ ਸੀ ਤੇ ਹੁਣ ਉਹ ਆਪਣੀਂ ਉਮਰ ਦੇ ਆਖਰੀ ਸਾਹ ਗਿਣਦਾ ਪਿਆ ਸੀ।

'ਅੱਛਾ ਮੇਰੇ ਕਰਮਾਂ ਵਿਚ ਨਾ ਹੋਵੇਗਾ' ਵਿਚਾਰਾ ਕਰਮ ਚੰਦ ਆਖੀਰੀ ਸਾਹ ਕਹਿੰਦਾ ਰਿਹਾ।

ਹੁਣ ਘਰ ਵਿਚ ਸ਼ਿੱਬੋ ਤੇ ਉਸ ਦਾ ਮਰਦ ਹੀ ਰਹਿ ਗਏ ਸਨ। ਸ਼ਰੀਕੇ ਵਾਲੇ ਘਰਾਂ ਵਿਚ ਲੋਕ ਮੂੰਹ ਜੋੜਨ ਲੱਗ ਪਏ 'ਜੀਵੇ ਰੂਪ ਚੰਦ-ਕੱਲ ਨੂੰ ਕਰਮ ਚੰਦ ਦਾ ਨਾਂ ਏਸ ਪਿੰਡ ਵਿਚ ਕਿਹਨੇ ਲੈਣਾ ਏਂ, ਛੇ ਵਰੇ ਹੋ ਗਏ ਨੇ, ਰੱਬ ਨੇ ਦੇਣਾ ਹੁੰਦਾ ਤੇ ਪਹਿਲੇ ਦਿਨੋਂ ਹੀ ਨਾ ਦੇ ਦੇਂਦਾ; ਐਡੀਆਂ ਜ਼ਮੀਨਾਂ ਐਡੀਆਂ ਹਵੇਲੀਆਂ..'

ਸ਼ਿੱਬੋ ਜਿਓਂ-ਜਿਓਂ ਘਰ ਨੂੰ ਬਣਾਂਦੀ, ਸੰਵਾਰਦੀ, ਭਾਂਡਿਆਂ ਦੇ ਮੂੰਹ ਲਿਸ਼-ਲਿਸ਼ ਕਰਦੇ ਪਰ ਸ਼ਿੱਬੋ ਦਾ ਮੂੰਹ ਮੈਲਾ ਹੁੰਦਾ ਜਾਂਦਾ ਸੀ। ਰੂਪ ਚੰਦ ਨੇ ਕਦੇ ਉਸ ਨੂੰ ਕੁਝ ਨਹੀਂ ਸੀ ਆਖਿਆ। ਕਦੇ ਇਕ ਸੁਨੌਤ ਵੀ ਨਹੀਂ ਸੀ ਸੁੱਟੀ ਪਰ ਉਹ ਮਨ ਹੀ ਮਨ ਸੋਚਦੀ 'ਆਖਰ ਉਹ ਉਹਦਾ ਕਿੰਨਾ ਕੁ ਚਿਰ ਲਿਹਾਜ ਕਰੇਗਾ ?'

ਇਕ ਦਿਹਾੜੇ ਸ਼ਿੱਬੋ ਆਪਣੇ ਮਨ ਨੂੰ ਆਟੇ ਵਾਂਗ ਪੀਹ ਲਿਆ ਤੇ ਆਪਣੇ ਮਰਦ ਨੂੰ ਹੋਰ ਵਿਆਹ ਕਰ ਲੈਣ ਲਈ ਆਖਿਆ। ਰੂਪ ਚੰਦ ਜਿਓਂ-ਜਿਓਂ ਗੱਲ ਨੂੰ ਟਾਲਦਾ ਰਿਹਾ, ਸ਼ਿੱਬੋ ਹੋਰ ਵੀ ਖਹਿੜੇ ਪੈਂਦੀ ਰਹੀ।

'ਤੂੰ ਮੇਰਾ ਦਿਲ ਲੈਨੀ ਏਂ'

'ਮੈਨੂੰ ਕਿਸੇ ਦੀ ਸੰਹੁ ਪੁਆ ਲਵੋ ਜੇ ਮੈਂ ਸੱਚੇ ਦਿਲੋਂ ਨਾ ਆਂਹਦੀ ਹੋਵਾਂ'

'ਮੈਨੂੰ ਤੇ ਕੋਈ ਲੋੜ ਨਹੀਂ'

'ਸਾਰੀ ਉਮਰ ?'

'ਸਾਰੀ ਉਮਰ।' ਤੇ ਰੂਪ ਚੰਦ ਬਾਹਰ ਖੇਤਾਂ ਨੂੰ ਤੁਰ ਗਿਆ। ਉਸ ਦਿਹਾੜੇ ਸ਼ਿੱਬੋ ਖੁਸ਼ ਸੀ। ਅਸਲ ਵਿਚ ਉਹ ਮਰਦ ਦਾ ਦਿਲ ਟੋਂਹਦੀ ਸੀ ਤੇ ਉਸ ਦੇ ਮੂੰਹੋਂ ਨਾਂਹ ਸੁਣ ਕੇ ਜਿਵੇਂ ਉਸ ਦੇ ਦਿਲ ਨੂੰ ਟੋਹਣੀ ਮਿਲ ਗਈ ਸੀ।

ਵੀਰਾਂ ਨੂੰ ਭਰ ਜੁਆਨੀ ਚੜੀ ਸੀ। ਪਿਛਲੇ ਸਾਲ ਦੇ ਕੱਪੜੇ ਉਸ ਨੂੰ ਅੜਦੇ ਨਹੀਂ ਸਨ। ਵੀਰਾਂ ਦਾ ਰੰਗ ਕਣਕ-ਭਿਨਾਂ ਸੀ ਪਰ ਇਹ ਸੱਚ ਕਿ ਵੇਖਣ ਵਾਲੇ ਦੀ ਉਸ ਦੇ ਮੂੰਹ ਉੱਤੋਂ ਅੱਖ ਤਿਲਕ ਪੈਂਦੀ ਸੀ।

ਵੀਰਾਂ ਦੀ ਮਾਂ ਸ਼ਿੱਬੋ ਨੂੰ ਮੁੜ-ਮੁੜ ਚੇਤੇ ਕਰਾਂਦੀ 'ਜਿਹਦੇ ਬੂਹੇ ਏਡੀ ਜਵਾਨ ਧੀ ਹੋਵੇ, ਉਹਨੂੰ ਰਾਤੀਂ ਨੀਂਦਰ ਨਹੀਂ ਪੈਂਦੀ ਧੀਏ, ਤੂਏਂ ਇਹਦੇ ਸਿਰ ਉੱਤੇ ਹੱਥ ਰੱਖ।'

ਇਕ ਰਾਤ ਸ਼ਿੱਬੋ ਨੇ ਰੂਪ ਚੰਦ ਅੱਗੇ ਵੀਰਾਂ ਦੇ ਵਿਆਹ ਦੀ ਗੱਲ ਛੇੜੀ ਤੇ ਆਪਣੀ ਵਲੋਂ ਦੋ-ਤਿੰਨ ਮੁੰਡਿਆਂ ਦੀ ਦੱਸ ਪਾਈ। ਫੇਰ ਵੀਰਾਂ ਨੂੰ ਦੇਣ-ਲੈਣ ਵਲੋਂ ਕਈ ਗੱਲਾਂ ਕਰਦੀ ਰਹੀ। ਰਾਤ ਕਿੱਡੀ ਹੋ ਚੱਲੀ ਸੀ ਪਰ ਰੂਪ ਚੰਦ ਨਾ ਹੁੰਗਾਰਾ ਭਰਦਾ ਸੀ ਤੇ ਨਾ ਅਜੇ ਤੱਕ ਸੁੱਤਾ ਸੀ।

'ਸ਼ਿੱਬੋ ?' ਰੂਪ ਚੰਦ ਨੇ ਤ੍ਰਭਕ ਕੇ ਆਖਿਆ।

'ਦੱਸੋ।'

'ਇਕ ਵਾਰ ਤੂੰ' ਤੇ ਰੂਪ ਚੰਦ ਚੁੱਪ ਕਰ ਰਿਹਾ ।

'ਕੀ ਇਕ ਵਾਰ ਮੈਂ' ਸ਼ਿੱਬੋ ਪੁੱਛਦੀ ਰਹਿ ਗਈ ਪਰ ਰੂਪ ਚੰਦ ਕਿਨਾਂ ਚਿਰ ਕੁਝ ਨਾ ਬੋਲਿਆ।

'ਅੱਜ ਕੱਲ ਜਾਤਾਂ ਕੌਣ ਵੇਂਹਦਾ ਏ ਸ਼ਿੱਬੋ, ਜੇ ਵੀਰਾਂ..' ਰੂਪ ਚੰਦ ਤੋਂ ਮਸਾਂ ਇਨਾਂ ਹੀ ਕਹਿਣ ਹੋਇਆ। ਸ਼ਿੱਬੋ ਨੂੰ ਸਮਝ ਕੁਝ ਨਾ ਪਈ।

'ਵੀਰਾਂ ਸਾਰੀ ਉਮਰ ਤੇਰੀ ਟਹਿਲ ਕਰੇਗੀ' ਫੇਰ ਜਿਵੇਂ ਅੱਬੜ-ਵਾਹੇ ਰੂਪ ਚੰਦ ਨੇ ਆਖਿਆ। ਹੁਣ ਸ਼ਿੱਬੋ ਨੂੰ ਸਮਝ ਪੈ ਗਈ ਤੇ ਉਹ ਆਪਣੇ ਮਰਦ ਦੇ ਮੂੰਹ ਵਲ ਤੱਕਦੀ ਦੀ ਤੱਕਦੀ ਰਹਿ ਗਈ।

'ਵੀਰਾਂ' ਸ਼ਿੱਬੋ ਕੋਲੋਂ ਫੇਰ ਇਨਾਂ ਹੀ ਆਖ ਹੋਇਆ ਤੇ ਫੇਰ ਆਪਣੇ ਚੂੜੇ ਨਾਲ ਖੇਡਦੀ ਉਸ ਨੂੰ ਬਾਲੜੀ ਜਿਹੀ ਵੀਰਾਂ ਚੇਤੇ ਆ ਗਈ। ਤੇ ਫੇਰ ਸ਼ਿੱਬੋ ਨੂੰ ਚੇਤੇ ਆਇਆ ਕਿ ਉਸ ਨੇ ਵੀਰਾਂ ਨੂੰ ਦੋ ਵਾਰ ਖੋਪਾ ਮਾਰ ਕੇ ਆਖਿਆ ਸੀ, 'ਆਹ ਲੈ ਤੇਰਾ ਵਿਆਹ ਝੱਟ ਹੀ ਹੀ ਜਾਏਗਾ।'

ਫੇਰ ਸ਼ਿੱਬੋ ਦੇ ਜੀਅ ਵਿਚ ਇਕ ਵਲੇਟ ਪਿਆ, 'ਵੀਰਾਂ ਤੂੰ ਉਦੋਂ ਹੀ ਕਿਓਂ ਨਾ ਚੂੜਾ ਚਾੜ ਲਿਆ ਤੂੰ ਉਦੋਂ ਹੀ ਕਿਓਂ ਨਾ ਇਹ ਮਹਿੰਦੀ ਲਾ ਲਈ-ਤੂੰ ਉਦੋਂ ਹੀ ਕਿਉਂ ਇਹ ਕਲੀਰੇ ਕਿਉਂ ਨਾ ਬੰਨ ਲਏ।'

ਪਤਾ ਨਹੀਂ ਕਿਥੋਂ ਦੇ ਪੱਥਰ ਸ਼ਿੱਬੋ ਨੇ ਆਪਣੇ ਜੀਅ ਉੱਤੇ ਧਰ ਲਏ। ਉਂਜ ਵੀ ਉਹ ਸੋਚਦੀ ਸੀ ਜੇ ਮਰਦ ਆਪਣੀ ਆਈ ਉੱਤੇ ਆ ਜਾਏ ਤਾਂ ਉਹ ਭਲਾ ਉਸਦਾ ਕੀ ਕਰ ਸਕਦੀ ਸੀ। ਵੀਰਾਂ ਨਹੀਂ ਤੇ ਕੋਈ ਹੋਰ ਉਸ ਦੀ ਥਾਵੇਂ ਆ ਜਾਏਗੀ । ਨਾਲ ਦੇ ਪਿੰਡਾਂ ਵਿਚੋਂ ਕੇਹੜਾ ਸੀ ਜੁ ਆਪਣੀ ਧੀ ਨਹੀਂ ਸੀ ਦੇਣਾ ਚਾਹੁੰਦਾ ਜੇ ਹੋਰ ਕਿਸੇ ਆਉਣਾ ਏਂ ਤਾਂ ਵੀਰਾਂ ਹੀ ਸਹੀ.. ਤੇ ਦਲੀਲਾਂ ਵਿਚ ਪੈ-ਪੈ ਕੇ ਸ਼ਿੱਬੋ ਨੇ ਵੀਰਾਂ ਦੀ ਮਾਂ ਕੋਲੋਂ ਵੀਰਾਂ ਮੰਗ ਲਈ।

'ਹਾਏ ਮੈਂ ਮਰ ਜਾਂ। ਭਲਾ ਕਦੀ ਇੰਜ ਵੀ ਹੋਇਆ ਏ ਜਹੀ ਉਹ' ਵੀਰਾਂ ਦੀ ਮਾਂ ਦੀ ਅਥਰ ਨਹੀਂ ਸੀ ਸੁੱਕਦੀ ਪਰ ਸ਼ਿੱਬੋ ਆਂਹਦੀ ਸੀ, 'ਜਿੱਥੇ ਦੀ ਵੀਰਾਂ ਦੀ ਲਿਖੀ ਹੋਈ ਏ।'

ਦੂਜੇ ਕੰਨ ਉਸੇ ਵੇਲੇ ਖ਼ਬਰ ਹੋਈ ਜਦੋਂ ਵੀਰਾਂ ਨਿੱਕੀਆਂ ਇੱਟਾਂ ਦੀ ਹਵੇਲੀ ਵਿਚ ਵਹੁਟੀ ਬਣ ਕੇ ਆ ਗਈ।

ਰੂਪ ਚੰਦ ਦੇ ਮੂੰਹ ਉੱਤੇ ਹੋਰ ਤੇ ਕਿਸੇ ਕੁਝ ਨਾ ਆਖਿਆ ਸਿਰਫ ਪਿੰਡ ਦੇ ਦੋ ਚਾਰ ਵੱਡਿਆਂ ਨੇ ਇਕ ਓਲਾਂਭੇ ਨਾਲ ਕਿਹਾ, 'ਰੂਪ ਚੰਦਾ, ਭਲਾ ਤੂੰ ਉਂਗਲੀ ਕਰਦੋਂ ਤਾਂ ਕਿਸੇ ਨੇ ਤੈਨੂੰ ਉੱਚੇ ਘਰ ਦੀ ਧੀ ਨਹੀਂ ਸੀ ਦੇਣੀ ? ਤੂੰ ਕਮੀਣਾਂ ਦੀ ਧੀ ਵਿਆਹ ਲਈ।'

'ਕੋਈ ਨਹੀਂ ਚਾਚਾ, ਅੱਜ ਕੱਲ ਜਾਤਾਂ ਕੌਣ ਵੇਂਹਦਾ ਏ,' ਰੂਪ ਚੰਦ ਨੇ ਸਾਰਿਆਂ ਨੂੰ ਇੰਜ ਹੱਸ ਕੇ ਟਾਲ ਛੱਡਿਆ ।

ਕਈਆਂ ਨੇ ਉਭਾਰ ਕੇ ਤਾਂ ਕੁਝ ਨਾ ਕਿਹਾ ਪਰ ਆਲੇ ਟੋਲੇ ਕਰ ਕੇ ਰੂਪ ਚੰਦ ਦੇ ਘਰ ਦਾ ਲੱਸੀ ਪਾਣੀ ਛੱਡ ਦਿੱਤਾ।

ਜਿਓਂ-ਜਿਓਂ ਸ਼ਿੱਬੋ ਦਾ ਮਨ ਕੰਮਾਂ ਵਿਚੋਂ ਮੁੱਕਦਾ ਜਾਂਦਾ ਸੀ। ਤਿਓਂ-ਤਿਓਂ ਵੀਰਾਂ ਪੈਸੇ-ਧੇਲੇ ਤੇ ਗਹਿਣੇ-ਗੱਟੇ ਦਾ ਸਾਂਭ-ਸਿੱਕਰ ਜ਼ੋਰੀਂ ਸ਼ਿੱਬੋ ਉੱਤੇ ਪਾਂਦੀ ਰਹਿੰਦੀ ਸੀ।

(ਚਲਦਾ...)




## ਪਾਠਕਾਂ ਦਾ ਨਜ਼ਰੀਆ

### ਵਿਸ਼ਵ ਮਲੇਰੀਆ ਦਿਵਸ 'ਤੇ ਵਿਸ਼ੇਸ਼

25 ਅਪ੍ਰੈਲ ਦਾ ਦਿਨ ਵਿਸ਼ਵ ਮਲੇਰੀਆ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਗਰਮੀ ਦੇ ਮੌਸਮ ਦੌਰਾਨ ਮੱਛਰ ਬਹੁਤ ਵਧ ਜਾਂਦਾ ਹੈ। ਜਿਸ ਦੇ ਕੱਟਣ ਨਾਲ ਮਲੇਰੀਆ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਮਲੇਰੀਆ ਇੱਕ ਆਮ ਜਾਣਿਆ ਜਾਣ ਵਾਲਾ ਰੋਗ ਹੈ। ਆਮ ਭਾਸ਼ਾ ਵਿੱਚ ਇਸਨੂੰ ਤੇਈਆ ਤਾਪ ਵੀ ਕਿਹਾ ਜਾਂਦਾ ਹੈ। ਰੋਗੀ ਨੂੰ ਬੁਖ਼ਾਰ ਹੋਣ ਤੋਂ ਬਾਅਦ ਕਦੇ ਬੁਖ਼ਾਰ ਉੱਤਰਦਾ ਤੇ ਕਦੇ ਫਿਰ ਚੜ ਜਾਂਦਾ ਹੈ। ਬੁਖਾਰ ਉਤਰਨ ਤੋਂ ਬਾਅਦ ਮਰੀਜ਼ ਨੂੰ ਪਸੀਨਾ ਆਉਂਦਾ ਹੈ ਅਤੇ ਕਮਜ਼ੋਰੀ ਮਹਿਸੂਸ ਹੁੰਦੀ ਹੈ। ਇਹ ਰੋਗ, ਭੂਮੱਧ ਦੇ ਆਲੇ-ਦੁਆਲੇ ਖੰਡੀ ਅਤੇ ਉਪ-ਖੰਡੀ ਖੇਤਰ ਵਿੱਚ ਫੈਲਦਾ ਹੈ ਜਿਸ ਵਿਚ ਸਬ-ਸਹਾਰਾ, ਅਫ਼ਰੀਕਾ ਅਤੇ ਏਸ਼ੀਆ ਵੀ ਸ਼ਾਮਿਲ ਹਨ। ਭਾਰਤ ਦੇਸ਼ ਵਿਚ ਇਹ ਰੋਗ ਸਾਲ ਭਰ ਹੁੰਦਾ ਰਹਿੰਦਾ ਹੈ। ਪਰ ਬਰਸਾਤੀ ਮੌਸਮ ਦੌਰਾਨ ਅਤੇ ਬਾਅਦ ਵਿਚ ਮੱਛਰ ਦੇ ਪ੍ਰਜਨਨ ਕਾਰਨ ਇਹ ਵੱਡੇ ਪੱਧਰ 'ਤੇ ਫੈਲਦਾ ਹੈ। ਮਲੇਰੀਆ ਪਲਾਸਮੋਡੀਅਮ ਦੇ ਤੌਰ 'ਤੇ ਜਾਣੇ ਜਾਂਦੇ ਪਰਜੀਵੀ ਦੇ ਕਾਰਨ ਹੁੰਦਾ ਹੈ। ਮਲੇਰੀਆ ਦੇ ਪਰਜੀਵੀ ਚਾਰ ਪ੍ਰਕਾਰ ਦੇ ਹੁੰਦੇ ਹਨ ਪੀ. ਵਾਈਵੈਕਸ, ਪੀ. ਫੈਲਸੀਪੈਰਮ, ਪੀ. ਮਲੇਰੀ ਅਤੇ ਪੀ. ਓਵੇਲ। ਇਨਾਂ ਵਿੱਚੋਂ ਪੀ. ਵਾਈਵੈਕਸ ਜ਼ਿਆਦਾਤਰ ਹੁੰਦਾ ਹੈ ਅਤੇ ਪੀ. ਫੈਲਸੀਪੈਰਮ ਘੱਟ ਹੁੰਦਾ ਹੈ ਪਰ ਸਭ ਤੋਂ ਵਧ ਘਾਤਕ ਹੈ।

ਮੱਛਰ ਦੇ ਸਰੀਰ ਅੰਦਰ ਮਲੇਰੀਆ ਦੇ ਪਰਜੀਵੀ ਉਸ ਵੇਲੇ ਪ੍ਰਵੇਸ਼ ਕਰਦਾ ਹੈ ਜਦੋਂ ਇਹ ਮਲੇਰੀਆ ਕਿਸੇ ਪੀੜਤ ਵਿਅਕਤੀ ਨੂੰ ਕੱਟਦਾ ਹੈ। ਅਜਿਹਾ ਮੱਛਰ ਜਦੋਂ ਤੰਦਰੁਸਤ ਵਿਅਕਤੀ ਨੂੰ ਕੱਟਦਾ ਹੈ ਤਾਂ ਉਸ ਵਿਅਕਤੀ ਦੇ ਖ਼ੂਨ-ਪ੍ਰਵਾਹ ਵਿਚ ਮਲੇਰੀਆ ਦੇ ਪਰਜੀਵੀ ਛੱਡ ਦਿੰਦਾ ਹੈ। ਜਿਸ ਨਾਲ 10 ਤੋਂ 14 ਦਿਨ ਵਿੱਚ ਉਸ ਵਿਅਕਤੀ ਵਿੱਚ ਵੀ ਮਲੇਰੀਆ ਦੇ ਲੱਛਣ ਦਿਖਾਈ ਦੇਣ ਲੱਗ ਜਾਂਦੇ ਹਨ।

ਇਸ ਦੇ ਆਮ ਲੱਛਣ ਬੁਖ਼ਾਰ, ਸਿਰਦਰਦ, ਉਲਟੀ ਅਤੇ ਹੋਰ ਫ਼ਲੂ ਵਰਗੇ ਲੱਛਣ ਹੁੰਦੇ ਹਨ। ਬੁਖ਼ਾਰ ਜੋ ਚਾਰ ਤੋਂ ਅੱਠ ਘੰਟੇ ਦੇ ਚੱਕਰ ਵਿੱਚ ਹੁੰਦਾ ਹੈ। ਪੈਰਾਸਾਈਟ ਲਾਲ ਖ਼ੂਨ ਦੇ ਸੈੱਲ ਨੂੰ ਸੰਕ੍ਰਮਿਤ ਅਤੇ ਨਸ਼ਟ ਕਰਦਾ ਹੈ ਨਤੀਜੇ ਵਜੋਂ ਥਕਾਵਟ, ਡੋਬ/ਕੜਵੱਲ ਅਤੇ ਚੇਤਨਾ ਦਾ ਨੁਕਸਾਨ ਹੁੰਦਾ ਹੈ।ਜੇਕਰ ਮਲੇਰੀਆ ਦੇ ਲੱਛਣਾਂ ਦੀ ਪਛਾਣ ਸਮੇਂ ਰਹਿੰਦੇ ਨਾ ਹੋਵੇ ਤਾਂ, ਇਸ ਦਾ ਨਤੀਜਾ ਘਾਤਕ ਹੋ ਸਕਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮਲੇਰੀਆ ਦਾ ਵਾਹਕ ਮਾਦਾ ਮੱਛਰ ਐਨੋਫਲੀਜ਼ ਹੈ ਜੋ ਕਿ ਸਾਫ ਖੜੇ ਪਾਣੀ 'ਤੇ ਪੈਦਾ ਹੁੰਦਾ ਹੈ। ਪਹਿਲੀ ਗੱਲ ਤਾਂ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਲਈ ਘਰਾਂ ਵਿੱਚ ਅਤੇ ਆਲੇ-ਦੁਆਲੇ ਪਾਣੀ ਨਾ ਖੜਨ ਦਿੱਤਾ ਜਾਵੇ।ਪਾਣੀ ਦੀਆਂ ਟੈਂਕੀਆਂ ਢੱਕ ਕੇ ਰੱਖੀਆਂ ਜਾਣ। ਪਾਣੀ ਦੀਆਂ ਟੂਟੀਆਂ ਆਦਿ ਲੀਕ ਨਾ ਹੋਣ। ਕੂਲਰਾਂ ਵਿਚਲਾ ਪਾਣੀ ਹਫਤੇ ਦੇ ਅੰਦਰ ਨਿਯਮਿਤ ਬਦਲਿਆ ਜਾਵੇ। ਛੱਤਾਂ 'ਤੇ ਵਾਧੂ ਕਬਾੜ ਭਾਂਡੇ, ਟਾਇਰ ਆਦਿ ਨਾ ਰੱਖੇ ਜਾਣ। ਘਰ ਵਿੱਚ ਸਾਫ-ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ। ਦੂਸਰਾ ਮੱਛਰ ਦੇ ਕੱਟਣ ਤੋਂ ਬਚਾਅ ਲਈ ਮੱਛਰਦਾਨੀਆਂ ਦੀ ਵਰਤੋਂ, ਕਮਰਿਆਂ ਦੀਆਂ ਖਿੜਕੀਆਂ 'ਤੇ ਜਾਲ਼ੀ ਲਗਵਾਉਣੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ, ਸਰੀਰ ਨੂੰ ਪੂਰਾ ਢੱਕਣ ਵਾਲੇ ਕੱਪੜੇ ਪਹਿਨਣਾ, ਘਰ ਵਿੱਚ ਸਮੇਂ-ਸਮੇਂ 'ਤੇ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਬਹੁਤ ਜ਼ਰੂਰੀ ਹੈ। ਵੱਡੀ ਪੱਧਰ 'ਤੇ ਲੋਕਾਂ ਵਿੱਚ ਮਲੇਰੀਆ ਬਾਰੇ ਜਾਗਰੂਕਤਾ ਅਤੇ ਜਾਣਕਾਰੀ ਹੋਣੀ ਚਾਹੀਦੀ ਹੈ ਕਿਉਂਕਿ ਜਾਣਕਾਰੀ ਵਿੱਚ ਹੀ ਇਸਦਾ ਬਚਾਅ ਹੈ ਜਿਸ ਨਾਲ ਇਸਦੀ ਰੋਕਥਾਮ ਕੀਤੀ ਜਾ ਸਕਦੀ ਹੈ ਅਤੇ ਅੱਗੇ ਫੈਲਣ ਤੋਂ ਰੋਕਿਆ ਜਾ ਸਕਦਾ ਹੈ।

**ਚਾਨਣਦੀਪ ਸਿੰਘ ਔਲਖ**
ਮੋ. ੯੮੭੬੮੮੮੭੦੭

### ਕੀ ਪ੍ਰਵਾਸੀਆਂ ਦੀ ਘਰ ਵਾਪਸੀ ਬਾਰੇ ਸੋਚੇਗੀ, ਪੰਜਾਬ ਦੀ ਆਪ ਸਰਕਾਰ

ਅਜ਼ਾਦੀ ਤੋਂ ਬਾਅਦ ਪੈਦਾ ਹੋਏ ਪੰਜਾਬ ਦੇ ਮਸਲੇ ਏਨੇ ਪੇਚੀਦਾ ਬਣ ਗਏ ਹਨ, ਕਿ ਉਨਾਂ ਦੇ ਹੱਲ ਹੋਣ ਦਾ ਕੋਈ ਲੜ ਸਿਰਾ ਵਿਖਾਈ ਨਹੀਂ ਦੇ ਰਿਹਾ। ਇਕ ਪਾਸੇ ਪੰਜਾਬ ਵਰਗਾ ਵਿਸ਼ਾਲ ਸੂਬਾ ਸੁੰਗੜ ਕੇ ਛੋਟਾ ਹੋ ਗਿਆ, ਦੂਜੇ ਪਾਸੇ ਛੋਟੇ ਸੂਬੇ ਨੂੰ ਵੀ ਉਹ ਹੱਕ ਨਹੀਂ ਮਿਲ ਰਹੇ ਜਿਸ ਦਾ ਉਹ ਹੱਕਦਾਰ ਹੈ। ਭਾਵੇਂ ਚੰਡੀਗੜ, ਪਾਣੀਆਂ, ਭਾਖੜਾ ਡੈਮ ਵਰਗੇ ਕਈ ਮਸਲੇ ਕੇਂਦਰ ਨਾਲ ਸੰਬੰਧਿਤ ਹਨ, ਪਰ ਪੰਜਾਬ ਦੀਆਂ ਸਰਕਾਰਾਂ ਦਾ ਕਿਰਦਾਰ ਵੀ ਇਨਾਂ ਮਸਲਿਆਂ ਨੂੰ ਲੈ ਕੇ ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਰਿਹਾ ਹੈ। ਦੂਜੇ ਪਾਸੇ ਆਮ ਲੋਕਾਂ ਵਿਚ ਪੈਦਾ ਹੋਈ ਬੇਚੈਨੀ, ਬੇਰੁਜ਼ਗਾਰੀ, ਖੇਤੀਬਾੜੀ ਆਧਾਰਿਤ ਸੂਬੇ ਵਿਚ ਵੱਧ ਰਹੇ ਪਰਿਵਾਰ ਤੇ ਘਟ ਰਹੀਆਂ ਜ਼ਮੀਨਾਂ ਨੇ ਪੰਜਾਬ ਨੂੰ ਪ੍ਰਵਾਸ ਵੱਲ ਧੱਕ ਦਿੱਤਾ ਹੈ। ਵਿਦੇਸ਼ਾਂ ਵਿਚੋਂ ਹੋਰਨਾਂ ਸੂਬਿਆਂ ਦੇ ਲੋਕ ਬੜੇ ਮਾਣ ਨਾਲ ਆਪੋ-ਆਪਣੇ ਸੂਬਿਆਂ ਨਾਲ ਲੈਣ-ਦੇਣ ਕਰਦੇ ਹਨ, ਜਾਇਦਾਦਾਂ ਖ਼ਰੀਦਦੇ ਹਨ, ਕਾਰੋਬਾਰਾਂ ਵਿਚ ਹਿੱਸੇਦਾਰੀ ਸੰਬੰਧੀ ਦਿਲਚਸਪੀ ਰੱਖਦੇ ਹਨ। ਪਰ ਪੰਜਾਬੀ ਆਪਣੇ ਸੂਬੇ ਵਿਚ ਨਿਵੇਸ਼ ਕਰਨ ਸੰਬੰਧੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜਿਹੜੇ ਪੰਜਾਬੀ ਆਪਣੀ ਜ਼ਮੀਨ ਵੇਚਣ ਨੂੰ ਪਾਪ ਸਮਝਿਆ ਕਰਦੇ ਸਨ, ਪਰ ਵਿਦੇਸ਼ਾਂ ਵਿਚ ਰਹਿ ਰਹੇ ਬਹੁਤੇ ਪੰਜਾਬੀ ਹੁਣ ਮੌਕਾ ਵੇਖਦਿਆਂ ਹੀ ਆਪਣੇ ਘਰ-ਬਾਰ, ਜ਼ਮੀਨਾਂ-ਜਾਇਦਾਦਾਂ ਵੇਚ ਰਹੇ ਹਨ। ਇਸ ਦਾ ਮੁੱਖ ਕਾਰਨ ਸਰਕਾਰਾਂ ਦੀ ਬੇਰੁਖ਼ੀ, ਲੋੜ ਪੈਣ 'ਤੇ ਅਦਾਲਤੀ ਝਗੜਿਆਂ ਦਾ ਲੰਮੇ ਸਮੇਂ ਤੱਕ ਨਿਪਟਾਰਾ ਨਾ ਹੋਣਾ, ਪ੍ਰਸ਼ਾਸਨ ਵਲੋਂ ਢੁਕਵਾਂ ਸਹਿਯੋਗ ਨਾ ਮਿਲਣਾ ਅਤੇ ਰਿਸ਼ਤਿਆਂ ਵਿਚ ਪਈਆਂ ਤਰੇੜਾਂ ਸਮੇਤ ਬਹੁਤ ਸਾਰੇ ਕਾਰਨ ਹਨ। ਮੋਹ ਨਾਲ ਭਿੱਜੇ ਪ੍ਰਵਾਸੀ ਭਾਵੇਂ ਪੰਜਾਬ ਤੋਂ ਦੂਰ ਖ਼ੁਦ ਨੂੰ ਬੇਚੈਨ ਮਹਿਸੂਸ ਕਰਦੇ ਹਨ, ਉਹ ਆਪਣੇ ਵਿਰਸੇ ਅਤੇ ਧਰਤੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਪਰ ਉਨਾਂ ਅੰਦਰ ਉਹ ਭਰੋਸਾ ਕਾਇਮ ਨਹੀਂ ਰਿਹਾ, ਜੋ ਕਦੇ ਪਿੰਡੋਂ ਵਿਦੇਸ਼ ਤੁਰਨ ਵੇਲੇ ਉਨਾਂ ਕੋਲ ਹੁੰਦਾ ਸੀ। ਪੰਜਾਬ ਸਰਕਾਰ ਵਲੋਂ ਬੀਤੇ ਸਮੇਂ ਵਿਚ ਨੌਜਵਾਨਾਂ ਨੂੰ ਆਪਣੀਆਂ ਜੜਾਂ ਨਾਲ ਜੋੜਨ ਲਈ ਵਿਸ਼ੇਸ਼ ਪ੍ਰੋਗਰਾਮ ਵੀ ਉਲੀਕੇ ਗਏ ਸਨ, ਪਰ ਨੌਜਵਾਨ ਬੱਚਿਆਂ ਨੂੰ ਹੋਰਨਾਂ ਮੁਲਕਾਂ ਵਿਚ ਹੱਸ ਕੇ ਭੇਜਣ ਵਾਲੇ ਮਾਪੇ ਬੱਚਿਆਂ ਨੂੰ ਸੈਰ-ਸਪਾਟੇ ਲਈ ਇਕੱਲੇ ਪੰਜਾਬ ਭੇਜਣ ਤੋਂ ਵੀ ਹਿਚਕਚਾਉਂਦੇ ਹਨ। ਵਿਦੇਸ਼ਾਂ ਵਿਚ ਬਹੁਤ ਸਾਰੇ ਬਜ਼ੁਰਗ ਅਜਿਹੇ ਹਨ, ਜਿਹੜੇ ਬਿਰਧ ਆਸ਼ਰਮਾਂ ਵਿਚ ਰਹਿ ਰਹੇ ਹਨ, ਜਿੱਥੇ ਉਨਾਂ ਨੂੰ ਬੋਲੀ ਕਾਰਨ ਕਈ ਤਰਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਪਰ ਅਜਿਹੇ ਬਜ਼ੁਰਗਾਂ ਨੂੰ ਪੰਜਾਬ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ। ਪ੍ਰਵਾਸੀਆਂ ਦੇ ਮਸਲਿਆਂ ਦੇ ਹੱਲ ਲਈ ਕਿਸੇ ਅਜਿਹੀ ਸ਼ਖ਼ਸੀਅਤ ਨੂੰ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਹੈ ਜੋ ਪ੍ਰਵਾਸੀਆਂ ਦੇ ਮਸਲਿਆਂ ਨੂੰ ਚੰਗੀ ਤਰਾਂ ਸਮਝਦਾ ਹੋਵੇ ਅਤੇ ਉਨਾਂ ਨੂੰ ਹੱਲ ਕਰਵਾਉਣ ਦੀ ਚਾਹਤ ਰੱਖਦਾ ਹੋਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਅਸਰ-ਰਸੂਖ ਵਾਲੇ ਸਰਮਾਏਦਾਰ ਪ੍ਰਵਾਸੀ ਵਿਦੇਸ਼ੀ ਦੌਰਿਆਂ 'ਤੇ ਆਏ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਸੇਵਾ-ਸੰਭਾਲ ਕਰਦੇ ਹਨ। ਉਨਾਂ ਦੇ ਮਾਮਲੇ ਵੀ ਜਲਦੀ ਹੱਲ ਹੋ ਜਾਂਦੇ ਹਨ। ਪਰ ਜਾਇਦਾਦਾਂ ਨਾਲ ਸੰਬੰਧਿਤ ਮਾਮਲਿਆਂ ਦੀ ਵੱਡੀ ਗਿਣਤੀ ਹੈ, ਜਿਨਾਂ ਦੇ ਹੱਲ ਲਈ ਜਿੱਥੇ ਢੁਕਵੇਂ ਯਤਨਾਂ ਦੀ ਲੋੜ ਹੈ, ਉੱਥੇ ਹੀ ਲੋਕਾਂ ਨੂੰ ਗ਼ਲਤ ਕੰਮ ਕਰਨ ਲਈ ਪ੍ਰੇਰਿਤ ਹੋਣ ਤੋਂ ਰੋਕਣ ਦੀ ਵੀ ਲੋੜ ਹੈ। ਪ੍ਰਾਪਰਟੀ ਦਾ ਗੋਰਖ ਧੰਦਾ ਕਰਨ ਵਾਲਿਆਂ ਦੇ ਜਾਲ ਵਿਚ ਫਸ ਕੇ ਗ਼ੈਰ-ਕਾਨੂੰਨੀ ਕੰਮ ਕਰਨ ਵਾਲਿਆਂ ਤੋਂ ਪ੍ਰਵਾਸੀਆਂ ਨੂੰ ਬਚਾਉਣ ਦੇ ਵੀ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ। ਪ੍ਰਵਾਸੀ ਪੰਜਾਬੀ ਪੰਜਾਬ ਆਉਣਾ ਲੋਚਦੇ ਹਨ, ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲਾ ਹਰ ਕੋਈ ਦੇਸ਼ ਵਿਰੋਧੀ ਨਹੀਂ, ਇਸ ਧਾਰਨਾ ਨੂੰ ਵੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਜੇ ਹੱਸ ਕੇ ਗਲ ਲਾ ਲਿਆ ਜਾਵੇ ਤਾਂ ਬਹੁਤ ਸਾਰੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋ ਸਕਦੇ, ਬਸ ਉਨਾਂ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਪ੍ਰਵਾਸੀਆਂ ਨੂੰ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਸਮਝਣ ਦੀ ਥਾਂ ਉਨਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਨਿਵੇਸ਼ ਲਈ ਪ੍ਰੇਰਿਤ ਕਰੋ ਤਾਂ ਕਿ ਉਨਾਂ ਦੀ ਘਰ ਵਾਪਸੀ ਹੋ ਸਕੇ।

**ਮਨਪ੍ਰੀਤ ਸਿੰਘ ਬਧਨੀ ਕਲਾਂ**

### ਬਿਜਲ ਸੱਥ ਰਾਹੀਂ ਚੱਲਦੀ ਧੋਖਾਧੜੀ

ਅੱਜ-ਕੱਲ ਇੱਕ ਧੋਖਾਧੜੀ ਚੱਲ ਰਹੀ ਹੈ। ਕੋਈ ਫਰਾਡ ਬੰਦਾ ਐਨਆਰਆਈ ਪੰਜਾਬੀ ਬਣ ਕੇ ਤੁਹਾਨੂੰ ਕਾਲ ਕਰੇਗਾ। ਤੁਹਾਡਾ ਤੇ ਪਰਿਵਾਰ ਦਾ ਹਾਲ-ਚਾਲ ਪੁੱਛੇਗਾ, ਤੁਸੀਂ ਸੋਚਣ ਲੱਗ ਜਾਉਗੇ ਕਿ ਇੰਗਲੈਂਡ ਤੋਂ ਕਿਹੜਾ ਦੋਸਤ ਬੋਲ ਰਿਹਾ ਹੈ। (ਜੇਕਰ ਕੋਡ +44 ਹੋਵੇ, ਉਂਜ ਕੋਡ ਕੋਈ ਹੋਰ ਵੀ ਹੋ ਸਕਦਾ ਹੈ)

ਤੁਸੀਂ ਕਹੋਗੇ ਬਾਈ ਜੀ, ਮੈਂ ਪਛਾਣਿਆ ਨਹੀਂ। ਉਹ ਕਹੇਗਾ ਹੱਦ ਹੋ ਗਈ ਮਹਾਰਾਜ, ਮੈਂ ਵਿਦੇਸ਼ ਬੈਠਾ ਵੀ ਤੁਹਾਨੂੰ ਯਾਦ ਕਰ ਰਿਹਾਂ ਤੇ ਤੁਸੀਂ ਮੈਨੂੰ ਭੁੱਲੇ ਬੈਠੇ ਹੋ, ਫਿਰ ਤੁਸੀਂ ਅੰਦਾਜ਼ਾ ਜਿਹਾ ਲਗਾ ਕੇ ਕਹੋਗੇ, ਕਿਤੇ ..... ਤਾਂ ਨਹੀਂ ਬੋਲਦਾ, ਉਹ ਹੱਸ ਕੇ ਕਹੇਗਾ ਕਿ ਸ਼ੁਕਰ ਹੈ ਯਾਰ ਤੁਸੀਂ ਪਛਾਣ ਲਿਆ, ਮੇਰਾ ਤਾਂ ਦਿਲ ਹੀ ਟੁੱਟ ਚੱਲਿਆ ਸੀ।

ਫਿਰ ਉਹ ਇੱਧਰ ਉੱਧਰ ਦੀਆਂ ਗੱਲਾਂ ਮਾਰ ਕੇ ਕਹੇਗਾ ਕਿ ਯਾਰ ਮੈਂ ਆਉਣਾ ਇੰਡੀਆ ਤੇ ਮੇਰੇ ਕੋਲ ਕੋਈ 12-15 ਲੱਖ ਜੁੜਿਆ ਪਿਆ ਹੈ। ਪਰ ਕੈਸ਼ ਤਾਂ ਲਿਆ ਨਹੀਂ ਸਕਦਾ ਤੇ ਸਾਡੇ ਘਰਦਿਆਂ ਨੂੰ ਵੀ ਨਹੀਂ ਦੱਸਣਾ, ਪਤੰਦਰ ਹਰ ਵਾਰੀ ਉਹੀ ਜੇਬਾਂ ਖਾਲੀ ਕਰ ਦਿੰਦੇ ਹਨ ਤੇ ਸੱਜਣਾਂ ਮਿੱਤਰਾਂ ਵਾਸਤੇ ਬਚਦਾ ਈ ਕੁਝ ਨਹੀਂ। ਇਸ ਕਰਕੇ ਮੈਂ ਉਹ ਪੈਸੇ ਵੈਸਟਰਨ ਯੂਨੀਅਨ ਰਾਹੀਂ ਤੁਹਾਡੇ ਖ਼ਾਤੇ ਵਿੱਚ ਭੇਜਣੇ ਚਾਹੁੰਦਾ ਹਾਂ। ਜਦੋਂ ਮੈਂ ਇੰਡੀਆ ਆਇਆ ਤਾਂ ਆਪਾਂ ਕਰ ਲਵਾਂਗੇ ਵਾਧਾ ਘਾਟਾ।

ਤੁਸੀਂ ਭਾਵੁਕ ਹੋ ਜਾਂਦੇ, ਕਿ ਵਾਹ, ਮੇਰੇ ਉੱਤੇ ਐਨਾ ਵਿਸ਼ਵਾਸ, ਤੁਸੀਂ ਉਸੇ ਵੇਲੇ ਉਸ ਨੂੰ ਆਪਣਾ ਬੈਂਕ ਖ਼ਾਤਾ ਅਤੇ ਬਾਕੀ ਜਾਣਕਾਰੀ ਦੇ ਦਿੰਦੇ ਹੋ। ਉਹ ਵਾਅਦਾ ਕਰਦਾ ਹੈ ਕਿ ਘੰਟੇ ਕੁ ਤੱਕ ਉਹ ਪੈਸੇ ਜਮਾ ਕਰਵਾ ਦੇਵੇਗਾ। ਥੋੜੀ ਦੇਰ ਬਾਅਦ ਉਹ ਵੈਸਟਰਨ ਯੂਨੀਅਨ ਦੀ ਇੱਕ ਨਕਲੀ ਰਸੀਦ ਤੁਹਾਡੇ ਫੋਨ ਉੱਤੇ ਭੇਜ ਦਿੰਦਾ ਹੈ। ਕੁਝ ਘੰਟੇ ਬਾਅਦ ਤੁਹਾਨੂੰ ਕਿਸੇ ਹੋਰ ਦਾ ਫੋਨ ਆਉਂਦਾ ਹੈ ਜੋ ਆਪਣੇ ਆਪ ਨੂੰ ਬੈਂਕ ਕਰਮਚਾਰੀ ਦੱਸਦਾ ਹੈ। ਉਹ ਤੁਹਾਨੂੰ ਪੁੱਛਦਾ ਹੈ ਕਿ ਬਾਹਰੋਂ ਤੁਹਾਡੇ ਕੋਈ 15 ਲੱਖ ਰੁਪਏ ਤਾਂ ਨਹੀਂ ਆਉਣੇ ਸੀ ? ਤੁਸੀਂ ਚੌਂਕ ਕੇ ਕਹਿੰਦੇ ਹੋ ਕਿ ਹਾਂ ਜੀ ਅੱਜ ਆਉਣੇ ਸੀ। ਉਹ ਕਹਿੰਦਾ ਹੈ ਕਿ ਸਾਡੇ ਕੋਲ ਵੈਸਟਰਨ ਯੂਨੀਅਨ ਦੀ ਟਰਾਂਸਫਰ ਆਈ ਹੈ, ਇੱਕ ਦੋ ਦਿਨਾਂ ਵਿੱਚ ਤੁਹਾਡੇ ਪੈਸੇ ਖ਼ਾਤੇ ਵਿੱਚ ਪਾ ਦਿਆਂਗੇ। ਹੁਣ ਤੱਕ ਤੁਸੀਂ ਜਾਲ ਵਿੱਚ ਫਸ ਚੁੱਕੇ ਹੁੰਦੇ ਹੋ ਕਿਉਂਕਿ ਤੁਸੀਂ ਬੈਂਕ ਵੱਲੋਂ ਤਸਦੀਕ ਹੋਇਆ ਸਮਝ ਲੈਂਦੇ ਹੋ।

ਫਿਰ ਕੁਝ ਸਮੇਂ ਬਾਅਦ ਤੁਹਾਨੂੰ ਉਸੇ ਹੀ ਪਹਿਲੇ ਬੰਦੇ ਦਾ ਫੋਨ ਆਉਂਦਾ ਹੈ ਕਿ ਬਾਈ ਇੱਕ ਗਲਤੀ ਹੋ ਗਈ। ਮੈਂ ਤੁਹਾਨੂੰ ਸਾਰੇ ਹੀ ਪੈਸੇ ਭੇਜ ਬੈਠਾ, ਟਿਕਟ ਜੋਗੇ ਤਾਂ ਬਚਾਏ ਹੀ ਨਹੀਂ, ਤੁਸੀਂ ਮੈਨੂੰ ਪਲੀਜ਼ ਲੱਖ ਕੁ ਰੁਪਏ ਟਰਾਂਸਫਰ ਕਰ ਦਿਉ। ਤੁਸੀਂ ਕਹਿੰਦੇ ਹੋ ਕਿ ਕੋਈ ਗੱਲ ਨਹੀਂ ਬਾਈ, ਤੁਹਾਡੇ ਪੈਸੇ ਆ ਹੀ ਜਾਣੇ ਹਨ, ਮੈਂ ਹੁਣੇ ਭੇਜ ਦਿੰਨਾ। ਤੁਸੀਂ ਉਸਦੇ ਦੱਸਣ ਮੁਤਾਬਕ ਉਸ ਨੂੰ ਉਨੇ ਰੁਪਏ ਆਪਣੇ ਖ਼ਾਤੇ ਵਿੱਚੋਂ ਟਰਾਂਸਫਰ ਕਰ ਦਿੰਦੇ ਹੋ। ਫਿਰ ਕੁਝ ਸਮੇਂ ਬਾਅਦ ਉਹ ਤੁਹਾਨੂੰ ਵਾਰੀ ਵਾਰੀ ਫੋਨ ਕਰਦਾ ਹੈ ਕਿ ਉਸ ਨੂੰ ਫਲਾਣਾ ਕਾਰਡ ਵੀ ਬਣਾਉਣਾ ਪੈਣਾ ਹੈ, ਇੱਕ ਬੀਮਾ ਵੀ ਕਰਾਉਣਾ ਹੈ, ਇੱਕ ਕਿਸ਼ਤ ਵੀ ਭਰਨੀ ਭੁੱਲ ਗਿਆ ਸੀ ਵਗੈਰਾ ਵਗੈਰਾ ।ਕੁੱਲ ਮਿਲਾ ਕੇ ਉਹ ਉਦੋਂ ਤੱਕ ਤੁਹਾਡੇ ਤੋਂ ਪੈਸੇ ਮੰਗੀ ਜਾਏਗਾ ਜਦੋਂ ਤੱਕ ਤੁਸੀਂ ਉਸ ਬਾਰੇ ਸ਼ੱਕੀ ਨਾ ਹੋ ਜਾਉ।ਪਰ ਜਦੋਂ ਤੱਕ ਤੁਸੀਂ ਸਾਰੀ ਕਹਾਣੀ ਸਮਝਦੇ ਹੋ, ਤੁਹਾਡੇ ਸਾਰੇ ਖ਼ਾਤੇ ਖ਼ਾਲੀ ਹੋ ਚੁੱਕੇ ਹੁੰਦੇ ਹਨ।

ਫ਼ਾਜ਼ਿਲਕਾ ਇਲਾਕੇ ਵਿੱਚ ਪਿਛਲੇ 10 ਦਿਨਾਂ ਵਿੱਚ ਇੰਜ ਹੀ ਲਗਭਗ 30 ਕੁ ਲੱਖ ਦਾ ਕੁੱਲ ਫਰਾਡ ਹੋਣ ਦੀ ਤਾਂ ਰਿਪੋਰਟ ਹੀ ਦਰਜ ਹੋ ਚੁੱਕੀ ਹੈ, ਅਸਲ ਲੁੱਟ ਇਸ ਤੋਂ ਕਿਤੇ ਵੱਧ ਹੋਏਗੀ, ਹੋਰ ਤਾਂ ਹੋਰ ਅੱਜ ਮੈਨੂੰ ਵੀ ਅਜਿਹਾ ਫੋਨ ਆਇਆ। ਮੈਨੂੰ ਭਾਵੇਂ ਉਦੋਂ ਇੰਨਾ ਕੁਝ ਨਹੀਂ ਪਤਾ ਸੀ ਪਰ ਮੈਂ ਜਲਦੀ ਹੀ ਉਸ ਬਾਰੇ ਸ਼ੱਕੀ ਹੋ ਗਿਆ ਕਿਉਂਕਿ ਉਹ ਆਪਣਾ ਨਾਮ ਨਹੀਂ ਦੱਸ ਰਿਹਾ ਸੀ ਪਰ ਮੇਰੇ ਮੂੰਹੋਂ ਕੋਈ ਨਾਮ ਕਢਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਬਾਅਦ ਵਿੱਚ ਮੈਨੂੰ ਜਾਣਕਾਰੀ ਮਿਲੀ ਕਿ ਬਹੁਤ ਸਾਰੇ ਲੋਕ ਠੱਗੇ ਜਾ ਚੁੱਕੇ ਹਨ। ਮੈਨੂੰ ਫੋਨ ਕਰਨ ਵਾਲੇ ਦਾ ਨੰਬਰ +੪੪੭੪੫੧੨੧੧੮੨੧ ਸੀ ਅਤੇ ਉਸਦੇ ਬੋਲਣ ਦੇ ਢੰਗ ਤੋਂ ਉਹ ਜਾਂ ਤਾਂ ਕੋਈ ਦਿੱਲੀ ਵੱਲ ਦਾ ਸੀ ਅਤੇ ਜਾਂ ਫਿਰ ਕੋਈ ਪਾਕਿਸਤਾਨੀ ਲੱਗਦਾ ਸੀ। ਮੇਰੀ ਸਾਰੇ ਦੋਸਤਾਂ ਨੂੰ ਸਲਾਹ ਹੈ ਕਿ ਜੇਕਰ ਤੁਹਾਨੂੰ ਵੀ ਕਿਸੇ ਅਜਿਹੇ ਫਰਾਡ ਦਾ ਫੋਨ ਆਵੇ ਤਾਂ ਆਪਣੀ ਜੇਬ ਵੀ ਬਚਾ ਲਿਉ।

**ਜੀ.ਐਸ. ਗੁਰਦਿੱਤ**

### ਜ਼ਿੰਦਗੀ ਦਾ ਖ਼ੂਬਸੂਰਤ ਅਨੁਭਵ ਮਨੁੱਖੀ ਸੁਪਨੇ

ਸੁਪਨੇ ਸਾਰਿਆਂ ਨੂੰ ਆਉਂਦੇ ਹਨ ।ਅਮੀਰ-ਗਰੀਬ ਅੱਖਾਂ ਵਿੱਚ ਸੁਪਨੇ ਬੁਣਦੇ ਹਨ।ਕਈ ਲੋਕ ਸੁਪਨੇ ਦਿਨ ਵੇਲੇ ਖੁੱਲੀਆਂ ਅੱਖਾਂ ਨਾਲ ਦੇਖਦੇ ਹਨ। ਸੁਪਨੇ ਬੜੇ ਅਜੀਬ ਜਿਹੇ ਹੁੰਦੇ ਹਨ ਕਈ ਵਾਰ ਬਹੁਤ ਖੁਸ਼ੀ ਦਿੰਦੇ ਹਨ ਕਈ ਵਾਰ ਬਹੁਤ ਡਰ ਪੈਦਾ ਕਰਦੇ ਹਨ। ਸੁਪਨੇ ਉਹ ਬਿਰਤਾਂਤ ਹਨ ਜੋ ਅਸੀਂ ਗੂੜੀ ਨੀਂਦ ਵਿੱਚ ਦੇਖਦੇ ਹਾਂ, ਅਨੁਭਵ ਕਰਦੇ ਹਾਂ ਅਤੇ ਮਹਿਸੂਸ ਕਰਦੇ ਹਾਂ। ਸੁਪਨੇ ਕਲਪਨਾ ਵਰਗੇ ਹੁੰਦੇ ਹਨ। ਸੁਪਨੇ ਮਨੁੱਖੀ ਜ਼ਿੰਦਗੀ ਦਾ ਖ਼ੂਬਸੂਰਤ ਅਨੁਭਵ ਹੁੰਦੇ ਹਨ। ਜੇਕਰ ਇਨਾਂ ਅਨੁਭਵਾਂ ਨੂੰ ਬੂਰ ਨਹੀਂ ਪੈਂਦਾ ਤਾਂ ਸਾਡੇ ਸੁਪਨੇ ਮਰ ਜਾਂਦੇ ਹਨ। ਕਈ ਵਾਰ ਹਾਲਾਤ ਸਾਨੂੰ ਇਨਾਂ ਤੋੜ ਦਿੰਦੇ ਹਨ ਕਿ ਸਾਡੇ ਦੇਖੇ ਹੋਏ ਸੁਪਨੇ ਟੁੱਟ ਕੇ ਚਕਨਾਚੂਰ ਹੋ ਜਾਂਦੇ ਹਨ। ਕਈ ਵਾਰ ਸੁਪਨੇ ਏਨੇ ਅਨੰਦ ਦਾਇਕ ਹੁੰਦੇ ਹਨ ਕਿ ਰੋਜ਼ ਹੀ ਦਿਲ ਕਰਦਾ ਹੈ ਕਿ ਜਲਦੀ ਸੌਂ ਜਾਈਏ ਤੇ ਫਿਰ ਸੁਪਨੇ ਲਈਏ।ਪਰ ਸਵੇਰ ਹੋਣ ਤੇ ਫਿਰ ਟੁੱਟ ਜਾਂਦੇ ਹਨ। ਸੁਪਨੇ ਸਿਰਜਣਾਤਮਕ, ਅਜੀਬ, ਸੰਭਾਵਨਾਵਾਂ ਨਾਲ ਭਰੇ ਸਾਡੀ ਪਦਾਰਥਕ ਸੰਸਾਰ ਦੀਆਂ ਸਰੀਰਕ ਸੀਮਾਵਾਂ ਤੋਂ ਪਰੇ ਜਾਂਦੇ ਹਨ। ਸੁਪਨੇ ਇੱਕਪ੍ਰਤੀਬਿੰਬ, ਕਈ ਵਾਰ ਬੇਤਰਤੀਬੇ ਵੀ ਹੁੰਦੇ ਹਨ। ਕਈ ਵਾਰ ਇਨਸਾਨ ਸੁਪਨੇ ਨੀਂਦ ਵਿੱਚ ਦੇਖਦਾ ਹੈ ਤੇ ਉਨਾਂ ਨੂੰ ਪੂਰਾ ਕਰਨ ਦੀ ਹੋੜ ਵਿੱਚ ਲੱਗਾ ਰਹਿੰਦਾ ਹੈ ਜੋ ਕਿ ਉਹ ਕਦੇ ਵੀ ਪੂਰੇ ਨਹੀਂ ਹੁੰਦੇ। ਅਸਲ ਵਿੱਚ ਜੋ ਇਨਸਾਨ ਸੁਪਨੇ ਹੋਸ਼ ਹਵਾਸ ਜਾਂ ਖੁੱਲੀਆਂ ਅੱਖਾਂ ਨਾਲ ਦੇਖਦੇ ਹਨ ਜਿਆਦਾਤਰ ਓਹੀ ਹੀ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੁੰਦੇ ਹਨ। ਅਕਸਰ ਇਹੋ ਸੁਣਿਆ ਗਿਆ ਹੈ ਲੋਕਾਂ ਤੋਂ ਕਿ ਸਾਡੇ ਸੁਪਨੇ ਮਰ ਗਏ ਹਨ ਉਹ ਗੂੜੀ ਨੀਂਦ ਵਿੱਚ ਆਏ ਖਿਆਲਾਂ ਨੂੰ ਹੀ ਆਪਣੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣਾ ਲੈਂਦੇ ਹਨ ਤੇ ਜਦੋਂ ਜਾਗ ਆਉਂਦੀ ਹੈ ਫਿਰ ਅਸਲੀਅਤ ਜਾਣ ਕੇ ਉਦਾਸ ਹੋ ਜਾਂਦੇ ਹਨ। ਪਰ ਉਹ ਦੇਖੇ ਸੁਪਨੇ ਬੜੇ ਹੀ ਰੋਮਾਂਚਿਤ ਹੁੰਦੇ ਹਨ। ਜੋ ਅਲੱਗ ਜਿਹੀ ਖੁਸ਼ੀ ਦਿੰਦੇ ਹਨ। ਕਈ ਵਾਰ ਸਾਡੇ ਸੁਪਨੇ ਸਾਕਾਰ ਨਹੀਂ ਹੁੰਦੇ ਅਤੇ ਟੀਚੇ ਦੀ ਪ੍ਰਾਪਤ ਨਹੀਂ ਹੁੰਦੀ ਤਾਂ ਅਸੀਂ ਉਦਾਸ ਹੋ ਜਾਂਦੇ ਹਨ। ਹਾਰ ਮੰਨ ਲੈਂਦੇ ਹਾਂ ਕਹਿੰਦੇ ਹਾਂ ਕਿ ਮੇਰੇ ਸੁਪਨੇ ਚਾਅ ਮਰ ਗਏ ਹਨ ਆਪਣੀ ਇੱਛਾ ਨਾ ਪੂਰੀ ਹੋਣ ਤੇ ਜਾਂ ਕਿਸੇ ਚੀਜ ਦੇ ਨਾ ਮਿਲਣ ਤੇ ਅਕਸਰ ਅਸੀਂ ਕਿਸੇ ਨੂੰ ਜਾਂ ਕਿਸੇ ਚੀਜ਼ ਨੂੰ ਦੋਸ਼ੀ ਠਹਿਰਾਉਂਦੇ ਹਾਂ। ਕਈ ਵਾਰ ਅਸੀਂ ਆਪਣੇ ਆਪ ਨੂੰ ਸਵੀਕਾਰ ਨਹੀਂ ਕਰ ਪਾਉਂਦੇ ਕਿ ਇਸ ਸੰਸਾਰ ਵਿੱਚ ਕੁਝ ਅਜਿਹਾ ਹੋ ਸਕਦਾ ਹੈ ਜੋ ਅਸੀ ਆਪਣੇ ਲਈ ਸੋਚਿਆ ਸੀ ਉਹ ਤੁਹਾਨੂੰ ਕੁਝ ਪਤਾ ਨਹੀਂ ਹੋ ਸਕਦਾ, ਕਿ ਇੱਥੇ ਕੁਝ ਅਜਿਹਾ ਹੈ ਜੋ ਸਾਡੇ ਨਿਯੰਤਰਣ ਤੋਂ ਬਗੈਰ ਵਾਪਰਦਾ ਹੈ।ਕਈ ਵਾਰ ਆਪਾ ਕਈ ਚੀਜ਼ਾਂ ਜਿੰਨਾਂ ਨੂੰ ਆਪਣੇ ਕੰਟਰੋਲ ਹੇਠ ਕਰਨ ਲਈ ਸੁਪਨੇ ਦੇਖ ਲੈਂਦੇ ਹਾਂ ਜੋ ਕਿ ਪੂਰੇ ਹੋਣੇ ਅਸੰਭਵ ਹਨ। ਸੁਪਨੇ ਅਸਪੱਸ਼ਟ ਤੇ ਗੁੰਝਲਦਾਰ ਹੁੰਦੇ ਹਨ। ਮਨੋ-ਵਿਗਿਆਨੀਆਂ ਨੇ ਕਿਹਾ ਹੈ ਕਿ ਸੁਪਨੇ ਮਨ ਅੰਦਰ ਦੱਬੀਆਂ ਖੁਆਹਿਸ਼ਾਂ ਦੀ ਪੂਰਤੀ ਹੁੰਦੇ ਹਨ। ਮਨੋਚਿਕਿਤਸਕ ਸਿਗਮੰਡ ਫਰਾਇਡ ਅਤੇ ਜੁੰਗ ਦਾ ਵਿਚਾਰ ਸੀ ਕਿ ਸੁਪਨਿਆਂ ਦੁਆਰਾ ਅਸੀਂ ਗੁਪਤ ਖਾਹਿਸ਼ਾਂ ਨੂੰ ਸੁਖਦਾਇਕ ਪ੍ਰਤੀਕਾਂ ਦਾ ਬਦਲ ਦੇ ਦਿੰਦੇ ਹਾਂ। ਇਸ ਤਰਾਂ ਅਸੀਂ ਆਪਣੇ ਮਨ ਨੂੰ ਸਤਾ ਰਹੀਆਂ ਬਿਰਤੀਆਂ ਨੂੰ ਛੁਪਾ ਲੈਂਦੇ ਹਾਂ। ਉਸ ਨੇ ਸੁਪਨਿਆਂ ਨੂੰ ਦੱਬੀਆਂ ਖਾਹਿਸ਼ਾਂ ਦੀ ਪੂਰਤੀ ਦੱਸਿਆ ਹੈ। ਸੁਪਨੇ ਲੈਂਦੇ ਸਮੇਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਸਭ ਹੂਬਹੂ ਵਾਪਰ ਰਿਹਾ ਹੋਵੇ ਅਸੀਂ ਅਸਲੀ ਜ਼ਿੰਦਗੀ ਜੀ ਰਹੇ ਹੋਈਏ ਪਰ ਜਦੋਂ ਜਾਗ ਆਉਂਦੀ ਹੈ ਤਾਂ ਇਹ ਕਲਪਨਾ ਜਿਹੀ ਪ੍ਰਤੀਤ ਹੁੰਦੀ ਹੈ।ਤੇ ਜਦੋਂ ਅਸੀਂ ਨੀਂਦ 'ਚੋਂ ਬਾਹਰ ਹੋ ਕੇ ਦੇਖਦੇ ਹਾਂ ਤਾਂ ਸਭ ਕੁੱਝ ਦਿਸਦੇ ਉਲਟ ਹੁੰਦਾ ਹੈ। ਸੋ, ਦੋਸਤੋ ਸੁਪਨੇ ਕਦੇ ਵੀ ਪੂਰੇ ਨਹੀਂ ਹੁੰਦੇ ਜੋ ਅਸੀਂ ਕਲਪਨਾ ਵਿੱਚ ਦੇਖਦੇ ਹਾਂ ਸੋਚਦੇ ਹਾਂ। ਕਦੇ ਵੀ ਨਰਾਜ਼ ਨਾ ਹੋਵੋ ਸੁਪਨੇ ਹਮੇਸ਼ਾ ਜਾਗਦੇ ਹੋਏ ਦੇਖੋ ਤਾਂ ਜੋ ਉਨਾਂ ਨੂੰ ਪੂਰਾ ਕੀਤਾ ਜਾ ਸਕੇ।

**ਗਗਨਦੀਪ ਕੌਰ ਧਾਲੀਵਾਲ ਝਲੂਰ**

# ਭਾਰਤੀ ਖੇਡਾਂ ਦੇ ਪਛੜੇਪਨ ਦਾ ਕਾਰਨ ਸਿਆਸਤਦਾਨ

### ਪ੍ਰੋਫੈਸਰ ਪਰਮਜੀਤ ਸਿੰਘ

ਰਾਜਨੀਤੀ ਦੀ ਖੇਡ ਖੇਡਣ ਵਾਲੇ ਸਾਡੇ ਖੇਡ ਮੰਤਰੀਆਂ ਨੂੰ ਜੇ ਆਪਣੇ ਰਾਸ਼ਟਰ ਨਾਲ ਰਤਾ ਵੀ ਲਗਾਓ ਹੁੰਦਾ, ਉਹ ਰਾਸ਼ਟਰੀ ਖੇਡ ਹਾਕੀ ਨੂੰ ਚੁੱਕਣ ਲਈ ਜੀਅ-ਤੋੜ ਕੋਸ਼ਿਸ਼ਾਂ ਕਰਦੇ। ਇਹਦੇ ਵਾਸਤੇ ਦੇਸ਼ ਦੇ ਹਰ ਵੱਡੇ-ਛੋਟੇ ਸ਼ਹਿਰ 'ਚ ਇਕ ਜਾਂ ਇਸ ਤੋਂ ਵੱਧ ਮੈਦਾਨਾਂ ਦਾ ਪ੍ਰਬੰਧ ਕਰਦੇ। ਜਿਸ ਨੇ ਵੀ ਖੇਡ ਮੰਤਰੀ ਦੇ ਅਹੁਦੇ ਨੂੰ ਜੱਫਾ ਮਾਰਿਆ, ਹਕੂਮਤ ਦੇ ਨਸ਼ੇ ਵਿਚ ਰਾਜਨੀਤੀ ਦੇ ਦਾਅ-ਪੇਚ 'ਚ ਭੁੱਲਦਾ ਗਿਆ ਕਿ ਕਦੇ ਹਾਕੀ ਤੋਂ ਬਿਨਾਂ ਉਸ ਦੇ ਦੇਸ਼ ਦੇ ਪੱਲੇ ਖੇਡ ਜਗਤ ਪੱਖੋਂ ਕੁਝ ਵੀ ਨਹੀਂ ਸੀ। ਜੇ ਹਾਕੀ ਹੀ ਕੁਝ ਲਾਜ ਰੱਖਦੀ ਰਹੀ ਹੈ ਤਾਂ ਘੱਟੋ-ਘੱਟ ਇਸ ਵਾਸਤੇ ਹੀ ਕੁਝ ਹੁੰਦਾ ਰਹਿੰਦਾ। ਖੇਡ ਮੰਤਰੀਆਂ ਦੀ ਖੇਡ ਵੀ ਤੁਰੀ ਰਹਿੰਦੀ ਤੇ ਹਾਕੀ ਦਾ ਇਤਿਹਾਸ ਸੁਨਹਿਰਾ ਤੁਰਿਆ ਰਹਿੰਦਾ। ਕੁਝ ਖੇਡ ਮੰਤਰੀਆਂ ਦੀ ਵੀ ਇੱਜ਼ਤ ਬਣੀ ਰਹਿੰਦੀ। ਪਰ ਅਫ਼ਸੋਸ ਇੰਜ ਨਹੀਂ ਹੋਇਆ ਪਰ ਅਫ਼ਸੋਸ ਇੰਜ ਨਹੀਂ ਹੋ ਰਿਹਾ। ਭਵਿੱਖ ਵਿਚ ਏਦਾਂ ਨਾ ਹੋਵੇ, ਇਹੀ ਸਾਡੀ ਚਿੰਤਾ ਹੈ ਅੱਜ।

ਸਾਰੇ ਸੰਸਾਰ ਨੇ, ਇਸ ਮੁਲਕ ਦੇ ਹਾਕੀ ਦੇ ਜਾਦੂਗਰਾਂ ਦਾ ਕਮਾਲ ਵੇਖਿਆ ਤੇ ਪਰ ਭਾਰਤ ਨੂੰ 'ਹਾਕੀ' ਦੇ ਜਾਦੂਗਰਾਂ



ਦਾ ਦੇਸ਼ ਵੀ ਕਿਹਾ ਜਾਂਦਾ ਹੈ। ਪਰ ਕਿੱਡੇ ਦੁੱਖ ਤੇ ਸ਼ਰਮ ਦੀ ਗੱਲ ਹੈ ਕਿ ਹਾਕੀ ਦੇ ਜਾਦੂਗਰਾਂ ਦੇ ਇਸ ਦੇਸ਼ ਵਿਚ ਲੰਮੇ ਸਮੇਂ ਤੱਕ ਐਸਟਰੋਟਰਫ਼ ਮੈਦਾਨ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੀ ਰਹੇ।

ਜਲੰਧਰ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਚੰਡੀਗੜ੍ਹ, ਬੰਗਲੌਰ, ਲਖਨਊ, ਦਿੱਲੀ, ਮੁੰਬਈ, ਮਦਰਾਸ, ਕੋਲਕਾਤਾ, ਭੁਪਾਲ, ਗਵਾਲੀਅਰ, ਹੈਦਰਾਬਾਦ ਆਦਿ ਸ਼ਹਿਰਾਂ ਵਿਚ ਇਹ ਮੈਦਾਨ ਹਨ। ਕਈ ਬਹੁਤ ਅਹਿਮ ਸ਼ਹਿਰਾਂ 'ਚ ਇਨਾਂ ਦਾ ਅਜੇ ਵੀ ਨਾਮੋ-ਨਿਸ਼ਾਨ ਨਹੀਂ। ਪੰਜਾਬ ਦੇ ਕਈ ਸ਼ਹਿਰ ਭਾਰਤੀ ਹਾਕੀ ਨੂੰ ਅਜੇ ਵੀ ਆਪਣਾ ਵਡਮੁੱਲਾ ਯੋਗਦਾਨ ਦੇ ਸਕਦੇ ਹਨ, ਜੇ ਵੱਧ ਤੋਂ ਵੱਧ ਐਸਟਰੋਟਰਫ ਮੈਦਾਨਾਂ ਦਾ ਇਥੇ ਪ੍ਰਬੰਧ ਹੋਵੇ। ਪਰ ਕੌਣ ਸੋਚੇਗਾ ? ਕੌਣ ਵਿਚਾਰੇਗਾ, ਇਨਾਂ ਸੁਝਾਵਾਂ ਨੂੰ ? ਸਾਡੀਆਂ ਸਰਕਾਰਾਂ ਨੂੰ ਜੇ ਰਾਸ਼ਟਰੀ ਖੇਡ ਹਾਕੀ ਨਾਲ ਰਤਾ ਦਰੇਗ ਹੁੰਦਾ ਤਾਂ ਇਸ ਪਿੰਡ ਲਈ ਵੱਧ ਤੋਂ ਵੱਧ ਹਾਕੀ ਮੈਦਾਨਾਂ ਦਾ ਪ੍ਰਬੰਧ ਕਰਦੀ। ਵਕਤ-ਵਕਤ 'ਤੇ ਬਦਲਦੀ ਰਹੀ ਭਾਰਤ ਅਤੇ ਪੰਜਾਬ ਸਰਕਾਰ, ਰਾਜਨੀਤੀ ਦੀ ਖੇਡ 'ਚ ਏਨੀ ਹੀ ਮਸਤ ਤੇ ਰੁੱਝੀ ਰਹੀ ਕਿ ਰਾਸ਼ਟਰ ਦੇ ਹਿਤ 'ਚ ਰਾਸ਼ਟਰੀ ਖੇਡ ਦੇ ਹਿਤ 'ਚ ਸੋਚਣ ਲਈ ਉਸ ਕੋਲ ਵਕਤ ਕਿੱਥੇ ? ਹਾਲੈਂਡ ਵਰਗਾ ਦੇਸ਼ ਜੋ ਭੂਗੋਲਿਕ ਖੇਤਰ ਵਿਚ ਅਬਾਦੀ ਦੇ ਲਿਹਾਜ਼ ਨਾਲ ਪੰਜਾਬ ਤੋਂ ਕਿਤੇ ਛੋਟਾ ਹੈ, 500 ਤੋਂ ਵੱਧ ਐਸਟਰੋਟਰਫ਼ ਮੈਦਾਨ ਉੱਥੇ ਹਨ। ਇਹੋ ਜਿਹੇ ਆਲਮ ਵਿਚ ਜਦੋਂ ਕਿ ਸਾਡੇ ਦੇਸ਼ ਵਿਚ ਦੂਜਿਆਂ ਦੇਸ਼ਾਂ ਦੇ ਮੁਕਾਬਲੇ ਮੈਦਾਨੀ ਸਹੂਲਤਾਂ ਹੀ ਬਹੁਤ ਘੱਟ ਹਨ, ਅਸੀਂ ਇਹ ਆਸ ਰੱਖੀਏ ਕਿ ਦੂਸਰੇ ਦੇਸ਼ਾਂ ਦੇ ਮੈਦਾਨਾਂ ਵਿਚ ਜਾ ਕੇ ਭਾਰਤ ਦਾ ਬੋਲਬਾਲਾ ਹੋਵੇ। ਸਾਨੂੰ ਕੋਈ ਗੱਲ ਬਣਦੀ ਨਜ਼ਰ ਨਹੀਂ ਆਉਂਦੀ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਹਾਕੀ ਦੇ ਮੌਜੂਦਾ ਕੌਮਾਂਤਰੀ ਪੱਧਰ ਨੂੰ ਜੇ ਧਿਆਨ ਵਿਚ ਰੱਖ ਕੇ ਵਿਚਾਰਿਆ ਜਾਵੇ ਤਾਂ ਇਹ ਗੱਲ ਦੁੱਖ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਨੌਨਿਹਾਲ ਹਾਕੀ ਖਿਡਾਰੀ, ਐਸਟਰੋਟਰਫ਼ ਮੈਦਾਨਾਂ ਦੀ ਘਾਟ ਕਾਰਨ ਘਾਹ ਵਾਲੇ ਮੈਦਾਨ 'ਤੇ ਹੀ ਹਾਕੀ ਖੇਡਣੀ ਸ਼ੁਰੂ ਕਰਦੇ ਹਨ। ਐਸਟਰੋਟਰਫ ਮੈਦਾਨਾਂ ਦੀ ਘਾਟ ਦਾ ਇਹੀ ਨੁਕਸਾਨ ਸਾਨੂੰ ਹੋ ਰਿਹਾ ਹੈ। ਸ਼ੁਰੂ ਤੋਂ ਇਹੋ ਜਿਹੇ ਹੀ ਮੈਦਾਨਾਂ 'ਤੇ ਜੇ ਸਾਡੇ ਹਾਕੀ ਖਿਡਾਰੀ ਖੇਡਣ ਤਾਂ ਐਸਟਰੋਟਰਫ ਦੀ ਖੇਡ ਤਕਨੀਕ ਅਨੁਸਾਰ ਆਪਣੇ-ਆਪ ਨੂੰ ਜਲਦੀ ਹੀ ਢਾਲ ਲੈਣ ਤੇ ਕੌਮਾਂਤਰੀ ਖੇਡ ਕੈਰੀਅਰ ਦੌਰਾਨ ਆਹਲਾ ਦਰਜੇ ਦੀ ਕਾਰਕਰਦਗੀ ਦਾ ਮੁਜ਼ਾਹਰਾ ਕਰ ਸਕਦੇ ਹਨ।

# ਖੇਡਾਂ 'ਚ ਪੰਜਾਬ ਦੀ ਸਰਦਾਰੀ ਬਹਾਲ ਕਰਨ ਲਈ ਨਵੀਂ ਸਰਕਾਰ ਵਿਉਂਤਬੰਦੀ ਕਰੇ

### ਪ੍ਰੋਫੈਸਰ ਜਸਵੰਤ ਸਿੰਘ

ਜਿਥੇ ਪੰਜਾਬ ਦੀ ਨਵੀਂ ਸਰਕਾਰ ਤੋਂ ਹੋਰ ਵਰਗਾਂ ਨੂੰ ਵੱਡੀਆਂ-ਵੱਡੀਆਂ ਆਸਾਂ ਹਨ, ਓਥੇ ਇਸ ਸਰਕਾਰ ਤੋਂ ਖਿਡਾਰੀਆਂ ਨੂੰ ਵੀ ਬਹੁਤ ਉਮੀਦਾਂ ਹਨ। ਫੁੱਟਬਾਲ ਫੋਕਲੋਰ (ਲੋਕਧਾਰਾ) ਦਾ ਹਿੱਸਾ ਬਣ ਚੁੱਕੇ ਸ. ਇੰਦਰ ਸਿੰਘ, ਸ. ਗੁਰਦੇਵ ਸਿੰਘ ਗਿੱਲ, ਦੋਵੇਂ ਅਰਜਨਾ ਐਵਾਰਡੀ ਅਤੇ ਭਾਰਤੀ ਫੁੱਟਬਾਲ ਟੀਮ ਦੇ ਸਾਬਕਾ ਕੈਪਟਨ, ਅਤੇ ਸ.ਗਿਆਨ ਸਿੰਘ (ਬੀ.ਐਸ.ਐਫ. ਟੀਮ ਦੇ ਸਾਬਕਾ ਖਿਡਾਰੀ) ਨੇ ਫੁੱਟਬਾਲ ਨਾਲ ਆਪਣੀ ਨਿੱਜੀ ਦਿਲਚਸਪੀ ਦੀ ਗੱਲ ਕਰਦਿਆਂ ਉਨਾਂ ਨੇ ਸਰਕਾਰ ਨੂੰ ਕਿਹਾ ਕਿ ਉਹ ਪ੍ਰਾਂਤ ਦੇ ਵੱਡੇ ਉਦਯੋਗਿਕ ਘਰਾਣਿਆਂ ਨੂੰ ਫੁੱਟਬਾਲ ਕਲੱਬਾਂ ਬਣਾਉਣ ਲਈ ਮਨਾਵੇ।

ਗੁਰਦੇਵ ਗਿੱਲ ਨੇ ਤਾਂ ਇਥੋਂ ਤਕ ਕਿਹਾ ਕਿ ਜੇ ਕੋਈ ਉਦਯੋਗਿਕ ਘਰਾਣਾ ਨਹੀਂ ਮੰਨਦਾ ਤਾਂ ਉਸ ਨੂੰ ਕਲੱਬ ਬਣਾਉਣ ਲਈ ਮਜਬੂਰ ਕੀਤਾ ਜਾਵੇ। ਜਿੰਨਾ ਚਿਰ ਫੁੱਟਬਾਲ ਅਕੈਡਮੀਆਂ ਅਤੇ ਕਲੱਬ-ਸੱਭਿਆਚਾਰ ਪੁਨਰ-ਸੁਰਜੀਤ ਅਤੇ ਉਤਸ਼ਾਹਿਤ ਨਹੀਂ ਹੁੰਦਾ, ਓਨਾ ਚਿਰ ਫੁੱਟਬਾਲ ਆਪਣੀ ਪਹਿਲੇ ਵਾਲੀ ਆਨ-ਬਾਨ-ਸ਼ਾਨ ਨਹੀਂ ਹਾਸਲ ਕਰ ਸਕਦਾ। ਉਨਾਂ ਨੇ ਕਿਹਾ ਕਿ ਪੰਜਾਬ ਵਿਚ ਕਿਸੇ ਸਮੇਂ ਨਾਮੀ-ਕਰਾਮੀ ਫੁੱਟਬਾਲ ਕਲੱਬਾਂ ਹੁੰਦੀਆਂ ਸਨ ਜੋ ਖਿਡਾਰੀਆਂ ਨੂੰ ਆਕਰਸ਼ਤ ਕਰਦੀਆਂ ਸਨ ਅਤੇ ਢੁਕਵੇਂ 'ਇਨਸੈਂਟਿਵ' ਵੀ ਦਿੰਦੀਆਂ ਸਨ। ਹੁਣ ਵੀ ਕਾਰਪੋਰੇਟ ਸੈਕਟਰ ਦੀ ਸਮਾਜਿਕ ਜ਼ਿੰਮੇਵਾਰੀ ਤਹਿਤ ਉਦਯੋਗਿਕ ਘਰਾਣਿਆਂ ਨੂੰ ਫੁੱਟਬਾਲ ਕਲੱਬਾਂ ਖੋਲਣ ਲਈ ਮਨਾਉਣਾ/ਮਜਬੂਰ ਕਰਨਾ ਚਾਹੀਦੈ' ਉਨਾਂ ਅੱਗੋਂ ਕਿਹਾ। 'ਸਰਕਾਰ ਅਜੇ ਨਵੀਂ ਨਵੀਂ ਬਣੀ ਹੈ, ਆਪਾਂ ਨੂੰ ਅੱਛੇ ਦੀ ਆਸ ਕਰਨੀ ਚਾਹੀਦੀ ਐ' ਉਨਾਂ ਸੌ ਹੱਥ ਰੱਸਾ ਸਿਰੇ 'ਤੇ ਗੰਢ ਵਾਂਗ ਵਿਚਾਰ ਪ੍ਰਗਟ ਕੀਤਾ।

ਇਥੇ ਇਹ ਵਰਨਣਯੋਗ ਹੈ ਕਿ ਸ. ਇੰਦਰ ਸਿੰਘ ਆਪਣੇ ਵੇਲੇ ਇਕ 'ਸਕੋਰਿੰਗ ਮਸ਼ੀਨ' (ਗੋਲਕਰਨ ਵਾਲੀ ਮਸ਼ੀਨ) ਵਜੋਂ ਜਾਣੇ ਜਾਂਦੇ ਸਨ। ਉਹ ਲੀਡਰ ਕਲੱਬ ਜਲੰਧਰ, ਜੇ.ਸੀ.ਟੀ. ਮਿੱਲ ਫੁੱਟਬਾਲ ਕਲੱਬ ਫਗਵਾੜਾ ਅਤੇ ਰਾਸ਼ਟਰੀ ਟੀਮ ਲਈ ਬੇਮਿਸਾਲ ਫਾਰਵਰਡ ਵਜੋਂ ਖੇਡਦੇ ਰਹੇ ਹਨ। ਉਨਾਂ ਨੇ ਸੰਤੋਸ਼ ਟਰਾਫੀ ਵਿਚ 1974 ਵਿਚ ਕੁੱਲ 46 ਗੋਲਾਂ 'ਚੋਂ 23 ਗੋਲ ਕਰਕੇ ਇਕ ਰਿਕਾਰਡ ਸਥਾਪਤ ਕੀਤਾ ਸੀ ਜੋ ਅਜੇ ਤਕ ਕਾਇਮ ਹੈ। ਉਹ ਭਾਰਤ ਦੀ ਟੀਮ ਦੇ 3 ਵਾਰ ਕੈਪਟਨ ਰਹੇ ਹਨ ਅਤੇ ਅਰਜਨ ਐਵਾਰਡ ਸਮੇਤ ਅਨੇਕਾਂ ਇਨਾਮਾਂ ਨਾਲ ਸਨਮਾਨਿਤ ਹੋ ਚੁੱਕੇ ਹਨ। ਉਹ ਆਲ ਏਸ਼ੀਅਨ ਸਟਾਰ ਟੀਮ ਦੇ ਵੀ ਮੈਂਬਰ ਰਹੇ ਹਨ।

ਅਰਜਨ ਐਵਾਰਡ ਜੇਤੂ ਗੁਰਦੇਵ ਸਿੰਘ ਗਿੱਲ ਵੀ ਭਾਰਤੀ ਟੀਮ ਦੇ ਕਪਤਾਨ ਰਹਿ ਚੁੱਕੇ ਹਨ। ਉਹ ਬਤੌਰ ਡਿਫੈਂਡਰ ਲੀਡਰ ਕਲੱਬ, ਜਲੰਧਰ, ਪੰਜਾਬ ਪੁਲਿਸ ਫੁੱਟਬਾਲ ਕਲੱਬ ਜਲੰਧਰ, ਈਸਟ ਬੰਗਾਲ ਫੁੱਟਬਾਲ ਕਲੱਬ ਕੋਲਕਾਤਾ ਅਤੇ ਰਾਸ਼ਟਰੀ ਟੀਮ ਲਈ ਖੇਡ ਚੁੱਕੇ ਹਨ। ਗਿਆਨ ਸਿੰਘ ਬੀ.ਐਸ.ਐਫ. ਦੀ ਟੀਮ ਵਿਚ ਖੇਡਦੇ ਰਹੇ ਹਨ। 1970 ਵਿਚ ਸੰਤੋਸ਼ ਟਰਾਫੀ ਜਿੱਤਣ ਵਾਲੀ ਪੰਜਾਬ ਟੀਮ ਦੇ ਮੈਂਬਰ ਵਜੋਂ ਉਹ ਮਲੇਸ਼ੀਆ ਖੇਡਣ ਗਏ। ਪ੍ਰਿੰ. ਜਸਪਾਲ ਸਿੰਘ, ਜਿਨਾਂ ਨੇ ਖੇਡਾਂ ਉਪਰ ਪੀ.ਐਚ.ਡੀ ਕੀਤੀ ਹੈ ਅਤੇ ਜੋ ਕੌਮਾਂਤਰੀ ਪੱਧਰ ਸਮੇਤ ਅਨੇਕਾਂ ਸੰਸਥਾਵਾਂ ਵਿਚ ਖੋਜ-ਪਰਚੇ ਪੜ ਚੁੱਕੇ ਹਨ, ਨੇ ਕਿਹਾ ਕਿ ਪੰਜਾਬੀਆਂ ਕੋਲ ਸੁਡੌਲ ਸਰੀਰ ਅਤੇ ਦ੍ਰਿੜ ਮਾਨਸਿਕ ਬਲ ਹੈ ਪਰ ਉਨਾਂ ਕੋਲ ਮੌਕਿਆਂ ਦੀ ਘਾਟ ਹੈ।

ਉਨਾਂ ਕਿਹਾ, 'ਖੇਡ ਸਕੀਮਾਂ ਹੇਠਲੇ ਪੱਧਰ ਤੋਂ ਲਾਗੂ ਕਰਨ, ਨਿੱਕੀ ਉਮਰੇ ਖੇਡ-ਨਿਪੁੰਨਤਾ/ਪ੍ਰਤਿਭਾ ਖੋਜਣ-ਭਾਲਣ (ਕੈਚ ਦੈਮ ਯੰਗ), ਸਹੀ ਖੁਰਾਕ ਅਤੇ ਟਰੇਨਿੰਗ ਦੇਣ ਅਤੇ ਪੰਜਾਬੀ ਨੌਜਵਾਨਾਂ ਦੀ ਉਛਾਲੇ ਮਾਰਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਸਹੀ ਦਿਸ਼ਾ ਦੇਣ ਦੀ ਅਤਿਅੰਤ ਲੋੜ ਹੈ।' ਇਹ ਸਾਰੇ ਖੇਡ ਦਿੱਗਜ ਫਗਵਾੜਾ ਵਿਚ ਕਰਵਾਏ ਗਏ 34ਵੇਂ ਫਗਵਾੜਾ ਕੱਪ ਫੁੱਟਬਾਲ ਟੂਰਨਾਮੈਂਟ ਵਿਚ ਸ਼ਾਮਲ ਹੋਣ ਆਏ ਸਨ। ਇਸ ਸਾਲ ਇਹ ਟੂਰਨਾਮੈਂਟ ਨਾਮਵਰ ਫੁੱਟਬਾਲ ਖਿਡਾਰੀ ਅਤੇ ਕੋਚ ਸ. ਜਗੀਰ ਸਿੰਘ ਦੀ ਯਾਦ ਨੂੰ ਸਮਰਪਿਤ ਸੀ। ਇਸ ਦਾ ਪ੍ਰਬੰਧ ਫੁੱਟਬਾਲ ਕੋਚ ਪ੍ਰੋ. ਸੀਤਲ ਸਿੰਘ, ਪ੍ਰਧਾਨ ਇੰਟਰਨੈਸ਼ਨਲ ਸਪੋਰਟਸ ਐਸੋਸੀਏਸ਼ਨ, ਦੀ ਅਗਵਾਈ ਵਿਚ ਕੀਤਾ ਗਿਆ। ਸ. ਜਗੀਰ ਸਿੰਘ ਪਿਛਲੇ ਸਾਲ 19 ਮਈ 2021 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਟੂਰਨਾਮੈਂਟ ਦੇ ਫਸਵੇਂ ਫਾਈਨਲ ਮੁਕਾਬਲੇ ਵਿਚ ਸ. ਜਗਤ ਸਿੰਘ ਪਲਾਹੀ ਫੁੱਟਬਾਲ ਅਕੈਡਮੀ, ਗੁਰੂ ਨਾਨਕ ਕਾਲਜ ਫਗਵਾੜਾ ਨੇ ਟਾਈ ਬਰੇਕਰ ਰਾਹੀਂ ਸੀ.ਆਰ.ਪੀ.ਐਫ. ਜਲੰਧਰ ਦੀ ਟੀਮ ਨੂੰ ਹਰਾ ਕੇ ਟਰਾਫੀ ਅਤੇ 51,000 ਨਗਦ ਇਨਾਮ ਜਿਤਿਆ। ਦੂਸਰਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 41,000 ਨਗਦ ਇਨਾਮ ਅਤੇ ਕੱਪ ਮਿਲਿਆ।

ਇਸ ਤੋਂ ਪਹਿਲਾਂ ਪੰਜਾਬ ਫੁੱਟਬਾਲ ਐਸੋਸੀਏਸ਼ਨ (ਪੀ.ਐਫ.ਏ.) ਵਲੋਂ ਕਰਵਾਏ ਗਏ ਤੀਜੇ ਜੇ.ਸੀ.ਟੀ.ਪੰਜਾਬ ਯੂਥ ਲੀਗ-ਅੰਡਰ 17 ਦੇ ਫਾਈਨਲ ਵਿਚ ਮਿਨਰਵਾ ਫੁੱਟਬਾਲ ਅਕੈਡਮੀ ਮੁਹਾਲੀ ਦੀ ਟੀਮ ਨੇ ਸ੍ਰੀ ਦਸ਼ਮੇਸ਼ ਮਾਰਸ਼ਲ ਸਪੋਰਟਸ ਅਕੈਡਮੀ ਆਨੰਦਪੁਰ ਸਾਹਿਬ ਦੀ ਟੀਮ ਨੂੰ ਇਕਪਾਸੜੀ ਟੱਕਰ ਵਿਚ 6-0 ਨਾਲ ਹਰਾਇਆ।




## ਕਿਵੇਂ ਛੱਡੀਏ ਚਿੰਤਾ...

ਡਾਕਟਰ ਐੱਚ. ਐੱਲ ਹੌਲਿੰਗਵਰਥ ਲਿਖਦੇ ਹਨ ਕਿ 'ਚਿੰਤਾਵਾਨ ਮਨੁੱਖ ਨੂੰ ਉਸ ਦੀਆਂ ਤਕਲੀਫ਼ਾਂ ਦੇ ਕੇਵਲ ਕਾਰਨ ਦੱਸਣ ਦੀ ਲੋੜ ਹੁੰਦੀ ਹੈ। ਜੇ ਉਸ ਨੂੰ ਆਪਣੀਆਂ ਤਕਲੀਫ਼ਾਂ ਦੇ ਕਾਰਨਾਂ ਦਾ ਚਾਨਣ ਹੋ ਜਾਵੇ ਤਾਂ ਉਸਦੇ ਰਾਜ਼ੀ ਹੋਣ ਲਈ ਹੋਰ ਚੀਜ਼ ਦੀ ਲੋੜ ਨਹੀਂ ਰਹਿੰਦੀ। ਜਦੋਂ ਚਿੰਤਾਵਾਨ ਨੂੰ ਆਪਣੀਆਂ ਪ੍ਰੇਸ਼ਾਨੀਆਂ ਦੇ ਕਾਰਨਾਂ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਬਹੁਤ ਸਾਰੇ ਡਰ, ਭਉ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਚਿੰਤਾਵਾਨ ਵਿੱਚ ਡਰ ਖਤਮ ਹੋ ਗਿਆ ਤਾਂ ਉਹ ਆਪਣੇ ਆਪ ਠੀਕ ਹੋ ਜਾਵੇਗਾ।'

ਇੱਕ ਹੋਰ ਪੱਛਮੀ ਲੇਖਕ ਆਪਣੀ ਕਿਤਾਬ **The Game Of life and How play it** (ਜੀਵਨ ਖੇਡਾਂ) ਵਿੱਚ ਲਿਖਦੇ ਹਨ ਕਿ 'ਡਰ ਤੁਹਾਡੀਆਂ ਅੱਖਾਂ ਦੇ ਸਾਹਮਣੇ ਉਹ ਨਜ਼ਾਰੇ ਸਾਫ਼ ਸਾਫ਼ ਲੈ ਆਉਂਦਾ ਹੈ ਜਿਨਾਂ ਨੂੰ ਵੇਖਣੋਂ ਤੁਸੀਂ ਡਰਦੇ ਹੋ। ਸ਼ੇਰ ਆਪਣੀ ਨਿਡਰਤਾ ਅਤੇ ਖੁਨ ਖਾਰੀ ਤੁਹਾਡੇ ਡਰ ਤੋਂ ਪ੍ਰਾਪਤ ਕਰਦਾ ਹੈ, ਸ਼ੇਰ ਵੱਲ ਨਿਡਰ ਹੋਕੇ ਜਾਵੋ, ਉਹ ਭੱਜ ਜਾਵੇਗਾ, ਪਰ ਜੇ ਤੁਸੀਂ ਉਸ ਕੋਲੋਂ ਭੱਜੋਗੇ ਤਾਂ ਉਹ ਤੁਹਾਡੇ ਪਿੱਛੇ ਨੱਸੇਗਾ।'

ਇਹ ਕਥਨ ਉਨਾਂ ਲੋਕਾਂ 'ਤੇ ਬਿਲਕੁਲ ਢੁੱਕਵਾਂ ਹੈ ਜੋ ਹਰ ਚੀਜ਼ ਦੇ ਆਉਣ ਵਾਲੇ ਨਤੀਜਿਆਂ ਤੋਂ ਪਹਿਲਾਂ ਹੀ ਘਬਰਾਉਂਦੇ ਰਹਿੰਦੇ ਹਨ। ਡਰ ਦੇ ਅਧੀਨ ਹੋ ਆਪਣਾ ਆਪ ਉਸਨੂੰ ਸੌਂਪ ਦਿੰਦੇ ਹਨ ਅਤੇ ਫਿਰ ਮਾਨਸਿਕ ਪੀੜਾ ਸਹਿੰਦੇ ਰਹਿੰਦੇ ਹਨ। ਸਾਨੂੰ ਇੱਕ ਗੱਲ ਸਮਝਣੀ ਪਵੇਗੀ ਕਿ ਕਿਸੇ ਵੀ ਮੁਸ਼ਕਿਲ ਦਾ ਹੱਲ ਚਿੰਤਾ ਕਰਨੀ ਨਹੀਂ ਹੋ ਸਕਦਾ। ਉਦਹਾਰਣ ਦੇ ਤੌਰ 'ਤੇ ਜੇਕਰ ਇੱਕ ਵਿਦਿਆਰਥੀ ਆਪਣੇ ਇਮਤਿਹਾਨਾਂ ਦੇ ਨਤੀਜਿਆਂ ਦੇ ਆਉਣ ਤੋਂ ਡਰ ਰਿਹਾ ਹੈ ਤਾਂ ਉਹ ਫਜ਼ੂਲ ਹੈ, ਕਿਉਂਕਿ ਨਤੀਜੇ ਉਸ ਦੁਆਰਾ ਕੀਤੇ ਪੇਪਰ ਦੇ ਹੀ ਆਉਣੇ ਹਨ, ਚਿੰਤਾ ਕਰਨ ਨਾਲ ਉਸਦਾ ਇਮਤਿਹਾਨ ਵਿੱਚ ਕੀਤਾ ਗਲਤ ਸਵਾਲ ਸਹੀ ਵਿੱਚ ਤਬਦੀਲ ਨਹੀਂ ਹੋ ਸਕਦਾ। ਹਾਂ ਇਹ ਜਰੂਰ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਉਸ ਨੂੰ ਸੁਚੱਜੇ ਢੰਗ ਨਾਲ ਕਿਵੇਂ ਕੀਤਾ ਜਾ ਸਕਦਾ ਹੈ, ਇਹ ਸੋਚਿਆ ਜਾ ਸਕਦਾ ਹੈ।

ਸੋ ਚਿੰਤਾ ਦੇ ਚੱਲਦੇ ਇਸ ਪ੍ਰਵਾਹ ਨੂੰ ਰੋਕਣ ਦਾ ਇੱਕ ਸਭ ਤੋਂ ਕਾਰਗਰ ਤਰੀਕਾ ਇਹ ਹੈ ਕਿ ਚਿੰਤਾ ਦਾ ਅਭਿਆਸ ਕਰਨਾ ਬੰਦ ਕੀਤਾ ਜਾਵੇ, ਆਪਣੇ ਆਪ ਨੂੰ ਚਿੰਤਾਮੁਕਤ ਕਰਨ ਲਈ ਆਪਣਾ ਮਨੋਬਲ ਵਧਾਇਆ ਜਾਵੇ, ਹਮੇਸ਼ਾ ਚੜਦੀ ਕਲਾ ਵਿੱਚ ਰਿਹਾ ਜਾਵੇ। ਚਿੰਤਾਵਾਨ ਦੇ ਪਰਿਵਾਰਿਕ ਜੀਅ ਕਦੇ ਵੀ ਚਿੰਤਾਵਾਨ ਕੋਲ ਢਹਿੰਦੀ ਕਲਾ ਦੀ ਗੱਲ ਨਾ ਕਰਨ, ਹਮੇਸ਼ਾ ਪ੍ਰੋਤਸ਼ਾਹਿਤ ਕੀਤਾ ਜਾਵੇ ਕਿ ਉਹ ਬਿਲਕੁਲ ਠੀਕ ਹੈ। ਹਮੇਸ਼ਾ ਮਾਨਸਿਕ ਰੋਗੀ ਨੂੰ ਸਕਾਰਾਤਮਕ ਤਰੰਗਾਂ ਹੀ ਦਿੱਤੀਆਂ ਜਾਣ। ਜਿੰਨਾ ਹੋ ਸਕੇ ਉਸ ਨਾਲ ਹਮਦਰਦੀ ਕਰਨ ਅਤੇ ਉਸ ਵੱਲ ਤਰਸ ਭਰੀਆਂ ਨਿਗਾਹਾਂ ਨਾਲ ਦੇਖਣਾ ਬੰਦ ਕੀਤਾ ਜਾਵੇ ਤਾਂ ਜੋ ਉਸ ਵਿੱਚ ਸਕਾਰਾਤਮਕ ਊਰਜਾ ਭਰੀ ਜਾਵੇ। ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ, ਬਸ ਜਰੂਰਤ ਹੁੰਦੀ ਹੈ ਸਾਡੇ ਤਕੜੇ ਮਨੋਬਲ ਦੀ, ਜਰੂਰਤ ਹੁੰਦੀ ਹੈ ਹਮੇਸ਼ਾ ਚੜਦੀ ਕਲਾ ਵਿੱਚ ਰਹਿਣ ਦੀ।

## ਮੋਦੀ ਦੇ ਰਾਜ ਦੌਰਾਨ...

ਦੂਜੇ ਪਾਸੇ 2014 ਤੋਂ 2020 ਵਿਚਕਾਰ (ਭਾਜਪਾ ਦਾ 6 ਸਾਲ ਦਾ ਕਾਰਜਕਾਲ) ਕੁੱਲ 5417 ਘਟਨਾਵਾਂ ਹੋਈਆਂ।ਭਾਰਤ ਵਿੱਚ ਫ਼ਿਰਕੂ ਦੰਗਿਆਂ ਦੀਆਂ ਘਟਨਾਵਾਂ 2020 ਤੱਕ ਹੌਲੀ-ਹੌਲੀ ਘੱਟ ਰਹੀਆਂ ਸਨ ਪਰ ਘੱਟ ਘਟਨਾਵਾਂ ਦਾ ਇਹ ਮਤਲਬ ਨਹੀਂ ਕਿ ਪੀੜਤ ਵੀ ਘੱਟ ਸਨ।

ਸਾਲ 2014 ਵਿੱਚ 1,227 ਫ਼ਿਰਕੂ ਘਟਨਾਵਾਂ ਵਿੱਚ 2001 ਪੀੜਤ ਸਨ। ਸਾਲ 2018 ਤੱਕ, ਘਟਨਾਵਾਂ ਦੀ ਗਿਣਤੀ ਸਿਰਫ਼ 512 ਸੀ ਪਰ ਦੰਗਾ ਪੀੜਤਾਂ ਦੀ ਗਿਣਤੀ 812 ਸੀ। ਕੁਲ ਪੀੜਤਾਂ ਦਾ ਅਨੁਮਾਨ 2019 ਅਤੇ 2020 ਘੱਟ ਹੋਇਆ ਪਰ ਘੱਟ ਘਟਨਾਵਾਂ ਦੇ ਦਰਜ ਹੋਣ ਦੇ ਬਾਵਜੂਦ 2017 ਅਤੇ 2018 ਦੌਰਾਨ ਇਹ ਅੰਕੜਾ ਕਾਫੀ ਵੱਧ ਹੈ।

## ਸ਼ਹਾਦਤ : ਗੌਰਵਸ਼ੀਲ...

ਇਸ ਵਰਤਾਰੇ ਵਿਚ ਜੋ ਵਿਅਕਤੀ ਸ਼ਾਮਿਲ ਹੈ ਉਹ ਰੌਸ਼ਨੀ ਦੇ ਵਰਤਾਰੇ ਨੂੰ ਹੀ ਅੱਗੇ ਚਲਾ ਰਿਹਾ ਹੈ। 'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਵਿਚ ਗੁਰੂ ਸਾਹਿਬ ਨੇ 'ਤੇਗ, ਤੀਰ, ਤੁਪਕ, ਤਬਰ' ਨੂੰ 'ਹਮਾਰੇ ਪੀਰ' ਆਖਿਆ ਹੈ। ਜੇ ਖੜਗ ਅਕਾਲ ਪੁਰਖ ਦਾ ਰੂਪ ਹੈ ਅਤੇ ਤੋਪ ਅਤੇ ਤੀਰ ਪੀਰ ਹਨ, ਤਾਂ ਇਨਾਂ ਨੂੰ ਧਾਰਨ ਵਾਲਾ ਵਿਅਕਤੀ ਵੀ ਦੈਵੀ ਜੋਤ ਹੀ ਹੋ ਸਕਦਾ ਹੈ, ਜਾਂ ਹੋਣਾ ਚਾਹੀਦਾ ਹੈ। ਜੰਗ ਉਸ ਰੌਸ਼ਨੀ ਨੂੰ ਵਧਾਉਣ ਦਾ ਮਾਧਿਅਮ ਹੈ। ਜੋ ਇਤਿਹਾਸ ਇਸ ਨਾਲ ਟੁੱਟ ਕੇ ਨਵੇਂ ਸਿਰਿਓਂ ਸਾਜਿਆ ਜਾਵੇਗਾ, ਉਹ ਵੀ ਰੌਸ਼ਨ ਹੋਵੇਗਾ। ਇਸ ਨਾਲ ਸ੍ਰਿਸ਼ਟੀ ਦਾ ਵੀ ਵਿਕਾਸ ਹੋਵੇਗਾ। ਇਸ ਤਰਾਂ ਖੜਗਧਾਰੀ ਅਤੇ ਤੁਪਕਧਾਰੀ ਦਾ ਜੋ ਰੂਪ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਨਾਂ ਰਚਨਾਵਾਂ ਵਿੱਚੋਂ ਉੱਭਰਦਾ ਹੈ, ਉਹ ਵੀ ਜੋਤ ਹੋਏ ਉਸ ਮਨੁੱਖ ਦਾ ਹੈ, ਜੋ ਜੋਤ ਨੂੰ ਹੋਰ ਤੀਬਰ ਕਰਨ ਵਾਲੇ ਸੁਜੋਤ ਹਥਿਆਰਾਂ ਨਾਲ ਸੰਘਰਸ਼ ਕਰਦਾ ਹੈ। ਇਹ ਸੰਘਰਸ਼ ਸਿਰਜਦਾ ਹੈ।ਇਸ ਪ੍ਰਕ੍ਰਿਆ ਵਿਚ ਕੀਤਾ ਆਪਾ ਨਿਵਾਰਨ ਸੁਜੋਤ ਜੰਗਿ-ਮੈਦਾਨ ਦੀ ਸ਼ਹੀਦੀ ਵੀ, ਉੱਦਾਤ ਸ਼ਹਾਦਤ ਹੈ, ਸਬਲਾਈਮ ਮਾਰਟਿਡਮ ਹੈ।

ਖੁਦ ਜੋਤ ਹੋ ਕੇ, ਜੋਤ ਦੇ ਵਿਸਥਾਰ ਪ੍ਰਕਾਸ਼ ਅਤੇ ਪ੍ਰਜਵਲਨ ਲਈ, ਧਰਮ ਜੋਤ ਵਿੱਚ ਮਿਲ ਜਾਣਾ ਹੀ ਸਿੱਖੀ ਦਾ ਉੱਦਾਤ ਸ਼ਹਾਦਤ ਹੈ, ਇਸ ਨਵੇਕਲੀ ਹੈ, ਵਿਸ਼ਵ ਭਾਈਚਾਰੇ ਨੂੰ ਦੇਣ ਹੈ। ਇਸ ਨਾਲ ਹੀ ਇਤਿਹਾਸ ਨੂੰ ਨਵਾਂ ਮੋੜ ਦੇਣਾ ਇਤਿਹਾਸ ਨੂੰ ਰੌਸ਼ਨ ਕਰਨਾ ਅਤੇ ਮਨੁੱਖ ਹਿਤੈਸ਼ੀ ਬਣਾਉਣਾ ਹੈ। ਇਸ ਉੱਦਾਤ ਸ਼ਹਾਦਤ ਦਾ ਅਭਿਆਸ ਅਤੇ ਪੈਰੋਕਾਰੀ ਕੋਈ ਸੌਖੀ ਗੱਲ ਨਹੀਂ। ਇਹ ਇੱਕ ਵੱਡਮੁੱਲਾ ਮਾਡਲ ਹੈ ਜਿਸ ਨੂੰ ਮੁੱਖ ਰੱਖ ਕੇ ਹੀ ਸਾਨੂੰ ਆਪਣੇ ਇਤਿਹਾਸ ਵਿੱਚ ਹੋਈਆਂ ਸ਼ਹੀਦੀਆਂ ਦਾ ਮੁੱਲ ਪਾਉਣਾ ਚਾਹੀਦਾ ਹੈ।

## ਖ਼ਾਲਿਸਤਾਨ ਐਲਾਨਨਾਮਾ...

ਖ਼ਾਲਸਾ ਤੇ ਸਸ਼ਤਰ ਆਪਸ ਵਿਚ ਇਸ ਤਰਾਂ ਘੁਲੇ-ਮਿਲੇ ਹੋਏ ਹਨ ਜਿਵੇਂ ਸ਼ਹਿਦ ਵਿਚ ਮਿਠਾਸ ਤੇ ਗੁਲਾਬ ਵਿਚ ਖੁਸ਼ਬੋ। ਸਸ਼ਤਰ ਖ਼ਾਲਸਾ ਤੇ ਖ਼ਾਲਸਾ ਸਸ਼ਤਰ ਹੈ।ਖ਼ਾਲਸੇ ਦੇ ਗਾਤਰੇ ਪਾਈ ਕਿਰਪਾਨ ਕੋਈ ਚਿੰਨ ਨਹੀਂ ਸਗੋਂ ਸਸ਼ਤਰ ਹੈ ਜੋ ਉਸਨੇ ਦੀਨ-ਦੁਖੀ ਦੀ ਸੇਵਾ ਵਿਚ ਵਰਤਣੀ ਹੈ ਪਰ ਤਰਾਸਦੀ ਹੈ ਕਿ ਖ਼ਾਲਸਈ ਸੱਭਿਆਚਾਰ ਦੀ ਕਿਸੇ ਭੂਗੋਲਿਕ ਖਿੱਤੇ ਵਿਚ ਮਾਨਤਾ ਨਾ ਹੋਣ ਕਾਰਨ ਅਸੀਂ ਅੱਜ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਰੋਜ਼ੀ-ਰੋਟੀ ਲਈ ਵਸਣ ਦੀ ਖਾਤਰ ਕਿਰਪਾਨ ਨੂੰ ਸਸ਼ਤਰ ਦੀ ਥਾਂ ਚਿੰਨ ਦੇ ਤੌਰ 'ਤੇ ਪੇਸ਼ ਕਰਕੇ ਵਧੇਰੇ ਖੁਸ਼ ਹੁੰਦੇ ਹਾਂ।ਇਸ ਕਾਰਨ ਖ਼ਾਲਸੇ ਨੂੰ ਸਸ਼ਤਰ ਤਿਆਗ ਦੇਣ ਦੀ ਗੱਲ ਕਹਿਣੀ ਖ਼ਾਲਸਈ ਸਿਧਾਂਤਾਂ ਤੋਂ ਮੁਨਕਰ ਹੋਣ ਲਈ ਕਹਿਣਾ ਤੇ ਖਾਲਸਈ ਸੱਭਿਆਚਾਰ ਨੂੰ ਚੁਣੌਤੀ ਦੇਣ ਤੁਲ ਹੋਵੇਗਾ। ਪਰ ਇਸ ਤੋਂ ਵੱਡੀ ਅਣਹੋਣੀ ਹੋਵੇਗੀ ਜੇਕਰ ਖ਼ਾਲਸੇ ਦੇ ਸਸ਼ਤਰ ਦੀਨਨ ਕੀ ਪ੍ਰਿਤਪਾਲ ਕਰਨ ਦੀ ਥਾਂ ਆਮ ਲੋਕਾਈ ਨੂੰ ਨੁਕਸਾਨ ਪਹੁੰਚਾਉਂਣ ਲਈ ਵਰਤੇ ਤਾਂ ਉਹ ਨਾ ਤਾਂ ਆਪਣੇ ਨਿਸ਼ਾਨਿਆਂ ਤੱਕ ਪੁੱਜ ਸਕੇਗਾ ਅਤੇ ਨਾ ਹੀ ਗੁਰੂ ਦੀ ਪਰਤੀਤ ਦਾ ਪਾਤਰ ਬਣ ਸਕੇਗਾ ਕਿਉਂਕਿ ਖ਼ਾਲਸੇ ਦੇ ਹੱਥ ਵਿਚ ਫੜੀ ਤਲਵਾਰ ਤਾਂ ਹੀ ਕਿਰਪਾਨ ਕਹਾਉਣ ਦਾ ਹੱਕ ਰੱਖਦੀ ਹੈ ਜੇਕਰ ਉਹ ਕਿਸੇ ਉੱਤੇ ਕ੍ਰਿਪਾ ਕਰਨ ਦੀ ਦ੍ਰਿਸ਼ਟੀ ਨਾਲ ਉੱਠਦੀ ਹੈ।

ਖ਼ਾਲਿਸਤਾਨੀ ਹੋਣ ਦਾ ਦਾਅਵਾ ਕਰਨ ਵਾਲਿਆਂ ਨੂੰ ਵੀ ਅਪਸੀ ਤਾਲਮੇਲ ਕਾਇਮ ਕਰਨਾ ਪੈਣਾ ਹੈ। ਖ਼ਾਲਿਸਤਾਨ ਪੱਖੀ ਹਥਿਆਰਬੰਦ ਅਤੇ ਸਿਆਸੀ ਜਥੇਬੰਦੀਆਂ ਵਿਚ ਕੋਈ ਤਾਲਮੇਲ ਨਹੀਂ ਹੈ ਸਗੋਂ ਉਹਨਾਂ ਵਿਚ ਕਈ ਤਰਾ ਦੇ ਮਤਭੇਦ ਹਨ ਜਿਹਨਾਂ ਤੋਂ ਉਭਰਨਾ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਪਹਿਲੀ ਲੋੜ ਹੈ। ਕਈ ਲੋਕਾਂ ਨੇ ਤਾਂ ਵਿਦੇਸ਼ਾਂ ਵਿਚ ਖ਼ਾਲਿਸਤਾਨ ਦੇ ਨਾਮ ਉੱਤੇ ਸਿਆਸੀ ਸ਼ਰਨਾਂ ਲਈਆਂ ਹੋਈਆਂ ਹਨ ਪਰ ਉਹਨਾਂ ਨੇ ਖ਼ਾਲਿਸਤਾਨ ਦੇ ਹੱਕ ਵਿਚ ਤਾਂ ਕੀ ਖੜੋਣਾ ਸੀ ਸਗੋਂ ਪੰਥ ਵਿਰੋਧੀਆਂ ਦੇ ਹੱਥਾਂ ਦੇ ਸੰਦ ਬਣੇ ਹੋਏ ਹਨ, ਇਸ ਲਈ ਜਿੰਨੇ ਉਹ ਲੋਕ ਦੋਸ਼ੀ ਹਨ ਉਸ ਤੋਂ ਵੀ ਵੱਧ ਅਜਿਹੇ ਲੋਕਾਂ ਨੂੰ ਸਿਆਸੀ ਪਨਾਹ ਦੀ ਸਿਫਾਰਸ ਕਰਦੀਆਂ ਚਿੱਠੀਆਂ ਵੇਚਣ ਵਾਲੇ ਵੀ ਦੋਸ਼ੀ ਹਨ।

ਖ਼ਾਲਿਸਤਾਨ ਦੀ ਸਥਾਪਤੀ ਲਈ ਸਭ ਤੋਂ ਵੱਧ ਜਰੂਰੀ ਹੈ ਕਿ ਇਸ ਦੀ ਅਗਵਾਈ ਸੰਜੀਦਾ ਲੀਡਰਸ਼ਿਪ ਕੋਲ ਹੋਵੇ ਜੋ ਬਾਣੀ-ਬਾਣੇ ਵਿਚ ਪਰਪੱਕ ਤੇ ਕਰਮ ਕਰਨ ਵਿਚ ਵਧੇਰੇ ਵਿਸਵਾਸ਼ ਰੱਖਦੀ ਹੋਵੇ ਤੇ ਅਜਿਹੀ ਲੀਡਰਸ਼ਿਪ ਦਾ ਪਹਿਲਾਂ ਕਾਰਜ ਇਹ ਹੋਵੇ ਕਿ ਲੋਕਾਂ ਨੂੰ ਸਬਦ ਗੁਰੂ ਦੀ ਮਹੱਤਤਾ ਤੋਂ ਜਾਣੂ ਕਰਵਾ ਕੇ ਜਿੱਥੇ ਦੇਹਧਾਰੀ ਪਖੰਡੀਆਂ ਨੂੰ ਭਾਂਜ ਦਿੱਤੀ ਜਾਵੇ ਉੱਥੇ ਗੁਰੂ-ਘਰਾਂ ਦਾ ਪ੍ਰਬੰਧ ਅਜਿਹੇ ਹੱਥਾਂ ਵਿਚ ਲਿਆਂਦਾ ਜਾਵੇ ਤਾਂ ਜੋ ਗੁਰੂ-ਘਰ ਜਿੱਥੇ ਸੰਗਤਾਂ ਨੂੰ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਨਾਲ ਜੋੜਨ ਉੱਥੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਵੀ ਸਹਾਇਕ ਹੋਣ।

ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸੁਹਿਰਦ ਵਿਅਕਤੀਆਂ ਦੇ ਇਕੱਤਰ ਹੋਣ ਜਾਂ ਵੱਖ-ਵੱਖ ਫਰੰਟਾਂ ਤੇ ਕੰਮ ਕਰਨ ਵਾਲਿਆਂ ਵਿਚ ਤਾਲਮੇਲ ਦੀ ਕਇਮੀ ਤੋਂ ਬਾਅਦ ਦੂਜਾ ਵੱਡਾ ਕੰਮ ਹੈ ਕਿ ਖ਼ਾਲਿਸਤਾਨ ਜਿਨਾਂ ਲੋਕਾਂ ਨੇ ਬਣਾਉਣ ਲਈ ਤੁਰਨਾ ਹੈ ਉਨਾਂ ਦੀ ਸਿੱਖਿਆ ਤੇ ਤਿਆਰੀ ਕੀਤੀ ਜਾਵੇ ਤਾਂ ਜੋ ਉਹ ਜਿੱਥੇ ਖ਼ਾਲਿਸਤਾਨ ਦੇ ਸਭ ਪੱਖਾਂ ਨੂੰ ਆਪ ਸਮਝ ਸਕਣ ਉੱਥੇ ਉਹ ਲੋਕਾਂ ਨੂੰ ਵੀ ਇਸਦੇ ਵੱਖ-ਵੱਖ ਪੱਖਾਂ ਬਾਰੇ ਜਾਣਕਾਰੀ ਦੇ ਸਕਣ।

ਖਾਲਿਸਤਾਨ ਦੇ ਸੰਘਰਸ਼ ਦੀ ਮੁੱਢਲੀ ਤਿਆਰੀ ਤੋਂ ਬਾਅਦ ਜਿੱਥੇ ਖ਼ਾਲਿਸਤਾਨ ਦੀ ਸਥਾਪਨਾ ਕਰਨੀ ਹੈ ਭਾਵ ਪੰਜਾਬ ਵਿਚ, ਉੱਥੇ ਲੋਕਾਂ ਵਿਚ ਖ਼ਾਲਿਸਤਾਨ ਦੀ ਲੋੜ, ਸਥਾਪਤੀ, ਢਾਂਚੇ ਤੇ ਹੋਰ ਸਭ ਪੱਖਾਂ ਤੋਂ ਜਾਗਰੁਕ ਕਰਨਾ ਅਗਲੇਰੇ ਪੜਾਵਾਂ ਲਈ ਪਹਿਲਾਂ ਕਦਮ ਹੈ। ਇਸ ਵਾਸਤੇ ਪ੍ਰਚਾਰ ਸਾਧਨਾਂ ਜਿਵੇ ਰਸਾਲੇ, ਅਖਬਾਰਾਂ, ਪੈਂਫਲਿਟ, ਵੀਡਿਓ-ਆਡੀਓ ਪ੍ਰਚਾਰ ਸਾਧਨਾਂ ਆਦਿ ਵੀ ਵਰਤੋਂ ਕਰਨੀ ਪਏਗੀ। ਲੋਕਾਂ ਨੂੰ ਇਹ ਜਚਾਉਣਾ ਪਵੇਗਾ ਕਿ ਖ਼ਾਲਿਸਤਾਨ ਦੀ ਸਥਾਪਨਾ ਤੋਂ ਬਿਨਾਂ ਉਹਨਾਂ ਦੀਆਂ ਮੌਜੂਦਾ ਸਮੱਸਿਆਵਾਂ ਦਾ ਸਦੀਵ ਹੱਲ ਨਹੀਂ ਹੋ ਸਕਦਾ।

ਖ਼ਾਲਿਸਤਾਨੀਆਂ ਨੂੰ ਉਨਾਂ ਦੇ ਹਰ ਦੁੱਖ ਵਿਚ ਉਨਾਂ ਨਾਲ ਖੜਨਾ ਪਵੇਗਾ। ਉਨਾਂ ਦੀਆਂ ਸਮਾਜਿਕ, ਆਰਥਿਕ ਲੋੜਾਂ ਲਈ ਵੀ ਚਿੰਤਾ ਖ਼ਾਲਿਸਤਾਨੀਆਂ ਨੂੰ ਕਰਨੀ ਪਏਗੀ। ਅੱਜ ਗੁਰੂ-ਵਰੋਸਾਈ ਧਰਤ ਪੰਜਾਬ ਨੂੰ ਹਰ ਪੱਖ ਤੋਂ ਦਿੱਲੀ ਤਖ਼ਤ ਤੇ ਪੰਜਾਬ ਸਰਕਾਰਾਂ ਵਲੋਂ ਨੁਕਸਾਨਿਆਂ ਜਾ ਰਿਹਾ ਹੈ। ਅੱਜ ਸਾਡਾ ਗੁਰੂ ਰੂਪ ਪਵਣ, ਪਿਤਾ ਰੂਪ ਪਾਣੀ ਤੇ ਮਾਂ ਰੂਪ ਧਰਤੀ ਨੂੰ ਪੰਜਾਬ ਵਿਚ ਇਕ ਸਾਜ਼ਿਸ ਤਹਿਤ ਪ੍ਰਦੂਸ਼ਤ ਤੇ ਬਿਮਾਰ ਕੀਤਾ ਜਾ ਰਿਹਾ, ਸਾਡੀ ਨੌਜਵਾਨੀ ਤੇ ਕਿਰਸਾਨੀ ਨੂੰ ਨਸ਼ਿਆਂ, ਅਸਲੀਲਤਾ ਤੇ ਅਣਖਹੀਣਤਾ ਪਰੋਸੀ ਜਾ ਰਹੀ, ਇਹਨਾਂ ਸਮੱਸਿਆਂ ਨਾਲ ਵੀ ਖ਼ਾਲਿਸਤਾਨੀਆਂ ਨੂੰ ਦੋ ਹੱਥ ਹੋਣਾ ਪੈਣਾ ਹੈ ਨਹੀਂ ਤਾਂ ਜਿਸ ਥਾਂ ਅਸੀਂ ਖ਼ਾਲਿਸਤਾਨ ਦੀ ਕਾਇਮੀ ਬਾਰੇ ਸੋਚ ਰਹੇ ਹਾਂ ਉਹ ਥਾਂ ਵੈਸੇ ਆਮ ਮਨੁੱਖਾਂ ਦੇ ਰਹਿਣ ਜੋਗੀ ਵੀ ਨਹੀਂ ਰਹਿਣੀ।

ਲੋਕਾਂ ਦੇ ਮਨਾਂ ਵਿਚ ਭਾਰਤੀ ਸਟੇਟ ਵਲੋਂ ਖ਼ਾਲਿਸਤਾਨ ਪ੍ਰਤੀ ਪੈਦਾ ਕੀਤੀ ਦਹਿਸ਼ਤ ਨੂੰ ਕੱਢਣ ਲਈ ਖ਼ਾਲਿਸਤਾਨੀਆਂ ਦਾ ਆਪਣਾ ਜੀਵਨ ਨਿਮਰਤਾ, ਸਹਿਜ, ਵਿਚਾਰਵਾਨ, ਤਿਆਗ, ਬਾਣੀ-ਬਾਣੇ ਵਿਚ ਪਰਪੱਕਤਾ ਤੇ ਗੁਰੂ ਸਾਹਿਬਾਨ ਵਲੋਂ ਦਰਸਾਏ ਸਦਗੁਣਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ। ਲੋਕਾਂ ਵਿਚ ਖ਼ਾਲਿਸਤਾਨ ਪ੍ਰਤੀ ਸੋਚ ਨੂੰ ਸਹੀ ਲੀਹ ਤੇ ਪਾਉਣ ਤੋਂ ਬਿਨਾਂ ਹੀ ਖ਼ਾਲਿਸਤਾਨ ਦੇ ਨਾਮ 'ਤੇ ਵੋਟ-ਪ੍ਰਣਾਲੀ ਵਿਚ ਕੁੱਦਣਾ ਜਿੱਥੇ ਖ਼ਾਲਿਸਤਾਨੀਆਂ ਲਈ ਆਤਮਘਾਤੀ ਕਦਮ ਹੋਵੇਗਾ ਉੱਥੇ ਇਸਦਾ ਸਿੱਧਾ ਫਾਇਦਾ ਪੰਥ ਵਿਰੋਧੀਆਂ ਨੂੰ ਹੀ ਮਿਲੇਗਾ।

ਖ਼ਾਲਿਸਤਾਨ ਪ੍ਰਤੀ ਨਾਕਾਰਤਮਕ ਸੋਚ ਨੂੰ ਕੱਢਣ ਲਈ ਖ਼ਾਲਿਸਤਾਨੀਆਂ ਨੂੰ ਆਪਣੇ ਸਾਕਾਰਾਤਮਕ ਪ੍ਰੋਗਰਾਮ ਦੇਣੇ ਚਾਹੀਦੇ ਹਨ ਜਦਕਿ ਖ਼ਾਲਿਸਤਾਨੀਆਂ ਦੇ ਜਿਆਦਾ ਪ੍ਰੋਗਰਾਮ ਪ੍ਰਤੀਕਿਰਿਆਤਮਕ ਹੀ ਹੁੰਦੇ ਹਨ ਭਾਵ ਕਿ ਜਦੋਂ ਸਾਡੇ ਖਿਲਾਫ ਕੋਈ ਕੁਝ ਕਰਦਾ ਹੈ ਤਾਂ ਅਸੀਂ ਉੱਭੜਵਾਹੇ ਉੱਠ ਕੇ ਕੰਮ ਕਰਨਾ ਸ਼ੁਰੂ ਕਰਦੇ ਹਾਂ, ਭਾਵੇਂ ਕਿ ਇਹ ਵੀ ਜਰੂਰੀ ਵੀ ਹੈ ਕਿ ਕਿਸੇ ਕਿਰਿਆ ਦੀ ਪ੍ਰਤੀਕਿਰਿਆ ਕੀਤੀ ਜਾਵੇ ਪਰ ਇਸ ਨਾਲ ਸਾਡੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਚਲਦੀ ਲੈਅ ਨਹੀਂ ਟੁੱਟਣੀ ਚਾਹੀਦੀ ਭਾਵ ਸਾਡੇ ਆਪਣੇ ਸਾਕਾਰਾਤਮਕ ਪ੍ਰੋਗਰਾਮ ਬੰਦ ਨਹੀਂ ਹੋਣੇ ਚਾਹੀਦੇ।

ਆਓ, ਖ਼ਾਲਿਸਤਾਨ ਐਲਾਨਾਨਾਮੇ ਦੀ ਵਰੇਗੰਢ ਮੌਕੇ ਆਪਾਂ ਸਮੂਹ ਖ਼ਾਲਿਸਤਾਨੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਸ਼ਹੀਦਾਂ ਦੀ ਯਾਦ ਵਿਚ ਜਿੱਥੇ ਮਨ ਨੂੰ ਜੋਤ ਸਰੂਪ ਪ੍ਰਭੂ ਪ੍ਰਮਾਤਮਾ ਦੀ ਪਛਾਣ ਕਰਨ ਲਈ ਪ੍ਰੇਰਦੇ ਹੋਏ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਪ੍ਰਤੀ ਦ੍ਰਿੜ ਹੋਈਏ ਉੱਥੇ ਪੰਥ ਦੀ ਵਿਗੜੀ ਸਵਾਰਨ ਤੇ ਦੁਨੀਆਂ ਦੇ ਨਕਸ਼ੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਤਾਂ 'ਤੇ ਆਧਾਰਤ ਰਾਜ ਪ੍ਰਬੰਧ ਖ਼ਾਲਿਸਤਾਨ ਦੀ ਸਥਾਪਤੀ ਲਈ ਵੀ ਇੱਕ-ਇੱਕ ਕਦਮ ਪੁੱਟੀਏ।

## ਸ਼੍ਰੋਮਣੀ ਕਮੇਟੀ ਨੇ ਗੁਰੂ...

ਉਨਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਕਈ ਬੰਦੀ ਸਿੱਖਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਦਾ ਐਲਾਨ ਕੀਤਾ ਸੀ ਪਰ ਹੁਣ ਤੱਕ ਸਿੱਖ ਬੰਦੀਆਂ ਵਿੱਚ ਸ਼ਾਮਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਗੁਰਦੀਪ ਸਿੰਘ ਖੇੜਾ, ਜਗਤਾਰ ਸਿੰਘ ਹਵਾਰਾ ਤੇ ਹੋਰਨਾਂ ਦੀ ਰਿਹਾਈ ਲਈ ਕੁਝ ਨਹੀਂ ਹੋਇਆ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਦਾ ਮਾਮਲਾ ਵੀ ਲਟਕ ਰਿਹਾ ਹੈ। ਉਨਾਂ ਕਿਹਾ ਕਿ ਕੇਂਦਰ ਸਰਕਾਰ ਕੀਤੇ ਐਲਾਨ ਮੁਤਾਬਕ ਬੰਦੀ ਸਿੱਖਾਂ ਦੀ ਰਿਹਾਈ ਕਰਵਾਏ। ਗੁਰੂ ਤੇਗ ਬਹਾਦਰ ਨੂੰ ਸਮਰਪਿਤ ਡਾਕ ਟਿਕਟ ਤੇ ਯਾਦਗਾਰੀ ਸਿੱਕਾ ਜਾਰੀ ਕਰਨ ਦੀ ਸ਼ਲਾਘਾ ਕਰਦਿਆਂ ਉਨਾਂ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਗੁਰੂ ਤੇਗ ਬਹਾਦਰ ਸਾਹਿਬ ਦੇ 401ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੂੰ ਸਿੱਖ ਮਸਲਿਆਂ ਦੇ ਹੱਲ ਦੀ ਅਪੀਲ ਕੀਤੀ।

ਇਸੇ ਮੌਕੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਪੰਜਾਬ ਦੇ ਪਾਣੀ 'ਤੇ ਸਿੱਖਾਂ ਦਾ ਹੱਕ ਹੈ ਤੇ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਬਾਹਰ ਨਹੀਂ ਜਾਣ ਦਿਆਂਗੇ। ਉਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਸਿੱਖਾਂ ਦੇ ਮਸਲੇ ਕਰਨ ਵੱਲ ਵੀ ਯਤਨ ਕਰਨੇ ਚਾਹੀਦੇ ਹਨ।

## ਸੱਤਾ ਦੇ ਫਾਸ਼ੀਵਾਦ...

ਸਾਫ ਤੌਰ 'ਤੇ ਹਾਈਕੋਰਟ ਵਿੱਚ ਕਹਿ ਦਿੱਤਾ ਹੈ ਕਿ ਉਨਾਂ ਨੂੰ ਸੁਮੇਧ ਸੈਣੀ ਨੂੰ ਗ੍ਰਿਫਤਾਰ ਕਰਨ ਦੀ ਲੋੜ ਨਹੀਂ ਹੈ। ਜੇਕਰ ਗੱਲ ਕਿਸਾਨੀ ਕਰਜ਼ਿਆਂ ਦੀ ਕੀਤੀ ਜਾਵੇ ਤਾਂ 1996 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਸਰਕਾਰ ਨੇ ਕਰਜੇ ਦੇ ਬੋਝ ਥੱਲੇ ਦੱਬੇ 2000 ਕਿਸਾਨਾਂ ਦੇ ਗ੍ਰਿਫਤਾਰੀ ਵਰੰਟ ਕੱਢ ਦਿੱਤੇ ਹੋਣ। ਸੋ ਇਸ ਸਬੰਧੀ ਮੈਂ ਪਹਿਲਾਂ ਵੀ ਉੱਪਰ ਲਿਖ ਚੁੱਕਾ ਹਾਂ ਕਿ ਪੰਜਾਬ ਦੇ ਸਿਆਸਤਦਾਨ ਅੱਜ ਤੋਂ ਨਹੀਂ ਬਲਕਿ 1947 ਤੋਂ ਲੈ ਕੇ ਹੁਣ ਤੱਕ ਲਗਾਤਾਰ ਹੀ ਲੋਕਾਂ ਨੂੰ ਮੂਰਖ ਬਣਾਉਂਦੇ ਆ ਰਹੇ ਹਨ। ਸੱਤਾ ਤੋਂ ਪਹਿਲਾਂ ਕਿਸੇ ਹੋਰ ਢੰਗ ਨਾਲ, ਪੇਸ਼ ਆਉਂਦੇ ਹਨ ਤੇ ਸੱਤਾ 'ਚ ਆਉਂਦਿਆਂ ਹੀ ਢੀਠਤਾਈ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਆਪਣੇ ਹੀ ਲੋਕਾਂ ਨਾਲ ਧੋਖਾ ਕਰਦੇ ਹਨ। ਪੰਜਾਬ ਦਾ ਭਲਾ ਚਾਹੁਣ ਵਾਲੇ ਸੂਝਵਾਨ ਲੋਕ ਚੰਗੀ ਤਰਾਂ ਜਾਣਦੇ ਹਨ ਕਿ ਆਪ ਪਾਰਟੀ ਦੀ ਪੰਜਾਬ ਪ੍ਰਤੀ ਪਹੁੰਚ ਚੰਗੀ ਨਹੀਂ ਰਹੇਗੀ, ਇਸ ਖਦਸ਼ੇ ਦੇ ਸੱਚ ਹੋਣ ਦੇ ਅਸਾਰ ਬਣਦੇ ਵੀ ਜਾ ਰਹੇ ਹਨ। ਵਿਰੋਧੀਆਂ ਦੀ ਜੁਬਾਨ ਬੰਦ ਕਰਵਾਉਣ ਲਈ ਦਰਜ ਕੀਤੇ ਜਾ ਰਹੇ ਪੁਲਿਸ ਕੇਸ ਪੰਜਾਬ ਸਰਕਾਰ ਦੇ ਫਾਸ਼ੀਵਾਦ ਵੱਲ ਵਧ ਰਹੇ ਕਦਮਾਂ ਦੀ ਆਹਟ ਮਹਿਸੂਸ ਕਰਵਾਉਂਦੇ ਹਨ। ਆਪ ਮੁਖੀ ਵੱਲੋਂ ਭਗਵੰਤ ਮਾਨ ਦੀ ਸਰਕਾਰ ਦਾ ਮੋਢਾ ਵਰਤ ਕੇ ਕੀਤੀ ਜਾ ਰਹੀ ਮਨਮਰਜੀ ਪੰਜਾਬ ਅੰਦਰ ਆਪ ਪਾਰਟੀ ਦੇ ਭਵਿੱਖ ਲਈ ਕੋਈ ਸ਼ੁਭ ਸੰਕੇਤ ਨਹੀਂ ਹੈ। ਚੰਗਾ ਹੋਵੇ ਜੇਕਰ ਭਗਵੰਤ ਮਾਨ ਦਿੱਲੀ ਦੇ ਇਸ਼ਾਰਿਆਂ 'ਤੇ ਚੱਲਣ ਦੀ ਬਜਾਏ ਕੇਂਦਰੀ ਹਕੂਮਤ ਵੱਲੋਂ ਪੰਜਾਬ ਦੇ ਪਾਣੀਆਂ, ਡੈਮਾਂ ਤੇ ਮਾਰੇ ਦਿਨ ਦੀਵੀ ਡਾਕੇ ਖਿਲਾਫ ਡਟਣ ਦਾ ਅਹਿਦ ਲੈਣ। ਪਾਰਟੀ ਮੁਖੀ ਨੂੰ ਸਮਝਾਉਣ ਦੀ ਕੋਸ਼ਿਸ ਕਰਨ ਕਿ ਪੰਜਾਬ ਦੇ ਅਣਖੀ ਲੋਕ ਦਿੱਲੀ ਦੀ ਲੋੜ ਤੋਂ ਜ਼ਿਆਦਾ ਦਖਲਅੰਦਾਜ਼ੀ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ। ਇਹ ਖੁਦ ਵੀ ਸਮਝਣ ਅਤੇ ਹਾਈਕਮਾਂਡ ਨੂੰ ਵੀ ਸਮਝਾਉਣ ਦਾ ਹੌਂਸਲਾ ਕਰਨ ਕਿ ਪੰਜਾਬ ਦੇ ਲੋਕ ਜਜ਼ਬਾਤੀ ਜਰੂਰ ਹਨ, ਪਰ ਵਾਰ ਵਾਰ ਬੇਵਕੂਫ ਨਹੀਂ ਬਨਣਗੇ। ਇਸ ਲਈ ਉਨਾਂ ਦੀ ਗੈਰਤ ਦਾ ਮਜਾਕ ਬਨਾਉਣ ਦੀ ਕੋਸ਼ਿਸ ਪਾਰਟੀ ਦੇ ਭਵਿੱਖ ਲਈ ਨੁਕਸਾਨਦੇਹ ਸਾਬਤ ਹੋਵੇਗੀ।



## ਸਮਾਜਿਕ ਪਰਿਪੇਖ...

ਨੂੰ ਕਾਇਮ ਰੱਖਣ ਅਤੇ ਬਚਾਉਣ ਲਈ ਕੀਤੀ ਭਾਵਨਾਤਮਕ ਅਤੇ ਸਰੀਰਕ ਜਦੋਜਹਿਦ ਬਾਖ਼ੂਬੀ ਨਜ਼ਰ ਆਉਂਦੀ ਹੈ। ਸਹੁਰੇ ਪਰਿਵਾਰ ਵੱਲੋਂ ਡਾਂਸ ਜਾਂ ਨੌਕਰੀ ਕਰਨ ਦੀ ਇੱਛਾ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ। ਅੰਤ ਵਿੱਚ ਉਹ ਵਿਆਹ ਦੀ ਸੰਸਥਾ ਵਿੱਚ ਹਾਲਾਤ ਨਾਲ ਸਮਝੌਤਾ ਨਹੀਂ ਕਰਦੀ ਸਗੋਂ ਆਪਣੇ ਵਜੂਦ ਦੀ ਚੋਣ ਕਰਦਿਆਂ ਡਾਂਸ (ਕਲਾ) ਵੱਲ ਕਦਮ ਵਧਾਉਂਦੀ ਹੈ। ਔਕਸਫੈਮ (ਇੰਡੀਆ) ਦੀ ਰਿਪੋਰਟ ਵਿੱਚ ਸਾਫ਼ ਦੱਸਿਆ ਗਿਆ ਹੈ ਕਿ ਔਰਤਾਂ ਘਰਾਂ ਵਿੱਚ ਮਰਦਾਂ ਦੇ ਮੁਕਾਬਲਤਨ 238 ਮਿੰਟ ਜ਼ਿਆਦਾ ਕੰਮ ਕਰਦੀਆਂ ਹਨ ਜਿਸ ਦੀ ਕੋਈ ਤੈਅਸ਼ੁਦਾ ਅਦਾਇਗੀ ਨਹੀਂ ਮਿਲਦੀ। ਇਹ ਪਰਿਵਾਰ ਵਿੱਚ ਸਥਾਪਿਤ ਭੈਣ, ਪਤਨੀ, ਮਾਂ ਆਦਿ ਦੀਆਂ ਰੂੜੀਬੱਧ ਭੂਮਿਕਾਵਾਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਔਕਸਫੈਮ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ ਕੋਵਿਡ-19 ਮਹਾਂਮਾਰੀ ਦੌਰਾਨ 6.4 ਕਰੋੜ ਔਰਤਾਂ ਨੂੰ ਨੌਕਰੀ ਗੁਆਉਣੀ ਪਈ ਜੋ ਕਿ ਮਰਦਾਂ ਦੇ ਮੁਕਾਬਲੇ 39 ਫ਼ੀਸਦੀ ਜ਼ਿਆਦਾ ਸਨ।

ਕਿਸੇ ਵੀ ਸਮਾਜ ਵਿੱਚ ਔਰਤ ਜਾਂ ਲਿੰਗ ਕੋਈ ਸਥਾਪਿਤ ਇਕਾਈ ਨਹੀਂ ਹੈ। ਔਰਤਾਂ ਦੀ ਪਛਾਣ ਜਾਤ, ਜਮਾਤ, ਨਸਲ, ਕਿੱਤੇ, ਖਿੱਤੇ ਆਦਿ ਵਿੱਚ ਵੰਡੀ ਹੋਈ ਹੈ। ਸੁਭਾਵਿਕ ਹੈ ਕਿ ਔਰਤ ਵੱਲੋਂ ਕੀਤੀ ਕੋਈ ਵੀ ਚੋਣ ਇਨਾਂ ਦਾਇਰਿਆਂ ਤੋਂ ਬਾਹਰ ਨਹੀਂ ਹੋ ਸਕਦੀ। ਅਮਰਤਿਆ ਸੇਨ ਅਨੁਸਾਰ 'ਇਸ ਤੱਥ ਤੋਂ ਮੁੱਢਲਾ ਅਤੇ ਸਰਵ-ਵਿਆਪੀ ਹੋਰ ਕੁਝ ਨਹੀਂ ਹੋ ਸਕਦਾ ਕਿ ਹਰ ਖੇਤਰ ਵਿੱਚ ਹਰ ਕਿਸਮ ਦੀਆਂ ਚੋਣਾਂ ਇੱਕ ਵਿਸ਼ੇਸ਼ ਸੀਮਾ ਦੇ ਅੰਦਰ ਹੀ ਕੀਤੀਆਂ ਜਾਂਦੀਆਂ ਹਨ।' ਇਹ ਦਾਇਰੇ ਆਰਥਿਕਤਾ, ਜਾਤ, ਜਮਾਤ ਅਤੇ ਮੰਡੀ ਵੀ ਨਿਰਧਾਰਿਤ ਕਰਦੀ ਹੈ। ਇੱਕ ਮਜ਼ਦੂਰ ਦਾ ਬੱਚਾ ਸਿੱਧ ਪੱਧਰੀ ਡਾਕਟਰ ਜਾਂ ਇੰਜੀਨੀਅਰ ਬਣਨ ਦੀ 'ਚੋਣ' ਨਹੀਂ ਕਰ ਸਕਦਾ। ਔਰਤਾਂ ਲਈ ਇਹ ਚੋਣ ਕਰਨੀ ਹੋਰ ਵੀ ਮੁਸ਼ਕਿਲ ਹੈ ਕਿਉਂਕਿ ਉਸ ਤੋਂ ਪ੍ਰੰਪਰਾਗਤ ਸਥਾਪਿਤ ਭੂਮਿਕਾਵਾਂ ਦੀ ਪੂਰਤੀ ਦੀ ਵੀ ਤਵੱਕੋ ਕੀਤੀ ਜਾਂਦੀ ਹੈ ਜੋ ਕਿ ਬਹੁਤੀ ਵਾਰ ਗ਼ੈਰ-ਮਨੁੱਖੀ ਹੋ ਨਿਬੜਦੀਆਂ ਹਨ। ਇਸ ਤੋਂ ਇਲਾਵਾ ਨਿਮਨ ਵਰਗ ਦੀ ਔਰਤ ਹਾਲੇ ਵੀ ਆਪਣੀਆਂ ਮੁੱਢਲੀਆਂ ਲੋੜਾਂ, ਸਮੇਂ ਸਿਰ ਮਿਹਨਤਾਨਾ ਨਾ ਮਿਲਣ, ਕਿਰਤ ਦੀ ਬਰਾਬਰੀ ਆਦਿ ਲਈ ਸੰਘਰਸ਼ ਕਰ ਰਹੀ ਹੈ। ਹਾਲ ਹੀ ਵਿੱਚ ਹੋਏ ਕਿਸਾਨ ਅੰਦੋਲਨ ਵਿੱਚ ਔਰਤਾਂ ਨੂੰ ਸ਼ੁਰੂਆਤੀ ਦੌਰ ਤੋਂ ਲੈ ਕੇ ਅੰਤ ਤੱਕ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ ਔਰਤਾਂ ਨੂੰ ਘਰ ਵਾਪਸੀ ਲਈ ਕਹਿ ਦਿੱਤਾ ਗਿਆ ਸੀ, ਪਰ ਘਰ ਮੁੜਨ ਦੀ ਬਜਾਏ ਉਨਾਂ ਨੇ ਆਪਣੀ ਭਾਗੀਦਾਰੀ ਦੀ ਚੋਣ ਨੂੰ ਤਰਜੀਹ ਦਿੱਤੀ। ਅੰਦੋਲਨ ਵਿੱਚ ਸ਼ਮੂਲੀਅਤ ਦੀ ਚੋਣ ਨਾਲ ਇੱਕ ਪਲੇਟਫਾਰਮ ਹਾਸਿਲ ਕੀਤਾ ਜਿਸ ਦੇ ਤਹਿਤ ਔਰਤਾਂ ਨੇ ਆਪਣੇ ਸਵੈ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਹੌਸਲਾ ਜਤਾਇਆ, ਪਰ ਇਹ ਤਾਂ ਹੀ ਹੋ ਸਕਿਆ ਜੇ ਉਨਾਂ ਨੇ ਆਪਣੇ ਆਲੇ-ਦੁਆਲੇ ਅਤੇ ਸਮਾਜਿਕ ਥਾਵਾਂ ਉੱਪਰ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਵੀ ਮੁੜ ਪਛਾਣਿਆ।

ਉਨਾਂ ਦੇਸ਼ਾਂ ਵਿੱਚ ਜਿੱਥੇ ਕੱਪੜੇ, ਨੰਗੇਜ਼, ਸਿਗਰਟ, ਸ਼ਰਾਬ ਆਦਿ ਵਸਤਾਂ ਦੀ ਚੋਣ ਨਾਲ ਔਰਤਾਂ 'ਤੇ ਨੈਤਿਕ ਅਤੇ ਮੌਲਿਕ ਫ਼ੁਰਮਾਨ ਜਾਰੀ ਨਹੀਂ ਹੁੰਦਾ, ਉੱਥੇ ਵੀ ਔਰਤਾਂ ਸੰਘਰਸ਼ ਕਰ ਰਹੀਆਂ ਹਨ। 2018 ਵਿੱਚ ਸਪੇਨ ਵਿੱਚ 50 ਲੱਖ ਔਰਤਾਂ, ਜਿਨਸੀ ਸ਼ੋਸ਼ਣ ਅਤੇ ਹਿੰਸਾ ਖ਼ਿਲਾਫ਼ ਸੜਕਾਂ 'ਤੇ ਉਤਰੀਆਂ। ਦੱਖਣੀ ਅਰਬ ਮੁਲਕਾਂ ਵਿੱਚ ਔਰਤਾਂ ਨੇ ਡਰਾਈਵਿੰਗ ਦਾ ਅਧਿਕਾਰ ਲੜ ਕੇ ਲਿਆ। ਵਿਅਕਤੀਗਤ ਤੌਰ 'ਤੇ ਪਾਸਪੋਰਟ ਅਪਲਾਈ ਕਰਨਾ ਵੀ ਇਕੱਲੀ ਔਰਤ ਲਈ ਸੰਭਵ ਨਹੀਂ ਸੀ। ਅਜਿਹੇ ਸਮਿਆਂ ਵਿੱਚ ਔਰਤ ਵੱਲੋਂ ਕੀਤੀ ਚੋਣ ਛੋਟੀ ਹੈ ਜਾਂ ਵੱਡੀ, ਸੱਚੀ ਹੈ ਜਾਂ ਝੂਠੀ, ਇਸ ਦਾ ਫ਼ੈਸਲਾ ਕੌਣ ਕਰੇਗਾ ? ਕੀ ਆਪਣੇ ਆਪੇ, ਸਵੈ, ਵਜੂਦ ਨਾਲ ਰੂਬਰੂ ਹੋਏ ਬਿਨਾ ਕਿਸੇ ਵੀ ਵੱਡੇ ਜਾਂ ਛੋਟੇ ਸੰਘਰਸ਼ ਲਈ ਜੋਸ਼ ਤੇ ਜਜ਼ਬੇ ਉਧਾਰੇ ਲਏ ਜਾ ਸਕਦੇ ਹਨ ? ਔਰਤ ਦੀ ਕੀਤੀ ਸਾਧਾਰਨ ਤੋਂ ਸਾਧਾਰਨ ਚੋਣ ਉਸ ਦਾ ਖ਼ੁਦ ਨਾਲ ਰਿਸ਼ਤਾ ਨਿਰਧਾਰਿਤ ਕਰਦੀ ਹੈ ਜੋ ਕਿ ਉਹ ਸਦੀਆਂ ਤੋਂ ਦੂਜਿਆਂ ਵਿੱਚੋਂ ਤਲਾਸ਼ਦੀ ਨਜ਼ਰ ਆਉਂਦੀ ਹੈ। ਅਜਿਹੇ ਸਮੇਂ ਘਰ ਤੋਂ ਬਾਹਰ ਪੜਾਈ ਕਰਨ, ਨੌਕਰੀ ਕਰਨ, ਜਨਤਕ ਥਾਵਾਂ 'ਤੇ ਭਾਗੀਦਾਰੀ, ਵਿਆਹ ਕਰਵਾਉਣ ਜਾਂ ਨਾ ਕਰਵਾਉਣ, ਮਾਂ ਬਣਨ ਜਾਂ ਨਾ ਬਣਨ, ਤਲਾਕ ਲੈਣ ਦੀ ਚੋਣ ਆਦਿ ਦੇ ਪੈਮਾਨੇ ਸਹੀ ਜਾਂ ਗ਼ਲਤ ਹੋਣ ਦਾ ਨਿਬੇੜਾ ਕੌਣ ਕਰੇਗਾ ? ਸਾਡੇ ਸਮਾਜ ਵਿੱਚ ਹਰੇਕ ਵਰਗ, ਜਾਤ, ਜਮਾਤ ਅਤੇ ਖਿੱਤੇ ਦੀ ਔਰਤ ਆਪਣੇ-ਆਪਣੇ ਪੱਧਰ 'ਤੇ ਸੰਘਰਸ਼ ਕਰ ਰਹੀ ਹੈ। ਕੀ ਉੱਚ-ਵਰਗ, ਮੱਧ-ਵਰਗ ਅਤੇ ਨਿਮਨ-ਵਰਗ ਦੀ ਔਰਤ ਦੇ ਸੰਘਰਸ਼ 'ਚ ਸਾਂਝ ਸੰਭਵ ਹੈ ? ਇਨਾਂ ਸੰਘਰਸ਼ਾਂ ਨੂੰ ਕਿਵੇਂ ਲੜਿਆ ਜਾ ਸਕਦਾ ਹੈ ? ਅੱਜ ਦੀ ਔਰਤ ਅਤੀਤ ਅਤੇ ਇੱਕ ਸੰਭਾਵਤ, ਪਰ ਮੁਸ਼ਕਿਲ ਅਤੇ ਅਜੇ ਵੀ ਅਣਜਾਣ ਭਵਿੱਖ ਵਿਚਕਾਰ ਖੜੀ ਹੈ। ਚੋਣ ਦਾ ਸਵਾਲ ਕਿਸੇ ਖਲਾਅ ਵਿੱਚੋਂ ਪੈਦਾ ਨਹੀਂ ਹੁੰਦਾ, ਸਮਾਜਿਕ ਵਰਤਾਰਿਆਂ ਦੇ ਸੰਦਰਭ ਵਿੱਚ ਹੀ ਇਸ ਸਵਾਲ ਨੂੰ ਮੁਖਾਤਿਬ ਹੋਇਆ ਜਾ ਸਕਦਾ ਹੈ।

## 'ਕਣਕਾਂ ਲੰਮੀਆਂ ...

ਉਸ ਨੇ ਗੱਲ ਨੂੰ ਦਿਲ 'ਤੇ ਲਾ ਲਿਆ। ਇਹ ਗ਼ਮ ਉਸ ਉੱਤੇ ਇਸ ਕਦਰ ਹਾਵੀ ਹੋ ਗਿਆ ਕਿ ਕੁਝ ਦਿਨਾਂ ਬਾਅਦ ਉਸ ਨੇ ਆਤਮ-ਹੱਤਿਆ ਕਰ ਲਈ। ਮਨ ਬਹੁਤ ਉਦਾਸ ਹੋਇਆ। ਮੰਮੀ ਨੇ ਗੱਲਾਂ-ਗੱਲਾਂ 'ਚ ਦੱਸਿਆ ਕਿ ਉਸ ਦੀ ਮੰਮੀ ਦਾ ਇਹ ਤੀਜੀ ਥਾਂ ਸਾਕ ਬਾਪੂ (ਨਾਨਾ ਜੀ) ਨੇ ਕਰਵਾਇਆ ਸੀ। ਮੈਨੂੰ ਲੱਗਾ ਕਿ ਕਾਸ਼ ਜੇ ਉਸ ਦੀ ਮਾਂ ਨੇ ਆਪਣਾ ਇਹ ਤਜਰਬਾ ਆਪਣੀ ਧੀ ਨਾਲ ਸਾਂਝਾ ਕੀਤਾ ਹੁੰਦਾ ਤਾਂ ਸ਼ਾਇਦ ਉਹ ਆਪਣੀ ਜ਼ਿੰਦਗੀ ਨੂੰ ਇੰਜ ਖ਼ਤਮ ਕਰਨ ਤੋਂ ਬਚ ਜਾਂਦੀ। ਇਹ ਸਿਰਫ਼ ਇੱਕ ਉਦਾਹਰਨ ਹੈ। ਇਸ ਤਰਾਂ ਦੇ ਹਜ਼ਾਰਾਂ ਕਿੱਸੇ ਮਨ ਦੇ ਕਿਸੇ ਨਾ ਕਿਸੇ ਖੂੰਜੇ ਲੱਗੇ ਪਏ ਹੁੰਦੇ ਹਨ ਕਿਉਂਕਿ ਜ਼ਿੰਦਗੀ ਨੱਕ ਦੀ ਸੇਧ ਬਿਲਕੁਲ ਨਹੀਂ ਤੁਰਦੀ। ਇਹ ਵੀ ਜ਼ਰੂਰੀ ਨਹੀਂ ਕਿ ਹੂ-ਬ-ਹੂ ਮੇਲ ਖਾਂਦੇ ਤਜਰਬੇ ਹੋਣ, ਪਰ ਜੇ ਮਾਵਾਂ ਆਪਣੀ ਜ਼ਿੰਦਗੀ ਦੀਆਂ ਅਸਲ ਕਹਾਣੀਆਂ ਆਪਣੀ ਅਗਲੀ ਪੀੜੀ ਨਾਲ ਸਾਂਝਾ ਕਰਨ ਤਾਂ ਇਸ ਨਾਲ ਅਗਲੀ ਪੀੜੀ ਆਪਣਾ ਕਾਫ਼ੀ ਕੁਝ ਸੁਆਰੇ ਜਾਣ ਅਤੇ ਸੁਆਰੇ ਜਾਣ ਦੇ ਰਸਤੇ ਨੂੰ ਲੱਭਣ ਦੀ ਉਮੀਦ ਨਾਲ ਅੱਗੇ ਵਧ ਸਕਦੀ ਹੈ। ਪਰ ਤ੍ਰਾਸਦੀ ਇਹੀ ਹੈ ਕਿ ਮਾਵਾਂ ਸਿਰਫ਼ ਚੰਗੇ ਅਤੇ ਸੁਖਦ ਪਲਾਂ ਦੀਆਂ ਗੱਲਾਂ ਹੀ ਕਰਦੀਆਂ ਹਨ, ਔਖੀਆਂ ਅਤੇ ਦੁਖਦ ਗੱਲਾਂ ਕਰਨ ਤੋਂ ਪਾਸਾ ਵੱਟ ਜਾਂਦੀਆਂ ਹਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੋਹ ਵੱਸ ਉਹ ਆਪਣੀਆਂ ਧੀਆਂ ਨੂੰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਤੋਂ ਰੂਬਰੂ ਕਰਵਾਉਣ ਤੋਂ ਝਿਜਕਦੀਆਂ ਹੋਣ, ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਚਨਚੇਤ ਉਹ ਅਜਿਹਾ ਕਰਕੇ ਆਪਣੀਆਂ ਧੀਆਂ ਨੂੰ ਜ਼ਿੰਦਗੀ ਦੇ ਉਤਰਾਅ-ਚੜਾਅ ਦੇਖਣ ਅਤੇ ਸਹਿਣ ਲਈ ਪੱਕਾ ਨਹੀਂ ਕਰ ਰਹੀਆ ਸਗੋਂ ਕਮਜ਼ੋਰ ਬਣਾ ਰਹੀਆਂ ਹਨ।

ਇੰਜ ਜਾਪਦਾ ਹੈ ਕਿ ਸ਼ਾਇਦ ਸਾਡੇ ਸਮਾਜ ਦਾ ਚਿਹਰਾ ਹੀ ਇਸ ਤਰਾਂ ਦਾ ਹੈ। ਸਮਾਜ ਨਾਲ ਟੱਕਰ ਲੈ ਕੇ ਬਹੁਤ ਘੱਟ ਲੋਕ ਆਪਣੇ ਤਰੀਕੇ ਨਾਲ ਜ਼ਿੰਦਗੀ ਜਿਊਣ ਦਾ ਹੀਆ ਕਰ ਪਾਉਂਦੇ ਹਨ। ਨਵੀਂ ਪਿਰਤ ਪਾਉਣਾ ਜਾਂ ਉਸ ਦੀ ਸ਼ੁਰੂਆਤ ਕਰਨ ਦੀ ਹਿੰਮਤ ਬਹੁਤ ਘੱਟ ਲੋਕਾਂ ਅੰਦਰ ਹੁੰਦੀ ਹੈ। ਜਿਹੜਾ ਜੋੜਾ ਪ੍ਰੇਮੀ-ਪ੍ਰੇਮਿਕਾ ਦੇ ਰੂਪ ਵਿੱਚ ਇਕੱਠੇ ਤੁਰਿਆ-ਫਿਰਿਆ ਹੁੰਦਾ ਹੈ, ਘਰਦਿਆਂ ਤੋਂ ਚੋਰੀ ਮਿਲਣੀਆਂ ਹੋਈਆਂ ਹੁੰਦੀਆਂ ਹਨ, ਪਰ ਆਪਣਾ ਵਿਆਹ ਕਰਵਾ ਕੇ ਉਹ ਦੂਜੇ ਜੋੜਿਆਂ ਨੂੰ ਘਟੀਆ ਆਂਕਣਾ ਸ਼ੁਰੂ ਕਰ ਦਿੰਦੇ ਹਨ। ਫੇਰ ਉਹ ਸਮਾਜ 'ਚ ਆਪਣੇ ਆਪ ਨੂੰ ਇੱਜ਼ਤਦਾਰ ਸਮਝਣ ਲੱਗ ਜਾਂਦੇ ਹਨ ਅਤੇ ਜਿਸ ਦੌਰ ਵਿੱਚੋਂ ਉਹ ਖ਼ੁਦ ਗੁਜ਼ਰ ਕੇ ਆਏ ਹੁੰਦੇ ਹਨ ਉਹੀ ਉਨਾਂ ਨੂੰ ਗ਼ਲਤ ਲੱਗਣਾ ਸ਼ੁਰੂ ਹੋ ਜਾਂਦਾ ਹੈ। ਉਨਾਂ ਨੇ ਹੋਰਾਂ ਲਈ ਮਾਰਗ-ਦਰਸ਼ਕ ਤਾਂ ਕੀ ਬਣਨਾ ਹੁੰਦਾ, ਸਗੋਂ ਅਣਜਾਣੇ ਵਿੱਚ ਹੋਰ ਮੁਸ਼ਕਿਲਾਂ ਖੜੀਆਂ ਕਰ ਦਿੰਦੇ ਹਨ। ਇਸ ਦੀ ਬਜਾਏ ਜੇਕਰ ਉਹ ਆਪਣੀ ਪਿਆਰ ਦੀ ਸ਼ਿੱਦਤ, ਸੰਘਰਸ਼, ਮੁਸ਼ਕਿਲਾਂ ਦੀਆਂ ਗੱਲਾਂ ਕਰਨ ਤਾਂ ਹੋ ਸਕਦਾ ਉਨਾਂ ਦੀ ਕੋਈ ਗੱਲ ਪਿਆਰ ਕਰਨ ਵਾਲਿਆਂ ਲਈ ਪ੍ਰੇਰਣਾ ਦਾ ਕਾਰਨ ਬਣ ਸਕੇ।

ਖ਼ੈਰ ਆਪਣੇ ਤਜਰਬਿਆਂ ਦੀਆਂ ਕਹਾਣੀਆਂ ਸੁਣਾਉਣਾ ਸਿਰਫ਼ ਮਾਂ-ਧੀ ਦੇ ਰਿਸ਼ਤੇ ਤੱਕ ਸੀਮਤ ਨਾ ਹੋਵੇ। ਗਿਆਨ ਪੀੜੀ ਦਰ ਪੀੜੀ ਹੀ ਅੱਗੇ ਵਧਦਾ ਹੈ। ਸੱਸ-ਨੂੰਹ ਦੇ ਰਿਸ਼ਤੇ ਵਿੱਚ ਵੀ ਇਹ ਗੱਲ ਹੂ-ਬ-ਹੂ ਲਾਗੂ ਹੁੰਦੀ ਹੈ। ਜੇ ਸੱਸ ਆਪਣੀ ਨੂੰਹ ਨਾਲ ਆਪਣੇ ਸਾਰੇ ਤਜਰਬੇ ਸਾਂਝੇ ਕਰੇ ਬਿਨਾਂ ਇਸ ਗੱਲ ਦਾ ਵਿਚਾਰ ਕਰੇ ਕਿ ਇਸ ਨਾਲ ਨੂੰਹ ਦੇ ਮਨ 'ਚ ਉਸ ਦਾ ਕਿਸ ਤਰਾਂ ਦਾ ਅਕਸ ਬਣ ਕੇ ਉੱਭਰੇਗਾ ਤਾਂ ਬਹੁਤ ਕੁਝ ਸਾਜਗਾਰ ਹੋ ਸਕਦਾ ਹੈ। ਬਹੁਤ ਸਾਰੀਆਂ ਮੁਸ਼ਕਿਲਾਂ ਆਪਣੇ ਆਪ ਹੀ ਖ਼ਤਮ ਹੋ ਜਾਣਗੀਆਂ। ਬਹੁਤ ਸਾਰੇ ਤਣਾਅ ਦੇ ਸਮੁੰਦਰ ਆਪਣੇ ਆਪ ਸਰ ਕੀਤੇ ਜਾ ਸਕਦੇ ਹੋਣਗੇ। ਪੌੜੀ 'ਤੇ ਕਦਮ- ਦਰ-ਕਦਮ ਹੀ ਚੜਿਆ ਜਾ ਸਕਦਾ ਹੈ, ਛੜੱਪਾ ਮਾਰ ਕੇ ਸਿਖਰਲੇ ਡੰਡੇ 'ਤੇ ਨਹੀਂ ਪਹੁੰਚਿਆ ਜਾ ਸਕਦਾ। ਮਾਵਾਂ ਆਪਣੀਆਂ ਧੀਆਂ ਨਾਲ ਅਤੇ ਸੱਸਾਂ ਆਪਣੀਆਂ ਨੂੰਹਾਂ ਨਾਲ ਢਿੱਡ ਫੋਲਣ ਲੱਗਿਆਂ ਆਪਣੀਆਂ ਕਹਾਣੀਆਂ ਸਾਂਝੀਆਂ ਕਰਨ, ਆਪਣੇ ਅਸਲ ਦੁੱਖ-ਦਰਦ ਸਾਂਝੇ ਕਰਨ ਤਾਂ ਇਹ ਗੱਲਾਂ ਧੀਆਂ ਅਤੇ ਨੂੰਹਾਂ ਦੀ ਜ਼ਿੰਦਗੀ ਲਈ ਬਹੁਤ ਕਾਰਗਰ ਸਾਬਤ ਹੋ ਸਕਦੀਆਂ ਹਨ। ਇਹੀ ਅਸਲ ਵਿੱਚ ਉਨਾਂ ਦਾ ਮਿਲਣਾ-ਬੈਠਣਾ ਹੋਵੇਗਾ।

## ਪੰਜਾਬ ਕਾਂਗਰਸ ਵਿਚ...

ਪਰ ਜਾਖੜ ਨੇ ਇਸ ਨੋਟਿਸ ਨੂੰ ਤੌਹੀਨ ਮੰਨਿਆ ਜਿਸ ਕਰਕੇ ਉਨਾਂ ਪੰਜਾਬੀ ਹੋਣ ਦੇ ਨਾਤੇ ਆਪਣੀ ਅਣਖ ਦੀ ਹਿਫ਼ਾਜ਼ਤ ਕੀਤੀ। ਜਾਖੜ ਆਪਣੇ ਸਟੈਂਡ ਤੋਂ ਨਹੀਂ ਥਿੜਕੇ, ਜਿਸ ਪਿੱਛੋਂ ਹਾਈਕਮਾਨ ਨੂੰ ਹੀ ਨਰਮ ਐਕਸ਼ਨ ਲੈ ਕੇ ਮੁੱਦਾ ਖਤਮ ਕਰਨਾ ਪਿਆ। ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨਾਲ ਨਵਜੋਤ ਸਿੰਘ ਸਿੱਧੂ ਨਾਲ ਮੁਲਾਕਾਤ ਇਸ ਗੱਲ ਵੱਲ ਇਸ਼ਾਰਾ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਨਵਾਂ ਵਾਪਰਨ ਵਾਲਾ ਹੈ। ਉਧਰ ਸੁਨੀਲ ਜਾਖੜ ਦੇ ਭਤੀਜੇ ਤੇ ਵਿਧਾਇਕ ਸੰਦੀਪ ਜਾਖੜ ਨੇ ਕਿਹਾ ਕਿ ਪਾਰਟੀ ਵਿਚ ਅਨੁਸ਼ਾਸਨ ਹੋਣਾ ਚਾਹੀਦਾ ਹੈ, ਪਰ ਇਹ ਸਾਰਿਆਂ ਲਈ ਬਰਾਬਰ ਹੋਵੇ। ਉਨਾਂ ਕਿਹਾ ਕਿ ਜਾਖੜ ਇੱਕ ਧਰਮ ਵਿਸ਼ੇਸ਼ ਨਾਲ ਸਬੰਧ ਰੱਖਦੇ ਹਨ ਜਿਸ ਕਰਕੇ ਉਨਾਂ ਨੂੰ ਨੋਟਿਸ ਭੇਜਿਆ ਗਿਆ।

ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਪਾਰਟੀ ਬਹੁਤ ਕਮਜ਼ੋਰ ਹੋ ਚੁੱਕੀ ਹੈ ਜਿਸ ਕਰਕੇ ਸਾਰਿਆਂ ਨੂੰ ਇਕੱਠੇ ਕਰਨ ਦੀ ਲੋੜ ਹੈ। ਜੇਕਰ ਕੋਈ ਗਲਤੀ ਕਰਦਾ ਹੈ ਤਾਂ ਸੁਧਾਰ ਕਰਨਾ ਚਾਹੀਦਾ ਹੈ। ਉਨਾਂ ਕਿਹਾ ਕਿ ਜਾਖੜ ਤੋਂ ਇਲਾਵਾ ਹੋਰਨਾਂ ਲੋਕਾਂ ਨੇ ਵੀ ਸਵਾਲ ਖੜੇ ਕੀਤੇ ਸਨ, ਪਰ 'ਬਲੀ ਦਾ ਬੱਕਰਾ' ਸੁਨੀਲ ਜਾਖੜ ਨੂੰ ਬਣਾਉਣਾ ਗਲਤ ਹੈ। ਸੁਨੀਲ ਜਾਖੜ ਦਲਿਤਾਂ ਲਈ ਲੜਦੇ ਰਹੇ ਹਨ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੀ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨਾਲ ਮਿਲਣੀ ਤੋਂ ਨਵੇਂ ਚਰਚੇ ਛਿੜ ਗਏ ਹਨ। ਨਵਜੋਤ ਸਿੱਧੂ ਨੇ ਦਿੱਲੀ ਵਿਚ ਪ੍ਰਸ਼ਾਂਤ ਕਿਸ਼ੋਰ ਨਾਲ ਮੁਲਾਕਾਤ ਕੀਤੀ ਹੈ। ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੇ ਕਾਂਗਰਸ ਵਿਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰਨ ਮਗਰੋਂ ਨਵਜੋਤ ਸਿੱਧੂ ਅਤੇ ਪ੍ਰਸ਼ਾਂਤ ਕਿਸ਼ੋਰ ਦੀ ਇੱਕ ਸੈਲਫੀ ਸਾਹਮਣੇ ਆਈ ਹੈ। ਨਵਜੋਤ ਸਿੱਧੂ ਨੇ ਪ੍ਰਸ਼ਾਂਤ ਕਿਸ਼ੋਰ ਨਾਲ ਆਪਣੀ ਤਸਵੀਰ ਟਵਿੱਟਰ 'ਤੇ ਸਾਂਝੀ ਕੀਤੀ ਹੈ। ਨਵਜੋਤ ਸਿੱਧੂ ਨੇ ਲਿਖਿਆ ਹੈ ਕਿ 'ਪੁਰਾਣੇ ਦੋਸਤ ਪੀਕੇ ਨਾਲ ਮੁਲਾਕਾਤ ਹੋਈ.. ਪੁਰਾਣੀ ਸ਼ਰਾਬ, ਪੁਰਾਣਾ ਸੋਨਾ ਅਤੇ ਪੁਰਾਣੇ ਦੋਸਤ ਸਭ ਤੋਂ ਅੱਛੇ ਹੁੰਦੇ ਹਨ।' ਸਿਆਸੀ ਹਲਕੇ ਪ੍ਰਸ਼ਾਂਤ ਕਿਸ਼ੋਰ ਤੇ ਨਵਜੋਤ ਸਿੱਧੂ ਦੀ ਮਿਲਣੀ ਨੂੰ ਰਾਜਸੀ ਨਜ਼ਰੀਏ ਤੋਂ ਦੇਖ ਰਹੇ ਹਨ। ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਰਾਜਾ ਵੜਿੰਗ ਨਾਲ ਨਜਵੋਤ ਸਿੱਧੂ ਦੇ ਸੁਰ ਅਜੇ ਤੱਕ ਪੂਰੀ ਤਰਾਂ ਮਿਲ ਨਹੀਂ ਸਕੇ ਹਨ। ਹਾਈਕਮਾਨ ਵੱਲੋਂ ਪ੍ਰਧਾਨ ਬਦਲਣ ਦੇ ਬਾਵਜੂਦ ਅਜੇ ਪੰਜਾਬ ਕਾਂਗਰਸ ਦੀ ਅੰਦਰੂਨੀ ਖਿੱਚੋਤਾਣ ਪੂਰੀ ਤਰਾਂ ਮੁੱਕੀ ਨਹੀਂ ਜਾਪਦੀ। ਜਦ ਤੋਂ ਰਾਜਾ ਵੜਿੰਗ ਪ੍ਰਧਾਨ ਬਣੇ ਹਨ, ਨਵਜੋਤ ਸਿੱਧੂ ਨੇ ਆਪਣੇ ਪੱਧਰ 'ਤੇ ਵੱਖਰੀ ਲਾਮਬੰਦੀ ਸ਼ੁਰੂ ਕੀਤੀ ਹੋਈ ਹੈ। ਉਨਾਂ ਨਾਲ ਆਮ ਤੌਰ 'ਤੇ ਅਸ਼ਵਨੀ ਸੇਖੜੀ, ਸੁਰਜੀਤ ਧੀਮਾਨ ਅਤੇ ਨਵਤੇਜ ਚੀਮਾ ਹੀ ਦੇਖੇ ਜਾਂਦੇ ਹਨ। ਨਵਜੋਤ ਸਿੱਧੂ ਨੇ ਰਾਜਾ ਵੜਿੰਗ ਦੇ ਅਹੁਦਾ ਸੰਭਾਲ ਸਮਾਗਮ ਦੀ ਸਟੇਜ ਤੋਂ ਵੀ ਦੂਰੀ ਬਣਾਈ ਰੱਖੀ ਅਤੇ ਕਿਸੇ ਜਨਤਕ ਸਮਾਗਮ ਵਿਚ ਵੀ ਰਾਜਾ ਵੜਿੰਗ ਤੇ ਨਵਜੋਤ ਸਿੱਧੂ ਹਾਲੇ ਤੱਕ ਇਕੱਠੇ ਨਜ਼ਰ ਨਹੀਂ ਆਏ ਹਨ। ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਨੇ ਸੋਮਵਾਰ ਰਾਜਪੁਰਾ ਥਰਮਲ ਅੱਗੇ ਧਰਨਾ ਦਿੱਤਾ ਸੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਵਾਂ ਅਹੁਦਾ ਸੰਭਾਲਣ ਮਗਰੋਂ ਫ਼ਿਲਹਾਲ ਕਿਸੇ ਕਲੇਸ਼ ਵਿਚ ਪੈਂਦੇ ਨਹੀਂ ਜਾਪ ਰਹੇ। ਉਹ ਪਾਰਟੀ ਦੇ ਅੰਦਰੂਨੀ ਮਸਲਿਆਂ ਬਾਰੇ ਬੋਲਣ ਤੋਂ ਫ਼ਿਲਹਾਲ ਗੁਰੇਜ਼ ਕਰ ਰਹੇ ਹਨ।

ਇਥੇ ਜਿਕਰਯੋਗ ਹੈ ਕਿ ਚੋਣ ਰਣਨੀਤੀਘਾੜੇ ਪ੍ਰਸ਼ਾਂਤ ਕਿਸ਼ੋਰ ਨੇ ਕਾਂਗਰਸ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਠੁਕਰਾਉਂਦਿਆਂ ਕਿਹਾ ਕਿ ਪਾਰਟੀ ਨੂੰ ਆਪਣੀਆਂ ਢਾਂਚਾਗਤ ਸਮੱਸਿਆਵਾਂ ਦੂਰ ਕਰਨ ਲਈ ਉਸ ਨਾਲੋਂ ਜ਼ਿਆਦਾ ਲੀਡਰਸ਼ਿਪ ਤੇ ਸਾਂਝੀ ਇੱਛਾ ਸ਼ਕਤੀ ਦੀ ਵੱਧ ਲੋੜ ਹੈ। ਪ੍ਰਸ਼ਾਂਤ ਕਿਸ਼ੋਰ ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ 'ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਰਜ ਸਮੂਹ-2024' ਦਾ ਹਿੱਸਾ ਬਣ ਕੇ ਪਾਰਟੀ ਵਿਚ ਸ਼ਾਮਲ ਹੋਣ ਤੇ ਆਉਣ ਵਾਲੀਆਂ ਚੋਣਾਂ ਲਈ ਚੋਣ ਰਣਨੀਤੀ ਤਿਆਰ ਕਰਨ ਦੀ ਪੇਸ਼ਕਸ਼ ਕੀਤੀ ਸੀ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਕਿਸ਼ੋਰ ਨੇ ਕਾਂਗਰਸ ਦੀ ਪੇਸ਼ਕਸ਼ ਠੁਕਰਾ ਦਿੱਤੀ ਹੈ ਅਤੇ ਪਾਰਟੀ ਉਨਾਂ ਦੀਆਂ ਕੋਸ਼ਿਸ਼ਾਂ ਤੇ ਸੁਝਾਵਾਂ ਦੀ ਸ਼ਲਾਘਾ ਕਰਦੀ ਹੈ। ਜ਼ਿਕਰਯੋਗ ਹੈ ਕੁਝ ਦਿਨ ਪਹਿਲਾਂ ਪ੍ਰਸ਼ਾਂਤ ਕਿਸ਼ੋਰ ਨੇ ਕਾਂਗਰਸ ਆਗੂਆਂ ਸਾਹਮਣੇ ਚੋਣ ਸਬੰਧੀ ਲੰਮੀ-ਚੌੜੀ ਰਣਨੀਤੀ ਪੇਸ਼ ਕੀਤੀ ਸੀ। ਇਸ ਮਗਰੋਂ ਪਾਰਟੀ ਨੇ ਪ੍ਰਸ਼ਾਂਤ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਸੀ। ਕਾਂਗਰਸ ਦੀ ਟਿੱਪਣੀ ਮਗਰੋਂ ਪ੍ਰਸ਼ਾਂਤ ਕਿਸ਼ੋਰ ਨੇ ਟਵੀਟ ਕੀਤਾ, 'ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਰਜ ਸਮੂਹ ਦਾ ਹਿੱਸਾ ਬਣ ਕੇ ਪਾਰਟੀ ਵਿਚ ਸ਼ਾਮਲ ਹੋਣ ਤੇ ਚੋਣਾਂ ਦੀ ਜ਼ਿੰਮੇਵਾਰੀ ਲੈਣ ਦੀ ਕਾਂਗਰਸ ਦੀ ਪੇਸ਼ਕਸ਼ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਮੇਰੀ ਨਿਮਰਤਾ ਸਹਿਤ ਸਲਾਹ ਹੈ ਕਿ ਮੇਰੇ ਨਾਲੋਂ ਵੱਧ ਪਾਰਟੀ ਨੂੰ ਅਗਵਾਈ ਤੇ ਸਮੂਹਿਕ ਇੱਛਾ ਸ਼ਕਤੀ ਦੀ ਲੋੜ ਹੈ ਤਾਂ ਜੋ ਤਬਦੀਲੀ ਵਾਲੇ ਸੁਧਾਰਾਂ ਰਾਹੀਂ ਪਾਰਟੀ ਅੰਦਰ ਜੜਾਂ ਬਣਾ ਚੁੱਕੀਆਂ ਢਾਂਚਾਗਤ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕੇ।'

ਪਿਛਲੇ ਕਈ ਦਿਨਾਂ ਤੋਂ ਕਿਸ਼ੋਰ ਵੱਲੋਂ ਦਿੱਤੇ ਗਏ ਸੁਝਾਵਾਂ ਤੇ ਉਨਾਂ ਦੇ ਪਾਰਟੀ ਨਾਲ ਜੁੜਨ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਕਾਂਗਰਸ ਅੰਦਰ ਲਗਾਤਾਰ ਵਿਚਾਰ ਚਰਚਾ ਚੱਲ ਰਹੀ ਸੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਸ਼ਾਂਤ ਕਿਸ਼ੋਰ ਦੇ ਸੁਝਾਵਾਂ 'ਤੇ ਵਿਚਾਰ ਕਰਨ ਲਈ ਕਾਇਮ ਕੀਤੀ ਕਮੇਟੀ ਦੀ ਰਿਪੋਰਟ 'ਤੇ ਵਿਚਾਰ-ਚਰਚਾ ਤੋਂ ਬਾਅਦ ਬੀਤੇ ਦਿਨ ਫ਼ੈਸਲਾ ਕੀਤਾ ਸੀ ਕਿ ਅਗਲੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਨੂੰ ਮਜ਼ਬੂਤ ਕਰਨ ਤੇ ਭਵਿੱਖੀ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਰਜ ਸਮੂਹ-2024 ਦਾ ਗਠਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕਾਂਗਰਸ ਲੀਡਰਸ਼ਿਪ ਸਾਹਮਣੇ ਪਾਰਟੀ ਨੂੰ ਮਜ਼ਬੂਤ ਕਰਨ ਸਬੰਧੀ ਦਿੱਤੀ ਪੇਸ਼ਕਾਰੀ ਦੌਰਾਨ ਕਿਸ਼ੋਰ ਨੇ ਸੁਝਾਅ ਦਿੱਤਾ ਸੀ ਕਿ ਉੱਤਰ ਪ੍ਰਦੇਸ਼, ਬਿਹਾਰ ਤੇ ਉੜੀਸਾ ਵਰਗੇ ਕੁਝ ਰਾਜਾਂ ਵਿਚ ਕਾਂਗਰਸ ਨੂੰ ਨਵੇਂ ਸਿਰੇ ਤੋਂ ਆਪਣੀ ਰਣਨੀਤੀ ਬਣਾਉਣੀ ਚਾਹੀਦੀ ਹੈ ਤੇ ਇਨਾਂ ਰਾਜਾਂ ਵਿਚ ਗੱਠਜੋੜ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਪ੍ਰਸ਼ਾਂਤ ਕਿਸ਼ੋਰ ਨੇ ਇਹ ਵੀ ਕਿਹਾ ਸੀ ਕਿ ਕਾਂਗਰਸ ਨੂੰ ਤਕਰੀਬਨ 370 ਲੋਕ ਸਭਾ ਸੀਟਾਂ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਮਹਾਰਾਸ਼ਟਰ, ਪੱਛਮੀ ਬੰਗਾਲ ਤੇ ਤਾਮਿਲਨਾਡੂ ਵਿਚ ਗੱਠਜੋੜ ਨਾਲ ਚੋਣ ਮੈਦਾਨ ਵਿਚ ਉੱਤਰਨਾ ਚਾਹੀਦਾ ਹੈ।

## ਕੌਮਾਂਤਰੀ ਪੱਧਰ 'ਤੇ...

ਸਰਕਾਰ ਦੀ ਕੁਦਰਤੀ ਖੇਤੀ ਦੀ ਨਸੀਹਤ ਨੂੰ ਤੱਥਾਂ ਅਨੁਸਾਰ ਦੇਖਣ ਦੀ ਲੋੜ ਹੈ। ਸ੍ਰੀਲੰਕਾ ਦੇ ਹੁਕਮਰਾਨਾਂ ਦੇ ਇਕੋ ਝਟਕੇ ਵਿਚ ਕੁਦਰਤੀ ਖੇਤੀ ਦਾ ਅਸੂਲ ਲਾਗੂ ਕਰਨ ਨੂੰ ਦੇਸ਼ ਦੇ ਮੌਜੂਦਾ ਆਰਥਿਕ ਅਤੇ ਸਿਆਸੀ ਸੰਕਟ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਜੇਕਰ ਤਬਦੀਲੀ ਹੋਣ ਦੀ ਪ੍ਰਕਿਰਿਆ ਇੰਨੀ ਹੀ ਸੁਖ਼ਾਲੀ ਹੁੰਦੀ ਤਾਂ ਦੁਨੀਆ ਭਰ ਵਿਚ ਇਹ ਤਬਦੀਲੀ ਤੇਜ਼ੀ ਨਾਲ ਵਾਪਰਦੀ। 'ਦਿ ਵਰਲਡ ਆਫ ਆਰਗੈਨਿਕ ਐਗਰੀਕਲਚਰ 2020' ਨਾਮ ਦੀ ਸਰਵੇਖਣ ਰਿਪੋਰਟ ਅਨੁਸਾਰ 2018 ਤੱਕ ਦੁਨੀਆ ਦੀ ਕੁੱਲ ਵਾਹੀਯੋਗ ਜ਼ਮੀਨ ਦੇ ਸਿਰਫ਼ ਡੇਢ ਫ਼ੀਸਦੀ ਹਿੱਸੇ ਵਿਚ ਹੀ ਆਰਗੈਨਿਕ ਖੇਤੀ ਹੁੰਦੀ ਹੈ। ਭਾਰਤ ਅੰਦਰ 2005 ਵਿਚ ਪਹਿਲੀ ਵਾਰ ਆਰਗੈਨਿਕ ਖੇਤੀ ਲਈ ਨੀਤੀ ਬਣਾਈ ਗਈ ਸੀ। ਮਾਰਚ 2020 ਤੱਕ ਦੇਸ਼ ਦੇ 2.78 ਮਿਲੀਅਨ ਹੈਕਟੇਅਰ ਵਿਚ ਆਰਗੈਨਿਕ ਖੇਤੀ ਹੋਣ ਲੱਗੀ ਹੈ। ਇਹ ਕੁੱਲ ਵਾਹੀਯੋਗ ਜ਼ਮੀਨ ਦਾ 2 ਫ਼ੀਸਦੀ ਹਿੱਸਾ ਹੈ।

ਖੇਤੀ ਅਜੇ ਵੀ ਲਗਭਗ ਪੰਜਾਹ ਫ਼ੀਸਦੀ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਹੈ। ਉਹ ਆਮਦਨ ਦੀ ਗਰੰਟੀ ਤੋਂ ਬਿਨਾਂ ਫ਼ਸਲੀ ਚੱਕਰ ਤਬਦੀਲ ਕਰਨ ਦਾ ਜੋਖ਼ਮ ਉਠਾਉਣ ਦੀ ਸਥਿਤੀ ਵਿਚ ਨਹੀਂ ਹਨ। ਪੰਜਾਬ ਵਿਚ ਬਹੁਤ ਸਾਰੇ ਕਿਸਾਨਾਂ ਨੇ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਨਿਕਲਣ ਲਈ ਆਲੂ, ਸੂਰਜਮੁਖੀ, ਮੱਕੀ, ਸੋਇਆ ਆਦਿ ਫ਼ਸਲਾਂ ਦੀ ਕਾਸ਼ਤ ਕੀਤੀ ਪਰ ਮੰਡੀ ਵਿਚ ਕੀਮਤ ਦੀ ਗਰੰਟੀ ਨਾ ਹੋਣ ਕਰਕੇ ਮੁੜ ਰਵਾਇਤੀ ਫ਼ਸਲਾਂ ਵੱਲ ਪਰਤਣ ਵੱਲ ਮਜਬੂਰ ਹੋਏ। ਵਾਤਾਵਰਨਕ ਸਰੋਤਾਂ ਨੂੰ ਬਚਾਉਣ ਲਈ ਕੁਦਰਤੀ ਖੇਤੀ ਵੱਲ ਜਾਣਾ ਠੀਕ ਰਾਹ ਹੈ ਪਰ ਇਹ ਕਰਨ ਲਈ ਸਰਕਾਰ ਨੂੰ ਨਸੀਹਤ ਨਾਲੋਂ ਵੱਡੇ ਕਦਮ ਚੁੱਕਣ ਦੀ ਜ਼ਰੂਰਤ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਵੱਲੋਂ ਕਿਸਾਨਾਂ ਉੱਤੇ ਰਸਾਇਣਕ ਖੇਤੀ ਰਾਹੀਂ ਦੇਸ਼ ਵਾਸੀਆਂ ਨੂੰ ਜ਼ਹਿਰੀਲੇ ਖਾਧ ਪਦਾਰਥ ਖੁਆਉਣ ਵਾਲੇ ਬਿਆਨ ਨੂੰ ਗੁੰਮਰਾਹਕੁਨ ਤੇ ਝੂਠਾ ਪ੍ਰਚਾਰ ਗਰਦਾਨਦੇ ਹੋਏ ਇਸ ਦੀ ਸਖ਼ਤ ਨਿੰਦਾ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁੱਡੀਕੇ ਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਫੋਰਡ ਫਾਉਂਡੇਸ਼ਨ ਵੱਲੋਂ ਪ੍ਰਸਤਾਵਿਤ ਸੰਸਾਰ ਬੈਂਕ ਦਾ ਰਸਾਇਣਕ ਜ਼ਹਿਰਾਂ ਵਾਲਾ ਖੇਤੀ ਮਾਡਲ 'ਹਰਾ ਇਨਕਲਾਬ' ਤਾਂ ਬਦਲ ਬਦਲ ਕੇ ਆਈਆਂ ਸਰਕਾਰਾਂ ਵੱਲੋਂ ਹਰ ਕਿਸਮ ਦੀ ਵਿਭਿੰਨਤਾ ਵਾਲੀ ਕੁਦਰਤੀ ਖੇਤੀ ਕਰ ਰਹੇ ਦੇਸ਼ ਦੇ ਕਿਸਾਨਾਂ ਸਿਰ ਗਿਣੀ-ਮਿਥੀ ਸਕੀਮ ਰਾਹੀਂ ਮੜਿਆ ਗਿਆ ਸੀ।

ਉਨਾਂ ਕਿਹਾ ਕਿ ਸ੍ਰੀ ਤੋਮਰ ਦਾ ਇਹ ਕਹਿਣਾ ਵੀ ਕੋਰਾ ਝੂਠ ਹੈ ਕਿ ਕਿਸਾਨ ਜ਼ਹਿਰ ਯੁਕਤ ਫ਼ਸਲ ਵੇਚ ਦਿੰਦੇ ਹਨ ਤੇ ਖ਼ੁਦ ਨਹੀਂ ਖਾਂਦੇ। ਕਿਸਾਨ ਆਗੂਆਂ ਨੇ ਕਿਹਾ ਕਿ ਦਹਾਕਿਆਂ ਬੱਧੀ ਜ਼ਹਿਰੀਲੇ ਰਸਾਇਣਾਂ ਨਾਲ ਭਰੀ ਗਈ ਮਿੱਟੀ ਤੇ ਪ੍ਰਦੂਸ਼ਿਤ ਪਾਣੀ ਨਾਲ ਜ਼ਹਿਰ-ਮੁਕਤ ਫ਼ਸਲ ਉਗਾਈ ਜਾਣੀ ਸੰਭਵ ਹੀ ਨਹੀਂ ਹੈ। ਉਨਾਂ ਦੋਸ਼ ਲਾਇਆ ਕਿ ਅਜਿਹੇ ਝੂਠੇ ਬਿਆਨਾਂ ਰਾਹੀਂ ਕੇਂਦਰੀ ਭਾਜਪਾ ਸਰਕਾਰ ਆਪਣੇ ਕਿਸਾਨ ਵਿਰੋਧੀ ਫੈਸਲਿਆਂ ਨੂੰ ਜਾਇਜ਼ ਠਹਿਰਾਉਣਾ ਚਾਹੁੰਦੀ ਹੈ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਕਿਸਾਨਾਂ ਵਿਰੁੱਧ ਅਜਿਹੀ ਬਿਆਨਬਾਜ਼ੀ ਬੰਦ ਨਾ ਕੀਤੀ ਗਈ ਤਾਂ ਅੰਦੋਲਨ ਵਿੱਢਿਆ ਜਾਵੇਗਾ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD

sling™

CREDIBILITY

RELIABILITY

Minute to Minute Coverage of Punjab Elections

Punjabi Super Pack

20 channels for only $25/month on

sling™

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com